**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969




*Jassi Gill*
CA DRE# 00966763

COVERED CALIFORNIA
**ਓਬਾਮਾ ਕੇਅਰ**
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com



License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
**$25 2500 Minutes**
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 49, December 06, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


## ਇਲੈਕਟ੍ਰੌਨਿਕ ਮੀਡੀਆ ਨੂੰ ਬਾਦਲੀ ਝਟਕਾ

### ਸ਼ੁਰੂ ਹੋਣ ਤੋਂ ਪਹਿਲਾਂ ਹੀ ਪੰਜਾਬੀ ਚੈਨਲ 'ਏ.ਬੀ.ਪੀ. ਸਾਂਝਾ' ਬੰਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਇਲੈਕਟ੍ਰੌਨਿਕ ਮੀਡੀਆ ਉਤੇ ਬਾਦਲਾਂ ਦੀ ਸਰਦਾਰੀ ਹੋਣ ਕਾਰਨ ਨਵਾਂ ਚੈਨਲ 'ਏ.ਬੀ.ਪੀ. ਸਾਂਝਾ' ਸ਼ੁਰੂ ਹੋਣ ਤੋਂ ਪਹਿਲਾਂ ਹੀ ਬੰਦ ਹੋ ਗਿਆ ਹੈ। ਇਸ ਚੈਨਲ ਨੂੰ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਤਾਂ ਲਾਇਸੈਂਸ ਮਿਲਣ ਮਿਲ ਗਿਆ, ਪਰ ਬਾਦਲਾਂ ਦਾ 'ਲਾਇਸੈਂਸ' ਨਾ ਮਿਲਣ ਕਰ ਕੇ ਇਹ ਲੀਹ ਉਤੇ ਪੈਣ ਤੋਂ ਪਹਿਲਾਂ ਹੀ ਲੀਹ ਤੋਂ ਲਾਹ ਦਿੱਤਾ ਗਿਆ। ਯਾਦ ਰਹੇ ਕਿ ਕੇਬਲ ਨੈੱਟਵਰਕ ਉਤੇ ਸੱਤਾਧਾਰੀ ਬਾਦਲਾਂ ਦੇ ਮੁਕੰਮਲ ਕਬਜ਼ੇ ਕਾਰਨ ਪਿਛਲੇ ਅੱਠ ਸਾਲਾਂ ਤੋਂ ਕੋਈ ਵੀ ਚੈਨਲ ਪੰਜਾਬ ਵਿਚ ਢੰਗ ਨਾਲ ਚੱਲ ਨਹੀਂ ਸਕਿਆ। ਵੱਖ-ਵੱਖ ਸਮਿਆਂ ਦੌਰਾਨ ਡੇਅ ਐਂਡ ਨਾਈਟ, ਸਾਡਾ ਚੈਨਲ ਅਤੇ ਪੀ-7 ਸ਼ੁਰੂ ਹੋਏ ਜੋ ਆਖਰਕਾਰ ਬੰਦ ਕਰਨੇ ਪਏ। ਇਸ ਵੇਲੇ ਕੇਬਲ ਨੈੱਟਵਰਕ ਦਾ ਤਕਰੀਬਨ 70 ਫੀਸਦੀ ਹਿੱਸਾ ਸੱਤਾ ਧਿਰ ਦੇ ਪ੍ਰਭਾਵ ਹੇਠ ਚੱਲ ਰਿਹਾ ਹੈ ਅਤੇ ਬਾਕੀ 30 ਫੀਸਦੀ ਹਿੱਸਾ ਕਈ ਡਿਸ਼ ਕੰਪਨੀਆਂ ਕਵਰ ਕਰਦੀਆਂ ਹਨ। ਸੱਤਾ ਧਿਰ ਦੇ ਇਸ਼ਾਰੇ 'ਤੇ ਕੇਬਲ ਅਪਰੇਟਰ ਕਿਸੇ ਵੀ ਨਵੇਂ ਪੰਜਾਬੀ ਚੈਨਲ ਦਾ ਪ੍ਰਸਾਰਨ ਸ਼ੁਰੂ ਨਹੀਂ ਕਰਦਾ



ਜਿਸ ਕਰ ਕੇ ਪਿਛਲੇ ਸਮੇਂ ਦੌਰਾਨ ਕਈ ਚੈਨਲ ਦਮ ਤੋੜ ਗਏ ਹਨ।

'ਏ.ਬੀ.ਪੀ. ਸਾਂਝਾ' ਨਾਂ ਦਾ ਪੰਜਾਬੀ ਚੈਨਲ ਪਿਛਲੇ ਦੋ ਸਾਲਾਂ ਤੋਂ ਸ਼ੁਰੂ ਹੋਣ ਲਈ ਹੱਥ-ਪੈਰ ਮਾਰ ਰਿਹਾ ਸੀ। ਦੇਸ਼ ਦੇ ਮੁੱਖ ਮੀਡੀਆ ਹਾਊਸ 'ਅਨੰਦ ਬਾਜ਼ਾਰ ਪੱਤ੍ਰਿਕਾ' ਵੱਲੋਂ ਦੇਸ਼ ਦੀ ਚੌਥੀ ਭਾਸ਼ਾ ਵਿਚ ਚੈਨਲ ਸ਼ੁਰੂ ਕੀਤਾ ਜਾ ਰਿਹਾ ਸੀ। ਇਸ ਤੋਂ ਪਹਿਲਾਂ ਇਸ ਗਰੁੱਪ ਦੇ ਹਿੰਦੀ, ਮਰਾਠੀ ਤੇ ਬੰਗਾਲੀ ਵਿਚ ਚੈਨਲ ਚੱਲ ਰਹੇ ਹਨ। ਦੋ ਸਾਲ ਪਹਿਲਾਂ ਇਸ ਗਰੁੱਪ ਨੇ ਪੰਜਾਬੀ ਚੈਨਲ ਦਾ ਪ੍ਰੋਜੈਕਟ ਲਿਆਂਦਾ। ਇਹ ਨਿਰੋਲ ਨਿਊਜ਼ ਚੈਨਲ ਹੋਣਾ ਸੀ ਜਿਸ ਦਾ ਮਕਸਦ ਪੰਜਾਬੀ ਸਭਿਆਚਾਰ ਤੇ ਭਾਸ਼ਾ ਨੂੰ ਪ੍ਰਫੁਲਿਤ ਕਰਨਾ ਸੀ। ਏ.ਬੀ.ਪੀ. ਗਰੁੱਪ ਨੇ ਪੰਜਾਬ ਦੀਆਂ ਯੂਨੀਵਰਸਿਟੀਆਂ/ਕਾਲਜਾਂ ਤੋਂ ਪੁੰਗਰਦੇ ਪੱਤਰਕਾਰਾਂ ਨੂੰ ਲੱਭਿਆ। ਇਨ੍ਹਾਂ ਨੂੰ ਛੇ ਮਹੀਨੇ ਦੀ ਪੇਸ਼ਾਵਰ ਸਿਖਲਾਈ ਦਿੱਤੀ ਗਈ। ਮੁਹਾਲੀ ਵਿਚ ਮੁਕੰਮਲ ਢਾਂਚਾ ਕਾਇਮ ਕਰ ਕੇ ਜਦੋਂ ਚੈਨਲ ਲਾਂਚ ਕਰਨ ਦੀ ਤਿਆਰੀ ਕੀਤੀ ਗਈ ਤਾਂ ਸੱਤਾ ਧਿਰ ਦੀ ਸ਼ਹਿ ਨਾਲ ਕੇਬਲ ਨੈੱਟਵਰਕ ਅਪਰੇਟਰ ਨੇ ਪ੍ਰਸਾਰਨ ਕਰਨ ਤੋਂ ਇਨਕਾਰ ਕਰ ਦਿੱਤਾ। ਕੇਬਲ ਨੈੱਟਵਰਕ ਅਪਰੇਟਰ ਨੇ ਇਕ ਨਵੰਬਰ 2013 ਨੂੰ ਪ੍ਰਸਾਰਨ ਸ਼ੁਰੂ ਕਰਨ ਤੋਂ ਉਸ ਵੇਲੇ ਇਨਕਾਰ ਕੀਤਾ ਜਦ ਮਹਿਮਾਨਾਂ ਨੂੰ ਕਾਰਡ


*(ਬਾਕੀ ਸਫਾ 6 'ਤੇ)*

*ਵਿਸ਼ੇਸ਼ ਰਿਪੋਰਟ ਸਫਾ 4 'ਤੇ ਪੜ੍ਹੋ*


## ਅਦਾਲਤ ਨੇ ਡੇਰਿਆਂ 'ਤੇ ਸ਼ਿਕੰਜਾ ਕੱਸਿਆ

### ਗੈਰ-ਕਾਨੂੰਨੀ ਹਥਿਆਰਾਂ ਬਾਰੇ ਜਵਾਬ ਤਲਬ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਡੇਰਿਆਂ ਤੇ ਧਾਰਮਿਕ ਆਸ਼ਰਮਾਂ ਵਿਚ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਗਤੀਵਿਧੀਆਂ ਦੇ ਖੁਲਾਸੇ ਨੇ ਸਿਆਸੀ ਧਿਰਾਂ ਦੀ ਇਨ੍ਹਾਂ ਡੇਰਾ ਮੁਖੀਆਂ ਨਾਲ ਲਿਹਾਜ਼ਦਾਰੀ ਸਾਹਮਣੇ ਲੈ ਆਂਦੀ ਹੈ। ਹਾਈਕੋਰਟ ਦੀ ਝਾੜ-ਝੰਬ ਪਿੱਛੋਂ ਭਾਵੇਂ ਪੰਜਾਬ ਤੇ ਹਰਿਆਣਾ ਸਰਕਾਰ ਨੇ ਇਨ੍ਹਾਂ ਡੇਰਿਆਂ ਖ਼ਿਲਾਫ਼ ਕਾਰਵਾਈ ਦਾ ਭਰੋਸਾ ਦਿੱਤਾ ਹੈ, ਪਰ ਹੁਣ ਗੱਲ ਵੱਸੋਂ ਬਾਹਰ ਜਾਪ ਰਹੀ ਹੈ। ਹਿਸਾਰ ਜ਼ਿਲ੍ਹੇ ਦੇ ਕਸਬਾ ਬਰਵਾਲਾ ਸਥਿਤ ਰਾਮਪਾਲ ਦੇ ਸਤਲੋਕ ਆਸ਼ਰਮ ਨੂੰ ਖਾਲੀ ਕਰਵਾਉਣ ਲਈ ਕੀਤੀ ਕਾਰਵਾਈ ਤੇ ਉਸ ਤੋਂ ਬਾਅਦ ਆਸ਼ਰਮ ਵਿਚੋਂ ਮਿਲੇ ਗੈਰ-ਕਾਨੂੰਨੀ ਹਥਿਆਰਾਂ ਪਿੱਛੋਂ ਦੋਹਾਂ ਸੂਬਿਆਂ ਦੀਆਂ ਸਰਕਾਰ ਨੂੰ ਹਾਲਾਤ ਦਾ ਕੁਝ ਅੰਦਾਜ਼ਾ ਹੋਇਆ ਹੈ। ਇਸ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤਾਂ ਹਾਲਾਂਕਿ ਇਹ ਤਰਕ ਵੀ ਦੇ ਚੁੱਕੇ ਹਨ ਕਿ ਸੂਬੇ ਵਿਚ ਸੰਤ-ਮਹਾਤਮਾਵਾਂ ਉਤੇ ਅਜਿਹੀ ਕਿਸੇ ਪਾਬੰਦੀ ਦੀ ਜ਼ਰੂਰਤ ਨਹੀਂ, ਕਿਉਂਕਿ ਇਥੋਂ ਦੇ ਡੇਰਿਆਂ ਕੋਲ ਕੋਈ ਹਥਿਆਰ ਨਹੀਂ ਹਨ।

ਮੁੱਖ ਮੰਤਰੀ ਦਫਤਰ ਕੋਲ ਪਏ ਰਿਕਾਰਡ ਮੁਤਾਬਕ ਬੇਸ਼ੱਕ ਇਸੇ ਤਰ੍ਹਾਂ ਹੋਵੇਗਾ, ਪਰ ਪੰਜਾਬ ਦੇ ਕੁਝ ਡੇਰਾਧਾਰੀਆਂ ਵੱਲੋਂ ਹਥਿਆਰਾਂ ਦੀ ਨੁਮਾਇਸ਼ ਤੇ ਲੋਕਾਂ ਵਿਚ ਪੈਦਾ ਕੀਤੀ ਜਾਂਦੀ ਦਹਿਸ਼ਤ ਕਿਸੇ ਤੋਂ ਲੁਕੀ ਹੋਈ ਨਹੀਂ। ਪਿਛਲੇ ਦਿਨੀਂ ਅੰਮ੍ਰਿਤਸਰ ਵਿਚ ਨਿਹੰਗ ਸਿੰਘਾਂ ਦੀਆਂ ਦੋ ਧਿਰਾਂ ਵਿਚ ਚੱਲੀ ਗੋਲੀ ਵਿਚ ਇਕ ਜਣੇ ਦੀ ਮੌਤ ਹੋ ਗਈ ਸੀ ਅਤੇ ਕੁਝ ਹੋਰ ਜ਼ਖਮੀ ਹੋ ਗਏ ਸਨ। ਦੂਜਾ ਇਨ੍ਹਾਂ ਡੇਰਿਆਂ ਦੀ ਮਨਮਰਜ਼ੀ ਤੇ ਤਾਕਤ ਦਾ ਅੰਦਾਜ਼ਾ ਅਦਾਲਤੀ ਦਖਲ ਦੇ ਬਾਵਜੂਦ ਕਿਸੇ


*(ਬਾਕੀ ਸਫਾ 6 'ਤੇ)*




### ਆਸ਼ੂਤੋਸ਼ ਕੇਸ
### ਪੰਜਾਬ ਸਰਕਾਰ ਲਈ ਪਰਖ ਦੀਆਂ ਘੜੀਆਂ

**ਚੰਡੀਗੜ੍ਹ:** ਨੂਰਮਹਿਲ ਦੇ ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਵਿਚ ਬੀਤੀ 29 ਜਨਵਰੀ ਤੋਂ ਡਾਕਟਰੀ ਤੌਰ 'ਤੇ ਮ੍ਰਿਤਕ ਪਏ ਆਸ਼ੂਤੋਸ਼ ਦੀ ਦੇਹ ਦੇ ਸਸਕਾਰ ਬਾਰੇ ਹਾਈਕੋਰਟ ਦੇ ਹੁਕਮਾਂ ਨੇ ਪੰਜਾਬ ਸਰਕਾਰ ਨੂੰ ਵੀ ਚਿੰਤਾ ਵਿਚ ਪਾ ਦਿੱਤਾ ਹੈ। ਅਦਾਲਤ ਨੇ ਸਰਕਾਰ ਨੂੰ 15 ਦਿਨਾਂ ਵਿਚ ਦੇਹ ਦਾ ਸਸਕਾਰ ਕਰਨ ਦੇ ਹੁਕਮ ਦਿੱਤੇ ਹਨ। ਇਸ ਹੁਕਮ ਤੋਂ ਬਾਅਦ ਵੱਡੀ ਗਿਣਤੀ ਵਿਚ ਪੁਲਿਸ ਫੋਰਸ ਨੇ ਆਸ਼ਰਮ ਦੇ ਬਾਹਰ ਡੇਰੇ ਲਾਏ ਹੋਏ ਹਨ।


**REAL ESTATE & HOME LOANS**



- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ




Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

WEBSITE: DHOLRADIO.ORG

Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210


Music 24/7

*Application for android and iPhone- Dhol Radio*

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*


Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

Business Cash Advance

- ਇਕ ਮਿਲੀਅਨ ਡਾਲਰ ਤੱਕ ਕੈਸ਼ ਐਡਵਾਂਸ
- ਪ੍ਰਾਪਰਟੀ ਦੀ ਲੋੜ ਨਹੀਂ
- ਘੱਟ ਪੇਮੈਂਟਾਂ
- ਕੈਸ਼ ਤੁਹਾਡੇ ਬੈਂਕ ਅਕਾਊਂਟ 'ਚ ਇਕ ਹਫਤੇ ਦੇ ਅੰਦਰ



Working Capital








ਗੈਸ ਸਟੇਸ਼ਨ/ਸਰਵਿਸ ਸਟੇਸ਼ਨ
ਗਰੋਸਰੀ ਸਟੋਰ/ਲਿਕਰ ਸਟੋਰ
ਟਰੱਕਿੰਗ ਕੰਪਨੀਆਂ ਅਤੇ ਓਪਰੇਟਰ

ਅੱਜ ਹੀ ਕਾਲ ਕਰੋ, ਸੁਮਨ
ਫੋਨ: 916-745-8797

TRS Investments LLC
suman@trsdevp.com
www.trsdevp.com





GILL EXPRESS

NEW LOCATION
MEMPHIS

ਤਜ਼ਰਬੇਕਾਰ ਮਕੈਨਿਕ ਦੀ ਲੋੜ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਫਰੀ

Hwy I-40 Exit 280, Hwy I-55 Exit 4
Next To Pilot TRAVEL CENTERS LLC


REPAIR



TIRES



WASH



ਪੰਜਾਬੀ ਢਾਬਾ



@ 3657 Southland Dr. W. Memphis, AR-72301 Tel : 661-203-0433

# ਦਸਤਾਵੇਜ਼ਾਂ ਨਾਲ ਛੇੜ-ਛਾੜ ਦੇ ਮਾਮਲੇ ਵਿਚ ਖਹਿਰਾ ਦੀ ਹਮਾਇਤ ਲਈ ਲਾਮਬੰਦੀ

**ਚੰਡੀਗੜ੍ਹ:** ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਜਿਸ 'ਤੇ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਫਸਾਉਣ ਲਈ ਦਸਤਾਵੇਜ਼ਾਂ ਨਾਲ ਛੇੜਛਾੜ ਦਾ ਦੋਸ਼ ਲਾਇਆ ਜਾ ਰਿਹਾ ਹੈ, ਦੀ ਹਮਾਇਤ ਵਿਚ



ਸੁਖਪਾਲ ਸਿੰਘ ਖਹਿਰਾ

ਲਾਮਬੰਦੀ ਸ਼ੁਰੂ ਹੋ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਸ੍ਰੀ ਖਹਿਰਾ ਦਾ ਪੱਖ ਪੂਰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਸ੍ਰੀ ਖਹਿਰਾ ਨੂੰ ਪ੍ਰੇਸ਼ਾਨ ਨਾ ਕਰਨ। ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਸਰਕਾਰ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਾਇਆ ਤੇ ਕਾਂਗਰਸ ਆਗੂ ਨੂੰ ਚੁੱਪ ਕਰਵਾਉਣ ਦੀਆਂ ਕੋਸ਼ਿਸ਼ਾਂ ਦੀ ਨਿਖੇਧੀ ਕੀਤੀ।

ਉਧਰ ਸਾਬਕਾ ਡੀ.ਜੀ.ਪੀ. ਸ਼ਸ਼ੀ ਕਾਂਤ ਨੇ ਕਿਹਾ ਹੈ ਕਿ ਸਬ ਇੰਸਪੈਕਟਰ ਸਵਰਨ ਗਾਂਧੀ ਵੱਲੋਂ ਦਿਖਾਏ ਗਏ ਦਸਤਵੇਜ਼ ਉਨ੍ਹਾਂ ਦੇਖੇ ਹਨ ਤੇ ਉਹ ਸਹੀ ਦਸਤਾਵੇਜ਼ ਜਾਪਦੇ ਹਨ ਤੇ ਸੁਖਪਾਲ ਸਿੰਘ ਜਾਂ ਕਿਸੇ ਹੋਰ ਵੱਲੋਂ ਇਨ੍ਹਾਂ ਦਸਤਾਵੇਜ਼ਾਂ ਨਾਲ ਛੇੜਛਾੜ ਕਰਨ ਦੀ ਕੋਈ ਸੰਭਾਵਨਾ ਨਹੀਂ ਜਾਪਦੀ। ਦੱਸਣਯੋਗ ਹੈ ਕਿ ਸ੍ਰੀ ਖਹਿਰਾ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਦਸਤਾਵੇਜ਼ ਸਾਬਕਾ ਪੁਲਿਸ ਮੁਖੀ (ਜੇਲ੍ਹਾਂ) ਸ਼ਸ਼ੀਕਾਂਤ ਨੇ ਮੁਹੱਈਆ ਕਰਵਾਏ ਸਨ।ਗਸੰਗਰੂਰ ਦੇ ਐਸ.ਐਸ.ਪੀ, ਸਾਬਕਾ ਜਾਂਚ ਅਧਿਕਾਰੀ ਸਵਰਨ ਗਾਂਧੀ ਵੱਲੋਂ ਦਸਤਾਵੇਜ਼ਾਂ ਨਾਲ ਕੀਤੀ ਛੇੜਖਾਨੀ ਦੇ ਮਾਮਲੇ ਦੀ ਜਾਂਚ ਕਰ ਰਹੇ ਹਨ। ਸ੍ਰੀ ਗਾਂਧੀ ਨੇ ਜਾਂਚ ਟੀਮ ਕੋਲ ਕਬੂਲਿਆ ਹੈ ਕਿ ਉਸ ਨੇ ਦਸਤਾਵੇਜ਼ਾਂ ਨਾਲ ਛੇੜਖਾਨੀ ਕੀਤੀ ਸੀ।

ਪੁਲਿਸ ਨੂੰ ਸ਼ੱਕ ਹੈ ਕਿ ਨਿਗਰਾਨੀ ਹੇਠਲੇ ਫੋਨ ਨੰਬਰ ਵਾਲਾ ਵਿਅਕਤੀ ਉੱਤਰ ਭਾਰਤ ਵਿਚ ਵੱਡੇ ਹਵਾਲਾ ਕਾਰੋਬਾਰ ਦਾ ਹਿੱਸਾ ਹੈ। ਮਾਮਲੇ ਦੀ ਜਾਂਚ ਕਰ ਰਹੇ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਗਾਂਧੀ ਨੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਟੈਲੀਫੋਨ ਨੰਬਰ ਦਸਤਾਵੇਜ਼ਾਂ ਵਿਚ ਲਿਖਣ ਤੋਂ ਇਨਕਾਰ ਕੀਤਾ ਹੈ। ਸ੍ਰੀ ਮਜੀਠੀਆ ਦਾ ਫੋਨ ਨੰਬਰ ਦਸਤਾਵੇਜ਼ਾਂ ਵਿਚ 18 ਅਪਰੈਲ, 2011 ਨੂੰ ਦਰਜ ਕੀਤਾ ਗਿਆ। ਇਹ ਫੋਨ ਪਾਬਲਾ ਕੋਲ ਗਿਆ ਤੇ ਚੰਡੀਗੜ੍ਹ ਤੋਂ ਹਵਾਲਾ ਰਾਹੀਂ 70 ਲੱਖ ਰੁਪਏ ਦੀ ਰਕਮ ਭੇਜੀ ਗਈ। ਇਸ ਵਿਚ ਕਿਸੇ ਪਤੇ ਜਾਂ ਫੋਨ ਨੰਬਰ ਦਾ ਜ਼ਿਕਰ ਨਹੀਂ ਹੈ। ਸ੍ਰੀ ਖਹਿਰਾ ਵੱਲੋਂ 17 ਜੁਲਾਈ ਨੂੰ ਪ੍ਰੈੱਸ ਕੋਲ ਇਹ ਫੋਨ ਜਾਰੀ ਕੀਤੇ ਗਏ, ਜਿਨ੍ਹਾਂ ਨੂੰ ਪੁਲਿਸ ਫਰਜ਼ੀ ਕਰਾਰ ਦੇ ਰਹੀ ਹੈ। ਇਸ ਵਿਚ ਸਾਰੇ ਵੇਰਵੇ ਦਰਜ ਹਨ ਪਰ ਇਕ ਨੰਬਰ ਜੋੜਿਆ ਗਿਆ ਜੋ ਸ੍ਰੀ ਮਜੀਠੀਆ ਦਾ ਹੈ।

## ਮਜੀਠੀਏ ਨੂੰ ਬਚਾਉਣ ਦੇ ਯਤਨ ਕਰ ਰਹੀ ਹੈ ਸਰਕਾਰ: ਖਹਿਰਾ

**ਚੰਡੀਗੜ੍ਹ:** ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਸਰਕਾਰ ਨੇ ਸਾਢੇ ਚਾਰ ਮਹੀਨੇ ਮਗਰੋਂ ਕਿਹਾ ਹੈ ਕਿ ਕਾਗਜ਼ਾਂ ਨਾਲ ਛੇੜਛਾੜ ਕੀਤੀ ਗਈ ਹੈ। ਜੇਕਰ ਮੇਰੇ ਵੱਲੋਂ ਲਾਏ ਗਏ ਦੋਸ਼ ਗਲਤ ਸਨ ਤਾਂ ਸਰਕਾਰ ਨੂੰ ਅਗਲੇ ਦਿਨ ਹੀ ਇਸ ਦਾ ਖੰਡਨ ਕਰਨਾ ਚਾਹੀਦਾ ਸੀ ਪਰ ਸਰਕਾਰ ਨੇ ਆਪਣਾ ਰਿਕਾਰਡ ਸਹੀ ਕਰਨ ਪਿੱਛੋਂ ਹੁਣ ਸਾਢੇ ਚਾਰ ਮਹੀਨੇ ਮਗਰੋਂ ਜਾ ਕੇ ਇਹ ਦਾਅਵਾ ਕੀਤਾ ਹੈ ਕਿ ਮੈਂ ਦਸਤਾਵੇਜ਼ਾਂ ਨਾਲ ਛੇੜਛਾੜ ਕੀਤੀ ਹੈ। ਇਹ ਸਭ ਮਜੀਠੀਆ ਨੂੰ ਬਚਾਉਣ ਲਈ ਕੀਤਾ ਜਾ ਰਿਹਾ ਹੈ।

ਕਾਂਗਰਸ ਆਗੂ ਸੁਖਪਾਲ ਖਹਿਰਾ ਨੇ ਪਹਿਲੀ ਵਾਰ 17 ਜੁਲਾਈ ਨੂੰ ਸ੍ਰੀ ਬਿਕਰਮ ਮਜੀਠੀਆ 'ਤੇ ਇਸ ਬਾਰੇ ਦੋਸ਼ ਲਾਏ ਗਏ ਸਨ ਪਰ ਉਦੋਂ ਉਸ ਨੇ ਉਸ ਸਰੋਤ ਦਾ ਜ਼ਿਕਰ ਨਹੀਂ ਕੀਤਾ ਜਿਸ ਤੋਂ ਇਹ ਦਸਤਾਵੇਜ਼ ਮਿਲੇ ਹਨ। ਖਹਿਰਾ ਨੇ ਕਿਹਾ ਕਿ ਸਿੰਥੈਟਿਕ ਡਰੱਗ ਕੇਸ ਬਾਰੇ ਮਜੀਠੀਆ ਦੀ ਭੂਮਿਕਾ ਤੇ ਪੰਜਾਬ ਵਿਚ ਅਹਿਮ ਬੰਦਿਆਂ ਦੇ ਗੈਰ ਕਾਨੂੰਨੀ ਢੰਗ ਨਾਲ ਟੈਲੀਫੋਨ ਟੈਪ ਕਰਨ ਦੇ ਮਾਮਲੇ ਦੀ ਜਾਂਚ ਹਾਈਕੋਰਟ ਦੇ ਕਿਸੇ ਵੀ ਮੌਜੂਦਾ ਜੱਜ ਕੋਲੋਂ ਕਰਵਾਈ ਜਾਵੇ।

# ਸਿੱਖ ਮਸਲਿਆਂ ਨੂੰ ਤਰਜੀਹ ਦੇਣ 'ਤੇ ਪੀ.ਡੀ.ਪੀ. ਦੀ ਸ਼ਲਾਘਾ

**ਸ੍ਰੀਨਗਰ:** ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਵਿਚ ਸਿੱਖਾਂ ਨੂੰ ਘੱਟ-ਗਿਣਤੀ ਦਾ ਦਰਜਾ ਦੇਣ ਦੀ ਵਕਾਲਤ ਕਰਨ ਵਾਲੀ ਪੀ.ਡੀ.ਪੀ. ਦੀ ਸਿੱਖ ਜਥੇਬੰਦੀ ਨੇ ਸ਼ਲਾਘਾ ਕੀਤੀ ਹੈ। ਪੀ.ਡੀ.ਪੀ. ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਹੈ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਈ ਤਾਂ ਉਹ ਵਾਦੀ ਦੇ ਸਿੱਖਾਂ ਨੂੰ ਘੱਟ-ਗਿਣਤੀ ਦਾ ਦਰਜਾ ਦਿਵਾਉਣ ਲਈ ਹੰਭਲਾ ਮਾਰਨਗੇ।

ਆਲ ਪਾਰਟੀਜ਼ ਸਿੱਖ ਤਾਲਮੇਲ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਣਾ ਨੇ ਕਿਹਾ ਕਿ "ਅਸੀਂ ਪੀ.ਡੀ.ਪੀ. ਵੱਲੋਂ ਚੋਣ ਮਨੋਰਥ ਪੱਤਰ ਵਿਚ ਸਿੱਖਾਂ ਦੀਆਂ ਮੰਗਾਂ ਨੂੰ ਸ਼ਾਮਲ ਕਰਨ 'ਤੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।"

ਉਨ੍ਹਾਂ ਕਿਹਾ ਕਿ ਜੇਕਰ ਕੌਮੀ ਘੱਟ-ਗਿਣਤੀ ਐਕਟ ਜੰਮੂ-ਕਸ਼ਮੀਰ ਦੇ ਸਿੱਖਾਂ 'ਤੇ ਲਾਗੂ ਹੁੰਦਾ ਹੈ ਤਾਂ ਸੂਬੇ 'ਚ ਰਹਿ ਰਹੇ ਸਿੱਖਾਂ ਦੀਆਂ ਮੁਸ਼ਕਲਾਂ ਹੱਲ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਰਾਜ ਵਿਚ ਕੌਮੀ ਘੱਟ-ਗਿਣਤੀ ਐਕਟ ਲਾਗੂ ਹੋ ਗਿਆ ਹੈ। ਸਿੱਖਾਂ ਦੀਆਂ ਮੁਸ਼ਕਲਾਂ ਦਾ ਨਿਬੇੜਾ ਹੋ ਜਾਵੇਗਾ।

ਸ੍ਰੀ ਰੈਣਾ ਨੇ ਕਿਹਾ ਕਿ ਪੀ.ਡੀ.ਪੀ. ਸੰਸਥਾਪਕ ਮੁਫਤੀ ਮੁਹੰਮਦ ਸਈਦ ਦੇ 2002 ਤੋਂ 2005 ਦੇ ਰਾਜਕਾਲ ਦੌਰਾਨ ਸੁਰੱਖਿਆ ਵਾਲਾ ਮਾਹੌਲ ਯਕੀਨੀ ਬਣਾਇਆ ਗਿਆ ਸੀ, ਜਿਸ ਕਾਰਨ ਲੋਕਾਂ ਨੇ ਵੀ ਸੁੱਖ ਦਾ ਸਾਹ ਲਿਆ ਸੀ। ਆਪਣੇ ਚੋਣ ਮਨੋਰਥ ਪੱਤਰ ਵਿਚ ਪੀ.ਡੀ.ਪੀ. ਨੇ ਵਾਅਦਾ ਕੀਤਾ ਹੈ ਕਿ ਉਹ ਸਿੱਖਾਂ ਨੂੰ ਰਾਜ ਵਿਚ ਘੱਟ-ਗਿਣਤੀ ਦਾ ਦਰਜਾ ਦੇਣ ਤੇ ਕਸ਼ਮੀਰ ਯੂਨੀਵਰਸਿਟੀ ਵਿਚ ਪੰਜਾਬੀ ਚੇਅਰ ਸਥਾਪਤ ਕਰਨ ਲਈ ਕੇਂਦਰ ਕੋਲ ਸਿਫਾਰਸ਼ ਕਰੇਗੀ।

# ਤਖ਼ਤ ਹਜ਼ੂਰ ਸਾਹਿਬ ਦੀ ਸੋਨੇ ਦੀ ਸੇਵਾ ਦੇ ਕੰਮ ਨੂੰ ਅੱਗੇ ਪਾਇਆ

**ਅੰਮ੍ਰਿਤਸਰ (ਬਿਊਰੋ):** ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਬੋਰਡ ਦੀ ਪ੍ਰਸ਼ਾਸਕੀ ਕਮੇਟੀ ਦੀ ਮੀਟਿੰਗ ਵਿਚ ਇਥੇ ਸੋਨੇ ਦੀ ਸੇਵਾ ਕਰਾਉਣ ਦੇ ਕੰਮ ਨੂੰ ਫਿਲਹਾਲ ਅਗਾਂਹ ਪਾ ਦਿੱਤਾ ਗਿਆ ਹੈ। ਇਸੇ ਦੌਰਾਨ ਤਖ਼ਤ ਸਾਹਿਬ ਵੱਲੋਂ ਮੈਡੀਕਲ ਕਾਲਜ ਸਥਾਪਤ ਕਰਨ ਲਈ ਸ਼ਨਾਖ਼ਤ ਕੀਤੀ ਗਈ ਜਗ੍ਹਾ ਦੀ ਪੁਸ਼ਟੀ ਕਰ ਦਿੱਤੀ ਗਈ ਹੈ।

ਪ੍ਰਸ਼ਾਸਕੀ ਕਮੇਟੀ ਦੇ ਚੇਅਰਮੈਨ ਵਿਜੈ ਸਤਬੀਰ ਸਿੰਘ ਨੇ ਦੱਸਿਆ ਕਿ ਮੀਟਿੰਗ ਦੌਰਾਨ ਸੋਨੇ ਦੀ ਕਾਰ ਸੇਵਾ ਕਰਾਉਣ ਦਾ ਮਾਮਲਾ ਫਿਲਹਾਲ ਅਗਾਂਹ ਪਾ ਦਿੱਤਾ ਗਿਆ ਹੈ ਕਿਉਂਕਿ ਇਸ ਮਾਮਲੇ ਬਾਰੇ ਹੋਰ ਆਪਸੀ ਵਿਚਾਰ ਵਟਾਂਦਰਾ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਮੈਂਬਰ ਮਹਿਸੂਸ ਕਰ ਰਹੇ ਹਨ ਕਿ ਸੋਨੇ ਦੀ ਕਾਰ ਸੇਵਾ ਫਿਲਹਾਲ ਰੁਕ ਕੇ ਕਰਵਾਈ ਜਾਵੇ ਤੇ ਇਸ ਮਾਮਲੇ ਵਿਚ ਮਾਹਿਰਾਂ ਦੀ ਰਾਇ ਜ਼ਰੂਰ ਲਈ ਜਾਵੇ। ਤਖ਼ਤ ਸਾਹਿਬ ਵੱਲੋਂ ਮੈਡੀਕਲ ਕਾਲਜ ਸਥਾਪਤ ਕਰਨ ਲਈ ਯੋਜਨਾ ਬਣਾਈ ਗਈ ਹੈ ਤੇ ਇਸ ਬਾਰੇ ਸ਼ਨਾਖਤ ਕੀਤੀ ਗਈ ਥਾਂ 'ਤੇ ਸਾਰਿਆਂ ਨੇ ਸਹਿਮਤੀ ਦਿੱਤੀ ਹੈ। ਇਸ ਤੋਂ ਇਲਾਵਾ ਤਖ਼ਤ ਸਾਹਿਬ ਵਿਖੇ ਘੋੜ ਸਵਾਰੀ ਤੇ ਮਾਰਸ਼ਲ ਆਰਟ ਗੱਤਕਾ ਨੂੰ ਉਤਸ਼ਾਹਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਪ੍ਰਬੰਧਕੀ ਕਮੇਟੀ ਦੇ ਪੁਰਾਣੇ ਕਰਮਚਾਰੀਆਂ ਨੂੰ ਕੁਝ ਹੋਰ ਲਾਭ ਦੇਣ ਬਾਰੇ ਵੀ ਫ਼ੈਸਲਾ ਹੋਇਆ ਹੈ, ਜਿਸ ਤਹਿਤ ਕਰਮਚਾਰੀਆਂ ਦਾ ਮੈਡੀਕਲ ਬੀਮਾ ਵੀ ਕਰਾਵਇਆ ਜਾਵੇਗਾ।

## ਪੰਜਾਬ ਵਿਚ ਨਸ਼ੇੜੀ ਹੋ ਰਹੇ ਨੇ ਏਡਜ਼ ਦੇ ਸ਼ਿਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਜਾਰੀ ਅੰਕੜਿਆਂ ਵਿਚ ਖੁਲਾਸਾ ਹੋਇਆ ਹੈ ਕਿ ਐਚ.ਆਈ.ਵੀ. ਤੋਂ ਪੀੜਤ ਟਰੱਕ ਡਰਾਈਵਰਾਂ ਦੀ ਗਿਣਤੀ ਵਿਚ ਕਾਫੀ ਗਿਰਾਵਟ ਦਰਜ ਹੋਈ ਹੈ ਤੇ ਹੁਣ ਨਸ਼ੇ ਦੇ ਆਦੀ ਵਿਅਕਤੀ ਇਸ ਬਿਮਾਰੀ ਦੇ ਜਾਲ ਵਿਚ ਫਸ ਰਹੇ ਹਨ। ਏਡਜ਼ ਪ੍ਰਤੀ ਜਾਗਰੂਕਤਾ ਦਾ ਟਰੱਕ ਡਰਾਈਵਰਾਂ ਨੂੰ ਫਾਇਦਾ ਮਿਲਿਆ ਤੇ ਹੁਣ ਸਿਰਫ ਦੋ ਤੋਂ ਤਿੰਨ ਫੀਸਦੀ ਟਰੱਕ ਡਰਾਈਵਰ ਹੀ ਇਲਾਜ ਲਈ ਪਹੁੰਚ ਰਹੇ ਹਨ ਜਦਕਿ ਐਚ.ਆਈ.ਵੀ. ਪਾਜ਼ੇਟਿਵ ਦੇ ਪੀੜਤਾਂ ਵਿਚੋਂ 21 ਫੀਸਦੀ ਨਸ਼ੇੜੀ ਹਨ।

ਅਕਤੂਬਰ 2014 ਦੇ ਅੰਕੜਿਆਂ ਮੁਤਾਬਕ ਸੂਬੇ ਵਿਚ ਐਚ.ਆਈ.ਵੀ. ਪਾਜ਼ੇਟਿਵ ਦੇ 43492 ਮਰੀਜ਼ ਸਨ। ਮੌਤਾਂ ਦੀ ਗਿਣਤੀ 3750 ਰਹੀ ਹੈ। ਇਨ੍ਹਾਂ ਵਿਚੋਂ 60 ਫੀਸਦੀ ਮਰਦ ਤੇ 35 ਫੀਸਦੀ ਔਰਤਾਂ ਜਦਕਿ ਪੰਜ ਫੀਸਦੀ ਬੱਚੇ ਐਚ.ਆਈ.ਵੀ. ਤੋਂ ਪੀੜਤ ਹਨ। ਅੰਮ੍ਰਿਤਸਰ ਵਿਚ ਸਭ ਤੋਂ ਜ਼ਿਆਦਾ 11160 ਪੀੜਤ ਹਨ ਜਦਕਿ ਮੁਕਤਸਰ ਵਿਚ ਐਚ.ਆਈ.ਵੀ. ਦੇ ਸਭ ਤੋਂ ਘੱਟ 289 ਮਰੀਜ਼ ਹਨ। ਸਿਹਤ ਨਿਰਦੇਸ਼ਕ ਡਾਕਟਰ ਕਰਨਜੀਤ ਸਿੰਘ ਮੁਤਾਬਕ ਏਡਜ਼ ਖ਼ਿਲਾਫ਼ ਜੰਗ ਵਿਚ ਸੂਬੇ ਨੂੰ ਸਫਲਤਾ ਮਿਲੀ ਹੈ ਤੇ ਕੌਮੀ ਔਸਤ ਦੇ ਮੁਕਾਬਲੇ ਰਾਜ ਵਿਚ ਏਡਜ਼ ਦੇ ਮਰੀਜ਼ ਘਟੇ ਹਨ।

# ਮੁੱਖ ਸੰਸਦੀ ਸਕੱਤਰਾਂ ਨਾਲ ਤਾਇਨਾਤ ਅਮਲੇ ਦੀਆਂ ਪੌਂ ਬਾਰਾਂ

**ਚੰਡੀਗੜ੍ਹ:** ਜਿਥੇ ਪੰਜਾਬ ਸਰਕਾਰ ਵੱਲੋਂ ਮੁੱਖ ਸੰਸਦੀ ਸਕੱਤਰਾਂ (ਸੀ.ਪੀ.ਐਜ਼.) ਦੀ ਤਾਇਨਾਤੀ ਨੇ ਮਾਲੀ ਸੰਕਟ ਵਿਚੋਂ ਲੰਘ ਰਹੀ ਸਰਕਾਰ 'ਤੇ ਵਾਧੂਵਿੱਤੀ ਬੋਝ ਪਾਇਆ ਹੈ, ਉਥੇ ਦੂਜੇ ਪਾਸੇ ਮੁੱਖ ਸੰਸਦੀ ਸਕੱਤਰਾਂ ਨਾਲ ਤਾਇਨਾਤ ਸਕੱਤਰੇਤ ਅਮਲੇ ਦੀਆਂ ਪੌਂ ਬਾਰਾਂ ਹਨ। ਮੁੱਖ ਸੰਸਦੀ ਸਕੱਤਰਾਂ ਦੇ ਸਕੱਤਰੇਤ ਵਿਚੋਂ ਗੈਰਹਾਜ਼ਰ ਰਹਿਣ ਕਾਰਨ ਅਮਲਾ ਵਿਹਲਾ ਹੈ। ਦਰਜਾ ਚਾਰ ਕਰਮਚਾਰੀ ਅਕਸਰ ਆਲੀਸ਼ਾਨ ਦਫ਼ਤਰਾਂ ਵਿਚ ਆਰਾਮ ਫਰਮਾਉਂਦੇ ਵੇਖੇ ਜਾ ਰਹੇ ਹਨ। ਵਿੱਤ ਵਿਭਾਗ ਮੁਤਾਬਕ ਮਾਲੀ ਤੰਗੀ ਕਾਰਨ ਸਰਫ਼ਾ ਕਰਨ ਦੀਆਂ ਹਦਾਇਤਾਂ ਵਿਚ ਸੀ.ਪੀ.ਐਸਜ਼. ਦੇ ਸਟਾਫ਼ ਵਿਚ ਕਟੌਤੀ ਕਰਨ ਦੀਆਂ ਸਿਫ਼ਾਰਸ਼ਾਂ ਵੀ ਕੀਤੀਆਂ ਗਈਆਂ ਸਨ ਜਿਨ੍ਹਾਂ ਨੂੰ ਵਿੱਤ ਮੰਤਰੀ ਪਰਮਿੰਦਰ ਢੀਂਡਸਾ ਨੇ ਪ੍ਰਵਾਨਗੀ ਨਹੀਂ ਦਿੱਤੀ ਸੀ।

ਪੰਜਾਬ ਸਰਕਾਰ ਵੱਲੋਂ ਮੁੱਖ ਸੰਸਦੀ ਸਕੱਤਰਾਂ ਨੂੰ ਕੈਬਨਿਟ ਮੰਤਰੀਆਂ ਵਾਲੀਆਂ ਸਹੂਲਤਾਂ ਦਿੰਦਿਆਂ ਦੋ ਨਿੱਜੀ ਸਹਾਇਕ, ਦਫ਼ਤਰ ਸਕੱਤਰ, ਇਕ ਸਟੈਨੋ ਤੇ ਸੇਵਾਦਾਰ ਦੀ ਸਹੂਲਤ ਦਿੱਤੀ ਗਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਕਸਰ ਮੰਤਰੀਆਂ ਨੂੰ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਕਿ ਫਾਈਲਾਂ ਮੁੱਖ ਸੰਸਦੀ ਸਕੱਤਰਾਂ ਰਾਹੀਂ ਹੀ ਆਉਣ ਪਰ ਇਨ੍ਹਾਂ ਹਦਾਇਤਾਂ 'ਤੇ ਕੋਈ ਅਮਲ ਨਹੀਂ ਹੋ ਰਿਹਾ। ਇਹੀ ਕਾਰਨ ਹੈ ਕਿ ਸਮੁੱਚਾ ਅਮਲਾ ਵਿਹਲਾ ਹੈ।

ਅਮਰਪਾਲ ਸਿੰਘ ਬੋਨੀ ਅਜਨਾਲਾ ਨਾਲ ਤਾਇਨਾਤ ਅਮਲੇ ਦੇ ਮੈਂਬਰਾਂ ਨੇ ਦੱਸਿਆ ਕਿ ਸ੍ਰੀ ਬੋਨੀ ਤਾਂ ਕਦੇ-ਕਦਾਈਂ ਹੀ ਆਉਂਦੇ ਹਨ। ਜਦੋਂ ਇਸ ਅਮਲੇ ਨੂੰ ਕੰਮ-ਕਾਰ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦੱਸਿਆ ਕਿ ਹਲਕੇ ਨਾਲ ਸਬੰਧਤ ਕੰਮਾਂ ਦੀ ਹੀ ਪੈਰਵੀ ਕੀਤੀ ਜਾਂਦੀ ਹੈ ਜਾਂ ਤਬਾਦਲਿਆਂ ਆਦਿ ਦੀਆਂ ਸਿਫ਼ਾਰਸ਼ਾਂ ਦੇ ਪੱਤਰ ਲਿਖ ਛੱਡੀਦੇ ਹਨ। ਮਹਿੰਦਰ ਕੌਰ ਜੋਸ਼ ਨਾਲ ਤਾਇਨਾਤ ਅਮਲੇ ਨੇ ਦੱਸਿਆ ਕਿ ਮੈਡਮ ਦਫ਼ਤਰ ਤਾਂ ਕਦੇ ਹੀ ਆਉਂਦੇ ਹਨ ਤੇ ਜੇਕਰ ਮਿਲਣਾ ਹੈ ਤਾਂ ਉਨ੍ਹਾਂ ਦੇ ਘਰ ਵਿਚ ਹੀ ਮੁਲਾਕਾਤ ਕੀਤੀ ਜਾ ਸਕਦੀ ਹੈ। ਹੋਰ ਮੁੱਖ ਸੰਸਦੀ ਸਕੱਤਰਾਂ ਦੇ ਅਮਲੇ ਮੁਤਾਬਕ ਸਾਹਿਬ ਉਦੋਂ ਹੀ ਆਉਂਦੇ ਹਨ ਜਦੋਂ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਸਕੱਤਰੇਤ ਵਿਚ ਮੌਜੂਦ ਹੋਣ ਤੇ ਕੋਈ ਕੰਮ ਹੋਵੇ।

ਪੰਜਾਬ ਸਰਕਾਰ ਵੱਲੋਂ ਤਕਰੀਬਨ 20 ਵਿਧਾਇਕਾਂ ਨੂੰ ਮੁੱਖ ਸੰਸਦੀ ਸਕੱਤਰ ਨਿਯੁਕਤ ਕਰ ਕੇ ਕੈਬਨਿਟ ਮੰਤਰੀਆਂ ਵਾਲੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਨੂੰ ਦਿੱਤੀਆਂ ਸਹੂਲਤਾਂ ਵਿਚ 60,000 ਰੁਪਏ ਤਨਖ਼ਾਹ, 2 ਲੱਖ ਰੁਪਏ ਸਾਲਾਨਾ ਯਾਤਰਾ ਭੱਤਾ, 50000 ਹਾਊਸ ਰੈਂਟ, ਜੇਕਰ ਨਿੱਜੀ ਵਾਹਨ ਚਲਾਉਣਾ ਹੋਵੇ ਤਾਂ 15 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਖ਼ਰਚਾ ਅਦਾਇਗੀ, ਦਫ਼ਤਰ ਆਉਣ ਜਾਂ ਕੈਂਪ ਆਫਿਸ ਵਿਚੋਂ ਕੰਮ ਚਲਾਉਣ ਦੇ ਇਕ ਹਜ਼ਾਰ ਰੁਪਏ ਰੋਜ਼ਾਨਾ, 100 ਫ਼ੀਸਦੀ ਮੈਡੀਕਲ ਸਹੂਲਤ, ਪੀਣ ਵਾਲੇ ਪਾਣੀ ਤੇ ਬਿਜਲੀ ਦੇ ਬਿੱਲ ਦੀ ਪੂਰੀ ਅਦਾਇਗੀ, ਮੁੱਖ ਸੰਸਦੀ ਸਕੱਤਰਾਂ ਨੂੰ ਹੋਣ ਵਾਲੀ ਆਮਦਨ 'ਤੇ ਲੱਗਣ ਵਾਲੇ ਆਮਦਨ ਕਰ ਦੀ ਸਰਕਾਰੀ ਖ਼ਜ਼ਾਨੇ ਵਿਚੋਂ ਅਦਾਇਗੀ, ਸੁਰੱਖਿਆ ਵਾਹਨ ਤੇ ਦਫ਼ਤਰੀ ਵਰਤੋਂ ਲਈ ਨਿੱਜੀ ਵਾਹਨ ਵਰਤਣ ਦੀ ਸੂਰਤ ਵਿਚ 10,000 ਰੁਪਏ ਪ੍ਰਤੀ ਮਹੀਨਾ ਸ਼ਾਮਲ ਹਨ।

## ਦੂਬਈ 'ਚ ਬਣੇਗਾ ਦੁਨੀਆਂ ਦਾ ਸਭ ਤੋਂ ਵੱਡਾ ਹਵਾਈ ਅੱਡਾ

**ਮੁੰਬਈ:** ਸੰਸਾਰ ਦੇ ਜਹਾਜ਼ੀ ਹਬ ਦੇ ਤੌਰ 'ਤੇ ਖ਼ੁਦ ਨੂੰ ਸਥਾਪਤ ਕਰਨ ਲਈ ਦੂਬਈ ਏਅਰਪੋਰਟਸ 32 ਅਰਬ ਡਾਲਰ ਦੇ ਨਿਵੇਸ਼ ਨਾਲ ਦੂਬਈ ਵਰਲਡ ਸੈਂਟਰਲ ਵਿਚ ਸੰਸਾਰ ਦਾ ਸਭ ਤੋਂ ਵੱਡਾ ਹਵਾਈ ਅੱਡਾ ਬਣਾ ਰਿਹਾ ਹੈ ਜੋ ਮੌਜੂਦਾ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ 30 ਕਿਲੋਮੀਟਰ ਦੂਰ ਹਵੇਗਾ। ਪ੍ਰਸਤਾਵਿਤ ਨਵਾਂ ਹਵਾਈ ਅੱਡਾ ਸੰਸਾਰ ਦਾ ਸਭ ਤੋਂ ਵੱਡਾ ਹਵਾਈ ਅੱਡਾ ਹੋਵੇਗਾ ਜਿਥੇ ਪੰਜ ਰਨਵੇ ਹੋਣਗੇ। ਇਹ ਸਾਰੇ ਰਨਵੇ ਏ-380 ਜਹਾਜ਼ ਦੇ ਉਡਾਨ ਭਰਨ ਤੇ ਉਤਾਰਨ ਵਿਚ ਸਮਰਥ ਹੋਣਗੇ।

# ਸੁਖਬੀਰ ਬਾਦਲ ਵਲੋਂ ਪੁਲਿਸ ਹੈਡਕੁਆਰਟਰ 'ਤੇ ਛਾਪਾ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਇਥੇ ਪੁਲਿਸ ਹੈਡਕੁਆਰਟਰ ਵਿਖੇ ਛਾਪਾ ਮਾਰਿਆ ਗਿਆ ਜਿਸ ਦੌਰਾਨ ਜ਼ਿਆਦਾਤਰ ਸੀਨੀਅਰ ਪੁਲਿਸ ਅਧਿਕਾਰੀ ਡਿਊਟੀ ਤੋਂ ਗੈਰਹਾਜ਼ਰ ਪਾਏ ਗਏ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਐਂਟਰੀ ਰਜਿਸਟਰ ਮੁਤਾਬਕ ਸਿਰਫ਼ ਏ.ਡੀ.ਜੀ.ਪੀ. ਇੰਟੈਲੀਜੈਂਸ ਹਰਦੀਪ ਢਿੱਲੋਂ ਸਮੇਤ ਛੇ ਅਫ਼ਸਰ ਸਮੇਂ ਸਿਰ ਦਫ਼ਤਰ ਪਹੁੰਚੇ ਸਨ। ਪੁਲਿਸ ਸਕੱਤਰੇਤ ਵਿਚ ਤਕਰੀਬਨ 50 ਸੀਨੀਅਰ ਪੁਲਿਸ ਅਧਿਕਾਰੀ ਤਾਇਨਾਤ ਹਨ। ਇੰਜ, ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਸਮੇਤ 44 ਅਫ਼ਸਰ 9 ਵਜੇ ਤੱਕ ਦਫ਼ਤਰ ਨਹੀਂ ਸਨ ਪਹੁੰਚੇ।

ਤਿੰਨ ਸੀਨੀਅਰ ਅਧਿਕਾਰੀਆਂ ਨੇ ਉਪ ਮੁੱਖ ਮੰਤਰੀ ਦੀਆਂ ਨਜ਼ਰਾਂ ਤੋਂ ਬਚਣ ਲਈ ਜੂਨੀਅਰ ਮੁੱਖ ਗੇਟ ਦੀ ਜਗ੍ਹਾ ਅਧਿਕਾਰੀਆਂ ਵੱਲੋਂ ਵਰਤੇ ਜਾਂਦੇ ਪਿਛਲੇ ਗੇਟ ਰਾਹੀਂ ਹੈਡਕੁਆਰਟਰ ਅੰਦਰ ਦਾਖ਼ਲ ਹੋਣ ਨੂੰ ਤਰਜੀਹ ਦਿੱਤੀ। ਇਨ੍ਹਾਂ ਅਧਿਕਾਰੀਆਂ ਨੂੰ ਉਪ ਮੁੱਖ ਮੰਤਰੀ ਤੇ ਪੁਲਿਸ ਮੁੱਖੀ ਵੱਲੋਂ ਤਾੜਨਾ ਕੀਤੀ ਗਈ ਕਿ ਉਹ ਭਵਿੱਖ ਵਿਚ ਸੀਨੀਅਰ ਅਧਿਕਾਰੀਆਂ ਵਜੋਂ ਪੇਸ਼ ਆਉਣ।

ਇਸ ਮੌਕੇ ਡਿਊਟੀ ਤੋਂ ਗੈਰਹਾਜ਼ਰ ਸੀਨੀਅਰ ਪੁਲੀਸ ਅਧਿਕਾਰੀਆਂ ਵਿੱਚ ਡੀਜੀਪੀ ਮਨੁੱਖੀ ਸਰੋਤ ਵਿਕਾਸ ਐਸ ਕੇ ਸ਼ਰਮਾ, ਏਡੀਜੀਪੀ ਪਾਲਿਸੀ ਐਂਡ ਰੂਲਜ ਮੁਹੰਮਦ ਮੁਸਤਫਾ, ਆਈਜੀ ਟ੍ਰੈਫਿਕ ਆਰਪੀਐਸ ਬਰਾਰ, ਆਈਜੀ ਕਮਿਊਨਿਟੀ ਪੁਲੀਸਿੰਗ ਅਨੀਤਾ ਪੁੰਜ, ਆਈਜੀ ਇਨਫਰਮੇਸ਼ਨ ਟੈਕਨਾਲੋਜੀ ਕੇ ਜੇ ਐਸ ਪੰਨੂ, ਆਈਜੀ ਨਵੀਨੀਕਰਨ ਸ਼ਸ਼ੀ ਪ੍ਰਭਾ, ਡੀਆਈਜੀ ਅਨੰਨਯਾ ਗੌਤਮ ਅਤੇ ਡੀਆਈਜੀ ਨਿਲਾਭ ਕਿਸ਼ੋਰ ਤੋਂ ਇਲਾਵਾ ਛੇ ਐਸਪੀ ਅਤੇ ਏਆਈਜੀ ਸ਼ਾਮਲ ਸਨ।

## ਅਪਰਾਧ ਜਗਤ ਬਾਰੇ ਲਿਖਣ ਵਾਲੀ ਡੋਰਥੀ ਜੇਮਜ਼ ਦਾ ਦੇਹਾਂਤ

**ਲੰਡਨ:** ਅਪਰਾਧ ਜਗਤ ਬਾਰੇ ਨਾਵਲ ਲਿਖਣ ਵਾਲੀ ਫਿਲਿਸ ਡੋਰਥੀ ਜੇਮਸ ਦਾ 94 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਸ ਨੇ ਚਿਲਡਰਨ ਆਫ ਮੈੱਨ, ਮਰਡਰ ਰੂਮ ਸਮੇਤ 20 ਕਿਤਾਬਾਂ ਲਿਖੀਆਂ। ਉਸ ਦੀਆਂ ਕਿਤਾਬਾਂ ਲੱਖਾਂ ਦੀ ਗਿਣਤੀ ਵਿਚ ਵਿਕਦੀਆਂ ਸਨ।

# ਪੰਜਾਬ 'ਚ ਅੰਗਹੀਣਾਂ ਨਾਲ ਵੀ ਧੱਕਾ

## ਹਰਿਆਣਾ ਦੇ ਮੁਕਾਬਲੇ ਮਿਲਦੀ ਹੈ ਪੰਜਵਾਂ ਹਿੱਸਾ ਪੈਨਸ਼ਨ

**ਚੰਡੀਗੜ੍ਹ:** ਪੰਜਾਬ ਵਿਚ ਰਹਿੰਦੇ ਅੰਗਹੀਣਾਂ ਨੂੰ ਹਰਿਆਣਾ ਦੇ ਮੁਕਾਬਲੇ ਪੰਜਵਾਂ ਹਿੱਸਾ ਪੈਨਸ਼ਨ ਮਿਲ ਰਹੀ ਹੈ। ਕੁਦਰਤ ਦੀ ਮਾਰ ਝੱਲ ਰਹੇ ਇਸ ਵਰਗ ਨੂੰ ਸਰਕਾਰ ਦੇ ਦਰਬਾਰ ਵਿਚ ਨਿਆਂ ਨਸੀਬ ਨਹੀਂ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਅੰਗਹੀਣਾਂ ਨੂੰ 250 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲਾਈ ਗਈ ਹੈ ਜਦੋਂਕਿ ਹਰਿਆਣਾ ਵਿਚ ਅੰਗਹੀਣ 1250 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲੈ ਰਹੇ ਹਨ। ਚੰਡੀਗੜ੍ਹ ਵਿਚ 650 ਰੁਪਏ ਤੇ ਹਿਮਾਚਲ ਪ੍ਰਦੇਸ਼ ਵਿਚ 600 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਸਕੂਲਾਂ ਵਿਚ ਪੜ੍ਹਦੇ ਅੰਗਹੀਣ ਵਿਦਿਆਰਥੀਆਂ ਦੇ ਵਜ਼ੀਫ਼ੇ ਦੀ ਰਕਮ ਵੀ ਕਈ ਮਹੀਨਿਆਂ ਤੋਂ ਰੁਕੀ ਪਈ ਹੈ।

ਪੰਜਾਬ ਵਿਚ ਅੰਗਹੀਣਾਂ ਦੀ ਗਿਣਤੀ ਛੇ ਲੱਖ 54 ਹਜ਼ਾਰ ਹੈ। ਚੰਡੀਗੜ੍ਹ ਵਿਚ ਅੰਗਹੀਣਾਂ ਦੀ ਗਿਣਤੀ 15528 ਦੱਸੀ ਗਈ ਹੈ। ਪੂਰੇ ਭਾਰਤ ਵਿਚ ਇਸ ਵਿਸ਼ੇਸ਼ ਵਰਗ ਦੀ ਗਿਣਤੀ ਦੋ ਕਰੋੜ 68 ਲੱਖ ਦਸ ਹਜ਼ਾਰ 596 ਹੈ। ਸਰਕਾਰ ਵੱਲੋਂ ਅੰਗਹੀਣ ਐਕਟ 1996 ਦੇ ਸੈਕਸ਼ਨ 46 ਤੇ ਸੈਕਸ਼ਨ 33 ਨੂੰ ਲਾਗੂ ਕਰਨ ਵਿਚ ਵੀ ਢਿੱਲਮਠ ਦਿਖਾਈ ਜਾ ਰਹੀ ਹੈ ਤੇ ਸਰਕਾਰ ਦੇ ਦਾਅਵੇ ਅੰਗਹੀਣਾਂ ਦਾ ਮੂੰਹ ਚਿੜਾ ਰਹੇ ਹਨ। ਸੈਕਸ਼ਨ 33 ਤਹਿਤ ਸਰਕਾਰੀ ਨੌਕਰੀਆਂ ਵਿਚ ਅੰਗਹੀਣਾਂ ਲਈ ਤਿੰਨ ਫ਼ੀਸਦ ਨੌਕਰੀਆਂ ਰੱਖਣ ਲਈ ਕਿਹਾ ਗਿਆ ਹੈ ਪਰ ਹਰੇਕ ਵਿਭਾਗ ਵਿਚ ਬੈਕਲਾਗ ਪਿਆ ਹੈ। ਇਸ ਦੇ ਉਲਟ ਕਈ ਸਮਾਜ ਸੇਵੀ ਸੰਸਥਾਵਾਂ ਅੰਗਹੀਣਾਂ ਲਈ ਨਿੱਠ ਕੇ ਕੰਮ ਕਰਨ ਵਿਚ ਲੱਗੀਆਂ ਹੋਈਆਂ ਹਨ।

ਪੰਜਾਬ ਸਰਕਾਰ ਵੱਲੋਂ ਅੰਗਹੀਣਾਂ ਲਈ ਸਿਰਫ ਇਕੋ ਵਿਸ਼ੇਸ਼ ਸਕੂਲ ਖੋਲ੍ਹਿਆ ਗਿਆ ਹੈ ਜਦੋਂਕਿ ਸਮਾਜ ਸੇਵੀ ਸੰਸਥਾਵਾਂ ਵੱਲੋਂ ਉਡਾਣ ਤੇ ਪਰਿਆਸ ਨਾਂ ਦੇ ਕਈ ਸਕੂਲ ਚਲਾਏ ਜਾ ਰਹੇ ਹਨ। ਵਿਸ਼ੇਸ਼ ਲੋਕਾਂ ਲਈ ਸ਼ੁਰੂ ਕੀਤਾ ਗਿਆ ਇਹ ਵਿਸ਼ੇਸ਼ ਸਰਕਾਰੀ ਸਕੂਲ ਵੀ ਅਫਸਰਸ਼ਾਹੀ ਦੀਆਂ ਨੀਤੀਆਂ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ। ਅੰਗਹੀਣ ਐਕਟ 1996 ਦੇ ਸੈਕਸ਼ਨ 46 ਅਨੁਸਾਰ ਸਰਕਾਰ ਇਸ ਵਿਸ਼ੇਸ਼ ਵਰਗ ਨੂੰ ਸਰਕਾਰੇ ਦਰਬਾਰੇ ਢੁਕਵਾਂ ਵਾਤਾਵਰਣ ਦੇਣ ਦੀ ਪਾਬੰਦ ਹੈ। ਸਮਾਜ ਭਲਾਈ ਵਿਭਾਗ ਦੇ ਇਕ ਉੱਚ ਅਧਿਕਾਰੀ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਪੰਜਾਬ ਵਿਚ ਅੰਗਹੀਣਾਂ ਨੂੰ ਬਾਕੀ ਸਾਰੇ ਰਾਜਾਂ ਨਾਲੋਂ ਘੱਟ ਪੈਨਸ਼ਨ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਇਸ ਵਿਚ ਵਾਧਾ ਕਰਨ ਦੇ ਹੱਕ ਵਿਚ ਹਨ ਪਰ ਸਰਕਾਰੀ ਨੀਤੀਆਂ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦਿੰਦੀਆਂ ਹਨ।

# ਪੰਜਾਬ ਵਿਚ ਕੇਬਲ ਮਾਫੀਏ ਦਾ ਰਾਜ



*ਪੰਜਾਬ ਵਿਚ ਇਲੈਕਟ੍ਰੌਨਿਕ ਮੀਡੀਆ ਭਰਪੂਰ ਉਡਾਣ ਨਹੀਂ ਭਰ ਸਕਿਆ। ਪਹਿਲਾਂ ਅਮਰਿੰਦਰ ਸਿੰਘ ਸਰਕਾਰ ਵੇਲੇ ਸਿਰਫ ਇਕ ਚੈਨਲ ਦੀ ਇਸ ਖੇਤਰ ਵਿਚ ਸਰਦਾਰੀ ਰਹੀ; ਹੁਣ ਬਾਦਲਾਂ ਦਾ ਇਸ ਖੇਤਰ ਉਤੇ ਮੁਕੰਮਲ ਕਬਜ਼ਾ ਹੈ। ਕੋਈ ਵੀ ਮੀਡੀਆ ਹਾਊਸ ਹੁਣ ਇਸ ਖੇਤਰ ਵਿਚ ਆਉਣ ਲਈ ਤਿਆਰ ਨਹੀਂ। ਸੂਚਨਾ ਤੇ ਪ੍ਰਸਾਰਨ ਮੰਤਰਾਲੇ ਤੋਂ ਲਾਇਸੈਂਸ ਲੈਣ ਦੇ ਬਾਵਜੂਦ 'ਏ.ਬੀ.ਪੀ. ਸਾਂਝਾ' ਚੈਨਲ ਪੰਜਾਬ ਵਿਚ ਕੇਬਲ ਨੈੱਟਵਰਕ 'ਤੇ ਨਹੀਂ ਆਉਣ ਦਿੱਤਾ ਗਿਆ। ਇਸ ਵਰਤਾਰੇ ਬਾਰੇ ਪੇਸ਼ ਹੈ ਸ. ਸੇਵਾ ਸਿੰਘ ਦੀ ਵਿਸ਼ੇਸ਼ ਰਿਪੋਰਟ...*

## ਬਾਦਲਾਂ ਨੇ ਇਲੈਕਟ੍ਰੌਨਿਕ ਮੀਡੀਆ ਦਾ ਰਾਹ ਰੋਕਿਆ

**ਚੰਡੀਗੜ੍ਹ:** ਪੰਜਾਬ ਵਿਚ ਬਾਦਲ ਪਰਿਵਾਰ ਦੀ ਛਤਰ-ਛਾਇਆ ਹੇਠ ਕੇਬਲ ਮਾਫੀਏ ਦਾ ਰਾਜ ਹੈ ਜਿਸ ਕਰ ਕੇ ਕੋਈ ਵੀ ਪੰਜਾਬੀ ਚੈਨਲ ਨਿਰਪੱਖ ਪੱਤਰਕਾਰੀ ਦਾ ਹੀਆ ਨਹੀਂ ਕਰ ਰਿਹਾ। ਬਾਦਲ ਪਰਿਵਾਰ ਨੇ ਪੰਜਾਬੀ ਇਲੈਕਟ੍ਰੌਨਿਕ ਮੀਡੀਆ 'ਤੇ ਇਜਾਰੇਦਾਰੀ ਕਾਇਮ ਰੱਖਣ ਲਈ ਪਿਛਲੇ ਅੱਠ ਸਾਲਾਂ ਵਿਚ ਕੋਈ ਚੈਨਲ ਸ਼ੁਰੂ ਹੀ ਨਹੀਂ ਹੋਣ ਦਿੱਤਾ।

ਪਿਛਲੇ ਸਮੇਂ ਵਿਚ ਅਨੇਕਾਂ ਪੰਜਾਬੀ ਚੈਨਲ ਚੰਗੀ ਤਰ੍ਹਾਂ ਚੱਲਣ ਤੋਂ ਪਹਿਲਾਂ ਹੀ ਬੰਦ ਹੋ ਗਏ ਜਿਨ੍ਹਾਂ ਵਿਚ ਡੇਅ ਐਂਡ ਨਾਈਟ, ਸਾਡਾ ਚੈਨਲ, ਪੀ-7 ਸ਼ਾਮਲ ਹਨ। ਹੁਣ 26 ਨਵੰਬਰ ਨੂੰ ਕੌਮੀ ਪੱਧਰ ਦੇ ਬ੍ਰਾਂਡ ਅਨੰਦ ਬਾਜ਼ਾਰ ਪੱਤ੍ਰਿਕਾ ਗਰੁਪ ਨੇ 'ਏ.ਬੀ.ਪੀ. ਸਾਂਝਾ' ਨਾਂ ਦਾ ਪੰਜਾਬੀ ਚੈਨਲ ਬੰਦ ਕਰ ਦਿੱਤਾ। ਇਸ ਨਾਲ 200 ਤੋਂ ਵੱਧ ਪਰਿਵਾਰਾਂ ਦੀ ਰੋਜ਼ੀ-ਰੋਟੀ ਖੁੱਸ ਗਈ। ਪੰਜਾਬੀ ਸਭਿਆਚਾਰ ਤੇ ਭਾਸ਼ਾ ਨੂੰ ਪ੍ਰਫੁਲਿਤ ਕਰਨ ਦੇ ਮਕਸਦ ਨਾਲ ਪੰਜਾਬ ਵਿਚ ਏ.ਬੀ.ਪੀ. ਸਾਂਝਾ ਦੇ ਨਾਂ ਹੇਠ ਪੰਜਾਬੀ ਚੈਨਲ ਸ਼ੁਰੂ ਕੀਤਾ ਗਿਆ ਸੀ ਪਰ ਸੱਤਾ ਦੇ ਪ੍ਰਭਾਵ ਹੇਠ ਕੇਬਲ ਮਾਫੀਆ ਵੱਲੋਂ ਪਿਛਲੇ ਦੋ ਸਾਲ ਤੋਂ ਚੈਨਲ ਨੂੰ ਚੱਲਣ ਹੀ ਨਹੀਂ ਦਿੱਤਾ ਗਿਆ। ਕੰਪਨੀ ਆਪਣੇ ਮੁਲਾਜ਼ਮਾਂ ਨੂੰ ਚੈਨਲ ਦੇ ਚੱਲੇ ਬਿਨਾਂ ਦੋ ਸਾਲ ਤੋਂ ਤਨਖਾਹਾਂ ਦੇ ਰਹੀ ਸੀ, ਪਰ 26 ਨਵੰਬਰ ਨੂੰ ਇਹ ਪ੍ਰੋਜੈਕਟ ਬੰਦ ਕਰਨ ਦਾ ਫੈਸਲਾ ਕਰ ਲਿਆ ਗਿਆ। ਇਸ ਫੈਸਲੇ ਤੋਂ ਬਾਅਦ ਬੇਰੁਜ਼ਗਾਰ ਹੋਏ ਪੱਤਰਕਾਰਾਂ ਦਾ ਕਹਿਣਾ ਹੈ ਕਿ ਇਹ ਚੈਨਲ ਪਿਛਲੇ ਦੋ ਸਾਲਾਂ ਤੋਂ ਪ੍ਰਸਾਰਨ ਸ਼ੁਰੂ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਸੀ, ਪਰ ਕੇਬਲ ਮਾਫੀਏ ਨੇ ਸੱਤਾ ਦੇ ਪ੍ਰਭਾਵ ਹੇਠ ਚੈਨਲ ਸ਼ੁਰੂ ਨਹੀਂ ਹੋਣ ਦਿੱਤਾ। ਉਨ੍ਹਾਂ ਕਿਹਾ ਕਿ ਸੱਤਾਧਿਰ ਦਾ ਕੇਬਲ 'ਤੇ ਕਬਜ਼ਾ ਹੈ ਅਤੇ ਉਹ ਕਿਸੇ ਵੀ ਚੈਨਲ ਨੂੰ ਪੰਜਾਬ ਵਿਚ ਨਹੀਂ ਆਉਣ ਦੇਣਾ ਚਾਹੁੰਦੇ। ਇਸ ਨਾਲ ਪੰਜਾਬੀ ਪੱਤਰਕਾਰੀ ਨੂੰ ਵੱਡੀ ਸੱਟ ਲੱਗ ਰਹੀ ਹੈ ਤੇ ਕਾਲਜਾਂ, ਯੂਨੀਵਰਸਿਟੀਆਂ ਵਿਚ ਪੱਤਰਕਾਰੀ ਦੀ ਪੜ੍ਹਾਈ ਕਰ ਰਹੇ ਹਜ਼ਾਰਾਂ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਹੈ।

ਅਸਲ ਵਿਚ ਸੱਤਾਧਿਰ ਸਿਰਫ ਆਪਣੇ ਚੈਨਲ ਜ਼ਰੀਏ ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਬਣਾ ਕੇ ਵਿਖਾ ਰਹੀ ਹੈ। ਇਸ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਵੀ ਆਪਣੇ ਇਕੋ-ਇਕ ਚੈਨਲ ਜ਼ਰੀਏ ਸਿਰਫ ਸਰਕਾਰੀ ਖ਼ਬਰਾਂ ਵਿਖਾਈਆਂ ਜਾਂਦੀਆਂ ਸਨ ਅਤੇ 2007 ਵਿਚ ਅਕਾਲੀ-ਭਾਜਪਾ ਦੀ ਸਰਕਾਰ ਆਉਂਦਿਆਂ ਹੀ ਇਹ ਚੈਨਲ ਲੋਪ ਹੋ ਗਿਆ। ਬਾਦਲ ਪਰਿਵਾਰ ਨੇ ਬਿਜਲਈ ਮੀਡੀਆ ਦੀ ਤਾਕਤ ਨੂੰ ਸਮਝਦਿਆਂ ਆਪਣਾ ਨਿਊਜ਼ ਚੈਨਲ ਸ਼ੁਰੂ ਕੀਤਾ ਅਤੇ ਪੂਰੀ ਧੱਕੇਸ਼ਾਹੀ ਵਰਤਦਿਆਂ ਪੰਜਾਬ ਦੇ ਸਾਰੇ ਕੇਬਲ ਨੈਟਵਰਕ 'ਤੇ ਕਬਜ਼ਾ ਕਰ ਲਿਆ। ਇਸ ਵੇਲੇ ਸੱਤਾਧਿਰ ਦੇ ਪ੍ਰਭਾਵ ਹੇਠ ਚੱਲ ਰਹੇ ਕੇਬਲ ਨੈਟਵਰਕ ਦਾ ਤਕਰੀਬਨ 70 ਫੀਸਦੀ ਕਬਜ਼ਾ ਹੈ ਅਤੇ ਬਾਕੀ 30 ਫੀਸਦੀ ਕਈ ਡਿਸ਼ ਕੰਪਨੀਆਂ ਕਵਰ ਕਰਦੀਆਂ ਹਨ। ਸੱਤਾਧਿਰ ਦੇ ਇਸ਼ਾਰੇ 'ਤੇ ਕੇਬਲ ਅਪਰੇਟਰ ਕਿਸੇ ਵੀ ਨਵੇਂ ਪੰਜਾਬੀ ਚੈਨਲ ਦਾ ਪ੍ਰਸਾਰਨ ਸ਼ੁਰੂ ਨਹੀਂ ਕਰਦਾ ਜਿਸ ਕਰ ਕੇ ਪਿਛਲੇ ਸਮੇਂ ਦੌਰਾਨ ਕਈ ਚੈਨਲ ਦਮ ਤੋੜ ਗਏ ਹਨ। ਇਸ ਤੋਂ ਇਲਾਵਾ ਜੇ ਕੋਈ ਵੀ ਚੈਨਲ ਸਰਕਾਰ ਜਾਂ ਬਾਦਲ ਪਰਿਵਾਰ ਦੇ ਖ਼ਿਲਾਫ਼ ਖ਼ਬਰ ਵਿਖਾਉਂਦਾ ਹੈ ਤਾਂ ਉਸ ਨੂੰ ਬਲੈਕ ਆਊਟ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਬਾਦਲ ਪਰਿਵਾਰ ਨੇ ਮੀਡੀਆ ਨੂੰ ਜਬਰੀ ਆਪਣੀ ਮੁੱਠੀ ਵਿਚ ਕੀਤਾ ਹੋਇਆ ਹੈ। ਪੰਜਾਬ ਵਿਚ ਇਸ ਵੇਲੇ ਇਕੋ ਪੰਜਾਬੀ ਚੈਨਲ ਪੀ.ਟੀ.ਸੀ. ਨਿਊਜ਼ ਦੀ ਸਰਦਾਰੀ ਹੈ ਜੋ ਬਾਦਲ ਪਰਿਵਾਰ ਦੇ ਕਬਜ਼ੇ ਹੇਠ ਹੈ। ਕੁਝ ਹੋਰ ਵੀ ਛੋਟੇ-ਛੋਟੇ ਚੈਨਲ ਚੱਲਦੇ ਹਨ ਪਰ ਉਹ ਵੀ ਸੱਚ ਵਿਖਾਉਣ ਦਾ ਹੀਆ ਨਹੀਂ ਕਰਦੇ। 2011 ਵਿਚ ਸੀਨੀਅਰ ਜਰਨਲਿਸਟ ਕੰਵਰ ਸੰਧੂ ਦੀ ਅਗਵਾਈ ਹੇਠ ਚੰਡੀਗੜ੍ਹ ਤੋਂ ਡੇਅ ਐਂਡ ਨਾਈਟ ਪੰਜਾਬੀ ਚੈਨਲ ਸ਼ੁਰੂ ਕੀਤਾ ਗਿਆ। ਇਸ ਚੈਨਲ ਵਲੋਂ ਸੱਚ ਵਿਖਾਉਣ ਕਰ ਕੇ ਬਾਦਲ ਖਫ਼ਾ ਹੋ ਗਏ ਅਤੇ ਚੈਨਲ ਨੂੰ ਕੇਬਲ ਨੈਟਵਰਕ ਤੋਂ ਹਟਾ ਦਿੱਤਾ ਗਿਆ। ਇਸੇ ਤਰ੍ਹਾਂ ਕਈ ਹੋਰ ਚੈਨਲਾਂ ਨਾਲ ਵਾਪਰਿਆ। ਹੁਣ ਹਾਲਾਤ ਇਹ ਹਨ ਕਿ ਕੋਈ ਵੀ ਵੱਡਾ ਨਿਊਜ਼ ਗਰੁਪ ਪੰਜਾਬ ਵਿਚ ਚੈਨਲ ਖੋਲ੍ਹਣ ਦਾ ਹੀਆ ਨਹੀਂ ਕਰ ਰਿਹਾ।

### ਕੀ ਹੈ ਕੇਬਲ ਮਾਫੀਆ...

**ਚੰਡੀਗੜ੍ਹ:** ਦਹਾਕਾ ਪਹਿਲਾਂ ਪੰਜਾਬ ਦੇ ਹਰ ਸ਼ਹਿਰ ਵਿਚ ਨਿੱਕੇ-ਨਿੱਕੇ ਕੇਬਲ ਅਪਰੇਟਰ ਕੰਮ ਕਰਦੇ ਸਨ। ਉਨ੍ਹਾਂ ਦਾ ਆਪਸ ਵਿਚ ਮੁਕਾਬਲਾ ਹੁੰਦਾ ਸੀ ਤੇ ਉਹ ਬਿਹਤਰ ਸੇਵਾਵਾਂ ਦੇਣ ਲਈ ਮਜਬੂਰ ਹੁੰਦੇ ਸਨ। ਕੋਈ ਇਜਾਰੇਦਾਰੀ ਨਾ ਹੋਣ ਕਾਰਨ ਚੈਨਲ ਵੀ ਖੁੱਲ੍ਹ ਕੇ ਪੱਤਰਕਾਰੀ ਕਰਨ ਲਈ ਆਜ਼ਾਦ ਸਨ। ਬਿਜਲਈ ਮੀਡੀਏ ਦੀ ਤਾਕਤ ਨੂੰ ਵੇਖਦਿਆਂ ਸੱਤਾ ਦੇ ਪ੍ਰਭਾਵ ਹੇਠ ਨਿੱਕੇ-ਨਿੱਕੇ ਕੇਬਲ ਅਪਰੇਟਰਾਂ ਨੂੰ ਇਕ ਵੱਡੇ ਨੈਟਵਰਕ ਹੇਠ ਆਉਣ ਲਈ ਮਜਬੂਰ ਕੀਤਾ ਗਿਆ। ਕਈਆਂ ਨੂੰ ਪਿਆਰ ਅਤੇ ਲਾਲਚ ਨਾਲ ਮਨਾ ਲਿਆ ਗਿਆ ਤੇ ਕਈਆਂ ਨੂੰ ਧੱਕੇ ਨਾਲ ਆਪਣੇ ਅਧੀਨ ਕਰ ਲਿਆ ਗਿਆ। ਇਸ ਤਰ੍ਹਾਂ ਪੰਜਾਬ ਵਿਚ ਕੇਬਲ ਨੈਟਵਰਕ 'ਤੇ ਇਕ ਪਰਿਵਾਰ ਦਾ ਕਬਜ਼ਾ ਹੋ ਗਿਆ ਹੈ। ਇਸ ਵੇਲੇ ਫਾਸਟਵੇਅ ਨਾਂ ਦੀ ਕੰਪਨੀ ਦਾ ਕੇਬਲ ਨੈਟਵਰਕ ਦੀ ਇਜਾਰੇਦਾਰੀ ਹੈ। ਇਸ ਕੰਪਨੀ ਦਾ ਮਾਲਕ ਬਾਦਲ ਪਰਿਵਾਰ ਦਾ ਕਰੀਬੀ ਹੈ ਅਤੇ ਹਰ ਕੰਮ ਉਨ੍ਹਾਂ ਦੇ ਇਸ਼ਾਰੇ 'ਤੇ ਹੀ ਹੁੰਦਾ ਹੈ।

### ਕੇਬਲ ਉਤੇ ਸਰਦਾਰੀ ਦਾ ਮਕਸਦ

**ਚੰਡੀਗੜ੍ਹ:** ਭਾਰਤ ਵਿਚ ਸਿਆਸੀ ਜਮਾਤ ਮੀਡੀਆ ਦੀ ਤਾਕਤ ਨੂੰ ਸਮਝ ਚੁੱਕੀ ਹੈ। ਸਿਆਸਤਦਾਨ ਮੀਡੀਆ ਨੂੰ ਜਿੱਥੇ ਆਪਣੇ ਪ੍ਰਚਾਰ ਲਈ ਵਰਤ ਰਹੇ ਹਨ, ਉਥੇ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਬਣਾ ਕੇ ਵਿਖਾਇਆ ਜਾ ਰਿਹਾ ਹੈ। ਪੰਜਾਬ ਵਿਚ 70 ਫੀਸਦੀ ਟੀ.ਵੀ. ਪ੍ਰਸਾਰਨ ਕੇਬਲ ਨੈਟਵਰਕ ਦੇ ਜ਼ਰੀਏ ਹੈ। ਬਾਦਲ ਪਰਿਵਾਰ ਨੇ ਮੀਡੀਆ ਨੂੰ ਮੁੱਠੀ ਵਿਚ ਕਰਨ ਲਈ ਕੇਬਲ ਨੈਟਵਰਕ 'ਤੇ ਕਬਜ਼ਾ ਕੀਤਾ। ਇਸ ਤਰ੍ਹਾਂ ਪੰਜਾਬ ਵਿਚ ਇਸ ਵੇਲੇ ਬਾਦਲ ਪਰਿਵਾਰ ਦਾ ਹੀ ਟੀ.ਵੀ. ਚੈਨਲ ਚੱਲ ਰਿਹਾ ਹੈ। ਕੁਝ ਸਮਾਂ ਬਾਦਲ ਇਸ ਤੱਥ ਉਤੇ ਪਰਦਾ ਪਾਉਂਦੇ ਰਹੇ, ਪਰ ਹੁਣ ਖੁੱਲ੍ਹ ਕੇ ਸਵੀਕਾਰ ਕਰਦੇ ਹਨ ਕਿ ਪੀ.ਟੀ.ਸੀ. ਚੈਨਲ ਵਿਚ ਉਨ੍ਹਾਂ ਦੀ ਹਿੱਸੇਦਾਰੀ ਹੈ। ਇਸ ਚੈਨਲ ਜ਼ਰੀਏ ਵਿਰੋਧੀਆਂ ਨੂੰ ਰਗੜੇ ਲਾਏ ਜਾਂਦੇ ਹਨ ਤੇ ਹਰ ਖ਼ਬਰ ਨੂੰ ਅਕਾਲੀ ਰੰਗ ਵਿਚ ਰੰਗ ਕੇ ਵਿਖਾਇਆ ਜਾ ਰਿਹਾ ਹੈ।

### ਸਰਦਾਰੀ ਦਾ ਨੁਕਸਾਨ

**ਚੰਡੀਗੜ੍ਹ:** ਭਾਰਤ ਵਿਚ ਮੀਡੀਆ ਨੂੰ ਜਮਹੂਰੀਅਤ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ। ਸੰਵਿਧਾਨ ਵਿਚ ਵੀ ਬੋਲਣ ਤੇ ਵਿਚਾਰਾਂ ਦੇ ਪ੍ਰਗਟਾਵੇ ਦਾ ਮੌਲਿਕ ਅਧਿਕਾਰ ਦਿੱਤਾ ਗਿਆ ਹੈ ਪਰ ਪੰਜਾਬ ਵਿਚ ਸੱਤਾਧਿਰ ਵੱਲੋਂ ਮੀਡੀਆ ਦੀ ਆਜ਼ਾਦੀ 'ਤੇ ਡਾਕਾ ਮਾਰਿਆ ਜਾ ਰਿਹਾ ਹੈ, ਕਿਉਂਕਿ ਪੰਜਾਬ ਵਿਚ ਪੂਰਾ ਕੇਬਲ ਨੈਟਵਰਕ ਸੱਤਾਧਿਰ ਦੇ ਪ੍ਰਭਾਵ ਹੇਠ ਹੈ। ਇਸ ਨਾਲ ਇਕ ਪਾਸੇ ਮੀਡੀਆ ਦੀ ਆਜ਼ਾਦੀ ਖੋਹੀ ਜਾ ਰਹੀ ਹੈ, ਦੂਜੇ ਪਾਸੇ ਲੰਮੇ ਸਮੇਂ ਤੋਂ ਕੋਈ ਵੱਡਾ ਤੇ ਮਿਆਰੀ ਪੱਤਰਕਾਰੀ ਕਰਨ ਵਾਲਾ ਪੰਜਾਬੀ ਚੈਨਲ ਸੂਬੇ ਵੱਲ ਮੂੰਹ ਨਹੀਂ ਕਰ ਰਿਹਾ। ਇਸ ਨਾਲ ਪੰਜਾਬੀ ਪੱਤਰਕਾਰੀ ਨੂੰ ਵੱਡੀ ਸੱਟ ਲੱਗ ਰਹੀ ਹੈ ਤੇ ਕਾਲਜਾਂ, ਯੂਨੀਵਰਸਿਟੀਆਂ ਵਿਚ ਜਰਨਲਿਜ਼ਮ ਦੀ ਪੜ੍ਹਾਈ ਕਰ ਰਹੇ ਹਜ਼ਾਰਾਂ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਹੈ। ਹੈਰਾਨੀ ਦੀ ਗੱਲ ਨਹੀਂ ਕਿ ਪੀ.ਟੀ.ਸੀ. ਚੈਨਲ ਤੋਂ ਇਲਾਵਾ ਕਿਸੇ ਵੀ ਹੋਰ ਚੈਨਲ ਨੂੰ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਪ੍ਰਸਾਰਨ ਦੀ ਆਗਿਆ ਨਹੀਂ।

### ਅਣਕਹੀ ਕਹਾਣੀ ਏ.ਬੀ.ਪੀ. ਸਾਂਝਾ

**ਚੰਡੀਗੜ੍ਹ:** ਪਿਛਲੇ ਦੋ ਸਾਲਾਂ ਤੋਂ ਏ.ਬੀ.ਪੀ. ਸਾਂਝਾ ਨਾਂ ਦਾ ਪੰਜਾਬੀ ਚੈਨਲ ਸ਼ੁਰੂ ਹੋਣ ਲਈ ਹੱਥ-ਪੈਰ ਮਾਰ ਰਿਹਾ ਸੀ। ਦੇਸ਼ ਦੇ ਮੁੱਖ ਮੀਡੀਆ ਹਾਊਸ ਅਨੰਦ ਬਾਜ਼ਾਰ ਪੱਤ੍ਰਿਕਾ ਵਲੋਂ ਦੇਸ਼ ਦੀ ਚੌਥੀ ਭਾਸ਼ਾ ਵਿਚ ਚੈਨਲ ਸ਼ੁਰੂ ਕੀਤਾ ਜਾ ਰਿਹਾ ਸੀ। ਇਸ ਤੋਂ ਪਹਿਲਾਂ ਇਸ ਗਰੁਪ ਦੇ ਹਿੰਦੀ, ਮਰਾਠੀ ਤੇ ਬੰਗਾਲੀ ਵਿਚ ਚੈਨਲ ਚੱਲ ਰਹੇ ਹਨ। ਦੋ ਸਾਲ ਪਹਿਲਾਂ ਇਸ ਗਰੁਪ ਨੇ ਪੰਜਾਬੀ ਚੈਨਲ ਦਾ ਪ੍ਰੋਜੈਕਟ ਲਿਆਂਦਾ। ਇਹ ਨਿਰੋਲ ਨਿਊਜ਼ ਚੈਨਲ ਹੋਣਾ ਸੀ ਜਿਸ ਦਾ ਮਕਸਦ ਪੰਜਾਬੀ ਸਭਿਆਚਾਰ ਤੇ ਭਾਸ਼ਾ ਨੂੰ ਪ੍ਰਫੁਲਿਤ ਕਰਨਾ ਸੀ। ਏ.ਬੀ.ਪੀ. ਗਰੁਪ ਨੇ ਪੰਜਾਬ ਦੀਆਂ ਯੂਨੀਵਰਸਿਟੀਆਂ/ਕਾਲਜਾਂ ਤੋਂ ਪੁੰਗਰਦੇ ਪੱਤਰਕਾਰਾਂ ਨੂੰ ਲੱਭਿਆ। ਇਨ੍ਹਾਂ ਨੂੰ ਛੇ ਮਹੀਨੇ ਦੀ ਪੇਸ਼ਾਵਰ ਸਿਖਲਾਈ ਦਿੱਤੀ ਗਈ। ਮੁਹਾਲੀ ਵਿਚ ਸ਼ਾਨਦਾਰ ਢਾਂਚਾ ਕਾਇਮ ਕਰ ਕੇ ਜਦੋਂ ਚੈਨਲ ਲਾਂਚ ਕਰਨ ਦੀ ਤਿਆਰੀ ਕੀਤੀ ਗਈ ਤਾਂ ਸੱਤਾਧਿਰ ਦੀ ਸ਼ਹਿ ਨਾਲ ਕੇਬਲ ਨੈਟਵਰਕ ਅਪਰੇਟਰ ਨੇ ਪ੍ਰਸਾਰਨ ਕਰਨ ਤੋਂ ਇਨਕਾਰ ਕਰ ਦਿੱਤਾ। ਕੇਬਲ ਨੈਟਵਰਕ ਅਪਰੇਟਰ ਨੇ ਇਕ ਨਵੰਬਰ 2013 ਨੂੰ ਪ੍ਰਸਾਰਨ ਸ਼ੁਰੂ ਕਰਨ ਤੋਂ ਉਸ ਵੇਲੇ ਇਨਕਾਰ ਕੀਤਾ ਜਦ ਮਹਿਮਾਨਾਂ ਨੂੰ ਕਾਰਡ ਤੱਕ ਵੰਡ ਦਿੱਤੇ ਗਏ ਸਨ ਤੇ ਦਫਤਰ ਵਿਚ ਸਰਕਾਰੀ ਏਜੰਸੀਆਂ ਸੁਰੱਖਿਆ ਦਾ ਜਾਇਜ਼ਾ ਲੈ ਰਹੀਆਂ ਸਨ।

## ਸਿਆਸਤਦਾਨਾਂ ਦੀ ਮੁੱਠੀ ਵਿਚ ਮੀਡੀਆ

**ਚੰਡੀਗੜ੍ਹ:** ਸਿਆਸਤ ਦੇ ਪ੍ਰਭਾਵ ਨਾਲ ਕਾਰਪੋਰੇਟ ਸੈਕਟਰ ਮੀਡੀਆ ਦੀ ਤਾਕਤ ਨੂੰ ਆਪਣੀ ਮੁੱਠੀ ਵਿਚ ਕਰਨ ਕਰਨ ਦੀ ਪੂਰੀ ਵਾਹ ਲਾ ਰਿਹਾ ਹੈ। ਸ਼ੁਰੂ ਵਿਚ ਕਾਰਪੋਰੇਟ ਸੈਕਟਰ ਮੀਡੀਆ ਨੂੰ ਇਸ਼ਤਿਹਾਰਬਾਜ਼ੀ ਲਈ ਹੀ ਵਰਤਦਾ ਸੀ, ਪਰ ਇਲੈਕਟ੍ਰੌਨਿਕ ਮੀਡੀਆ ਦੇ ਸ਼ਕਤੀਸ਼ਾਲੀ ਹੋਣ ਮਗਰੋਂ ਪੂੰਜੀਪਤੀਆਂ ਤੇ ਸਿਆਸਤਦਾਨਾਂ ਦੇ ਗੱਠਜੋੜ ਨੇ ਇਸ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਇਸ ਵੇਲੇ ਭਾਰਤੀ ਇਲੈਕਟ੍ਰੌਨਿਕ ਮੀਡੀਆ ਉਤੇ ਕੁਝ ਕੁ ਵੱਡੇ ਪੂੰਜੀਪਤੀ ਤੇ ਸਿਆਸੀ ਘਰਾਣਿਆਂ ਦਾ ਕਬਜ਼ਾ ਹੈ।

ਅਸਲ ਵਿਚ ਰਾਸ਼ਟਰਵਾਦ ਦਾ ਡਰਾਮਾ ਕਰਨ ਵਾਲੀ ਭਾਜਪਾ ਸਰਕਾਰ ਨੇ 2002 ਵਿਚ ਮੀਡੀਆ ਦੇ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਪਿਰਤ ਪਾਈ ਜਿਸ ਤਹਿਤ ਪ੍ਰਿੰਟ ਮੀਡੀਆ ਵਿਚ 26 ਫੀਸਦੀ ਤੇ ਵਿਗਿਆਨ/ਤਕਨੀਕ ਨਾਲ ਸਬੰਧਤ ਰਸਾਲਿਆਂ ਵਿਚ 74 ਫੀਸਦੀ ਨਿਵੇਸ਼ ਦੀ ਆਗਿਆ ਦੇ ਦਿੱਤੀ ਗਈ। ਇਸ ਤੋਂ ਇਲਾਵਾ ਫਿਲਮਾਂ ਤੇ ਇਸ਼ਤਿਹਾਰਾਂ ਵਿਚ 100 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਨਾਲ ਨਿਊਜ਼ ਚੈਨਲਾਂ ਤੇ ਅਖ਼ਬਾਰਾਂ ਨੂੰ ਵਿਦੇਸ਼ੀ ਪੂੰਜੀ ਦਾ ਸਹਾਰਾ ਮਿਲਿਆ ਤੇ ਇਹ ਅਦਾਰੇ ਮੀਡੀਆ ਦੇ ਵੱਡੇ ਥੰਮ੍ਹ ਬਣ ਕੇ ਉਭਰੇ, ਪਰ ਆਪਣੇ ਫਰਜ਼ਾਂ ਤੋਂ ਕਾਫੀ ਦੂਰ ਹੋ ਗਏ।

ਸਿੱਧੇ ਵਿਦੇਸ਼ੀ ਨਿਵੇਸ਼ ਤੇ ਆਈ.ਪੀ.ਓ. (ਆਨੀਸ਼ੀਅਲ ਪਬਲਿਕ ਆਫਰਿੰਗ) ਤਹਿਤ ਦੇਸ਼ ਦੇ ਮੀਡੀਆ ਅਦਾਰਿਆਂ ਜ਼ੀ ਨੈਟਵਰਕ, ਟੀ.ਵੀ. ਟੂਡੇ, ਐਨ.ਡੀ.ਟੀ.ਵੀ, ਬੈਗ ਟੈਲੀਫਿਲਮਜ਼, ਜਾਗਰਣ ਸਮੂਹ, ਦੈਨਿਕ ਭਾਸਕਰ, ਟਾਈਮਜ਼ ਸਮੂਹ, ਹਿੰਦੋਸਤਾਨ ਟਾਈਮਜ਼, ਡੈਕਨ ਕਾਰਨੀਕਲ ਨੇ ਵਿਦੇਸ਼ੀ ਨਿਵੇਸ਼ ਦੇ ਜ਼ਰੀਏ ਆਪਣਾ ਦਾਇਰਾ ਵਿਸ਼ਾਲ ਕੀਤਾ। ਇਸ ਦੌੜ ਵਿਚ ਮੀਡੀਆ 'ਤੇ ਗੈਰ-ਪੱਤਰਕਾਰ ਲੋਕਾਂ ਦਾ ਕਬਜ਼ਾ ਸ਼ੁਰੂ ਹੋ ਗਿਆ।




*ਚੰਡੀਗੜ੍ਹ ਵਿਚ ਬਾਦਲਾਂ ਦੀ ਧੱਕੇਸ਼ਾਹੀ ਖਿਲਾਫ ਵਿਖਾਵਾ ਕਰ ਰਹੇ ਪੱਤਰਕਾਰ।*

ਭਾਰਤੀ ਸਮਾਜ ਅੰਦਰ ਵੀ ਮੀਡੀਆ ਪੱਛਮੀ ਦੇਸ਼ਾਂ ਵਾਂਗ ਤਾਕਤਵਰ ਸ਼ਕਤੀ ਬਣ ਕੇ ਉਭਰਿਆ ਹੈ। ਭਾਰਤ ਵਿਚ 62 ਕਰੋੜ ਲੋਕਾਂ ਤੱਕ ਟੀ.ਵੀ. ਦੀ ਪਹੁੰਚ ਹੈ ਤੇ ਹਰ ਭਾਰਤੀ ਨਾਗਰਿਕ ਹਰ ਮਹੀਨੇ 77 ਘੰਟੇ ਟੀ.ਵੀ. ਦੇਖਦਾ ਹੈ। ਸਿਆਸਤਦਾਨ ਇਸ ਦੀ ਤਾਕਤ ਨੂੰ ਸਮਝਣ ਲੱਗੇ ਹਨ। ਸਿਆਸਤ ਵਿਚ ਪਰਿਵਾਰਵਾਦ ਭਾਰੂ ਹੋਣ ਨਾਲ ਮੀਡੀਆ ਵੀ ਕੁਝ ਘਰਾਣਿਆਂ ਦੇ ਹੱਥਾਂ ਵਿਚ ਕੇਂਦਰਤ ਹੋਣ ਲੱਗਾ ਹੈ। ਭਾਰਤ ਵਿਚ ਇਸ ਵੇਲੇ ਖੁੰਭਾਂ ਵਾਂਗ ਉਗੇ ਚੈਨਲਾਂ 'ਤੇ ਜਾਂ ਤਾਂ ਸਿਆਸੀ ਲੋਕਾਂ ਦਾ ਕਬਜ਼ਾ ਹੈ ਜਾਂ ਫਿਰ ਉਨ੍ਹਾਂ ਦੀ ਛਤਰ-ਛਾਇਆ ਹੇਠ ਪਲ ਰਹੇ ਪੂੰਜੀਪਤੀਆਂ ਦੀ ਜਾਗੀਰ ਹਨ।

ਭਾਰਤ ਵਿਚ ਪਹਿਲਾਂ ਵੀ ਬਿਜ਼ਨੈਸ ਘਰਾਣੇ ਅਖ਼ਬਾਰ ਸਮੂਹਾਂ ਨਾਲ ਜੁੜੇ ਰਹੇ ਹਨ, ਜਿਵੇਂ ਹਿੰਦੁਸਤਾਨ ਟਾਈਮਜ਼ ਨਾਲ ਬਿਰਲਾ, ਸਟੇਟਸਮੈਨ ਨਾਲ ਟਾਟਾ, ਜੈਨ ਪਰਿਵਾਰ ਦੀ ਮਾਲਕੀ ਵਾਲੇ ਭਾਸਕਰ ਸਮੂਹ ਨਾਲ ਸਾਹੂ ਗਰੁਪ, ਇੰਡੀਅਨ ਐਕਸਪ੍ਰੈਸ ਦਾ ਮਾਲਕ ਰਾਮਨਾਥ ਗੋਇਨਕਾ ਦੀ ਵੀ ਜੂਟ ਮਿੱਲ ਸੀ ਤੇ ਉਸ ਨੇ ਇੰਡੀਅਨ ਆਇਰਨ ਤੇ ਸਟੀਲ ਕੰਪਨੀ ਖਰੀਦਣ ਦੀ ਵੀ ਕੋਸ਼ਿਸ਼ ਕੀਤੀ ਸੀ। ਹੁਣ ਭਾਰਤੀ ਮੀਡੀਆ ਵੀ ਸਿਰਫ ਅਖ਼ਬਾਰਾਂ ਜਾਂ ਰੇਡੀਓ ਤੱਕ ਸੀਮਤ ਨਹੀਂ ਰਿਹਾ, ਟੀ.ਵੀ., ਡਿਸ਼ ਟੀ.ਵੀ., ਕੇਬਲ ਨੈਟਵਰਕ, ਸਿਨੇਮੇ ਦਾ ਵਿਸਥਾਰ, ਇੰਟਰਨੈਟ ਆਦਿ ਆਧੁਨਿਕ ਮੀਡੀਆ ਮਾਧਿਅਮਾਂ ਨੇ ਅਖ਼ਬਾਰਾਂ ਨੂੰ ਕੁਝ ਪਿੱਛੇ ਧੱਕ ਦਿੱਤਾ ਹੈ ਤੇ ਲੋਕ-ਮਨਾਂ ਨੂੰ ਆਪਣੀ ਜਕੜਨ ਵਿਚ ਲੈ ਲਿਆ ਹੈ।

'ਟਰਾਈ' ਦੀ ਤਾਜ਼ਾ ਰਿਪੋਰਟ ਅਨੁਸਾਰ ਇਸ ਵੇਲੇ ਭਾਰਤੀ ਮੀਡੀਆ ਵਿਚ ਸਰਗਰਮ ਗਰੁਪ ਹਨ ਸਨ- ਨੈਟਵਰਕ, ਏਸੇਲ ਗਰੁਪ, ਨਿਊ ਡੇਲੀ ਟੈਲੀਵਿਜ਼ਨ ਗਰੁਪ, ਸਟਾਰ ਇੰਡੀਆ, ਇੰਡੀਆ ਟੂਡੇ, ਨੈਟਵਰਕ 18 ਗਰੁਪ, ਏਨਾਡੂ ਗਰੁਪ, ਮਨੋਰਮਾ ਗਰੁਪ, ਭਾਸਕਰ ਸਮੂਹ ਤੇ ਜਾਗਰਣ ਸਮੂਹ, ਹਿੰਦੁਸਤਾਨ ਟਾਈਮਜ਼ ਸਮੂਹ ਤੇ ਬੇਨੇਟ ਕੋਲਮੈਨ ਗਰੁਪ ਜਿਸ ਕੋਲ ਟਾਈਮਜ਼ ਆਫ ਇੰਡੀਆ ਤੇ ਇਕਨੌਮਿਕ ਟਾਈਮਜ਼ ਦੀ ਮਾਲਕੀ ਹੈ।

LAW OFFICE OF NIRWAN & ASSOCIATES


Jagdip S. Nirwan

SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION

*To Advertise with Punjab Times Call: 847-359-0746*

COVERED CALIFORNIA™

ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ

ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ

ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ

ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (408) 728-0795
Fax: (209) 216-5502
E-mail: Jarnail_lallria@yahoo.com

# ਤਖ਼ਤ ਹਜ਼ੂਰ ਸਾਹਿਬ ਦੀ ਸੋਨੇ ਦੀ ਸੇਵਾ ਦੇ ਕੰਮ ਨੂੰ ਅੱਗੇ ਪਾਇਆ

**ਅੰਮ੍ਰਿਤਸਰ (ਬਿਊਰੋ):** ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਬੋਰਡ ਦੀ ਪ੍ਰਸ਼ਾਸਕੀ ਕਮੇਟੀ ਦੀ ਮੀਟਿੰਗ ਵਿਚ ਇਥੇ ਸੋਨੇ ਦੀ ਸੇਵਾ ਕਰਾਉਣ ਦੇ ਕੰਮ ਨੂੰ ਫਿਲਹਾਲ ਅਗਾਂਹ ਪਾ ਦਿੱਤਾ ਗਿਆ ਹੈ। ਇਸੇ ਦੌਰਾਨ ਤਖ਼ਤ ਸਾਹਿਬ ਵੱਲੋਂ ਮੈਡੀਕਲ ਕਾਲਜ ਸਥਾਪਤ ਕਰਨ ਲਈ ਸ਼ਨਾਖ਼ਤ ਕੀਤੀ ਗਈ ਜਗ੍ਹਾ ਦੀ ਪੁਸ਼ਟੀ ਕਰ ਦਿੱਤੀ ਗਈ ਹੈ।

ਪ੍ਰਸ਼ਾਸਕੀ ਕਮੇਟੀ ਦੇ ਚੇਅਰਮੈਨ ਵਿਜੈ ਸਤਬੀਰ ਸਿੰਘ ਨੇ ਦੱਸਿਆ ਕਿ ਮੀਟਿੰਗ ਦੌਰਾਨ ਸੋਨੇ ਦੀ ਕਾਰ ਸੇਵਾ ਕਰਾਉਣ ਦਾ ਮਾਮਲਾ ਫਿਲਹਾਲ ਅਗਾਂਹ ਪਾ ਦਿੱਤਾ ਗਿਆ ਹੈ ਕਿਉਂਕਿ ਇਸ ਮਾਮਲੇ ਬਾਰੇ ਹੋਰ ਆਪਸੀ ਵਿਚਾਰ ਵਟਾਂਦਰਾ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਮੈਂਬਰ ਮਹਿਸੂਸ ਕਰ ਰਹੇ ਹਨ ਕਿ ਸੋਨੇ ਦੀ ਕਾਰ ਸੇਵਾ ਫਿਲਹਾਲ ਰੁਕ ਕੇ ਕਰਵਾਈ ਜਾਵੇ ਤੇ ਇਸ ਮਾਮਲੇ ਵਿਚ ਮਾਹਿਰਾਂ ਦੀ ਰਾਇ ਜ਼ਰੂਰ ਲਈ ਜਾਵੇ। ਤਖ਼ਤ ਸਾਹਿਬ ਵੱਲੋਂ ਮੈਡੀਕਲ ਕਾਲਜ ਸਥਾਪਤ ਕਰਨ ਲਈ ਯੋਜਨਾ ਬਣਾਈ ਗਈ ਹੈ ਤੇ ਇਸ ਬਾਰੇ ਸ਼ਨਾਖਤ ਕੀਤੀ ਗਈ ਥਾਂ 'ਤੇ ਸਾਰਿਆਂ ਨੇ ਸਹਿਮਤੀ ਦਿੱਤੀ ਹੈ। ਇਸ ਤੋਂ ਇਲਾਵਾ ਤਖ਼ਤ ਸਾਹਿਬ ਵਿਖੇ ਘੋੜ ਸਵਾਰੀ ਤੇ ਮਾਰਸ਼ਲ ਆਰਟ ਗੱਤਕਾ ਨੂੰ ਉਤਸ਼ਾਹਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਪ੍ਰਬੰਧਕੀ ਕਮੇਟੀ ਦੇ ਪੁਰਾਣੇ ਕਰਮਚਾਰੀਆਂ ਨੂੰ ਕੁਝ ਹੋਰ ਲਾਭ ਦੇਣ ਬਾਰੇ ਵੀ ਫ਼ੈਸਲਾ ਹੋਇਆ ਹੈ, ਜਿਸ ਤਹਿਤ ਕਰਮਚਾਰੀਆਂ ਦਾ ਮੈਡੀਕਲ ਬੀਮਾ ਵੀ ਕਰਾਵਇਆ ਜਾਵੇਗਾ।

# ਯੂਬਾ ਸਿਟੀ 'ਚ ਨਾਟਕ 'ਧੀਆਂ ਮਰਜਾਣੀਆਂ' ਦੀ ਪੇਸ਼ਕਾਰੀ 6 ਨੂੰ

**ਯੂਬਾ ਸਿਟੀ (ਬਿਊਰੋ):** ਨਾਟਕ 'ਧੀਆਂ ਮਰਜਾਣੀਆਂ' ਦੀ ਪੇਸ਼ਕਾਰੀ ਸਥਾਨਕ ਹਾਈ ਸਕੂਲ (812 ਬੀ ਸਟਰੀਟ) ਵਿਚ 6 ਦਸੰਬਰ, ਸਨਿਚਰਵਾਰ ਸ਼ਾਮ 5:30 ਵਜੇ ਹੋਵੇਗੀ। ਇਸ ਤੋਂ ਪਹਿਲਾਂ ਇਹ ਨਾਟਕ ਰੇਅ ਵਾਲੀਆ ਦੀ ਪੇਸ਼ਕਸ਼ੀ ਅਤੇ ਡਾਇਰੈਕਟਰ ਅਸ਼ੋਕ ਟਾਂਗਰੀ ਦੀ ਨਿਰਦੇਸ਼ਨਾ ਹੇਠ ਫਰਿਜ਼ਨੋ, ਹੇਵਰਡ, ਮਾਡੈਸਟੋ ਅਤੇ ਸੈਕਰਾਮੈਂਟੋ ਵਿਚ ਖੇਡਿਆ ਜਾ ਚੁਕਾ ਹੈ।

ਨਾਟਕ ਦੇ ਸ਼ੋਅ ਦਾ ਪ੍ਰਬੰਧ ਯੂ. ਐਸ. ਏ. ਪੰਜਾਬੀ ਵਮਨ'ਸ ਕਲਚਰਲ ਐਸੋਸੀਏਸ਼ਨ-ਯੂਬਾ ਸਿਟੀ (ਤੀਆਂ ਕਮੇਟੀ), ਲਾਈਵ ਓਕ ਤੇ ਗਰਿਡਲੀ ਤੀਆਂ ਦੀ ਪ੍ਰਬੰਧਕ ਕਮੇਟੀ ਅਤੇ ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਯੂਬਾ ਸਿਟੀ ਵਲੋਂ ਸਾਂਝੇ ਤੌਰ 'ਤੇ ਹੋਵੇਗਾ। ਟਿਕਟ ਦਸ ਡਾਲਰ ਰੱਖੀ ਗਈ ਹੈ। ਚਾਹ-ਪਾਣੀ ਤੇ ਖਾਣ-ਪੀਣ ਦੇ ਸਟਾਲ ਵੀ ਲਾਏ ਜਾਣਗੇ। ਹੋਰ ਜਾਣਕਾਰੀ ਲਈ ਹਰਜੀਤ ਉਪਲ (530-701-3495) ਜਾਂ ਜਸਮਿੰਦਰ ਮੱਟੂ (530-301-9258) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ

Looking for a girl 22-24 years, 5'-4" or above, bachelor degree as well in the US or Canada for US citizen boy, age 25, 5'-10", BS Edu. working with a great company. Send picture and bio-data to bsimerb@yahoo.com or Call 608-320-5065 *48-49*

ਜੱਟ ਸਿੱਖ, ਉਮਰ 24 ਸਾਲ, ਕੱਦ 5'-8", ਪ੍ਰਾਈਵੇਟ ਕੰਪਨੀ ਵਿਚ ਕੰਮ ਕਰਦੇ, ਗਰੀਨ ਕਾਰਡ ਹੋਲਡਰ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਰਹਿੰਦੇ ਜੱਟ ਸਿੱਖ ਵੈਸ਼ਨੂੰ ਪਰਿਵਾਰ ਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਪਰਿਵਾਰ (ਇਕ ਭਰਾ ਤੇ ਮਾਪੇ) ਅਮਰੀਕਾ ਵਿਚ ਹਨ। ਸੰਪਰਕ ਕਰੋ, ਫੋਨ: 917-200-2534

ਲਾਂਗਰੀ ਦੀ ਲੋੜ ਹੈ

ਗੁਰਦੁਆਰਾ ਸੰਤ ਸਾਗਰ, ਨਿਊ ਯਾਰਕ ਲਈ ਤਜਰਬੇਕਾਰ ਲਾਂਗਰੀ ਦੀ ਲੋੜ ਹੈ

ਚਾਹਵਾਨ ਸੰਪਰਕ ਕਰਨ
ਫੋਨ: 718-343-1030 (ਗੁਰੂ ਘਰ)
347-301-2428 (ਰਛਪਾਲ ਸਿੰਘ)



**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਬਰੀ ਖਰੀਦ ਲਈ ਪੱਤਰਕਾਰੀ...

## ਖਾਸ ਟਿੱਪਣੀ
**ਸੁਖਵਿੰਦਰ ਸਿੰਘ**

ਇਜਾਰੇਦਾਰੀ ਕਿਸੇ ਵੀ ਖੇਤਰ ਵਿਚ ਖ਼ਤਰਨਾਕ ਹੁੰਦੀ ਹੈ, ਪਰ ਜਦੋਂ ਇਹ ਮੀਡੀਆ ਵਿਚ ਪ੍ਰਵੇਸ਼ ਕਰ ਜਾਵੇ ਤਾਂ ਲੋਕਤੰਤਰ ਲਈ ਘਾਤਕ ਸਾਬਤ ਹੁੰਦੀ ਹੈ। ਪਿਛਲੇ ਦਿਨੀਂ ਇਸੇ ਇਜਾਰੇਦਾਰੀ ਦਾ ਖਮਿਆਜਾ ਪੰਜਾਬੀ ਨਿਊਜ਼ ਚੈਨਲ 'ਏ.ਬੀ.ਪੀ. ਸਾਂਝਾ' ਨੂੰ ਭੁਗਤਣਾ ਪਿਆ ਅਤੇ ਚੈਨਲ ਬੰਦ ਹੋਣ ਨਾਲ ਕਰੀਬ 200 ਮੁਲਾਜ਼ਮ ਬੇਰੁਜ਼ਗਾਰ ਹੋ ਗਏ। ਇਸ ਤੋਂ ਪਹਿਲਾਂ ਵੀ ਕਈ ਪੰਜਾਬੀ ਟੀ.ਵੀ. ਚੈਨਲ ਦਾ ਵੀ ਇਹੋ ਹਸ਼ਰ ਹੋਇਆ ਹੈ। ਇਹ ਚੈਨਲ ਇਸ ਲਈ ਦਮ ਤੋੜ ਗਏ ਕਿਉਂਕਿ ਇਜਾਰੇਦਾਰੀ ਹੇਠ ਚੱਲ ਰਹੀ ਪੰਜਾਬ ਦੀ 'ਫਾਸਟਵੇਅ ਕੇਬਲ' ਉਪਰ ਇਨ੍ਹਾਂ ਨੂੰ ਚੱਲਣ ਨਹੀਂ ਦਿੱਤਾ ਗਿਆ। ਭਾਰਤੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਲਾਇਸੈਂਸ ਮਿਲਣ ਦੇ ਬਾਵਜੂਦ ਇਨ੍ਹਾਂ ਚੈਨਲਾਂ ਦਾ ਨਾ ਚੱਲ ਸਕਣਾ ਮੰਤਰਾਲੇ ਦੀ ਅਥਾਰਟੀ ਉਪਰ ਸਵਾਲ ਖੜ੍ਹੇ ਕਰਦਾ ਹੈ।

ਅਸਲ ਵਿਚ 21ਵੀਂ ਸਦੀ ਵਿਚ ਮੀਡੀਆ ਵੱਡੀ ਸ਼ਕਤੀ ਵਜੋਂ ਉਭਰਿਆ ਹੈ। ਇਹ ਲੋਕਾਂ ਦੀ ਰਾਏ ਬਣਾਉਣ ਅਤੇ ਆਮਦਨ ਕਮਾਉਣ ਦਾ ਵੱਡਾ ਸ੍ਰੋਤ ਹੈ। ਇਹੋ ਵਜ੍ਹਾ ਹੈ ਕਿ ਦੇਸ਼ ਵਿਚ ਹਰ ਸੂਬੇ ਵਿਚ ਵੱਖ-ਵੱਖ ਪਾਰਟੀਆਂ ਅਤੇ ਕਾਰਪੋਰੇਟ ਅਦਾਰੇ ਮੀਡੀਆ 'ਤੇ ਕਾਬਜ਼ ਹਨ। ਪ੍ਰਿੰਟ ਅਤੇ ਪ੍ਰਸਾਰਨ ਅਧਿਕਾਰਾਂ 'ਤੇ ਏਕਾਧਿਕਾਰ ਜਮਾ ਕੇ ਆਪਣੇ ਵਿਰੋਧੀਆਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਪਾਰਟੀਆਂ ਅਤੇ ਕਾਰਪੋਰੇਟ ਘਰਾਣੇ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਮੀਡੀਆਂ ਦੀ ਰੱਜ ਕੇ ਵਰਤੋਂ ਕਰ ਰਹੇ ਹਨ ਜਿਸ ਨਾਲ ਪੱਤਰਕਾਰੀ, ਕਾਰਪੋਰੇਟ ਅਤੇ ਸੱਤਾ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ।

ਮੀਡੀਆ ਦਾ ਕਾਰਜ ਸਰਕਾਰ ਦੇ ਕੰਮ-ਕਾਜ 'ਤੇ ਨਜ਼ਰ ਰੱਖਣਾ ਅਤੇ ਸਮਕਾਲੀ ਮਸਲਿਆਂ ਤੇ ਸਮੱਸਿਆਵਾਂ ਉਪਰ ਚਰਚਾ ਕਰਨਾ ਹੈ। ਇਹ ਜਨਤਕ ਰਾਏ ਨੂੰ ਅਤੇ ਮੌਜੂਦਾ ਸਰਕਾਰ ਦੀਆਂ ਨੀਤੀਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ ਪਰ ਜਦੋਂ ਸਰਕਾਰ ਅਤੇ ਵੱਡੇ ਘਰਾਣੇ ਮੀਡੀਆ ਉਪੱਰ ਕਾਬਜ਼ ਹੋਣਗੇ ਤਾਂ ਜ਼ਾਹਿਰ ਹੈ ਕਿ ਮੀਡੀਆ ਆਰਥਿਕ ਅਤੇ ਸਿਆਸੀ ਹਿੱਤਾਂ ਦੀ ਰਾਖੀ ਲਈ ਵਰਤਿਆ ਜਾਵੇਗਾ ਜੋ ਵਿਵਸਥਾ ਦੀਆਂ ਨਾਕਾਮੀਆਂ ਉਜਾਗਰ ਕਰਨ ਦੀ ਬਜਾਏ ਖਾਸ ਤਬਕੇ ਦੀ ਸੇਵਾ ਕਰੇਗਾ। ਇਹੋ ਵਜ੍ਹਾ ਹੈ ਕਿ ਜੇ ਕੋਈ ਪੱਤਰਕਾਰੀ ਦੀ ਗੱਲ ਕਰਦਾ ਹੈ, ਉਸ ਦੀ ਆਵਾਜ਼ ਦਬਾ ਦਿੱਤੀ ਜਾਂਦੀ ਹੈ। ਅਜਿਹੀ ਸਥਿਤੀ ਵਿਚ ਦੋ ਰਸਤੇ ਬਣਦੇ ਹਨ: ਜਾਂ ਤਾਂ ਤੁਸੀਂ ਸੱਤਾਧਾਰੀ ਰਾਜਨੀਤਿਕ ਪਾਰਟੀ ਦੇ ਪੱਖ ਵਿਚ ਰਿਪੋਰਟਿੰਗ ਕਰੋ, ਜਾਂ ਫ਼ਿਰ ਨੌਕਰੀ ਤੋਂ ਹੱਥ ਧੋ ਕੇ ਘਰ ਬੈਠ ਜਾਓ। ਆਲੋਚਨਾਤਮਕ ਪੱਤਰਕਾਰੀ ਕਰਨ ਦਾ ਤੁਹਾਨੂੰ ਮੌਕਾ ਨਹੀਂ ਦਿੱਤਾ ਜਾਂਦਾ ਅਤੇ ਪੱਤਰਕਾਰੀ ਨੂੰ ਸਰਕਾਰੀ ਪ੍ਰਚਾਰ ਤੱਕ ਸੀਮਿਤ ਕਰ ਦਿੱਤਾ ਜਾਂਦਾ ਹੈ।

ਲੋਕਾਂ ਵੱਲੋਂ ਅਕਸਰ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਪੱਤਰਕਾਰ ਖ਼ਬਰ ਲਗਾਉਣ ਲਈ ਪੈਸਿਆਂ ਦੀ ਮੰਗ ਕਰਦੇ ਹਨ। ਜ਼ਮੀਨੀ ਪੱਧਰ 'ਤੇ ਇਹ ਉਹੀ ਪੱਤਰਕਾਰ ਹੁੰਦੇ ਹਨ ਜਿਨ੍ਹਾਂ ਦਾ ਪੱਤਰਕਾਰੀ ਨਾਲ ਕੋਈ ਦੂਰ-ਦੂਰ ਤੱਕ ਦਾ ਵਾਸਤਾ ਨਹੀਂ ਹੁੰਦਾ। ਇਨ੍ਹਾਂ ਦਾ ਧੰਦਾ ਲੋਕਾਂ ਨੂੰ ਬਲੈਕਮੇਕ ਕਰਨਾ ਜਾਂ ਪੁਲਿਸ ਤੋਂ ਆਪਣੇ ਆਰਥਿਕ ਤੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਪ੍ਰਸ਼ਾਸਨ ਨਾਲ ਚੰਗੇ ਸਬੰਧ ਬਣਾਉਣਾ ਹੁੰਦਾ ਹੈ। ਪੱਤਰਕਾਰੀ ਦੇ ਮਿਆਰ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਇਸ਼ਤਿਹਾਰ ਇਕੱਠੇ ਕਰਨ ਵਾਲਾ ਬੰਦਾ ਆਪਣੇ ਇਲਾਕੇ ਦੇ ਸਨਅਤਕਾਰਾਂ ਜਾਂ ਰਾਜਨੀਤਿਕ ਲੋਕਾਂ ਖਿਲਾਫ਼ ਕਿਵੇਂ ਲਿਖੇਗਾ?

ਭਾਸ਼ਾ ਦੇ ਵਿਕਾਸ ਵਿਚ ਪੱਤਰਕਾਰੀ ਦਾ ਅਹਿਮ ਰੋਲ ਰਿਹਾ ਹੈ। ਭਾਸ਼ਾ ਵਿਚ ਨਵੇਂ ਸ਼ਬਦਾਂ ਦੀ ਖੋਜ ਅਤੇ ਸਮੇਂ ਅਨੁਸਾਰ ਸ਼ਬਦਾਂ ਨੂੰ ਵਿਕਸਿਤ ਕਰਨਾ ਪੱਤਰਕਾਰਾਂ ਦਾ ਗਿਣਨਯੋਗ ਕੰਮ ਹੈ। ਪੰਜਾਬੀ ਅਤੇ ਪੰਜਾਬੀਅਤ ਦੀ ਰਾਖੀ 'ਚ ਲਈ ਪੰਜਾਬੀ ਪੱਤਰਕਾਰੀ ਨੇ ਵੱਡਾ ਯੋਗਦਾਨ ਪਾਇਆ ਹੈ ਪਰ ਹੁਣ ਮਿਆਰੀ ਪ੍ਰਿੰਟ ਤੇ ਟੀ.ਵੀ. ਚੈਨਲ ਦੀ ਘਾਟ ਹੋਣ ਕਰ ਕੇ ਪੰਜਾਬੀ ਪੱਤਰਕਾਰੀ ਆਪਣੇ ਮਾੜੇ ਦੌਰ ਵਿਚੋਂ ਲੰਘ ਰਹੀ ਹੈ। ਅੱਜ ਪੱਤਰਕਾਰੀ ਰਾਜਨੀਤਿਕ ਪ੍ਰਭਾਵ ਹੇਠ ਆ ਕੇ ਆਪਣੀ ਅਜ਼ਾਦ ਹੋਂਦ ਗੁਆ ਰਹੀ ਹੈ। ਪੀ.ਟੀ.ਸੀ. ਨਿਊਜ਼ ਉਪਰ ਵਰਤੀ ਜਾਂਦੀ ਪੰਜਾਬੀ ਵਿਚ ਜਿੱਥੇ ਬੇਅੰਤ ਸ਼ਬਦ ਜੋੜ ਦੀਆਂ ਗਲਤੀਆਂ ਹੁੰਦੀਆਂ ਹਨ, ਉਥੇ ਐਂਕਰ ਦੀ ਭਾਸ਼ਾ ਵੀ ਸਾਹਿਤਕ ਨਹੀਂ ਹੁੰਦੀ। ਪੰਜਾਬੀ ਸ਼ਬਦਾਂ ਦਾ ਉਚਾਰਨ ਕਈ ਵਾਰ ਹਾਸੋਹੀਣਾ ਹੁੰਦਾ ਹੈ। ਪੰਜਾਬ ਵਿਚ ਇਕ-ਦੋ ਅਖ਼ਬਾਰਾਂ ਨੂੰ ਛੱਡ ਕੇ ਕਿਤੇ ਵੀ ਅਲੋਚਨਾਤਮਕ ਪੱਤਰਕਾਰੀ ਨਹੀਂ ਹੋ ਰਹੀ। ਜੋ ਅਦਾਰੇ ਇਹੋ ਜਿਹੀ ਪੱਤਰਕਾਰੀ ਕਰਨ ਦੀ ਕੋਸ਼ਿਸ਼ ਕਰਦੇ ਸਨ, ਉਨ੍ਹਾਂ ਨੂੰ ਬੰਦ ਕਰਵਾ ਦਿੱਤਾ ਗਿਆ ਜਿਸ ਦੀ ਉਦਾਹਰਨ 'ਡੇ ਐਂਡ ਨਾਈਟ' ਅਤੇ 'ਏ.ਬੀ.ਪੀ. ਸਾਂਝਾ' ਹਨ। ਪੰਜਾਬੀ ਭਾਸ਼ਾ ਦੇ ਹਿਤੈਸ਼ੀ ਹੋਣ ਦੇ ਦਾਅਵੇ ਕਰਨ ਵਾਲੀ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਵਿਚ ਪੰਜਾਬੀ ਨਿਊਜ਼ ਚੈਨਲਾਂ ਨੂੰ ਕਿਉਂ ਨਹੀਂ ਚੱਲਣ ਦਿੱਤਾ ਜਾ ਰਿਹਾ?

ਪੱਤਰਕਾਰੀ ਸਿਆਸਤ ਅਤੇ ਕਾਰਪੋਰੇਟ ਅਦਾਰਿਆਂ ਤੋਂ ਮੁਕਤ ਹੋਣੀ ਚਾਹੀਦੀ ਹੈ। ਪ੍ਰਸਾਰਨ ਅਧਿਕਾਰਾਂ ਉਪਰ ਕਿਸੇ ਕੰਪਨੀ ਜਾਂ ਰਾਜਨੀਤਿਕ ਪਾਰਟੀ ਦਾ ਏਕਾਧਿਕਾਰ ਨਹੀਂ ਹੋਣਾ ਚਾਹੀਦਾ। ਜੇ ਕੇਂਦਰ ਸਰਕਾਰ ਕਿਸੇ ਕੰਪਨੀ ਨੂੰ ਪ੍ਰਸਾਰਨ ਲਈ ਲਾਇਸੈਂਸ ਜਾਰੀ ਕਰਦੀ ਹੈ ਤਾਂ ਉਸ ਦਾ ਪ੍ਰਸਾਰਨ ਵੀ ਯਕੀਨੀ ਬਣਾਉਣਾ ਚਾਹੀਦਾ ਹੈ। ਅਗਰ ਕੋਈ ਅਦਾਰਾ ਮੀਡੀਆ ਵਿਚ ਨਿਵੇਸ਼ ਕਰਦਾ ਹੈ ਤਾਂ ਕੰਪਨੀ ਬੰਦ ਹੋਣ ਦੀ ਸੂਰਤ ਵਿਚ ਵੀ ਮੁਲਾਜ਼ਮਾਂ ਦਾ ਰੁਜ਼ਗਾਰ ਯਕੀਨੀ ਬਣਾਉਣ ਜਾਂ ਪੱਤਰਕਾਰਾਂ ਲਈ ਢੁਕਵੀਂ ਮੀਡੀਆ ਨੀਤੀ ਬਣਨੀ ਚਾਹੀਦੀ ਹੈ।


*ਚੰਡੀਗੜ੍ਹ ਵਿਚ ਬਾਦਲਾਂ ਦੀ ਧੱਕੇਸ਼ਾਹੀ ਖਿਲਾਫ ਵਿਖਾਵਾ ਕਰ ਰਹੇ ਪੱਤਰਕਾਰ।*

## ਇਲੈਕਟ੍ਰੌਨਿਕ ਮੀਡੀਆ ਨੂੰ ਬਾਦਲੀ ਝਟਕਾ

*(ਸਫਾ ਇਕ ਦੀ ਬਾਕੀ)*

ਤੱਕ ਵੰਡ ਦਿੱਤੇ ਗਏ ਸਨ ਤੇ ਦਫਤਰ ਵਿਚ ਸਰਕਾਰੀ ਏਜੰਸੀਆ ਸੁਰੱਖਿਆ ਦਾ ਜਾਇਜ਼ਾ ਲੈ ਰਹੀਆਂ ਸਨ।

ਪਿਛਲੇ ਕੁਝ ਸਮੇਂ ਦੌਰਾਨ ਵੱਖ-ਵੱਖ ਸਨਅਤੀ ਘਰਾਣੇ ਮੀਡੀਆ ਗਰੁੱਪਾਂ ਵਿਚ ਦਖ਼ਲਅੰਦਾਜ਼ੀ ਲਗਾਤਾਰ ਵਧਾ ਰਹੇ ਹਨ। ਮਾਰਚ 2011 ਵਿਚ ਮੁਕੇਸ਼ ਅੰਬਾਨੀ ਦੀ ਮਾਲਕੀ ਵਾਲੇ ਰਿਲਾਇੰਸ ਨੇ ਏਨਾਡੂ ਤੇ ਨੈੱਟਵਰਕ 18 ਦਾ ਜੋੜ ਬਿਠਾਇਆ ਜਿਸ ਨੇ ਭਾਰਤ ਵਿਚ ਸਭ ਤੋਂ ਵੱਡਾ ਮੀਡੀਆ ਸਮੂਹ ਬਣ ਜਾਣਾ ਹੈ। ਅਦਿੱਤਿਆ ਬਿਰਲਾ ਗਰੁੱਪ ਨੇ ਲਿਵਿੰਗ ਮੀਡੀਆ ਕੰਪਨੀ ਦਾ 27.5 ਫੀਸਦੀ ਹਿੱਸਾ ਖਰੀਦ ਲਿਆ ਹੈ। ਇਸ ਕੰਪਨੀ ਕੋਲ਼ ਟੀ.ਵੀ. ਟੁਡੇ ਨੈੱਟਵਰਕ ਜਿਸ ਕੋਲ਼ ਆਜ ਤਕ, ਹੈੱਡਲਾਈਨਜ਼ ਖ਼ਬਰੀ ਚੈਨਲ ਤੇ ਇੰਡੀਆ ਟੁਡੇ ਮੈਗਜ਼ੀਨ ਦੀ ਮਾਲਕੀ ਹੈ, ਦੀ ਅੱਧੇ ਤੋਂ ਵਡੇਰੇ ਹਿੱਸੇ ਦੀ ਮਾਲਕੀ ਹੈ। ਇਸੇ ਤਰ੍ਹਾਂ ਓਸਵਾਲ ਗਰੀਨ ਟੈੱਕ ਨੇ ਦਸੰਬਰ, 2012 ਵਿਚ ਨਿਊ ਡੇਲੀ ਟੈਲੀਵਿਜ਼ਨ ਦਾ 14.17 ਫੀਸਦੀ ਹਿੱਸਾ ਖਰੀਦਿਆ ਹੈ। ਇਸ ਤੋਂ ਇਲਾਵਾ ਤਕਰੀਬਨ ਸਾਰੇ ਵੱਡੇ ਮੀਡੀਆ ਗਰੁੱਪਾਂ ਦੇ ਡਾਇਰੈਕਟਰ ਬੋਰਡਾਂ ਵਿਚ ਸਨਅਤੀ ਕਾਰਪੋਰੇਸ਼ਨਾਂ ਤੇ ਬਹੁ-ਕੌਮੀ ਕੰਪਨੀਆਂ ਦੇ ਕਰਤਾ-ਧਰਤਾ ਸ਼ਾਮਲ ਹਨ। ਇਕ ਹੋਰ ਵਰਤਾਰਾ ਇਹ ਹੈ ਕਿ ਸਿਆਸੀ ਧਿਰਾਂ ਦੇ ਕਬਜ਼ੇ ਵਾਲ਼ੇ ਗਰੁੱਪ ਵੀ ਮੀਡੀਆ ਦਾ ਵੱਡਾ ਹਿੱਸਾ ਸਾਂਭ ਰਹੇ ਹਨ। ਸਨ ਨੈੱਟਵਰਕ ਇਸ ਦੀ ਉਦਾਹਰਨ ਹੈ ਜਿਹੜਾ ਤਮਿਲਨਾਡੂ ਦੇ ਮਾਰਾਨ ਪਰਿਵਾਰ ਜੋ ਸਾਬਕਾ ਮੁੱਖ ਮੰਤਰੀ ਐਮ. ਕਰੁਣਾਨਿਧੀ ਦਾ ਰਿਸ਼ਤੇਦਾਰ ਹੈ, ਦੀ ਮਲਕੀਅਤ ਹੈ। ਆਸਾਮ ਵਿਚ ਲੱਗਭਗ ਸਾਰੇ ਖੇਤਰੀ ਚੈਨਲ ਮੰਤਰੀਆਂ ਤੇ ਸਿਆਸਤਦਾਨਾਂ ਦੀ ਸਿੱਧੀ ਮਾਲਕੀ ਹੇਠ ਹਨ। ਰਿਲਾਇੰਸ, ਏੱਸੇਲ ਗਰੁੱਪ ਜਿਸ ਕੋਲ ਜ਼ੀ ਟੀ.ਵੀ. ਦੀ ਮਾਲਕੀ ਹੈ, ਵੀ ਇਸ ਖੇਤਰ ਦੇ ਵੱਡੇ ਖਿਡਾਰੀ ਬਣਦੇ ਜਾ ਰਹੇ ਹਨ। ਦਿੱਲੀ ਵਿਚ 16 ਅੰਗਰੇਜ਼ੀ ਰੋਜ਼ਾਨਾ ਅਖ਼ਬਾਰ ਨਿਕਲ਼ਦੇ ਹਨ ਪਰ ਇਸ ਖਾਸ ਹਿੱਸੇ ਦੀ ਮੰਡੀ ਦੇ ਤਿੰਨ-ਚੌਥਾਈ ਤੋਂ ਵੱਧ ਹਿੱਸੇ ਉੱਤੇ ਟਾਈਮਜ਼ ਆਫ ਇੰਡੀਆ, ਹਿੰਦੁਸਤਾਨ ਟਾਈਮਜ਼ ਤੇ ਇਕਨੌਮਿਕ ਟਾਈਮਜ਼, ਭਾਵ ਦੋ ਅਖ਼ਬਾਰੀ ਸਮੂਹਾਂ ਦਾ ਕਬਜ਼ਾ ਹੈ। ਹਿੰਦੀ ਪ੍ਰਿੰਟ ਮੰਡੀ ਉੱਤੇ ਭਾਸਕਰ, ਦੈਨਿਕ ਜਾਗਰਣ ਤੇ ਹਿੰਦੁਸਤਾਨ (ਹਿੰਦੁਸਤਾਨ ਟਾਈਮਜ਼ ਗਰੁੱਪ ਦੀ ਮਾਲਕੀ ਹੇਠ) ਦਾ ਵੱਡੇ ਹਿੱਸੇ ਉੱਤੇ ਕਬਜ਼ਾ ਹੈ। ਇਉਂ ਪ੍ਰਿੰਟ ਮੀਡੀਆ ਵੀ ਵਧ ਰਹੀ ਇਜਾਰੇਦਾਰੀ ਤੋਂ ਮੁਕਤ ਨਹੀਂ।

## ਸਿਆਹਫਾਮ ਨੌਜਵਾਨ ਨੂੰ ਗੋਲੀ ਮਾਰਨ ਵਾਲੇ ਅਧਿਕਾਰੀ ਵੱਲੋਂ ਅਸਤੀਫ਼ਾ

**ਫਰਗੂਸਨ:** ਨਿਹੱਥੇ ਸਿਆਹਫ਼ਾਮ ਨੌਜਵਾਨ ਨੂੰ ਸੇਂਟ ਲੁਈਸ ਵਿਚ ਗੋਲੀਆਂ ਮਾਰਨ ਵਾਲੇ ਗੋਰੇ ਪੁਲਿਸ ਅਧਿਕਾਰੀ ਡੈਰਨ ਵਿਲਸਨ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਸ ਦੇ ਵਕੀਲ ਨੀਲ ਬਰੰਟਰੇਜਰ ਨੇ ਅਸਤੀਫੇ ਦੀ ਪੁਸ਼ਟੀ ਕੀਤੀ ਹੈ। ਉਧਰ ਗੋਲੀ ਕਾਂਡ ਤੇ ਗਰੈਂਡ ਜਿਊਰੀ ਵੱਲੋਂ ਪੁਲਿਸ ਅਧਿਕਾਰੀ ਨੂੰ ਬਰੀ ਕਰਨ ਦੇ ਵਿਰੋਧ ਵਿਚ 193 ਕਿਲੋਮੀਟਰ ਲੰਮਾ ਮਾਰਚ ਕੱਢਿਆ ਜਾ ਰਿਹਾ ਹੈ। ਵਿਲਸਨ ਵੱਲੋਂ ਲਿਖੀ ਗਈ ਚਿੱਠੀ ਮੁਤਾਬਕ ਉਸ ਨੂੰ ਦੱਸਿਆ ਗਿਆ ਕਿ ਜੇਕਰ ਉਸ ਨੇ ਨੌਕਰੀ ਜਾਰੀ ਰੱਖੀ ਤਾਂ ਇਸ ਨਾਲ ਫਰਗੂਸਨ ਦੇ ਵਸਨੀਕਾਂ ਤੇ ਪੁਲਿਸ ਅਧਿਕਾਰੀਆਂ ਨੂੰ ਜਾਨ ਦਾ ਖੌਅ ਬਣਿਆ ਰਹੇਗਾ।

## ਅਦਾਲਤ ਨੇ ਡੇਰਿਆਂ 'ਤੇ ਸ਼ਿਕੰਜਾ ਕੱਸਿਆ

*(ਸਫਾ ਇਕ ਦੀ ਬਾਕੀ)*

ਪੁੱਤਰ ਨੂੰ ਉਸ ਦੇ ਪਿਤਾ ਦਾ ਮ੍ਰਿਤਕ ਸਰੀਰ ਲੈ ਕੇ ਦੇਣ ਵਿਚ ਸਰਕਾਰ ਦੀ ਨਾਕਾਮੀ ਤੋਂ ਵੀ ਸਪਸ਼ਟ ਝਲਕਦਾ ਹੈ। ਪੰਜਾਬ ਵਿਚ ਡੇਰਾ ਸੱਚਾ ਸੌਦਾ ਅਤੇ ਸਿੱਖ ਸੰਗਤ ਵਿਚਾਲੇ ਕਈ ਵਾਰ ਟਕਰਾਅ ਹੋ ਚੁੱਕਾ ਹੈ ਤੇ ਇਸ ਸਬੰਧੀ ਕਈ ਕੇਸ ਅਦਾਲਤ ਵਿਚ ਵੀ ਚੱਲ ਰਹੇ ਹਨ।

ਹਾਈਕੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਆਰਮੀ ਇੰਟੈਲੀਜੈਂਸ ਵੱਲੋਂ 13 ਦਸੰਬਰ 2010 ਨੂੰ ਖ਼ੁਫ਼ੀਆ ਸੂਚਨਾ ਦੇ ਆਧਾਰ ਉੱਤੇ ਆਪਣੇ ਜਵਾਨਾਂ ਨੂੰ ਤਾਕੀਦ ਕੀਤੀ ਗਈ ਸੀ ਕਿ ਡੇਰਾ ਸਿਰਸਾ ਵਿਚ ਸੁਰੱਖਿਆ ਬਲਾਂ ਨਾਲ ਸਬੰਧਤ ਲੋਕਾਂ ਵੱਲੋਂ ਹਥਿਆਰਾਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਜਾਣਕਾਰੀ ਦੇ ਬਾਵਜੂਦ ਇਸ ਪਾਸੇ ਕੋਈ ਕਾਰਵਾਈ ਨਾ ਕੀਤੀ ਗਈ। ਅਦਾਲਤ ਵਿਚ ਹੋਏ ਇਨ੍ਹਾਂ ਖੁਲਾਸਿਆਂ ਪਿੱਛੋਂ ਹਾਈਕੋਰਟ ਨੇ ਰਾਮਪਾਲ ਖ਼ਿਲਾਫ਼ ਮਾਣਹਾਨੀ ਦੀ ਪਟੀਸ਼ਨ ਦਾ ਘੇਰਾ ਵਸੀਹ ਕਰਦਿਆਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵਿਰੁੱਧ ਚੱਲ ਰਹੇ ਹੱਤਿਆ ਤੇ ਬਲਾਤਕਾਰ ਦੇ ਕੇਸਾਂ ਦਾ ਨਿਆਂਇਕ ਪੱਧਰ 'ਤੇ ਨੋਟਿਸ ਲਿਆ ਹੈ ਤੇ ਇਸ ਮਮਲੇ ਨੂੰ ਜਨ ਹਿੱਤ ਕੇਸ ਵਜੋਂ ਲਏ ਜਾਣ ਦੇ ਹੁਕਮ ਦਿੱਤੇ ਹਨ।

ਹਾਈਕੋਰਟ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਕਿਸੇ ਵਿਅਕਤੀ-ਵਿਸ਼ੇਸ਼ ਦੀ ਰਾਖੀ ਲਈ ਪ੍ਰਾਈਵੇਟ ਕਮਾਂਡੋਜ਼ ਨੂੰ ਸਿਖਲਾਈ ਦੇਣੀ ਤੇ ਫਿਰ ਉਨ੍ਹਾਂ ਨੂੰ ਗੈਰ-ਕਾਨੂੰਨੀ ਹਥਿਆਰਾਂ ਨਾਲ ਲੈਸ ਕਰਨ ਨਾਲ ਯਕੀਨਨ ਹੀ ਨਾ ਸਿਰਫ ਨਿਆਂਪਾਲਿਕਾ ਲਈ ਬਲਕਿ ਸਰਕਾਰ ਜਾਂ ਇਸ ਤੋਂ ਵੀ ਵੱਡੇ ਪੱਧਰ 'ਤੇ ਖਤਰੇ ਖੜ੍ਹੇ ਹੋਣਗੇ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਭਵਿੱਖ ਵਿਚ ਖ਼ੂਨੀ ਝਗੜਿਆਂ ਤੋਂ ਬਚਣ ਤੇ ਲੋਕਾਂ ਦੇ ਵਡੇਰੇ ਹਿਤ ਸੁਰੱਖਿਅਤ ਰੱਖਣ ਲਈ ਡੇਰਿਆਂ ਵਿਚੋਂ ਗੈਰ-ਕਾਨੂੰਨੀ ਹਥਿਆਰਾਂ ਤੇ ਅਸਲੇ ਦੀ ਭਾਲ ਵਾਸਤੇ ਸਮੇਂ-ਸਮੇਂ ਸਿਰ ਤਲਾਸ਼ੀ ਲਈ ਜਾਣੀ ਤੇ ਇਨ੍ਹਾਂ 'ਤੇ ਨਿਗਰਾਨੀ ਰੱਖਣੀ ਇਸ ਵੇਲੇ ਵੱਡੀ ਲੋੜ ਹੈ। ਅਸਲ ਵਿਚ ਰਾਮਪਾਲ ਦਾ ਹਿਸਾਰ ਜ਼ਿਲ੍ਹੇ ਦੇ ਬਰਵਾਲਾ ਸਥਿਤ ਸਤਲੋਕ ਆਸ਼ਰਮ ਹੋਵੇ, ਸਿਰਸਾ ਦਾ ਡੇਰਾ ਸੱਚਾ ਸੌਦਾ ਜਾਂ ਫਿਰ ਸਲਾਖ਼ਾਂ ਪਿੱਛੇ ਬੈਠੇ ਆਸਾਰਾਮ ਬਾਪੂ ਦਾ ਅਹਿਮਦਾਬਾਦ ਵਿਚਲਾ 'ਆਸਾਰਾਮ ਆਸ਼ਰਮ' ਇਨ੍ਹਾਂ ਸਣੇ ਤਕਰੀਬਨ ਬਹੁਤੇ ਅਜਿਹੇ ਆਸ਼ਰਮ ਕਿਸੇ ਨਾ ਕਿਸੇ ਅਪਰਾਧਕ ਘਟਨਾ ਖ਼ਾਸ ਕਰ ਕਤਲ, ਜਬਰ ਜਨਾਹ, ਅਸਲਾ ਐਕਟ, ਅਗਵਾ ਆਦਿ ਜਿਹੇ ਕੇਸਾਂ ਦਾ ਸਾਹਮਣਾ ਕਰ ਰਹੇ ਹਨ।

## ਕਸ਼ਮੀਰ ਵਿਚ ਅਫਸਪਾ ਬਾਰੇ ਨਰਮ ਪਈ ਭਾਜਪਾ

**ਸ੍ਰੀਨਗਰ:** ਜੰਮੂ-ਕਸ਼ਮੀਰ 'ਚ ਹਥਿਆਰਬੰਦ ਬਲਾਂ ਨੂੰ ਵਿਸ਼ੇਸ਼ ਅਖ਼ਤਿਆਰ ਦਿੰਦੇ ਵਿਵਾਦਗ੍ਰਸਤ ਐਕਟ (ਅਫਸਪਾ) ਬਾਰੇ ਆਪਣਾ ਰੁਖ ਨਰਮ ਕਰਦਿਆਂ ਭਾਜਪਾ ਨੇ ਕਿਹਾ ਕਿ ਜੇਕਰ ਉਹ ਸੱਤਾ ਵਿਚ ਆਉਂਦੀ ਹੈ ਤਾਂ ਪਾਰਟੀ ਸੂਬੇ ਵਿਚ ਅਜਿਹਾ ਮਾਹੌਲ ਸਿਰਜੇਗੀ, ਜਿਥੇ ਅਜਿਹੇ ਸਖ਼ਤ ਕਾਨੂੰਨ ਦੀ ਲੋੜ ਹੀ ਨਹੀਂ ਰਹੇਗੀ। ਭਾਜਪਾ ਦੇ ਆਗੂ ਤੇ ਸੂਬਾ ਪਾਰਟੀ ਦੇ ਇੰਚਾਰਜ ਰਮੇਸ਼ ਅਰੋੜਾ ਨੇ ਕਿਹਾ ਕਿ ਲਾਲ ਚੌਕ ਧਮਾਕਾ ਤੇ ਸਰਪੰਚ ਦੀ ਹੱਤਿਆ ਸਿਆਸੀ ਅਤਿਵਾਦ ਹੈ। ਉਹ ਇਸ ਦੀ ਨਿੰਦਾ ਕਰਦਿਆਂ ਚੋਣ ਕਮਿਸ਼ਨ ਤੋਂ ਇਨ੍ਹਾਂ ਦੀ ਜਾਂਚ ਕਰਾਏ ਜਾਣ ਦੀ ਮੰਗ ਕਰਦੇ ਹਨ। ਉਨ੍ਹਾਂ ਨੇ ਦੋਸ਼ ਲਾਏ ਕਿ ਨੈਸ਼ਨਲ ਕਾਨਫਰੰਸ ਤੇ ਪੀ.ਡੀ.ਪੀ ਸਿਆਸੀ ਲਾਹਿਆਂ ਖਾਤਰ ਹਿੰਸਾ ਕਰਾਉਂਦੀਆਂ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੁਧਾਰ ਕਮੇਟੀ ਦੇ ਦੋਸ਼ਾਂ ਦਾ ਖੰਡਨ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ ਕਿ ਭਾਈ ਕਨ੍ਹਈਆ ਜੀ ਦਾ ਬੁਤ ਲਾ ਕੇ ਬੁਤਪ੍ਰਸਤੀ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ ਅਤੇ ਗੁਰਦੁਆਰਾ ਸਾਹਿਬ ਅੰਦਰ ਚਲ ਰਹੇ ਖਾਲਸਾ ਸਕੂਲ ਨੂੰ ਕਿਸੇ ਪ੍ਰਾਈਵੇਟ ਪਾਰਟੀ ਨੂੰ ਲੀਜ਼ ਉਤੇ ਦਿਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਸੈਨ ਹੋਜ਼ੇ ਗੁਰਦੁਆਰਾ ਸੁਧਾਰ ਕਮੇਟੀ ਨੇ ਪਿਛਲੇ ਹਫਤੇ ਜਾਰੀ ਕੀਤੇ ਇਕ ਬਿਆਨ ਵਿਚ ਦੋਸ਼ ਲਾਇਆ ਸੀ ਕਿ ਗੁਰੂਘਰ ਦੀ ਦਰਸ਼ਨੀ ਡਿਓੜੀ ਅਗੇ ਨਿਸ਼ਾਨ ਸਾਹਿਬ ਦੇ ਨਾਲ ਬਣੇ ਥੜੇ ਉਪਰ ਭਾਈ ਕਨ੍ਹਈਆ ਦਾ ਬੁਤ ਲਾ ਕੇ ਪ੍ਰਬੰਧਕ ਕਮੇਟੀ ਵਲੋਂ ਬੁਤਪ੍ਰਸਤੀ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਗੁਰਦੁਆਰਾ ਸੁਧਾਰ ਕਮੇਟੀ ਦੇ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਵਲੋਂ ਜਾਰੀ ਬਿਆਨ ਵਿਚ ਸਵਰਗੀ ਜੀਤ ਸਿੰਘ ਬੈਣੀਵਾਲ ਦੀ ਦੇਣ ਦੀ ਸ਼ਲਾਘਾ ਕਰਦਿਆਂ ਦੋਸ਼ ਲਾਇਆ ਗਿਆ ਸੀ ਕਿ ਸਵਰਗੀ ਬੈਣੀਵਾਲ ਦੇ ਪੁਤਰ ਅਤੇ ਮੌਜੂਦਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁਖਦੇਵ ਸਿੰਘ ਬੈਣੀਵਾਲ ਦੇ ਨਾਂ ਦੀ ਥੜੇ ਉਪਰ ਸਲੇਟ ਸਿਰਫ ਇਸ ਕਰਕੇ ਲਾਈ ਜਾ ਰਹੀ ਹੈ ਕਿ ਉਹ ਪ੍ਰਬੰਧਕ ਕਮੇਟੀ ਦੇ ਸਕੱਤਰ ਭੁਪਿੰਦਰ (ਬੌਬ) ਸਿੰਘ ਢਿਲੋਂ ਦਾ ਭਾਣਜਾ ਹੈ। ਸੁਧਾਰ ਕਮੇਟੀ ਨੇ ਇਹ ਦੋਸ਼ ਵੀ ਲਾਇਆ ਸੀ ਕਿ ਪ੍ਰਬੰਧਕ ਕਮੇਟੀ ਮਨਮਾਨੀਆਂ ਕਰ ਰਹੀ ਹੈ ਅਤੇ ਇਸ ਵਲੋਂ ਖਾਲਸਾ ਸਕੂਲ ਕਿਸੇ ਪ੍ਰਾਈਵੇਟ ਪਾਰਟੀ ਨੂੰ ਲੀਜ਼ ਉਤੇ ਦਿਤਾ ਜਾ ਰਿਹਾ ਹੈ।

ਗੁਰਦੁਆਰਾ ਸੈਨ ਹੋਜ਼ੇ ਦੇ ਸਕੱਤਰ ਭੁਪਿੰਦਰ ਸਿੰਘ ਢਿਲੋਂ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਰੈਡਕਰਾਸ ਦੇ ਬਾਨੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਰੋਸਾਏ ਭਾਈ ਕਨ੍ਹਈਆ ਜੀ ਦੀ ਯਾਦਗਾਰ ਬਣਾਉਣਾ ਕਿਸੇ ਵੀ ਤਰ੍ਹਾਂ ਸਿੱਖੀ ਵਿਰੋਧੀ ਕਦਮ ਨਹੀਂ ਹੈ ਕਿਉਂਕਿ ਭਾਈ ਕਨ੍ਹਈਆ ਜੀ ਮਨੁੱਖੀ ਸੇਵਾ ਦੀ ਇਕ ਬੇਮਿਸਾਲ ਉਦਾਹਰਣ ਹਨ। ਹੋਰਨਾਂ ਕੌਮਾਂ ਨਾਲ ਸਬੰਧਤ ਕੋਈ ਵਿਅਕਤੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਉਣ ਤਾਂ ਸਾਹਮਣੇ ਭਾਈ ਕਨ੍ਹਈਆ ਜੀ ਦਾ ਇਤਿਹਾਸ ਰੂਪਮਾਨ ਹੋਵੇ ਤਾਂ ਇਸ ਵਿਚ ਕਿਹੜੀ ਬੁੱਤ ਪੂਜਾ ਹੋਵੇਗੀ? ਬਾਕੀ ਯਾਦਗਾਰ ਬਣਾਉਣ ਦੀ ਸੇਵਾ ਸੁਖਦੇਵ ਸਿੰਘ ਬੈਣੀਵਾਲ ਵਲੋਂ ਆਪਣੇ ਪਿਤਾ ਦੀ ਯਾਦ ਵਿਚ ਕਰਵਾਈ ਜਾ ਰਹੀ ਹੈ। ਸੇਵਾ ਕਰਵਾਉਣ ਵਾਲੇ ਸ਼ਰਧਾਲੂ ਦੇ ਨਾਂ ਦੀ ਪਲੇਟ ਕਰੀਬ-ਕਰੀਬ ਹਰ ਗੁਰੂਘਰ ਵਿਚ ਲੱਗੀ ਦੇਖੀ ਜਾ ਸਕਦੀ ਹੈ। ਇਸ ਲਈ ਸੁਖਦੇਵ ਸਿੰਘ ਬੈਣੀਵਾਲ ਦੇ ਪਰਿਵਾਰ ਦੇ ਨਾਂ ਦੀ ਪਲੇਟ ਲਾਉਣ ਵਿਚ ਕੁਝ ਵੀ ਗਲਤ ਨਹੀਂ ਹੈ।

ਜਾਰੀ ਬਿਆਨ ਵਿਚ ਭਾਈ ਢਿਲੋਂ ਨੇ ਸਪਸ਼ਟ ਕੀਤਾ ਹੈ ਕਿ ਸਾਲ 2011 ਵਿਚ ਸੰਗਤ ਦੇ ਮੈਂਬਰ ਸਿਵੀਆ ਪਰਿਵਾਰ ਨੇ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਸੀ ਕਿ ਜੇ ਕਮੇਟੀ ਉਨ੍ਹਾਂ ਨੂੰ ਡੇਅ ਕੇਅਰ ਖੋਲ੍ਹਣ ਦੀ ਇਜ਼ਾਜਤ ਦੇਵੇ ਤਾਂ ਇਸ ਸਬੰਧੀ ਸਿਟੀ ਤੋਂ ਪਰਮਿਟ ਉਹ ਆਪਣੇ ਯਤਨਾਂ ਨਾਲ ਲੈ ਲੈਣਗੇ ਪਰੰਤੂ ਬਾਅਦ ਵਿਚ ਇਸ ਪ੍ਰਾਜੈਕਟ ਦਾ ਖਰਚਾ ਬਹੁਤ ਜਿਆਦਾ ਹੋਣ ਕਰਕੇ ਉਨ੍ਹਾਂ ਦੀ ਇਹ ਤਜਵੀਜ਼ ਸਿਰੇ ਨਾ ਚੜ੍ਹ ਸਕੀ। ਭਾਈ ਢਿਲੋਂ ਨੇ ਕਿਹਾ ਹੈ ਕਿ ਉਂਜ ਵੀ ਇਹ ਜਗ੍ਹਾ ਥੋੜੇ ਸਮੇਂ ਲਈ ਦਿਤੀ ਜਾਣੀ ਸੀ ਕਿਉਂਕਿ ਇਥੇ ਚਾਰਟਰ ਸਕੂਲ ਬਣਾਉਣ ਦੀ ਤਜਵੀਜ਼ ਹੈ। ਇਹ ਜਗ੍ਹਾ ਕਿਸੇ ਪ੍ਰਾਈਵੇਟ ਪਾਰਟੀ ਨੂੰ ਲੀਜ਼ 'ਤੇ ਦੇਣ ਬਾਰੇ ਦੋਸ਼ ਬਿਲਕੁਲ ਨਿਰਮੂਲ ਹਨ।

ਬਿਆਨ ਵਿਚ ਸੁਧਾਰ ਕਮੇਟੀ 'ਤੇ ਦੋਸ਼ ਲਾਇਆ ਗਿਆ ਹੈ ਕਿ ਇਸ ਦਾ ਸਾਰਾ ਜੋਰ ਗੁਰਦੁਆਰਾ ਸਾਹਿਬ ਦਾ ਰਿਸੀਵਰ ਲਾਉਣ ਉਪਰ ਲੱਗਾ ਹੋਇਆ ਹੈ। ਸੰਗਤ ਜਾਣਦੀ ਹੈ ਕਿ ਰਿਸੀਵਰ ਲੱਗਣ ਨਾਲ ਗੁਰੂਘਰ ਦਾ ਲੱਖਾਂ ਡਾਲਰ ਰਿਸੀਵਰ ਦੇ ਖਾਤੇ ਅਜਾਈਂ ਜਾ ਸਕਦਾ ਹੈ। ਭਾਈ ਢਿਲੋਂ ਨੇ ਕਿਹਾ ਹੈ ਕਿ ਗੁਰੂਘਰ ਦੇ ਕਈ ਪ੍ਰਾਜੈਕਟ ਚਲ ਰਹੇ ਹਨ ਜਿਨ੍ਹਾਂ ਲਈ ਸੰਗਤ ਦੇ ਸਹਿਯੋਗ ਦੀ ਲੋੜ ਹੈ।

## ਇਰਾਕ ਵਿਚ 16 ਫੌਜੀਆਂ ਦੀ ਹੱਤਿਆ


**ਬਗਦਾਦ:** ਇਸਲਾਮਿਕ ਸਟੇਟ ਦੇ ਲੜਾਕਿਆਂ ਨੇ ਸੀਰੀਆ ਨਾਲ ਲੱਗਦੀ ਪੱਛਮੀ ਸਰਹੱਦ 'ਤੇ ਹਮਲਾ ਕਰਕੇ 16 ਇਰਾਕੀ ਫੌਜੀਆਂ ਦੀ ਹੱਤਿਆ ਕਰ ਦਿੱਤੀ। ਇਹ ਜਾਣਕਾਰੀ ਸਥਾਨਕ ਸੂਬਾਈ ਪ੍ਰੀਸ਼ਦ ਦੇ ਮੁੱਖੀ ਫਾਲੇਹ ਅਲ ਇਸਾਵੀ ਨੇ ਦਿੱਤੀ ਹੈ। ਉਸ ਨੇ ਦੱਸਿਆ ਕਿ ਅਲ-ਵਾਲੀਦ ਸਰਹੱਦ ਕਰਾਸਿੰਗ ਉਪਰ ਇਸਲਾਮਿਕ ਸਟੇਟ ਦੇ ਲੜਾਕਿਆਂ ਵੱਲੋਂ ਕੀਤੇ ਹਮਲੇ ਵਿਚ ਚਾਰ ਫੌਜੀ ਜ਼ਖਮੀ ਵੀ ਹੋਏ ਹਨ।

Upgrade your Security Cameras to High Definition at very reasonable prices




*For more Details, Contact:*
Balbir S Sidhu
209-495-3905 (Cell)
www.dvrunlimited.com
Toll Free (888) 233-4566
DVRunlimited Inc. Fax: 209-665-7067

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage



ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Golden State Realty
Sacramento Office: 9912 Kapalua Ln., Elk Grove, CA 95624
Tel: 916-612-5773
*Courtesy of Sales Manager Traci Lill, Meadows at Galt*

The Poppy ~ Plan 1 — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

The Poppy ~ Plan 2 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

The Poppy ~ Plan 3 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

The Poppy ~ Plan 4 — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਪੰਜਾਬ ਵਿਚ ਸਿਹਤ ਸਹੂਲਤਾਂ ਦੀ ਸਿਹਤ ਹੋਈ ਖਰਾਬ

**ਚੰਡੀਗੜ੍ਹ:** ਪੰਜਾਬ ਵਿਚ ਸਿਹਤ ਸੇਵਾਵਾਂ ਦਾ ਕੰਮ ਲੀਹੋਂ ਲੱਥ ਗਿਆ ਹੈ ਤੇ ਮਾੜੀ ਆਰਥਿਕ ਹਾਲਤ ਨੂੰ ਵੇਖਦੇ ਹੋਏ ਸਰਕਾਰ ਹੁਣ ਦਿਨ ਕਟੀ ਵਾਲੀ ਨੀਤੀ ਨੂੰ ਪਹਿਲ ਦੇ ਰਹੀ ਹੈ। ਸਰਕਾਰੀ ਹਸਪਤਾਲਾਂ ਵਿਚ ਜਿਥੇ ਮੁਫ਼ਤ ਦਵਾਈਆਂ ਵਾਲੀ ਸਹੂਲਤ ਨਾ ਬਰਾਬਰ ਹੈ ਉਥੇ ਸਟਾਫ ਦੀ ਭਾਰੀ ਘਾਟ ਕਾਰਨ ਮਰੀਜ਼ ਪ੍ਰਾਈਵੇਟ ਹਸਪਤਾਲ ਵਿਚੋਂ ਮਹਿੰਗਾ ਇਲਾਜ ਕਰਵਾਉਣ ਲਈ ਮਜਬੂਰ ਹੋ ਗਏ ਹਨ। ਸਰਕਾਰੀ ਹਸਪਤਾਲਾਂ ਵਿਚ ਤਕਰੀਬਨ 1300 ਸਪੈਸ਼ਲਿਸਟਾਂ ਦੀਆਂ ਅਸਾਮੀਆਂ ਖਾਲੀ ਹਨ ਜਦੋਂਕਿ ਤਿੰਨ ਹਜ਼ਾਰ ਤੋਂ ਵੱਧ ਹੋਰ ਐਮ.ਬੀ.ਬੀ.ਐਸ. ਡਾਕਟਰ ਤੇ 10,000 ਤੋਂ ਵੱਧ ਪੈਰਾ-ਮੈਡੀਕਲ ਕਾਮਿਆਂ ਦੀ ਜ਼ਰੂਰਤ ਹੈ।



ਹੈਰਾਨੀ ਦੀ ਗੱਲ ਹੈ ਕਿ ਸਰਕਾਰ ਨੇ ਪੇਂਡੂ ਖੇਤਰਾਂ ਦੀਆਂ ਤਕਰੀਬਨ 150 ਸਿਹਤ ਸੰਸਥਾਵਾਂ ਵਿਚੋਂ ਸਪੈਸ਼ਲਿਸਟ ਡਾਕਟਰਾਂ ਦੀਆਂ ਅਸਾਮੀਆਂ ਹੀ ਖ਼ਤਮ ਕਰ ਦਿੱਤੀਆਂ ਹਨ ਜਿਸ ਕਾਰਨ ਸਬ-ਡਵੀਜ਼ਨ ਤੇ ਜ਼ਿਲ੍ਹਾ ਪੱਧਰ ਦੇ ਹਸਪਤਾਲਾਂ ਵਿਚ ਮਰੀਜ਼ਾਂ ਦੀ ਗਿਣਤੀ ਵਧ ਗਈ ਹੈ ਜਿਸ ਨੂੰ ਕੰਟਰੋਲ ਕਰਨਾ ਉਥੋਂ ਦੇ ਸੀਮਿਤ ਸਟਾਫ਼ ਦੇ ਵੱਸ ਦਾ ਰੋਗ ਨਹੀਂ ਰਿਹਾ। ਜੱਚਾ-ਬੱਚਾ ਸੇਵਾਵਾਂ 24 ਘੰਟੇ ਪ੍ਰਦਾਨ ਕਰਨ ਲਈ ਹਰ ਹਸਪਤਾਲ ਵਿਚ ਅੱਠ-ਅੱਠ ਘੰਟੇ ਦੀ ਡਿਊਟੀ ਲਈ ਤਿੰਨ ਗਾਇਨਕਾਲੋਜਿਸਟ, ਤਿੰਨ ਬੱਚਿਆਂ ਦੇ ਮਾਹਿਰ ਤੇ ਤਿੰਨ ਐਨਸਥੀਸੀਆ ਮਾਹਿਰਾਂ ਦੀ ਜ਼ਰੂਰਤ ਹੈ ਜਦੋਂਕਿ ਮੌਜੂਦਾ ਹਾਲਾਤਾਂ ਵਿਚ ਸਿਰਫ਼ ਇਕ ਹੀ ਡਾਕਟਰ ਨੂੰ ਐਮਰਜੈਂਸੀ ਸੇਵਾਵਾਂ ਚਲਾਉਣ ਲਈ ਜ਼ਿੰਮੇਵਾਰੀ ਦਿੱਤੀ ਜਾ ਰਹੀ ਹੈ।

ਇਹੀ ਹਾਲ ਪੈਰਾ-ਮੈਡੀਕਲ ਸਟਾਫ਼ ਦਾ ਹੈ। ਸਿਰਫ਼ ਡਾਕਟਰਾਂ ਤੇ ਪੈਰਾ-ਮੈਡੀਕਲ ਸਟਾਫ਼ ਦੀ ਘਾਟ ਹੀ ਨਹੀਂ ਸਗੋਂ ਸਰਕਾਰੀ ਹਸਪਤਾਲਾਂ ਵਿਚ ਲੋੜੀਂਦੇ ਬੁਨਿਆਦੀ ਢਾਂਚੇ ਦੀ ਵੀ ਭਾਰੀ ਘਾਟ ਹੈ। ਅਜਿਹੀ ਸਥਿਤੀ ਵਿਚ ਲੋਕਾਂ ਨੂੰ ਚੰਗੀਆਂ ਤਾਂ ਦੂਰ ਦੀ ਗੱਲ, ਲੋੜੀਂਦੀਆਂ ਸਿਹਤ ਸੇਵਾਵਾਂ ਦੇਣੀਆਂ ਵੀ ਸੰਭਵ ਨਹੀਂ ਹਨ। ਪੰਜਾਬ ਦੇ ਸਰਕਾਰੀ ਹਸਪਤਾਲ ਰਾਤ ਵੇਲੇ ਜੱਚਾ-ਬੱਚਾ ਡਾਕਟਰਾਂ ਤੋਂ ਸੱਖਣੇ ਹੁੰਦੇ ਹਨ ਤੇ ਰਾਤ ਵੇਲੇ ਅਣਜਾਣ ਹੱਥਾਂ ਵਿਚ ਬੱਚੇ ਪੈਦਾ ਹੋ ਰਹੇ ਹਨ। ਸਿਹਤ ਵਿਭਾਗ ਵਿਚ ਜੱਚਾ ਤੇ ਬੱਚਾ ਡਾਕਟਰਾਂ ਦੀਆਂ ਮਨਜ਼ੂਰਸ਼ੁਦਾ 249 ਆਸਾਮੀਆਂ ਵਿਚੋਂ 122 ਆਸਾਮੀਆਂ ਖਾਲੀ ਪਈਆਂ ਹਨ। ਔਰਤਾਂ ਦੇ ਰੋਗਾਂ ਦੇ ਮਾਹਿਰ ਕੁੱਲ 127 ਡਾਕਟਰਾਂ ਵਿਚੋਂ ਦੋ ਦਰਜਨ ਤੋਂ ਵੱਧ ਤਾਂ ਡਿਸਪੈਂਸਰੀਆਂ ਵਿਚ ਡੇਰੇ ਲਾਈ ਬੈਠੇ ਹਨ, ਜਦੋਂ ਕਿ ਦੂਜੇ ਪਾਸੇ ਸਿਹਤ ਵਿਭਾਗ ਕੋਲ ਹਸਪਤਾਲਾਂ ਵਿਚ ਰਾਤ ਦੀ ਡਿਊਟੀ 'ਤੇ ਤਾਇਨਾਤ ਕਰਨ ਲਈ ਡਾਕਟਰਾਂ ਦੀ ਵੱਡੀ ਘਾਟ ਹੈ।

ਮਿਲੀ ਜਾਣਕਾਰੀ ਮੁਤਾਬਕ ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ ਹਰ ਰੋਜ਼ ਇਕ ਹਜ਼ਾਰ ਬੱਚੇ ਜਨਮ ਲੈ ਰਹੇ ਹਨ। ਇਸ ਦੌਰਾਨ ਹਰ ਰੋਜ਼ 200 ਤੋਂ ਵੱਧ ਮਾਵਾਂ ਦਾ ਆਪਰੇਸ਼ਨ ਕਰਨਾ ਪੈ ਰਿਹਾ ਹੈ। ਸਰਕਾਰੀ ਹਸਪਤਾਲਾਂ ਵਿਚ ਹੋਣ ਵਾਲੇ ਜਣੇਪੇ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਦੋਂਕਿ ਅੱਧੇ ਦਹਾਕੇ ਤੋਂ ਵੱਧ ਸਮਾਂ ਬੀਤਣ 'ਤੇ ਵੀ ਸਿਹਤ ਵਿਭਾਗ ਵਿਚ ਮਾਹਿਰ ਡਾਕਟਰਾਂ ਦੀ ਗਿਣਤੀ ਵਿਚ ਕੋਈ ਵਾਧਾ ਨਹੀਂ ਹੋਇਆ ਹੈ। ਇਸ ਸਾਲ 31 ਅਕਤੂਬਰ ਤੱਕ ਸੂਬੇ ਦੇ ਹਸਪਤਾਲਾਂ ਵਿਚ ਇਕ ਲੱਖ ਅੱਠ ਹਜ਼ਾਰ ਬੱਚੇ ਜਨਮ ਲੈ ਚੁੱਕੇ ਹਨ ਜਦੋਂ ਕਿ ਸਾਲ 2007 ਵਿਚ ਇਹ ਗਿਣਤੀ ਸਿਰਫ 40 ਹਜ਼ਾਰ ਹੁੰਦੀ ਸੀ। ਲੰਘੇ ਸਾਲ ਵਿਚ ਇਕ ਲੱਖ 82 ਹਜ਼ਾਰ ਬੱਚੇ ਸਰਕਾਰੀ ਹਸਪਤਾਲਾਂ ਵਿਚ ਪੈਦਾ ਹੋਏ ਸਨ। ਇਕ ਵੱਖਰੀ ਜਾਣਕਾਰੀ ਮੁਤਾਬਕ ਇਕ ਹਜ਼ਾਰ ਬੱਚਿਆਂ ਪਿੱਛੇ 52 ਬੱਚੇ ਜਨਮ ਵੇਲੇ ਹੀ ਦਮ ਤੋੜ ਜਾਂਦੇ ਹਨ ਜਦੋਂ ਕਿ ਕੌਮੀ ਪੱਧਰ 'ਤੇ ਇਹ ਗਿਣਤੀ 44 ਹੈ।

ਸਿਹਤ ਵਿਭਾਗ ਦੀ ਬੇਰੁਖ਼ੀ ਇਥੇ ਹੀ ਖ਼ਤਮ ਨਹੀਂ ਹੋ ਰਹੀ ਹੈ। ਵਿਭਾਗ ਵੱਲੋਂ ਰਾਜ ਦੇ 151 ਕਮਿਊਨਿਟੀ ਹੈਲਥ ਸੈਂਟਰਾਂ ਵਿਚੋਂ ਮਾਹਿਰ ਡਾਕਟਰ ਹਟਾ ਲਏ ਗਏ ਹਨ। ਇਨ੍ਹਾਂ ਵਿਚ ਜੱਚਾ-ਬੱਚਾ ਡਾਕਟਰ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 211 ਪ੍ਰਾਇਮਰੀ ਹੈਲਥ ਸੈਂਟਰਾਂ ਵਿਚ ਡਾਕਟਰ ਹੀ ਨਹੀਂ ਹਨ ਤੇ ਆਮ ਜਣੇਪੇ ਦੀ ਜ਼ਿੰਮੇਵਾਰੀ ਸਟਾਫ ਨਰਸਾਂ ਨੂੰ ਦਿੱਤੀ ਗਈ ਹੈ। ਇਹੋ ਵਜ੍ਹਾ ਹੈ ਕਿ ਕਮਿਊਨਿਟੀ ਹੈਲਥ ਸੈਂਟਰ ਤੇ ਪ੍ਰਾਈਮਰੀ ਹੈਲਥ ਸੈਂਟਰ ਸਿਰਫ ਕੇਸ ਰੈਫ਼ਰ ਕਰਨ ਦਾ ਜ਼ਰੀਆ ਬਣ ਕੇ ਰਹਿ ਗਏ ਹਨ। ਉਂਝ ਕਹਿਣ ਨੂੰ ਇਹ ਸੈਂਟਰ ਰਾਤ- ਦਿਨ ਖੁੱਲ੍ਹੇ ਰਹਿੰਦੇ ਹਨ।

ਸਿਵਲ ਹਸਪਤਾਲ ਜਲੰਧਰ ਤੇ ਮਾਤਾ ਕੁਸ਼ੱਲਿਆ ਹਸਪਤਾਲ ਦੋ ਹੀ ਅਜਿਹੇ ਹਸਪਤਾਲ ਹਨ ਜਿਥੇ ਜੱਚਾ-ਬੱਚਾ ਡਾਕਟਰ ਰਾਤ ਦੀ ਡਿਊਟੀ 'ਤੇ ਲਾਏ ਜਾਂਦੇ ਹਨ। ਬਾਕੀ ਹਸਪਤਾਲਾਂ ਵਿਚ ਡਾਕਟਰ ਨੂੰ ਐਮਰਜੈਂਸੀ ਦਾ ਵਾਸਤਾ ਪਾ ਕੇ ਘਰੋਂ ਸੱਦਿਆ ਜਾਂਦਾ ਹੈ। ਤਹਿਸੀਲ ਤੇ ਜ਼ਿਲ੍ਹਾ ਪੱਧਰ ਦੇ ਹਸਪਤਾਲਾਂ ਦੀ ਗਿਣਤੀ 66 ਹੈ। ਇਨ੍ਹਾਂ ਵਿਚ ਦਿਨ-ਰਾਤ ਦੀਆਂ ਜੱਚਾ-ਬੱਚਾ ਸੇਵਾਵਾਂ ਦੇਣ ਵਾਸਤੇ ਹਰ ਰੋਜ਼ ਛੇ ਡਾਕਟਰਾਂ ਦੀ ਲੋੜ ਹੈ। ਇਸ ਤਰ੍ਹਾਂ ਸਿਹਤ ਵਿਭਾਗ ਵਿਚ 396 ਔਰਤਾਂ ਦੇ ਰੋਗਾਂ ਦੇ ਮਾਹਿਰ (ਗਾਇਨੀਕਾਲੋਜਿਸਟ) ਚਾਹੀਦੇ ਹਨ ਪਰ ਸਰਕਾਰ ਨੇ ਇਸ ਤੋਂ ਸਿਰਫ ਚੌਥਾ ਹਿੱਸਾ ਡਾਕਟਰ ਭਰਤੀ ਕੀਤੇ ਹੋਏ ਹਨ। ਜ਼ਿਕਰਯੋਗ ਹੈ ਕਿ ਸਿਹਤ ਵਿਭਾਗ ਵਿਚ ਲੀਵ ਰਿਜ਼ਰਵ ਨਾਂ ਦਾ ਕਾਡਰ ਹੀ ਨਹੀਂ ਬਣਾਇਆ ਗਿਆ ਹੈ। ਸਿਹਤ ਵਿਭਾਗ ਪੰਜਾਬ ਦੇ ਡਾਇਰੈਕਟਰ ਡਾ. ਕਰਨਜੀਤ ਸਿੰਘ ਦਾ ਕਹਿਣਾ ਹੈ ਕਿ ਸਰਕਾਰ ਨੇ ਰੈਸ਼ਨਲਾਈਜ਼ੇਸ਼ਨ ਕਰਨ ਦਾ ਫੈਸਲਾ ਲਿਆ ਹੈ ਜਿਸ ਤਹਿਤ ਸਾਰੇ ਹਸਪਤਾਲਾਂ ਵਿਚ ਜੱਚਾ ਤੇ ਬੱਚਾ ਮਾਹਿਰਾਂ ਦੀ ਤਾਇਨਾਤੀ ਯਕੀਨੀ ਬਣਾਈ ਜਾ ਰਹੀ ਹੈ।

## ਸੰਸਦ 'ਚ ਸਿਹਤ ਸੇਵਾਵਾਂ ਬਾਰੇ ਕਾਰਗੁਜ਼ਾਰੀ ਦੀ ਗੂੰਜ

**ਨਵੀਂ ਦਿੱਲੀ:** ਪੰਜਾਬ ਤੋਂ ਸੰਸਦ ਮੈਂਬਰਾਂ ਨੇ ਸੂਬੇ ਵਿਚ ਸਿਹਤ ਸਹੂਲਤਾਂ ਦੀ ਮਾੜੀ ਸਥਿਤੀ ਦਾ ਮਸਲਾ ਜ਼ੋਰ-ਸ਼ੋਰ ਨਾਲ ਚੁੱਕਿਆ। ਲੁਧਿਆਣਾ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਕੇਂਦਰ ਨੇ ਹਾਲ ਹੀ ਵਿਚ ਪੰਜਾਬ ਸਰਕਾਰ ਨੂੰ ਸਿਹਤ ਸੇਵਾਵਾਂ ਦੇ ਸੁਧਾਰ ਲਈ 1100 ਕਰੋੜ ਰੁਪਏ ਦਿੱਤੇ ਹਨ ਤੇ ਇਸ ਦੀ ਜਵਾਬਦੇਹੀ ਹੋਣੀ ਚਾਹੀਦੀ ਹੈ। ਆਮ ਆਦਮੀ ਪਾਰਟੀ ਦੇ ਪਟਿਆਲਾ ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਨੇ ਕਿਹਾ ਕਿ ਅਸੀਂ ਆਲਮੀ ਸ਼ਕਤੀ ਬਣਨ ਦੇ ਦਾਅਵੇ ਕਰਦੇ ਹਾਂ, ਪਰ ਸਿਹਤ ਸੰਭਾਲ ਦੇ ਖੇਤਰ ਵਿਚ ਸਾਡੀ ਕਾਰਗੁਜ਼ਾਰੀ ਮਾਯੂਸਕੁਨ ਹੈ। ਪੰਜਾਬ ਵਿਚ ਸਿਹਤ ਮੰਤਰਾਲਾ ਭਾਜਪਾ ਕੋਲ ਹੈ ਤੇ ਅਕਾਲੀ ਇਸ ਮੁੱਦੇ 'ਤੇ ਭਾਜਪਾ ਨੂੰ ਨੀਵਾਂ ਦਿਖਾਉਣਾ ਚਾਹੁੰਦੇ ਹਨ।

## ਲੁਧਿਆਣਾ ਦੇ ਹਸਪਤਾਲ ਵਿਚ 19 ਬੱਚਿਆਂ ਦੀ ਮੌਤ

**ਲੁਧਿਆਣਾ:** ਜੱਚਾ ਬੱਚਾ ਹਸਪਤਾਲ ਤੇ ਸਿਵਲ ਹਸਪਤਾਲ ਵਿਚ ਨਵੰਬਰ ਦੇ ਇਨ੍ਹਾਂ 26 ਦਿਨਾਂ ਵਿਚ 19 ਬੱਚਿਆਂ ਦੀ ਮੌਤ ਹੋਈ ਹੈ। ਇਹ ਖੁਲਾਸਾ ਸਿਵਲ ਹਸਪਤਾਲ ਦੇ ਰਿਕਾਰਡ ਤੋਂ ਹੀ ਹੋਇਆ ਹੈ। ਇੰਨਾ ਹੀ ਨਹੀਂ ਸਿਵਲ ਹਸਪਤਾਲ ਵਿਚ ਸਤੰਬਰ ਤੇ ਅਕਤੂਬਰ ਵਿਚ ਵੀ 35 ਤੋਂ ਵੱਧ ਬੱਚਿਆਂ ਦੀਆਂ ਮੌਤਾਂ ਹੋਈਆਂ ਸਨ। ਡਾਕਟਰਾਂ ਨੇ ਦਸਤਾਵੇਜ਼ਾਂ ਵਿਚ ਸਪਸ਼ਟ ਕੀਤਾ ਹੈ ਕਿ ਨਵੰਬਰ ਵਿਚ 19 ਬੱਚਿਆਂ ਦੀਆਂ ਮੌਤਾਂ ਦੇ ਮਾਮਲੇ ਵਿਚ 11 ਬੱਚੇ ਤਾਂ ਗਰਭ ਵਿਚ ਹੀ ਮਰੇ ਹੋਏ ਆਏ ਸਨ। ਬਾਕੀਆਂ ਵਿਚੋਂ ਇਕ ਬੱਚੇ ਦੀ ਮਾਂ ਦਾ ਜਣੇਪੇ ਦੌਰਾਨ ਪਾਣੀ ਖ਼ਤਮ ਹੋਇਆ ਸੀ ਤੇ ਬਾਕੀ ਬੱਚਿਆਂ ਦੇ ਮਾਮਲੇ ਵਿਚ ਵੀ ਕੇਸ ਗੰਭੀਰ ਹੋਣ ਕਾਰਨ ਉਨ੍ਹਾਂ ਦੇ ਬੱਚੇ ਤਾਂ ਨਹੀਂ ਬਚਾਏ ਜਾ ਸਕੇ ਪਰ ਮਾਂ ਨੂੰ ਬਚਾਉਣ ਵਿਚ ਹਸਪਤਾਲ ਸਫ਼ਲ ਰਿਹਾ। ਜ਼ਿਕਰਯੋਗ ਹੈ ਕਿ ਨਵੇਂ ਜੱਚਾ ਬੱਚਾ ਹਸਪਤਾਲ ਵਿਚ ਪਿਛਲੇ ਦਿਨੀਂ ਛੇ ਬੱਚਿਆਂ ਦੀ ਮੌਤ ਹੋਈ ਸੀ।

## ਸੁਭਾਸ਼ ਬਰਾਲਾ ਨੂੰ ਹਰਿਆਣਾ ਭਾਜਪਾ ਦਾ ਪ੍ਰਧਾਨ ਥਾਪਿਆ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੀ ਕੌਮੀ ਲੀਡਰਸ਼ਿਪ ਨੇ ਟੋਹਾਣਾ ਵਿਧਾਨ ਸਭਾ ਹਲਕੇ ਤੋਂ ਪਾਰਟੀ ਦੇ ਪਹਿਲੀ ਵਾਰ ਵਿਧਾਇਕ ਬਣੇ ਨੌਜਵਾਨ ਆਗੂ ਸੁਭਾਸ਼ ਬਰਾਲਾ ਨੂੰ ਭਾਰਤੀ ਜਨਤਾ ਪਾਰਟੀ ਹਰਿਆਣਾ ਦਾ ਸੂਬਾਈ ਪ੍ਰਧਾਨ ਬਣਾ ਦਿੱਤਾ ਹੈ। ਬਰਾਲਾ ਨੂੰ ਸੂਬੇ ਦੇ ਸਿੱਖਿਆ ਤੇ ਟਰਾਂਸਪੋਰਟ ਮੰਤਰੀ ਰਾਮ ਬਿਲਾਸ ਸ਼ਰਮਾ ਦੀ ਥਾਂ ਸੂਬੇ ਦਾ ਪ੍ਰਧਾਨ ਬਣਾਇਆ ਗਿਆ ਹੈ। ਸ੍ਰੀ ਸ਼ਰਮਾ ਦੇ ਕੈਬਨਿਟ ਮੰਤਰੀ ਬਣਨ ਮਗਰੋਂ ਪਾਰਟੀ ਲੀਡਰਸ਼ਿਪ ਵਿਚ ਸੂਬੇ ਦੀ ਪ੍ਰਧਾਨਗੀ ਬਾਰੇ ਚਰਚਾ ਸ਼ੁਰੂ ਹੋ ਗਈ ਸੀ। ਇਸ ਮਾਮਲੇ ਬਾਰੇ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਹਰਿਆਣਾ ਪ੍ਰਦੇਸ਼ ਭਾਜਪਾ ਦੇ ਕੁਝ ਆਗੂਆਂ ਨਾਲ ਵੀ ਸਲਾਹ ਮਸ਼ਵਰਾ ਕੀਤਾ ਸੀ। ਪਾਰਟੀ ਹਾਈ ਕਮਾਂਡ ਇਹ ਅਹਿਮ ਜ਼ਿੰਮੇਵਾਰੀ ਪਾਰਟੀ ਦੇ ਕਿਸੇ ਨੌਜਵਾਨ ਆਗੂ ਨੂੰ ਸੌਂਪਣਾ ਚਾਹੁੰਦੀ ਸੀ ਤਾਂ ਜੋ ਸੂਬੇ ਵਿਚ ਪਾਰਟੀ ਦੀ ਪਕੜ ਮਜ਼ਬੂਤ ਬਣਾਈ ਜਾ ਸਕੇ ਤੇ ਜਾਟਾਂ ਨੂੰ ਸੰਕੇਤ ਦਿੱਤਾ ਜਾਵੇ ਕਿ ਭਾਜਪਾ ਕੁਝ ਜਾਤਾਂ ਤੱਕ ਸੀਮਤ ਨਹੀਂ ਹੈ। ਸੂਬੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਪੰਜਾਬੀ ਹਨ ਤੇ ਇਸ ਲਈ ਪਾਰਟੀ ਨੇ ਜਾਟਾਂ ਨੂੰ ਪਾਰਟੀ ਦੇ ਨੇੜੇ ਲਿਆਉਣ ਲਈ ਜਾਟ ਨੇਤਾ ਨੂੰ ਪਾਰਟੀ ਦਾ ਮੁਖੀ ਬਣਾਉਣ ਨੂੰ ਤਰਜੀਹ ਦਿੱਤੀ ਹੈ।

## ਪੰਜਾਬੀ 'ਚ ਜਾਣਕਾਰੀ ਦੇਣ ਬਾਰੇ ਕਮਿਸ਼ਨਰ ਉਲਝੇ

**ਚੰਡੀਗੜ੍ਹ:** ਪੰਜਾਬ ਦੇ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਵਿਭਾਗ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਅਧੀਨ ਪੰਜਾਬੀ ਭਾਸ਼ਾ ਵਿਚ ਮੰਗੀ ਗਈ ਜਾਣਕਾਰੀ ਮੁਹੱਈਆ ਨਾ ਕਰਾਉਣ ਦੇ ਮਾਮਲੇ ਵਿਚ ਸੂਚਨਾ ਕਮਿਸ਼ਨਰਾਂ ਵਿਚ ਮਤਭੇਦ ਉੱਭਰ ਆਏ ਹਨ। ਸੂਚਨਾ ਕਮਿਸ਼ਨਰ ਸੁਰਿੰਦਰ ਅਵਸਥੀ ਨੇ ਸਰਕਾਰੀ ਨੀਤੀਆਂ ਤੇ ਨੋਟੀਫਿਕੇਸ਼ਨਾਂ ਨੂੰ ਪੰਜਾਬੀ ਵਿਚ ਮੁਹੱਈਆ ਕਰਾਉਣ ਦੀਆਂ ਹਦਾਇਤਾਂ ਦਿੱਤੀਆਂ ਤੇ ਸੂਚਨਾ ਨਾ ਦੇਣ ਵਾਲੇ ਆਈ.ਏ.ਐਸ. ਅਧਿਕਾਰੀ ਏ.ਵੇਣੂ ਪ੍ਰਸਾਦ ਨੂੰ 25 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਪਰ ਸ੍ਰੀ ਅਵਸਥੀ ਦੇ ਇਸ ਹੁਕਮ ਨੂੰ ਕਮਿਸ਼ਨ ਦੇ ਵੱਡੇ ਬੈਂਚ ਵੱਲੋਂ ਰੱਦ ਕਰ ਦਿੱਤਾ ਗਿਆ। ਬੈਂਚ ਦਾ ਤਰਕ ਹੈ ਕਿ ਸੂਚਨਾ ਉਸੇ ਰੂਪ ਵਿਚ ਹੀ ਦਿੱਤੀ ਜਾ ਸਕਦੀ ਹੈ, ਜਿਸ ਰੂਪ ਵਿਚ ਉਪਲਬਧ ਹੋਵੇ।

ਇਸ ਨਵੇਂ ਫ਼ੈਸਲੇ ਨਾਲ ਏ.ਵੇਣੂ ਪ੍ਰਸਾਦ ਨੂੰ ਤਾਂ ਬੇਸ਼ੱਕ ਰਾਹਤ ਮਿਲ ਗਈ ਪਰ ਨੁਕਤਾ ਖੜ੍ਹਾ ਹੋ ਗਿਆ ਹੈ ਕਿ ਪੰਜਾਬ ਸਰਕਾਰ ਦੇ ਅਹਿਮ ਫ਼ੈਸਲੇ ਪੰਜਾਬੀ ਭਾਸ਼ਾ ਵਿਚ ਪ੍ਰਕਾਸ਼ਿਤ ਹੀ ਨਹੀਂ ਹੁੰਦੇ। ਸਰਕਾਰ ਵੱਲੋਂ ਰਾਜ ਭਾਸ਼ਾ ਐਕਟ ਲਾਗੂ ਕਰਨ ਦੇ ਦਾਅਵੇ ਤਾਂ ਕੀਤੇ ਜਾਂਦੇ ਹਨ ਪਰ ਹਕੀਕਤ ਇਸਦੇ ਉਲਟ ਨਜ਼ਰ ਆ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਨਾਇਬ ਕੌਰ ਨੇ 23 ਸਤੰਬਰ 2013 ਨੂੰ ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਵਿਭਾਗ ਤੋਂ ਵਿਸਥਾਪਤ (ਆਊਸਟੀ ਪਾਲਿਸੀ) ਦੇ ਤਿੰਨ ਪੈਰਿਆਂ ਦਾ ਉਲੱਥਾ ਪੰਜਾਬੀ ਵਿਚ ਮੰਗਿਆ ਸੀ, ਜਿਸ ਲਈ ਵਿਭਾਗ ਤੇ ਗਮਾਡਾ ਨੇ ਇਕ ਸਾਲ ਇਸ ਬਜ਼ੁਰਗ ਔਰਤ ਨੂੰ ਉਲਝਾਈ ਰੱਖਿਆ। ਇਹ ਮਾਮਲਾ ਜਦੋਂ ਸੂਚਨਾ ਕਮਿਸ਼ਨ ਕੋਲ ਪੁੱਜਿਆ ਤਾਂ ਲੰਮੀ ਸੁਣਵਾਈ ਤੋਂ ਬਾਅਦ ਸੂਚਨਾ ਕਮਿਸ਼ਨਰ ਸੁਰਿੰਦਰ ਅਵਸਥੀ ਨੇ ਵਿਭਾਗ ਦੇ ਸਕੱਤਰ ਏ.ਵੇਣੂ ਪ੍ਰਸਾਦ ਨੂੰ ਇਸ ਅਣਗਹਿਲੀ ਦਾ ਜ਼ਿੰਮੇਵਾਰ ਠਹਿਰਾਇਆ।

ਕਮਿਸ਼ਨ ਦਾ ਕਹਿਣਾ ਹੈ ਕਿ ਨਾਇਬ ਕੌਰ ਨੇ ਸਿਰਫ਼ ਆਊਸਟੀ ਪਾਲਿਸੀ ਦੇ ਪੈਰਾ ਨੰਬਰ 10, 11 ਤੇ 12 ਦਾ ਪੰਜਾਬੀ ਅਨੁਵਾਦ ਮੰਗਿਆ ਸੀ, ਜਿਸ ਲਈ ਪਹਿਲਾਂ ਤਾਂ ਵਿਭਾਗ ਵੱਲੋਂ ਇਨਕਾਰ ਕਰ ਦਿੱਤਾ ਗਿਆ ਤੇ ਬਾਅਦ ਵਿਚ ਤਿੰਨ ਪੈਰਿਆਂ ਨੂੰ ਉਲੱਥਾ ਕਰਾਉਣ ਲਈ ਭਾਸ਼ਾ ਵਿਭਾਗ ਨੂੰ ਭੇਜ ਦਿੱਤਾ। ਜਦੋਂ ਕਮਿਸ਼ਨ ਨੇ ਇਸ ਸਾਲ ਪੰਜ ਫਰਵਰੀ ਨੂੰ ਵਿਭਾਗ ਦੇ ਲੋਕ ਸੂਚਨਾ ਅਫ਼ਸਰ ਨੂੰ ਨੋਟਿਸ ਭੇਜ ਕੇ ਦੇਰੀ ਕਰਨ ਬਾਰੇ ਪੁੱਛਿਆ ਤਾਂ ਵਿਭਾਗ ਦੇ ਸਕੱਤਰ ਏ.ਵੇਣੂ ਪ੍ਰਸਾਦ ਨੇ ਕਮਿਸ਼ਨ ਨਾਲ ਆਢਾ ਲੈ ਲਿਆ ਤੇ ਕਮਿਸ਼ਨ ਨੂੰ ਲਿਖ ਦਿੱਤਾ ਕਿ ਛੇ ਮਹੀਨੇ ਤੋਂ ਵਿਭਾਗ ਵਿਚ ਪੀਆਈਓ ਨਹੀਂ ਸੀ।

## ਪੰਜਾਬ ਵਿਚ ਸੁਗੰਧਿਤ ਤੰਬਾਕੂ ਵੇਚਣ 'ਤੇ ਵੀ ਪਾਬੰਦੀ

**ਚੰਡੀਗੜ੍ਹ:** ਪੰਜਾਬ ਵਿਚ ਸੁਗੰਧਿਤ ਤੰਬਾਕੂ ਵੇਚਣ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਹੈ। ਸੂਬੇ ਵਿਚ ਇਸ ਵੇਲੇ ਸੁਗੰਧਿਤ ਤੰਬਾਕੂ 'ਖੈਣੀ' ਵੱਖ-ਵੱਖ ਤੰਬਾਕੂ ਕੰਪਨੀਆਂ ਵੱਲੋਂ ਧੜੱਲੇ ਨਾਲ ਵੇਚੀ ਜਾ ਰਹੀ ਹੈ। ਪੰਜਾਬ ਸਰਕਾਰ ਨੇ ਦੋ ਕੁ ਸਾਲ ਪਹਿਲਾਂ ਤੰਬਾਕੂ ਦੀ ਮਿਲਾਵਟ ਵਾਲੇ ਗੁਟਖਿਆਂ ਆਦਿ ਦੀ ਵਿਕਰੀ 'ਤੇ ਤਾਂ ਪਾਬੰਦੀ ਲਗਾ ਦਿੱਤੀ ਸੀ ਪਰ ਸੁਗੰਧਿਤ ਤੰਬਾਕੂ ਦੀ ਵਿਕਰੀ ਉਸੇ ਤਰ੍ਹਾਂ ਜਾਰੀ ਸੀ।



ਪੰਜਾਬ ਦੇ ਸਿਹਤ ਸਕੱਤਰ ਤੇ ਡਰੱਗ ਕਮਿਸ਼ਨਰ ਹੁਸਨ ਲਾਲ ਨੇ ਦੱਸਿਆ ਕਿ ਪਾਬੰਦੀ ਬਾਰੇ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਹੈ ਤੇ ਸਮੂਹ ਡਿਪਟੀ ਕਮਿਸ਼ਨਰਾਂ, ਜ਼ਿਲ੍ਹਾ ਪੁਲਿਸ ਮੁਖੀਆਂ ਤੇ ਸਿਹਤ ਮਹਿਕਮੇ ਅਧੀਨ ਕੰਮ ਕਰਕੇ ਖੁਰਾਕ ਅਮਲੇ ਨੂੰ ਸੁਗੰਧਿਤ ਤੰਬਾਕੂ ਦੇ ਨਾਲ-ਨਾਲ ਸ਼ੁੱਧ ਨਿਕੋਟੀਨ ਰਸਾਇਣ ਵਾਲੀਆਂ 'ਈ-ਸਿਗਰਟਾਂ' (ਬਿਜਲੀ ਸਿਗਰਟ) ਦੀ ਵਿਕਰੀ ਨੂੰ ਰੋਕਣ ਬਾਰੇ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਚੇਤੇ ਰਹੇ ਕਿ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਸਮੇਤ ਦੇਸ਼ ਭਰ ਵਿਚ ਈ-ਸਿਗਰਟਾਂ ਦਾ ਪ੍ਰਚਲਨ ਵੀ ਜਾਰੀ ਹੈ। ਇਹ ਸਿਹਤ ਲਈ ਆਮ ਬੀੜੀ-ਸਿਗਰਟ ਨਾਲੋਂ ਕਈ ਗੁਣਾ ਵਧੇਰੇ ਘਾਤਕ ਹੈ ਪਰ ਈ-ਸਿਗਰਟਾਂ ਦੀ ਵਿਕਰੀ 'ਤੇ ਕੰਟਰੋਲ ਕਰਨਾ ਸਰਕਾਰਾਂ ਲਈ ਮੁਸ਼ਕਲ ਇਸ ਲਈ ਹੈ, ਕਿਉਂਕਿ ਇਨ੍ਹਾਂ ਦੀ ਵਿਕਰੀ ਆਮ ਨਹੀਂ, ਬਲਕਿ ਆਨਲਾਈਨ ਹੁੰਦੀ ਹੈ। ਮਿਲੀ ਜਾਣਕਾਰੀ ਮੁਤਾਬਕ ਸਿਹਤ ਮਹਿਕਮੇ ਵਿਚ ਇਸ ਵੇਲੇ ਪੈਕਟਾਂ ਵਿਚੋਂ ਕੱਢਕੇ ਵੇਚੀਆਂ ਜਾਂਦੀਆਂ ਬੀੜੀਆਂ-ਸਿਗਰਟਾਂ ਦੀ ਵਿਕਰੀ 'ਤੇ ਵੀ ਪਾਬੰਦੀ ਬਾਰੇ ਵਿਚਾਰ ਚੱਲ ਰਹੀ ਹੈ। ਦਰਅਸਲ, ਪਹਿਲਾਂ ਬੀੜੀ-ਸਿਗਰਟ ਵੇਚਣ ਵਾਲੀਆਂ ਕੰਪਨੀਆਂ ਸਿਗਰਟ ਦੀ ਡੱਬੀ ਦੇ 40 ਫ਼ੀਸਦੀ ਹਿੱਸੇ 'ਤੇ 'ਤੰਬਾਕੂ ਕੈਂਸਰ ਦਾ ਕਾਰਨ' ਵਾਲੀ ਚਿਤਾਵਨੀ ਲਿਖਦੀਆਂ ਹੁੰਦੀਆਂ ਸਨ, ਪਰ ਇਸਦੇ ਬਾਵਜੂਦ ਤੰਬਾਕੂ ਕਾਰਨ ਮੂੰਹ ਦੇ ਹੋਣ ਵਾਲੇ ਕੈਂਸਰ ਦੇ ਮਾਮਲੇ ਘੱਟ ਨਹੀਂ ਹੋਏ, ਜਿਸਦੇ ਚੱਲਦਿਆਂ ਕੇਂਦਰ ਨੇ ਕੁਝ ਸਮਾਂ ਪਹਿਲਾਂ ਕੰਪਨੀਆਂ ਨੂੰ ਹੁਕਮ ਦਿੱਤਾ ਸੀ ਕਿ ਉਹ ਸਿਗਰਟ ਦੀ ਡੱਬੀ ਦੇ 85 ਫ਼ੀਸਦੀ ਹਿੱਸੇ 'ਤੇ ਚਿਤਾਵਨੀ ਛਾਪਿਆ ਕਰਨ। ਸਰਕਾਰ ਦਾ ਸੋਚਣਾ ਹੈ ਕਿ ਖੁੱਲ੍ਹੀ ਸਿਗਰਟ ਖਰੀਦਣ ਵਾਲੇ ਵਿਅਕਤੀ ਇਹ ਚਿਤਾਵਨੀ ਪੜ੍ਹਨ ਤੋਂ ਵਾਂਝੇ ਰਹਿੰਦੇ ਹਨ।

ਸ੍ਰੀ ਹੁਸਨ ਲਾਲ ਨੇ ਕਿਹਾ ਕਿ ਸੁਗੰਧਿਤ ਤੰਬਾਕੂ ਤੇ ਈ-ਸਿਗਰਟ ਦੀ ਵਿਕਰੀ 'ਤੇ ਪਾਬੰਦੀ ਡਰੱਗਜ਼ ਤੇ ਕਾਸਮੈਟਿਕ ਐਕਟ ਤਹਿਤ ਲਗਾਈ ਗਈ ਹੈ। ਕੋਈ ਵੀ ਵਪਾਰਕ ਸੰਸਥਾਨ ਜੇਕਰ ਇਸ ਰੋਕ ਦੀ ਉਲੰਘਣਾ ਕਰਦਾ ਹੈ ਤਾਂ ਉਸ ਵਿਰੁੱਧ ਡਰੱਗਜ਼ ਤੇ ਕਾਸਮੈਟਿਕ ਐਕਟ ਤਹਿਤ ਮਾਮਲਾ ਦਰਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਿਕੋਟੀਨ ਦੀ ਕੈਮੀਕਲ ਦੇ ਰੂਪ ਵਿਚ ਈ-ਸਿਗਰਟ ਰਾਹੀਂ ਵੇਚ ਬਿਲਕੁਲ ਬੰਦ ਹੈ ਤੇ ਸਾਰੇ ਜ਼ਿਲ੍ਹਿਆਂ ਨੂੰ ਸਿਗਰਟ ਤੇ ਤੰਬਾਕੂ ਉਤਪਾਦ ਐਕਟ 2003 ਤਹਿਤ ਇਨ੍ਹਾਂ ਦੀ ਵੇਚ ਰੋਕਣ ਲਈ ਹਦਾਇਤਾਂ ਵੀ ਜਾਰੀ ਹੋ ਚੁੱਕੀਆਂ ਹਨ। ਸਿਗਰਟਾਂ ਦੀ ਖੁੱਲ੍ਹੇ ਰੂਪ ਵਿਚ ਵੇਚ ਨੂੰ ਰੋਕਣ ਲਈ ਡਿਪਟੀ ਕਮਿਸ਼ਨਰਾਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਸਿਹਤ ਸਕੱਤਰ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਸ ਉਪਰ ਪੂਰੀ ਤਰ੍ਹਾਂ ਪਾਬੰਦੀ ਲਾਈ ਹੋਈ ਹੈ ਤਾਂ ਜੋ ਗਭਰੇਟਾਂ ਨੂੰ ਇਸ ਲਾਹਨਤ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਹਰ ਰੋਜ਼ 2200 ਭਾਰਤੀ ਤੰਬਾਕੂ ਦੇ ਨਸ਼ੇ ਕਾਰਨ ਮੌਤ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਵਿਚ ਵਿੱਦਿਅਕ ਅਦਾਰਿਆਂ ਤੇ ਕੋਚਿੰਗ ਸੰਸਥਾਵਾਂ ਨੇੜੇ ਸਿਗਰਟਾਂ ਦੀ ਵੇਚ ਦਾ ਗੰਭੀਰ ਨੋਟਿਸ ਲੈਂਦਿਆਂ ਸਿਹਤ ਸਕੱਤਰ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਉਹ ਇਨ੍ਹਾਂ ਸੰਸਥਾਵਾਂ ਦੇ 200 ਮੀਟਰ ਦੇ ਘੇਰੇ ਵਿਚ ਤੰਬਾਕੂ ਪਦਾਰਥਾਂ ਦੀ ਵੇਚ ਨੂੰ ਸਖ਼ਤੀ ਨਾਲ ਰੋਕਣ।

## ਮਾਛੀਵਾੜਾ ਤੇ ਚਮਕੌਰ ਸਾਹਿਬ ਦੇ ਨਾਂ ਬਦਲੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਚਮਕੌਰ ਸਾਹਿਬ (ਰੂਪਨਗਰ) ਤੇ ਮਾਛੀਵਾੜਾ (ਲੁਧਿਆਣਾ) ਦਾ ਨਾਂ ਬਦਲ ਕੇ ਸ੍ਰੀ ਚਮਕੌਰ ਸਾਹਿਬ ਤੇ ਸ੍ਰੀ ਮਾਛੀਵਾੜਾ ਸਾਹਿਬ ਰੱਖਿਆ ਗਿਆ ਹੈ। ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਸਰਕਾਰੀ ਬੁਲਾਰੇ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੀ ਲਾਸਾਨੀ ਕੁਰਬਾਨੀ ਨੂੰ ਸਜਦਾ ਕਰਨ ਦੀ ਇਕ ਹੋਰ ਕੋਸ਼ਿਸ਼ ਤਹਿਤ ਚਮਕੌਰ ਸਾਹਿਬ ਦਾ ਨਾਂ ਬਦਲ ਕੇ ਸ੍ਰੀ ਚਮਕੌਰ ਸਾਹਿਬ ਰੱਖਿਆ ਗਿਆ ਹੈ।

# ਹਕੂਮਤਪੁਰੀ ਡਰੱਗ ਛੁਡਾਊ ਮੁਹਿੰਮ ਰੰਗ ਲਿਆਈ

**ਹੁਸ਼ਿਆਰਪੁਰ:** ਜ਼ਿਲ੍ਹਾ ਹੁਸ਼ਿਆਰਪੁਰ ਦੇ ਛੋਟੇ ਜਿਹੇ ਪਿੰਡ ਹਕੂਮਤਪੁਰ ਤੋਂ ਸ਼ੁਰੂ ਕੀਤੀ ਨਸ਼ਾ ਛੁਡਾਊ ਮੁਹਿੰਮ ਵੱਡੇ ਪੱਧਰ 'ਤੇ ਰੰਗ ਲਿਆਈ ਹੈ। ਪਿੰਡ ਦੇ ਵਸਨੀਕ ਨਿਰਮਲ ਸਿੰਘ ਜੋ ਸਾਧਾਰਨ ਜੀਵਨ ਬਤੀਤ ਕਰਨ ਵਾਲਾ ਇਨਸਾਨ ਹੈ ਅਤੇ ਆਪਣਾ ਗੁਜ਼ਾਰਾ ਸਖਤ ਮਿਹਨਤ ਕਰ ਕੇ ਕਰਦਾ ਹੈ, ਨੇ ਆਪਣੇ ਪਿੰਡ ਤੋਂ ਹੀ ਇਹ ਮੁਹਿੰਮ ਸ਼ੁਰੂ ਕੀਤੀ। ਅੱਜ ਇਹ ਮੁਹਿੰਮ ਵੱਡੀ ਲਹਿਰ ਬਣ ਕੇ ਅਮਰੀਕਾ ਦੇ ਸ਼ਹਿਰ ਡੈਲਸ ਵਸਦੇ ਪੰਜਾਬੀਆਂ ਦੇ ਦਿਲ ਵਿਚ ਵਸ ਗਈ ਹੈ। ਡੈਲਸ ਵਿਚ ਅਵਤਾਰ ਪਰਵਸਾ, ਰਾਕੇਸ਼ ਸੈਣੀ ਤੇ ਚਰਨ ਸਿੰਘ ਸਿੱਧੂ ਨੇ ਇਸ ਵਿਚ ਯੋਗਦਾਨ ਪਾਇਆ ਅਤੇ ਇਸ ਮਿਸ਼ਨ ਦੀ ਬਾਂਹ ਫੜੀ। ਇਸ ਤੋਂ ਬਾਅਦ ਮਨਜੀਤ ਸਿੰਘ ਸਹੋਤਾ, ਸੰਤੋਖ ਸਿੰਘ ਨਿੱਜਰ, ਮੁਖਤਾਰ ਸਿੰਘ ਅਤੇ ਦਲਜੀਤ ਸਿੰਘ ਸੇਖੋਂ ਨੇ ਵੀ ਇਸ ਵਿਚ ਵੱਡਾ ਯੋਗਦਾਨ ਪਾਇਆ।

ਇਹ ਮੁਹਿੰਮ ਚਲਾਉਣ ਵਾਲੀ ਸੰਸਥਾ ਦਾ ਨਾਂ ਹਕੂਮਤਪੁਰ ਐਂਟੀ-ਡਰੱਗ ਆਰਗੇਨਾਈਜੇਸ਼ਨ ਦਾ ਨਾਮ ਦਿੱਤਾ ਗਿਆ। ਇਸ ਸੰਸਥਾ ਨੇ ਇਲਾਕੇ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਨੌਜਵਾਨਾਂ ਨੂੰ ਨਸ਼ਾ ਛੁਡਾਉਣ ਵਾਲੇ ਕੰਮ ਲਾਇਆ ਜੋ ਸਰਕਾਰਾਂ ਵੀ ਨਹੀਂ ਕਰ ਸਕੀਆਂ। ਮੁੱਖ ਰੂਪ ਵਿਚ ਇਸ ਸੰਸਥਾ ਦੇ ਤਿੰਨ ਮਿਸ਼ਨ ਉਲੀਕੇ ਗਏ ਹਨ: ਪਹਿਲਾ, ਪੰਜਾਬ ਵਿਚੋਂ ਨਸ਼ਿਆਂ ਨੂੰ ਖਤਮ ਕਰਨ; ਦੂਜਾ, ਖਤਮ ਹੋ ਰਹੇ ਰੀਤ-ਰਿਵਾਜ ਸੰਭਾਲਣੇ ਤੇ ਪੈਲੇਸਾਂ ਵਿਚ ਵਿਆਹ ਕਰ ਕੇ ਪੈਸਾ ਰੋੜ੍ਹਨ ਦੀ ਥਾਂ ਘਰਾਂ ਵਿਚ ਵਿਆਹ ਕਰਨੇ ਅਤੇ ਤੀਜਾ, ਪਿੰਡਾਂ ਵਿਚ ਵਧ ਤੋਂ ਵੱਧ ਦਰਖਤ ਲਾਉਣੇ ਤਾਂ ਜੋ ਵਾਤਾਵਰਨ ਨੂੰ ਵਧੀਆ ਬਣਾਇਆ ਜਾ ਸਕੇ। ਇਸ ਮੁਹਿੰਮ ਤਹਿਤ ਜਦੋਂ ਪਿੰਡਾਂ ਵਿਚ ਕੈਂਪ ਲਗਦੇ ਹਨ, ਉਥੇ ਦੁੱਧ ਅਤੇ ਫਲਾਂ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਕਿਸੇ ਤੋਂ ਕੋਈ ਪੈਸਾ ਨਹੀਂ ਵਸੂਲਿਆ ਜਾਂਦਾ। ਸਾਰਾ ਖਰਚਾ ਸੰਸਥਾ ਵੱਲੋਂ ਕੀਤਾ ਜਾਂਦਾ ਹੈ। ਨਿਰਮਲ ਸਿੰਘ ਹਕੂਮਤਪੁਰ, ਪੱਪੀ ਪੇਂਟਰ ਮੋਰਾਂਵਾਲੀ ਮੀਟਿੰਗਾਂ ਦਾ ਇੰਤਜ਼ਾਮ ਕਰਦੇ ਹਨ। ਪਿੰਡਾਂ ਦੀਆਂ ਪੰਚਾਇਤਾਂ ਤੋਂ ਬਹੁਤ ਸਹਿਯੋਗ ਮਿਲ ਰਿਹਾ ਹੈ। ਜਿਹੜੇ ਸੱਜਣ ਇਸ ਲੋਕ-ਹਿਤੂ ਮੁਹਿੰਮ ਨਾਲ ਜੁੜਨਾ ਚਾਹੁੰਦੇ ਹਨ, ਉਹ ਆਪਣੇ ਪਿੰਡ ਜਾਂ ਸ਼ਹਿਰ ਬੈਠੇ ਹੀ ਨਿਰਮਲ ਸਿੰਘ ਹਕੂਮਤਪੁਰ ਨਾਲ ਫੋਨ 91-94178-07 809 ਉਤੇ ਗੱਲ ਕਰ ਸਕਦੇ ਹਨ। ਰਾਕੇਸ਼ ਸੈਣੀ (ਫੋਨ: 214-682-9443) ਜਾਂ ਅਵਤਾਰ ਸਿੰਘ ਨਾਲ ਈ-ਮੇਲ: tarjassi@gmail.com ਉਤੇ ਸੰਪਰਕ ਕਰ ਕੀਤਾ ਜਾ ਸਕਦਾ ਹੈ।

## ਗ੍ਰੇਵਜ਼ੈਂਡ 'ਚ ਸਿੱਖ ਪਾਇਲਟ ਮਹਿੰਦਰ ਸਿੰਘ ਪੁੱਜੀ ਦਾ ਬੁੱਤ ਲਾਇਆ

**ਜਲੰਧਰ:** ਇੰਗਲੈਂਡ ਵੱਲੋਂ ਦੂਜੀ ਸੰਸਾਰ ਜੰਗ ਲੜਨ ਵਾਲੇ ਸਿੱਖ ਪਾਇਲਟ ਮਹਿੰਦਰ ਸਿੰਘ ਪੁੱਜੀ ਦਾ ਬੁੱਤ ਗ੍ਰੇਵਜ਼ੈਂਡ ਸ਼ਹਿਰ ਵਿਚ ਸਮੁੰਦਰ ਕਿਨਾਰੇ ਲਾਇਆ ਗਿਆ। ਮਹਾਰਾਜਾ ਦਲੀਪ ਸਿੰਘ ਤੋਂ ਬਾਅਦ ਮਹਿੰਦਰ ਸਿੰਘ ਪੁੱਜੀ ਦੂਜੇ ਦਸਤਾਰਧਾਰੀ ਹਨ, ਜਿਨ੍ਹਾਂ ਦਾ ਬੁੱਤ ਇੰਗਲੈਂਡ ਵਿਚ ਲਾਇਆ ਗਿਆ ਹੈ। ਦੂਜੀ ਸੰਸਾਰ ਜੰਗ ਦੇ ਹੀਰੋ ਮੰਨੇ ਜਾਂਦੇ ਮਹਿੰਦਰ ਸਿੰਘ ਪੁੱਜੀ ਦਾ ਅੱਠ ਫੁੱਟ ਉੱਚਾ ਕਾਂਸੇ ਦਾ ਬੁੱਤ ਚਾਰ ਫੁੱਟ ਉੱਚੇ ਚਬੂਤਰੇ 'ਤੇ ਲਾਇਆ ਗਿਆ ਹੈ। ਬੁੱਤ ਲਾਉਣ ਪਿੱਛੇ ਗ੍ਰੇਵਜ਼ੈਂਡ ਸ਼ਹਿਰ ਦੇ ਸਾਬਕਾ ਮੇਅਰ ਤੇ ਲੇਬਰ ਪਾਰਟੀ ਵੱਲੋਂ ਪਾਰਲੀਮੈਂਟ ਚੋਣਾਂ ਦੇ ਉਮੀਦਵਾਰ ਤਨਮਨਜੀਤ ਸਿੰਘ ਢੇਸੀ ਨੇ ਮੁੱਖ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ ਬੁੱਤ ਲਾਉਣ ਲਈ ਤਿੰਨ ਸਾਲਾਂ ਵਿਚ 70 ਹਜ਼ਾਰ ਪੌਂਡ ਇੱਕਠੇ ਕੀਤੇ। ਸ੍ਰੀ ਢੇਸੀ ਦਾ ਪਿਛੋਕੜ ਜਲੰਧਰ ਜ਼ਿਲ੍ਹੇ ਦੇ ਪਿੰਡ ਰਾਏਪੁਰ ਨਾਲ ਜੁੜਿਆ ਹੋਇਆ ਹੈ।

# ਬੱਚਿਆਂ ਦੀ ਮੌਤ: ਦੋ ਡਾਕਟਰ ਤੇ ਨਰਸ ਦੋਸ਼ੀ ਕਰਾਰ

ਲੁਧਿਆਣਾ: ਸਿਵਲ ਹਸਪਤਾਲ ਦੇ ਨਵੇਂ ਬਣੇ ਜੱਚਾ ਬੱਚਾ ਹਸਪਤਾਲ ਵਿਚ ਬੀਤੀ 23 ਨਵੰਬਰ ਨੂੰ ਪੰਜ ਬੱਚਿਆਂ ਦੀ ਜਣੇਪੇ ਦੌਰਾਨ ਮੌਤ ਦੀ ਘਟਨਾ ਵਿਚ ਸਿੱਧੇ ਤੌਰ 'ਤੇ ਹਸਪਤਾਲ ਵਿਚ ਡਿਊਟੀ ਤੋਂ ਗਾਇਬ ਰਹਿਣ ਵਾਲੇ ਜਨਾਨਾ ਰੋਗ ਮਾਹਰ ਡਾ. ਅਲਕਾ ਮਿੱਤਲ, ਡਾ. ਯੋਗੇਸ਼ ਖੰਨਾ, ਸਟਾਫ ਨਰਸ ਰਜਨੀ, ਦਰਜਾ ਚਾਰ ਮੁਲਾਜ਼ਮ ਕਾਂਤਾ ਦੇਵੀ ਨੂੰ ਦੋਸ਼ੀ ਪਾਇਆ ਗਿਆ ਹੈ।

ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਆਰ.ਕੇ. ਕਰਕਰਾ 'ਤੇ ਅਣਗਹਿਲੀ ਦਾ ਦੋਸ਼ ਹੈ। ਡਿਪਟੀ ਕਮਿਸ਼ਨਰ ਰਜਤ ਅਗਰਵਾਲ ਦੀ ਅਗਵਾਈ ਵਿਚ ਕੀਤੀ ਗਈ ਜਾਂਚ ਦੀ ਇਹ ਰਿਪੋਰਟ ਸਿਫਾਰਸ਼ਾਂ ਸਮੇਤ ਅਗਲੇਰੀ ਕਾਰਵਾਈ ਲਈ ਪ੍ਰਮੁੱਖ ਸਕੱਤਰ, ਸਿਹਤ ਵਿਭਾਗ ਨੂੰ ਭੇਜ ਦਿੱਤੀ ਗਈ ਹੈ। ਜਾਂਚ ਰਿਪੋਰਟ ਦੇ ਆਧਾਰ 'ਤੇ ਹਸਪਤਾਲ ਵਿਚ ਮੀਡੀਆ ਨਾਲ ਤਾਲਮੇਲ ਰੱਖਣ ਤੇ ਕੰਟਰੋਲ ਕਰਨ ਲਈ ਇਕ ਪੀ.ਆਰ.ਓ. ਦੀ ਪੱਕੀ ਤਾਇਨਾਤੀ ਸਮੇਤ ਦੋ ਮਾਮਲਿਆਂ ਵਿੱਚ ਪੀੜਤ ਪਰਿਵਾਰਾਂ ਨੂੰ 1-1 ਲੱਖ ਰੁਪਏ ਦੀ ਮਾਲੀ ਸਹਾਇਤਾ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ।



Kulbir Heer, EA
510-304-7733

ਹੈਲਥ ਕੇਅਰ ਰਿਫੌਰਮ ਫਰੀ ਐਨਰੋਲਮੈਂਟ ਅਸਿਸਟੈਂਟ


Manjit Heer, EA
510-378-1040

Enroll Now
Enrollment Period
Nov. 15, 2014 to Feb. 15, 2015

Free Enrollment Assistance.
Learn how Health Insurance will Effect your Taxes Going Forward.

We are IRS "Enrolled Agents" for income tax prep. assistance.

Please Call 510-885-1040

We are COVERED CA "Certified Enrolled Counselors" for Health Insurance Assistance

COVERED CALIFORNIA
Certified Enrollment Counselor
WE WAVE, YOU SAVE!
www.libertyTax.com
LIBERTY TAX SERVICE
1-866-871-1040



Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)



ਟਰੱਕ ਸਟਾਪ 40
ਓਕਲਹੋਮਾ

ਕੈਸ਼ੀਅਰ, ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ

■ਰੋਟੀ ਬਣਾਉਣ ਵਾਸਤੇ ਬੀਬੀਆਂ ਦੀ ਜ਼ਰੂਰਤ ਹੈ
■ਜੋੜੇ (ਪਤੀ-ਪਤਨੀ) ਨੂੰ ਪਹਿਲ
■ਚੰਗੀ ਤਨਖਾਹ ■ਮੁਫਤ ਰਿਹਾਇਸ਼

ਸੰਪਰਕ ਕਰੋ: ਰਾਜ ਸੌਕਰ
ਫੋਨ: 832-512-7172




WEST COAST AUTO REPAIR
A Complete Auto Repair Shop
Foreign & Domestic Cars/Trucks


Tej


Sam

"Your shield against the hazards of the road"



• Oil Change $19.95 + Disposal Fee
• Free towing within 5 mile radius
• Brake inspection FREE if work done here

All Work Guarantee

TUNE UP • BRAKES • AIR CONDITIONING • TRANSMISSION • ENGINE • FUEL INJECTORS • OIL CHANGE



400 MOWRY AVE., FREMONT • 510-791-2600 • MON-SAT - 8:30 - 6PM

# ਪੰਜਾਬ ਸਰਕਾਰ ਵਲੋਂ ਆਟਾ-ਦਾਲ ਸਕੀਮ ਨੂੰ ਫਿਲਹਾਲ ਬਰੇਕਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਟਾ-ਦਾਲ ਯੋਜਨਾ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਯੋਜਨਾ ਹੁਣ ਨੀਲੇ ਕਾਰਡਾਂ ਦੀ ਜਾਂਚ ਦਾ ਕੰਮ ਮੁਕੰਮਲ ਹੋਣ ਬਾਅਦ ਹੀ ਸ਼ੁਰੂ ਹੋ ਸਕੇਗੀ। ਇਹ ਯੋਜਨਾ ਇਕ ਨਵੰਬਰ 2013 ਤੋਂ ਲਾਗੂ ਹੋਈ ਸੀ ਤੇ ਉਦੋਂ ਤੋਂ ਹੀ ਇਹ ਯੋਜਨਾ ਵੱਡੀਆਂ ਬੇਨਿਯਮੀਆਂ ਕਾਰਨ ਚਰਚਾ ਵਿਚ ਸੀ, ਕਿਉਂਕਿ ਇਸ ਯੋਜਨਾ ਤਹਿਤ ਵੱਡੀ ਗਿਣਤੀ ਵਿਚ ਅਜਿਹੇ ਪਰਿਵਾਰ ਵੀ ਲਾਭਪਾਤਰੀ ਬਣੇ ਹੋਏ ਹਨ, ਜੋ ਆਰਥਿਕ ਪੱਖੋਂ ਖੁਸ਼ਹਾਲ ਹਨ। ਪਿਛਲੇ ਦਿਨੀਂ ਪੰਜਾਬ ਮੰਤਰੀ ਮੰਡਲ ਦੀ ਬੈਠਕ ਵਿਚ ਇਸ ਯੋਜਨਾ ਦੇ ਲਾਭਪਾਤਰੀਆਂ ਨੂੰ ਲੈਕੇ ਗੰਭੀਰ ਚਰਚਾ ਹੋਈ, ਜਿਸਦੇ ਚੱਲਦਿਆਂ ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਰਾਹੀਂ ਇਸ ਯੋਜਨਾ ਦੇ ਲਾਭਪਾਤਰੀਆਂ ਦੇ ਦਸਤਾਵੇਜ਼ਾਂ ਦੀ ਨਵੇਂ ਸਿਰਿਓਂ ਜਾਂਚ ਦਾ ਫੈਸਲਾ ਕੀਤਾ ਗਿਆ।

ਖੁਰਾਕ ਮਹਿਕਮੇ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ ਦਸਤਾਵੇਜ਼ਾਂ ਦੀ ਜਾਂਚ ਦਾ ਅਮਲ ਪੂਰਾ ਹੋ ਜਾਣ ਤੱਕ ਡਿਪੂਆਂ ਤੋਂ ਕਣਕ ਤੇ ਦਾਲ ਸਪਲਾਈ ਨਹੀਂ ਹੋਵੇਗੀ। ਚੇਤੇ ਰਹੇ ਕਿ ਪੁਰਾਣੀ ਆਟਾ ਦਾਲ ਯੋਜਨਾ ਤਹਿਤ ਪੰਜਾਬ ਵਿਚ ਚਾਰ ਰੁਪਏ ਕਿੱਲੋ ਕਣਕ ਮਿਲਦੀ ਸੀ ਤੇ ਉਸ ਯੋਜਨਾ ਤਹਿਤ ਪੰਜਾਬ ਦੇ 16 ਲੱਖ ਪਰਿਵਾਰਾਂ ਨੂੰ ਨੀਲੇ ਕਾਰਡ ਜਾਰੀ ਸਨ, ਪਰ ਨਵੀਂ ਯੋਜਨਾ ਤਹਿਤ ਪੰਜਾਬ ਸਰਕਾਰ ਨੇ ਬੀਤੀਆਂ ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਸੂਬੇ ਦੇ ਕੁਲ 32 ਲੱਖ ਪਰਿਵਾਰਾਂ ਨੂੰ ਰੁਪਈਆ ਕਿੱਲੋ ਕਣਕ ਦੇ ਲਾਭਪਾਤਰੀ ਬਣਾਉਣ ਦਾ ਟੀਚਾ ਮਿੱਥਿਆ ਸੀ, ਪਰ 31 ਲੱਖ ਪਰਿਵਾਰ ਹੀ ਇਸ ਦੇ ਲਾਭਪਾਤਰੀ ਬਣ ਸਕੇ ਹਨ। ਦੂਜੇ ਪਾਸੇ ਐਨੀ ਵੱਡੀ ਗਿਣਤੀ ਲਾਭਪਾਤਰੀਆਂ ਦੀ ਜਾਂਚ ਕਿਵੇਂ ਹੋਵੇਗੀ, ਇਸ ਨੂੰ ਲੈਕੇ ਖੁਰਾਕ ਮਹਿਕਮਾ ਸ਼ਸ਼ੋਪੰਜ ਵਿਚ ਹੈ। ਇਸ ਬਾਰੇ ਖੁਰਾਕ ਤੇ ਸਪਲਾਈ ਮਹਿਕਮੇ ਦੇ ਪ੍ਰਮੁੱਖ ਸਕੱਤਰ ਡੀ.ਐਸ.ਗਰੇਵਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਜੇ ਕੈਬਨਿਟ ਦੇ ਫੈਸਲੇ ਦਾ ਲਿਖਤੀ ਰੂਪ ਵਿਚ ਇੰਤਜ਼ਾਰ ਹੈ।

## ਯੋਜਨਾ ਵਿਚ ਵੱਡੀਆਂ ਬੇਨਿਯਮੀਆਂ ਪਿੱਛੋਂ ਕੀਤਾ ਫੈਸਲਾ




ਜੇਕਰ ਲਾਭਪਾਤਰੀਆਂ ਦੀ ਜਾਂਚ ਕਰਨੀ ਪਈ ਤਾਂ ਡਿਪਟੀ ਕਮਿਸ਼ਨਰਾਂ ਰਾਹੀਂ ਦਸੰਬਰ ਮਹੀਨੇ ਜਾਂਚ ਕਰਵਾਕੇ ਜਨਵਰੀ ਤੋਂ ਰਾਸ਼ਨ ਜਾਰੀ ਕਰਨ ਦੀ ਪ੍ਰਕ੍ਰਿਆ ਆਰੰਭ ਦਿੱਤੀ ਜਾਵੇਗੀ। ਸ੍ਰੀ ਗਰੇਵਾਲ ਨੇ ਕਿਹਾ ਕਿ ਸਾਡੇ ਕੋਲ ਲਾਭਪਾਤਰੀਆਂ ਲਈ ਦਸੰਬਰ ਤੱਕ ਦਾ ਕੋਟਾ ਮੌਜੂਦ ਹੈ, ਜਿਸ ਨੂੰ ਲੈਪਸ ਨਹੀਂ ਹੋਣ ਦਿੱਤਾ ਜਾਵੇਗਾ। ਇਥੇ ਇਹ ਵੀ ਦੱਸ ਦਈਏ ਕਿ ਪਿਛਲੇ ਦਿਨੀਂ ਸਰਕਾਰੀ ਖ਼ਜ਼ਾਨੇ ਨੂੰ ਧਿਆਨ ਵਿਚ ਰੱਖਦਿਆਂ ਪੰਜਾਬ ਸਰਕਾਰ ਨੇ ਕਣਕ ਦੀ ਕੀਮਤ ਇਕ ਰੁਪਏ ਤੋਂ ਵਧਾਕੇ ਦੋ ਰੁਪਏ ਕਰਨ ਤੇ ਦਾਲ ਦੀ ਕੀਮਤ 20 ਰੁਪਏ ਤੋਂ ਵਧਾਕੇ 30 ਰੁਪਏ ਕਰਨ ਦਾ ਫੈਸਲਾ ਕੀਤਾ ਸੀ ਤੇ ਇਸ ਬਾਰੇ ਬਾਕਾਇਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤੀ ਗਈ ਸੀ। ਸੂਤਰਾਂ ਮੁਤਾਬਕ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੀਟਿੰਗ ਵਿਚ ਕਿਹਾ ਕਿ ਨੀਲੇ ਕਾਰਡਾਂ ਦੇ ਜਾਅਲੀ ਹੋਣ ਤੇ ਅਯੋਗ ਵਿਅਕਤੀਆਂ ਨੂੰ ਨੀਲੇ ਕਾਰਡ ਜਾਰੀ ਹੋਣ ਬਾਰੇ ਸ਼ਿਕਾਇਤਾਂ ਸੁਣਨ ਨੂੰ ਮਿਲ ਰਹੀਆਂ ਹਨ। ਇਸ ਲਈ ਇਸ ਦੀ ਪੜਤਾਲ ਕਰਵਾਈ ਜਾਣੀ ਚਾਹੀਦੀ ਹੈ।

ਅਨਿਲ ਜੋਸ਼ੀ ਤੇ ਤੋਤਾ ਸਿੰਘ ਨੇ ਵੀ ਉਪ ਮੁੱਖ ਮੰਤਰੀ ਦੀ ਸੁਰ ਵਿਚ ਸੁਰ ਮਿਲਾਈ। ਖੁਰਾਕ ਤੇ ਸਿਵਲ ਸਪਲਾਈ ਮੰਤਰੀ ਨੇ ਕਿਹਾ ਕਿ ਨੀਲੇ ਕਾਰਡ ਡਿਪਟੀ ਕਮਿਸ਼ਨਰਾਂ ਵੱਲੋਂ ਬਣਾਏ ਗਏ ਹਨ ਤੇ ਵਿਭਾਗ ਦੀ ਇਸ ਵਿਚ ਕੋਈ ਭੂਮਿਕਾ ਨਹੀਂ ਤੇ ਜੇਕਰ ਪੜਤਾਲ ਦੀ ਜ਼ਰੂਰਤ ਹੈ ਤਾਂ ਜ਼ਰੂਰ ਕਰਵਾਈ ਜਾਵੇ।

ਬਿਕਰਮ ਸਿੰਘ ਮਜੀਠੀਆ ਨੇ ਬਹਿਸ ਵਿਚ ਬੋਲਦਿਆਂ ਕਿਹਾ ਕਿ ਜੇਕਰ ਨੀਲੇ ਕਾਰਡਾਂ ਪ੍ਰਤੀ ਸ਼ਿਕਾਇਤ ਹੋਵੇ ਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਫ਼ਸਰ ਸ਼ਿਕਾਇਤ ਨਾ ਸੁਣਨ ਤਾਂ ਕਿਥੇ ਜਾਇਆ ਜਾਵੇ। ਇਸ ਦੇ ਜਵਾਬ ਵਿਚ ਸ੍ਰੀ ਕੈਰੋਂ ਨੇ ਕਿਹਾ ਕਿ ਜੇਕਰ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵਿਚ ਕੋਈ ਨਹੀਂ ਸੁਣਦਾ ਤਾਂ ਡਿਪਟੀ ਕਮਿਸ਼ਨਰ ਕੋਲ ਜਾਓ। ਜੇਲ੍ਹ ਮੰਤਰੀ ਸੋਹਨ ਸਿੰਘ ਠੰਡਲ ਨੇ ਕਿਹਾ ਕਿ ਆਟਾ ਦਾਲ ਸਕੀਮ ਵਿਚੋਂ ਦਾਲ ਦੀ ਸਪਲਾਈ ਬੰਦ ਹੀ ਕਰ ਦੇਣੀ ਚਾਹੀਦੀ ਹੈ।

ਉਪ ਮੁੱਖ ਮੰਤਰੀ ਨੇ ਲੋਕ ਸਭਾ ਚੋਣਾਂ ਤੋਂ ਬਾਅਦ ਕਾਰਡਾਂ ਦੇ ਮਾਮਲੇ ਦੀ ਜਾਂਚ ਕਰਵਾਉਣ ਦੇ ਕਈ ਵਾਰ ਯਤਨ ਕੀਤੇ ਸਨ ਪਰ ਉਨ੍ਹਾਂ ਨੂੰ ਸਫ਼ਲਤਾ ਨਹੀਂ ਮਿਲੀ। ਸੂਤਰਾਂ ਮੁਤਾਬਕ ਸੁਖਬੀਰ ਬਾਦਲ ਨੇ ਇਕ ਵਾਰ ਮੁੱਖ ਸਕੱਤਰ ਸਰਵੇਸ਼ ਕੌਸ਼ਲ ਨੂੰ ਪੜਤਾਲ ਦੇ ਹੁਕਮ ਜਾਰੀ ਕਰਨ ਲਈ ਆਖਿਆ ਸੀ। ਮੰਤਰੀ ਮੰਡਲ ਦੀ ਮੀਟਿੰਗ ਵਿਚ ਆਟਾ-ਦਾਲ ਯੋਜਨਾ ਦਾ ਏਜੰਡਾ ਆਇਆ ਵੇਖਕੇ ਛੋਟੇ ਬਾਦਲ ਨੇ ਮੌਕਾ ਹੱਥੋਂ ਨਾ ਜਾਣ ਦਿੱਤਾ। ਮੰਨਿਆ ਜਾਂਦਾ ਹੈ ਕਿ ਖੁਰਾਕ ਤੇ ਸਿਵਲ ਸਪਲਾਈ ਵਿਭਾਗ 'ਤੇ ਸ੍ਰੀ ਕੈਰੋਂ ਦੀ ਮੁਕੰਮਲ ਪਕੜ ਹੋਣ ਕਾਰਨ ਸੁਖਬੀਰ ਬਾਦਲ ਸਮੇਤ ਕਿਸੇ ਵੀ ਮੰਤਰੀ ਦੀ ਸਿਫ਼ਾਰਿਸ਼ ਨਹੀਂ ਚੱਲਦੀ।

### ਫਰਜ਼ੀ ਲਾਭਪਾਤਰੀਆਂ ਦੀ ਗਿਣਤੀ ਵੱਧ

ਇਹ ਚਰਚਾ ਅਕਸਰ ਸੁਣਨ ਨੂੰ ਮਿਲਦੀ ਹੈ ਕਿ ਅਯੋਗ ਵਿਅਕਤੀਆਂ ਨੂੰ ਤਾਂ ਸਸਤਾ ਆਟਾ-ਦਾਲ ਮਿਲ ਰਿਹਾ ਹੈ ਤੇ ਯੋਗ ਇਸ ਸਕੀਮ ਤੋਂ ਵਾਂਝੇ ਰਹਿ ਗਏ ਹਨ। ਪੰਜਾਬ ਵਿਚ 1.41 ਕਰੋੜ ਵਿਅਕਤੀਆਂ ਤੇ 31 ਲੱਖ ਪਰਿਵਾਰਾਂ ਨੂੰ ਇਸ ਯੋਜਨਾ ਅਧੀਨ ਲਿਆ ਗਿਆ ਹੈ। ਸੂਬਾ ਸਰਕਾਰ ਨੇ ਕੌਮੀ ਖੁਰਾਕ ਸੁਰੱਖਿਆ ਕਾਨੂੰਨ ਅਧੀਨ ਚੱਲਦੀ ਇਸ ਯੋਜਨਾ ਨੂੰ ਇਸੇ ਸਾਲ ਜਨਵਰੀ ਵਿਚ ਸ਼ੁਰੂ ਕਰ ਦਿੱਤਾ ਸੀ ਤਾਂ ਜੋ ਲੋਕ ਸਭਾ ਚੋਣਾਂ ਵਿਚ ਲਾਹਾ ਲਿਆ ਜਾ ਸਕੇ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਯੋਜਨਾ ਨੂੰ ਮੁੜ ਤੋਂ ਸ਼ੁਰੂ ਕਰਨ ਲਈ ਕੁਝ ਮਹੀਨੇ ਦਾ ਸਮਾਂ ਲੱਗ ਸਕਦਾ ਹੈ, ਕਿਉਂਕਿ ਦਾਲਾਂ ਦੀ ਖ਼ਰੀਦ ਲਈ ਸਰਕਾਰ ਕੋਲ ਪੈਸੇ ਦੀ ਕਮੀ ਹੈ। ਸਰਕਾਰ ਨੇ ਮਾਲੀ ਸੰਕਟ ਕਾਰਨ ਕਣਕ ਦਾ ਭਾਅ ਇਕ ਰੁਪਏ ਪ੍ਰਤੀ ਕਿਲੋ ਤੋਂ ਵਧਾ ਕੇ ਦੋ ਰੁਪਏ ਤੇ ਦਾਲ ਦਾ ਭਾਅ 20 ਰੁਪਏ ਪ੍ਰਤੀ ਕਿਲੋ ਤੋਂ ਵਧਾ ਕੇ 30 ਰੁਪਏ ਕਰ ਦਿੱਤਾ ਹੈ।

# ਕਤਲੇਆਮ 84: ਪੀੜਤ ਪਰਿਵਾਰਾਂ ਨੂੰ ਰਾਹਤ ਰਾਸ਼ੀ ਜਾਰੀ ਕਰਨ ਦੇ ਹੁਕਮ

**ਚੰਡੀਗੜ੍ਹ:** ਕੇਂਦਰੀ ਘੱਟ ਗਿਣਤੀ ਕਮਿਸ਼ਨ ਨਵੀਂ ਦਿੱਲੀ ਨੇ 1984 ਸਿੱਖ ਕਤਲੇਆਮ ਦੌਰਾਨ ਦਿੱਲੀਓਂ ਉੱਜੜ ਕੇ ਚੰਡੀਗੜ੍ਹ ਆ ਵਸੇ 98 ਪੀੜਿਤ ਪਰਿਵਾਰਾਂ ਦੀ ਰੋਕੀ ਗਈ ਰਾਹਤ ਰਾਸ਼ੀ ਅਦਾ ਕਰਨ ਲਈ ਚੰਡੀਗੜ੍ਹ ਪ੍ਰਸ਼ਾਸਨ ਨੂੰ ਹੁਕਮ ਜਾਰੀ ਕੀਤੇ। ਕਮਿਸ਼ਨ ਨੇ ਪ੍ਰਸ਼ਾਸਨ ਨੂੰ ਹੁਕਮ ਦਿੱਤਾ ਕਿ 98 ਪੀੜਤ ਪਰਿਵਾਰਾਂ ਦੀ ਬਣਦੀ ਰਾਹਤ ਰਾਸ਼ੀ ਮੰਗਵਾਉਣ ਲਈ ਤੁਰੰਤ ਇਨ੍ਹਾਂ ਪਰਿਵਾਰਾਂ ਦੇ ਕੇਸ ਕੇਂਦਰ ਨੂੰ ਭੇਜੇ ਜਾਣ। ਇਸ ਤੋਂ ਇਲਾਵਾ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਵੀ ਪੱਤਰ ਲਿਖਦਿਆਂ ਕਿਹਾ ਹੈ ਕਿ ਇਨ੍ਹਾਂ ਪੀੜਤ ਪਰਿਵਾਰਾਂ ਦੀ ਰਾਸ਼ੀ ਜਾਰੀ

### ਕੁੱਲ 98 ਪੀੜਤ ਪਰਿਵਾਰਾਂ ਨੂੰ ਮਿਲਣੀ ਹੈ ਰਕਮ

ਨਾ ਹੋਣਾ, ਇਨ੍ਹਾਂ ਨਾਲ ਅਨਿਆਂ ਹੈ, ਇਸ ਲਈ ਸੰਬਧਤ ਅਥਾਰਿਟੀਆਂ ਨੂੰ ਰਾਸ਼ੀ ਜਾਰੀ ਕਰਨ ਦੇ ਹੁਕਮ ਜਾਰੀ ਕੀਤੇ ਜਾਣ। ਦਰਅਸਲ, ਚੰਡੀਗੜ੍ਹ ਆ ਵਸੇ ਤਕਰੀਬਨ 200 ਤੋਂ ਵਧੇਰੇ ਪੀੜਤ ਪਰਿਵਾਰਾਂ ਲਈ ਸਾਲ 2009 ਵਿਚ ਕੇਂਦਰ ਤੋਂ ਰਾਹਤ ਰਾਸ਼ੀ ਆਈ ਸੀ। ਕਮਿਸ਼ਨ ਦੇ ਮੈਂਬਰ ਡਾ. ਅਜਾਇਬ ਸਿੰਘ ਨੇ ਦੱਸਿਆ ਕਿ ਚੰਡੀਗੜ੍ਹ ਪ੍ਰਸ਼ਾਸਨ ਨੂੰ ਰਾਸ਼ੀ ਬਾਰੇ ਕੇਸ ਭੇਜਣ ਦਾ ਹੁਕਮ ਜਾਰੀ ਕਰ ਦਿੱਤੇ ਗਏ ਹਨ।

## ਪੰਜਾਬ ਨੂੰ 20 ਕਰੋੜ ਡਾਲਰ ਦਾ ਕਰਜ਼ ਦੇਵੇਗਾ ਏ.ਡੀ.ਬੀ.

**ਨਵੀਂ ਦਿੱਲੀ:** ਏਸ਼ੀਆਈ ਵਿਕਾਸ ਬੈਂਕ ਪੰਜਾਬ ਦੀ ਵਿੱਤੀ ਸਥਿਤੀ ਸੁਧਾਰਨ ਲਈ ਪੰਜਾਬ ਨੂੰ 20 ਕਰੋੜ ਡਾਲਰ ਦਾ ਕਰਜ਼ ਦੇਵੇਗਾ। ਏ.ਡੀ.ਬੀ. ਦੇ ਜਾਰੀ ਬਿਆਨ ਮੁਤਾਬਕ ਏ.ਡੀ.ਬੀ. ਤੇ ਭਾਰਤ ਸਰਕਾਰ ਨੇ 20 ਕਰੋੜ ਡਾਲਰ ਦੇ ਕਰਜ਼ ਕਰਾਰ 'ਤੇ ਦਸਤਖ਼ਤ ਕੀਤੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਦੀ ਮਾੜੀ ਆਰਥਿਕ ਹਾਲਤ ਕਾਰਨ ਜ਼ਿਆਦਾਤਰ ਬੈਂਕ ਕਰਜ਼ੇ ਦੇਣ ਤੋਂ ਵੀ ਹੱਥ ਪਿੱਛੇ ਖਿੱਚ ਰਹੇ ਹਨ। ਇਸ ਫੈਸਲੇ ਨਾਲ ਸਰਕਾਰ ਕਾਫੀ ਰਾਹਤ ਮਹਿਸੂਸ ਕਰ ਰਹੀ ਹੈ।

# ਡੇਰਾ ਮੁਖੀ ਵਲੋਂ ਗਵਾਹ ਬਾਰੇ ਹਾਈਕੋਰਟ ਤੱਕ ਪਹੁੰਚ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਵੱਲੋਂ ਆਪਣੇ ਖ਼ਿਲਾਫ਼ ਹੱਤਿਆ ਤੇ ਜਬਰ ਜਨਾਹ ਦੇ ਮਾਮਲੇ ਵਿਚ ਬਚਾਅ ਪੱਖ ਦੇ ਗਵਾਹ ਪੇਸ਼ ਕਰਨ ਦੀ ਆਗਿਆ ਮੰਗਦਿਆਂ ਹਾਈਕੋਰਟ ਕੋਲ ਪਹੁੰਚ ਕੀਤੀ ਗਈ। ਉਸ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐਸ.ਕੇ. ਗਰਗ ਨਰਵਾਣਾ ਨੇ ਕਿਹਾ ਕਿ ਉਹ ਗਵਾਹ ਦੀ ਸੂਚੀ ਤੋਂ ਇਲਾਵਾ ਆਪਣੇ ਪੱਖ ਦੇ ਗਵਾਹ ਵੀ ਪੇਸ਼ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਦੇ ਗਵਾਹਾਂ ਦੀ ਸੂਚੀ ਹੌਲੀ-ਹੌਲੀ ਖ਼ਤਮ ਕੀਤੀ ਜਾ ਰਹੀ ਹੈ ਜਿਸ ਕਰਕੇ ਉਨ੍ਹਾਂ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ ਜਾਵੇ।

ਇਸ ਪਟੀਸ਼ਨ ਨੂੰ ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਕੋਲ ਸੂਚੀਬੱਧ ਕੀਤਾ ਗਿਆ ਪਰ ਜਸਟਿਸ ਗਰੇਵਾਲ ਖ਼ੁਦ ਵਕੀਲ ਹੁੰਦਿਆਂ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਕੇਸਾਂ ਦੀ ਪੈਰਵੀ ਕਰ ਚੁੱਕੇ ਹਨ ਜਿਸ ਸਦਕਾ ਉਨ੍ਹਾਂ ਖ਼ੁਦ ਨੂੰ ਇਸ ਕੇਸ ਦੀ ਸੁਣਵਾਈ ਤੋਂ ਵੱਖ ਕਰਦਿਆਂ ਦੂਜੇ ਬੈਂਚ ਨੂੰ ਰੈਫ਼ਰ ਕਰਨ ਦੀ ਸਿਫ਼ਾਰਿਸ਼ ਕਰ ਦਿੱਤੀ।



# ਵੱਡੇ ਸਾਹਿਬਾਂ ਦੀ ਮਿਹਰ ਸਦਕਾ ਟੈਕਸ ਚੋਰਾਂ ਦੇ ਵਾਰੇ ਨਿਆਰੇ

**ਬਠਿੰਡਾ:** ਪੰਜਾਬ ਵਿਚ ਟੈਕਸ ਚੋਰੀ ਦਾ ਕਾਰੋਬਾਰ ਖੂਬ ਵਧ ਫੁੱਲ ਰਿਹਾ ਹੈ ਤੇ ਟੈਕਸ ਤੋਂ ਹੋਣ ਵਾਲੀ ਕਮਾਈ ਖਜ਼ਾਨੇ ਵਿਚ ਜਾਣ ਤੋਂ ਪਹਿਲਾਂ ਹੀ ਵੰਡ ਲਈ ਜਾਂਦੀ ਹੈ। ਵੱਡੇ ਅਫਸਰ ਤੇ ਸਿਆਸੀ ਆਗੂ ਟੈਕਸ ਚੋਰਾਂ ਦੀ ਢਾਲ ਬਣਦੇ ਹਨ। ਫਿਰੋਜ਼ਪੁਰ ਦੇ ਡਿਵੀਜ਼ਨਲ ਟੈਕਸ ਤੇ ਆਬਕਾਰੀ ਕਮਿਸ਼ਨਰ (ਅਪੀਲ) ਕੈਪਟਨ ਵਾਈ.ਐਸ. ਮਾਟਾ ਨੇ ਪੰਜਾਬ ਦੇ ਟੈਕਸ ਤੇ ਆਬਕਾਰੀ ਕਮਿਸ਼ਨਰ ਨੂੰ ਈ-ਮੇਲ ਭੇਜ ਕੇ ਇਸ ਧੰਦੇ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਨੇ ਦਰਜਨਾਂ ਸਕੈਂਡਲਾਂ ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਕਿਵੇਂ ਇਹ ਸਕੈਂਡਲ ਰਾਤੋ-ਰਾਤ ਦਬਾ ਦਿੱਤੇ ਗਏ, ਜਿਸ ਨਾਲ ਖ਼ਜ਼ਾਨੇ ਨੂੰ ਕਰੋੜਾਂ ਰੁਪਏ ਦਾ ਧੱਕਾ ਲੱਗਾ।

ਦੱਸਣਯੋਗ ਹੈ ਕਿ ਆਬਕਾਰੀ ਤੇ ਟੈਕਸੇਸ਼ਨ ਵਿਭਾਗ ਵੱਲੋਂ ਹੁਣੇ ਹੀ ਇਕ ਨਵੀਂ ਸਕੀਮ ਲਾਂਚ ਕੀਤੀ ਗਈ ਸੀ, ਜਿਸ ਤਹਿਤ ਵਿਭਾਗ ਦਾ ਛੋਟੇ ਤੋਂ ਲੈ ਕੇ ਵੱਡੇ ਅਧਿਕਾਰੀ ਤੱਕ, ਕੋਈ ਵੀ ਵਿਭਾਗ ਨੂੰ ਟੈਕਸ ਵਾਧੇ ਤੇ ਟੈਕਸ ਚੋਰੀ ਰੋਕਣ ਬਾਰੇ ਆਪਣਾ ਨਵਾਂ ਵਿਚਾਰ ਈ-ਮੇਲ ਕਰ ਸਕਦਾ ਹੈ। ਪਹਿਲੇ ਨੰਬਰ ਵਾਲੇ ਵਿਚਾਰ ਨੂੰ ਇਕ ਲੱਖ ਤੇ ਦੂਜੇ ਨੰਬਰ ਵਾਲੇ ਸਰਵੋਤਮ ਵਿਚਾਰ ਨੂੰ ਪੰਜਾਹ ਹਜ਼ਾਰ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਸੀ। ਇਕ ਅਜਿਹੀ ਈ-ਮੇਲ ਵਿਚ ਡਿਵੀਜ਼ਨਲ ਕਮਿਸ਼ਨਰ ਨੇ ਆਪਣੇ ਹੀ ਵਿਭਾਗ ਦਾ 'ਢਿੱਡ ਨੰਗਾ' ਕਰ ਦਿੱਤਾ ਹੈ। ਡਿਵੀਜ਼ਨਲ ਕਮਿਸ਼ਨਰ ਨੇ ਲਿਖਿਆ ਹੈ ਕਿ ਉਸ ਨੇ ਟੈਕਸ ਚੋਰੀ ਦੇ ਕਈ ਵੱਡੇ ਸਕੈਂਡਲ ਫੜੇ।

ਵਿਭਾਗ ਨੇ ਸਕੈਂਡਲ ਫੜਨ ਵਾਲੀ ਟੀਮ ਦੀ ਕੋਈ ਕਦਰ ਨਹੀਂ ਪਾਈ ਤੇ ਟੈਕਸ ਚੋਰਾਂ ਤੋਂ ਟੈਕਸ ਵੀ ਨਹੀਂ ਵਸੂਲਿਆ। ਉਨ੍ਹਾਂ ਲਿਖਿਆ ਕਿ ਉਨ੍ਹਾਂ ਨੂੰ ਉੱਚ ਅਫਸਰਾਂ, ਪੁਲਿਸ ਅਫਸਰਾਂ ਤੇ ਸਿਆਸੀ ਨੇਤਾਵਾਂ ਦੇ ਦਬਾਅ ਝੱਲਣੇ ਪਏ ਹਨ ਪਰ ਉਨ੍ਹਾਂ ਨੇ ਹੌਸਲਾ ਨਾ ਹਾਰਿਆ। ਉਨ੍ਹਾਂ ਨੇ ਹਲਦੀਰਾਮ, ਕਿਰਲੋਸਕਰ, ਮਿਲਕਫੂਡ, ਟਿੰਬਰ ਟਰੇਡ ਤੇ ਬਠਿੰਡਾ ਕੈਮੀਕਲਜ਼ ਦਾ ਹਵਾਲਾ ਦੇ ਕੇ ਟੈਕਸ ਸਕੈਂਡਲਾਂ ਦੀ ਗੱਲ ਕੀਤੀ ਹੈ। ਉਨ੍ਹਾਂ ਲਿਖਿਆ ਕਿ ਸਿਰਫ਼ ਇਕ ਮਾਮਲੇ ਨੂੰ ਛੱਡ ਕੇ ਬਾਕੀ ਕਿਸੇ ਵੀ ਮਾਮਲੇ ਵਿਚ ਕੋਈ ਟੈਕਸ ਵਸੂਲੀ ਨਹੀਂ ਕੀਤੀ ਗਈ। ਡਿਵੀਜ਼ਨਲ ਕਮਿਸ਼ਨਰ ਨੇ ਬਠਿੰਡਾ ਵਿਚ ਹੋਏ 4115 ਕਰੋੜ ਦੇ ਸਕੈਂਡਲ ਦੀ ਗਲ ਵੀ ਕੀਤੀ ਹੈ, ਜਿਸ ਵਿਚ ਰੇਲਵੇ ਰਾਹੀਂ ਦਿੱਲੀ ਤੋਂ ਮਾਲ ਲਿਆ ਕੇ ਟੈਕਸ ਚੋਰੀ ਕੀਤੀ ਜਾਂਦੀ ਸੀ। ਪੰਜਾਬ ਵਿਚੋਂ ਬਾਹਰ ਜਾਂਦੇ ਮਾਲ ਵਿਚ ਹੁੰਦੀ ਟੈਕਸ ਚੋਰੀ ਦੀ ਸੂਚਨਾ ਵਿਭਾਗ ਨੂੰ ਦਿੱਤੀ ਗਈ ਸੀ।

ਰਿਜਨਲ ਇਕਨੌਮਿਕ ਇਟੈਲੀਜੈਂਸ ਕੌਂਸਲ ਨੇ ਮਾਟਾ ਤੋਂ ਇਸ ਸਕੈਂਡਲ ਦੀ ਸੂਚਨਾ ਮੰਗੀ ਸੀ ਪਰ ਆਬਕਾਰੀ ਤੇ ਟੈਕਸੇਸ਼ਨ ਵਿਭਾਗ ਦੇ ਉੱਚ ਅਫਸਰਾਂ ਨੇ ਇਹ ਸੂਚਨਾ, ਕੌਂਸਲ ਨੂੰ ਨਾ ਦੇਣ ਲਈ ਆਖਿਆ। ਉਨ੍ਹਾਂ ਲਿਖਿਆ ਹੈ ਕਿ ਉਨ੍ਹਾਂ ਨੇ ਇਸ ਸਕੈਂਡਲ ਦੀ ਸਾਰੀ ਸੂਚਨਾ ਵਿਭਾਗ ਦੇ ਉੱਚ ਅਫਸਰਾਂ ਨੂੰ ਭੇਜ ਦਿੱਤੀ, ਜਿਨ੍ਹਾਂ ਨੇ ਕੌਂਸਲ ਨਾਲ ਹੋਈ ਮੀਟਿੰਗ ਵਿਚ ਵੀ ਸਕੈਂਡਲ ਦੀ ਸੂਚਨਾ ਸਾਂਝੀ ਨਾ ਕੀਤੀ। ਡਿਵੀਜ਼ਨਲ ਕਮਿਸ਼ਨਰ ਨੇ ਹੁਣ ਫਿਰੋਜ਼ਪੁਰ ਵਿਚ ਇਕ ਵੱਡਾ ਘਪਲਾ ਹੋਣ ਦੀ ਗੱਲ ਵੀ ਉਠਾਈ ਹੈ, ਜਿਸ ਵਿਚ ਉਨ੍ਹਾਂ ਨੇ ਸਹਾਇਕ ਕਰ ਤੇ ਆਬਕਾਰੀ ਕਮਿਸ਼ਨਰ, ਫਿਰੋਜ਼ਪੁਰ ਦੀ ਭੂਮਿਕਾ 'ਤੇ ਵੀ ਉਂਗਲ ਉਠਾਈ ਹੈ। ਉਨ੍ਹਾਂ ਸ਼ੱਕ ਜ਼ਾਹਿਰ ਕੀਤਾ ਹੈ ਕਿ ਇਸ ਸਕੈਂਡਲ ਵਿਚ ਵਿਭਾਗ ਦੇ ਅਫ਼ਸਰਾਂ ਦੀ ਮਿਲੀ-ਭੁਗਤ ਵੀ ਹੋ ਸਕਦੀ ਹੈ। ਉਨ੍ਹਾਂ ਨੇ ਦੋ ਸ਼ੈਲਰ ਮਾਲਕਾਂ ਵੱਲੋਂ ਚਾਰ ਕੇਸਾਂ ਵਿਚ ਜਾਅਲੀ ਬਿੱਲਾਂ ਦੇ ਆਧਾਰ 'ਤੇ ਆਈ.ਟੀ.ਸੀ. ਇਕੱਠਾ ਕੀਤਾ ਦਿਖਾਇਆ ਹੈ।

ਇਹ ਕੇਸ ਜਦੋਂ ਡਿਵੀਜ਼ਨਲ ਕਮਿਸ਼ਨਰ ਕੋਲ ਅਪੀਲ ਵਿਚ ਆਇਆ ਤਾਂ ਉਦੋਂ ਪਰਦਾ ਉਠਿਆ। ਜਾਅਲੀ ਬਿੱਲਾਂ ਤੇ ਜਾਅਲੀ ਟਰਾਂਜ਼ੈਕਸ਼ਨ ਵਾਲਾ ਮਾਮਲਾ ਹੈ, ਜਿਸ ਵਿਚ ਵੱਡੀ ਪੱਧਰ 'ਤੇ ਟੈਕਸ ਚੋਰੀ ਹੋਈ ਹੈ। ਇਸ ਕੇਸ ਵਿਚ ਅਪੀਲ ਕਰਨ ਤੋਂ ਪਹਿਲਾਂ ਸਬੰਧਤ ਧਿਰਾਂ ਨੇ 25 ਫੀਸਦੀ ਰਕਮ ਵੀ ਜਮ੍ਹਾਂ ਨਹੀਂ ਕਰਾਈ। ਉਧਰ ਮੁੱਖ ਸੰਸਦੀ ਸਕੱਤਰ (ਕਰ ਤੇ ਆਬਕਾਰੀ) ਸਰੂਪ ਚੰਦ ਸਿੰਗਲਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਧਿਆਨ ਵਿਚ ਕਿਸੇ ਅਧਿਕਾਰੀ ਵੱਲੋਂ ਅਜਿਹਾ ਕੋਈ ਮਾਮਲਾ ਨਹੀਂ ਲਿਆਂਦਾ ਗਿਆ। ਜੇਕਰ ਕਿਤੇ ਕੋਈ ਗੜਬੜ ਹੋਈ ਹੈ ਤਾਂ ਅਧਿਕਾਰੀ ਉਸ ਬਾਰੇ ਦੱਸਣ। ਸਰਕਾਰ ਟੈਕਸ ਚੋਰੀ ਰੋਕਣ ਵਾਸਤੇ ਪੂਰੀ ਤਰ੍ਹਾਂ ਸੁਹਿਰਦ ਹੈ ਤੇ ਕਿਸੇ ਨਾਲ ਕੋਈ ਰਿਆਇਤ ਨਾ ਕੀਤੀ ਗਈ ਹੈ ਤੇ ਨਾ ਕੀਤੀ ਜਾਵੇਗੀ।

### ਖਜ਼ਾਨੇ 'ਚ ਜਾਣ ਤੋਂ ਪਹਿਲਾਂ ਹੀ ਵੰਡ ਲਈ ਜਾਂਦੀ ਹੈ ਕਮਾਈ



# ਗੀਤਕਾਰੀ ਮੰਚ ਵਲੋਂ ਸੰਤ ਰਾਮ ਉਦਾਸੀ ਦੀ ਯਾਦ 'ਚ ਸਮਾਗਮ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਵਲੋਂ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਰੀਓ ਲਿੰਡਾ ਵਿਖੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਮਰਹੂਮ ਗਾਇਕ ਲਾਲ ਚੰਦ ਯਮਲਾ ਜੱਟ ਦੇ ਪੁੱਤਰ ਜਸਦੇਵ ਯਮਲ ਨਾਲ ਰੂਬਰੂ ਸਮਾਗਮ ਕੀਤਾ ਗਿਆ।

ਸਮਾਗਮ ਦਾ ਆਗਾਜ਼ ਕਰਦਿਆਂ ਮੰਚ ਦੇ ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ ਨੇ ਕਿਹਾ ਕਿ ਮਰਹੂਮ ਪ੍ਰਸਿਧ ਇਨਕਾਲਬੀ ਕਵੀ ਸੰਤ ਰਾਮ ਉਦਾਸੀ ਦੀ ਸ਼ਾਇਰੀ ਤੇ ਗਾਇਕੀ ਲੁੱਟੇ ਤੇ ਕੁੱਟੇ ਜਾ ਰਹੇ ਲੋਕਾਂ ਨੂੰ ਲੋਕ-ਪੱਖੀ ਅਗਾਂਹਵਧੂ ਲਹਿਰਾਂ ਨਾਲ ਜੋੜਦੀ ਹੈ। ਉਨ੍ਹਾਂ ਕਿਹਾ ਕਿ ਉਦਾਸੀ ਨੂੰ ਸੱਚੀ ਸ਼ਰਧਾਂਜਲੀ ਇਹੋ ਹੈ ਕਿ ਜਾਤਾਂ-ਪਾਤਾਂ ਵਿਚ ਵੰਡੇ ਸਮਾਜ ਤੇ ਕਿਰਤੀ ਵਰਗ ਨੂੰ ਉਸ ਦੀ ਲੋਕ ਸੰਘਰਸ਼ ਨਾਲ ਜੋੜਨ ਵਾਲੀ ਸੋਚ ਨੂੰ ਬਚਾਇਆ ਜਾਵੇ। ਸਮਾਗਮ ਦੀ ਰੂਬਰੂ ਕੜੀ ਸਬੰਧੀ ਵਿਚਾਰ ਰੱਖਦਿਆਂ ਸ੍ਰੀ ਕੰਮੇਆਣਾ ਨੇ ਕਿਹਾ ਕਿ ਤੂੰਬੀ ਪੰਜਾਬੀਆਂ ਦਾ ਹਰਮਨ ਪਿਆਰਾ ਮੁਕੰਮਲ ਸਾਜ਼ ਹੈ।

ਇਸ ਮੌਕੇ ਸ਼ਾਇਰ ਸੁਖਵਿੰਦਰ ਕੰਬੋਜ਼ ਨੇ ਕਿਹਾ ਕਿ ਕਿਰਤੀ ਵਰਗ ਵਿਚ ਪੈਦਾ ਹੋਏ ਕੰਮੀਆਂ ਦੇ ਵਿਹੜੇ ਦੇ ਸੂਰਜ ਉਦਾਸੀ ਨੇ ਆਪਣੀ ਕਲਮ, ਆਵਾਜ਼ ਤੇ ਆਪਣਾ ਸਭ ਕੁਝ ਲੋਕ ਸੰਘਰਸ਼ ਤੋਂ ਵਾਰ ਦਿੱਤਾ। ਪੰਜਾਬ ਟਾਈਮਜ਼ ਦੇ ਕਾਲਮਨਵੀਸ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਲੱਚਰ ਤੇ ਲਫੰਡਰ ਕਿਸਮ ਦੀ ਗਾਇਕੀ ਠੱਲ੍ਹ ਪਾਉਣ ਲਈ ਸੰਤ ਰਾਮ ਉਦਾਸੀ ਤੇ ਲਾਲ ਚੰਦ ਯਮਲਾ ਜੱਟ ਵਰਗੇ ਸਮਾਜ ਤੇ ਸਭਿਆਚਾਰ ਨੂੰ ਸਮਝਣ ਵਾਲੇ ਗਾਇਕਾਂ ਦੀ ਲੋੜ ਹੈ। ਲੇਖਕ ਮੋਹਨ ਰਾਮ ਪਾਲ ਨੇ ਕਿਹਾ ਕਿ ਗੀਤਕਾਰਾਂ ਨੂੰ ਸਮਾਜ ਦੀ ਸਾਂਝੀਵਾਲਤਾ ਦੇ ਗੀਤ ਲਿਖਣੇ ਚਾਹੀਦੇ ਹਨ। ਗੁਰਦੁਆਰਾ ਰੀਓ ਲਿੰਡਾ ਦੇ ਚੇਅਰਮੈਨ ਜੱਸੀ ਬੰਗਾ ਅਤੇ ਡਾ. ਅਮਰੀਕ ਸਿੰਘ ਨੇ ਵੀ ਸੰਬੋਧਨ ਕੀਤਾ। ਗਾਇਕ ਜਸਦੇਵ ਯਮਲਾ ਨੇ ਕਿਹਾ ਕਿ ਆਪਣੇ ਪੁਰਖਿਆਂ ਤੋਂ ਸਿੱਖ ਹੋਏ ਸੰਗੀਤ ਦੀ ਬਦੌਲਤ ਉਹ ਤੂੰਬੀ ਨੂੰ ਲੋਕ ਗੀਤਾਂ ਤੋਂ ਲੈ ਕੇ ਸਾਸ਼ਤਰੀ ਸੰਗੀਤ ਤੱਕ ਸੁਰਬੱਧ ਕਰਕੇ ਹਰ ਛੰਦ ਤੇ ਹਰ ਰਾਗ ਨਾਲ ਵਜਾ ਸਕਦਾ ਹੈ। ਗਜ਼ਲਗੋ ਕੁਲਵਿੰਦਰ ਤੇ ਕਮਲਦੇਵ ਪਾਲ ਨੇ ਆਪਣੀਆਂ ਗਜ਼ਲਾਂ ਤੇ ਸ਼ੇਅਰਾਂ ਨਾਲ ਵਾਹ ਵਾਹ ਖੱਟੀ। ਮੰਚ ਸੰਚਾਲਨ ਕਰਦਿਆਂ ਮੰਚ ਦੇ ਪ੍ਰਧਾਨ ਗੀਤਕਾਰ ਮੱਖਣ ਲੁਹਾਰ ਨੇ ਪਹੁੰਚੇ ਕਵੀਆਂ, ਲੇਖਕਾਂ ਅਤੇ ਬੁਲਾਰਿਆਂ ਨੂੰ ਪੇਸ਼ ਕਰਦਿਆਂ ਸਮਾਗਮ ਨੂੰ ਇਕ ਲੜੀ ਵਿਚ ਪਰੋਈ ਰੱਖਿਆ।

ਇਸ ਮੌਕੇ ਸਥਾਨਕ ਗਾਇਕ ਗੋਗੀ ਸੰਧੂ, ਤਰਲੋਕ ਸਿੰਘ, ਸੱਤੀ ਪਾਬਲਾ, ਮੰਗਜੀਤ ਮੰਗਾ, ਜੀਵਨ ਰੱਤੂ ਤੇ ਜਸਵਿੰਦਰ ਮਦਾੜ ਨੇ ਆਪਣੀ ਗਾਇਕੀ ਰਾਹੀਂ ਹਾਜ਼ਰੀਨ ਦਾ ਮਨੋਰੰਜਨ ਕੀਤਾ। ਸਮਾਗਮ ਦੌਰਾਨ ਪੰਜਾਬੀ ਗੀਤਕਾਰੀ ਮੰਚ ਅਤੇ ਵਿਪਸਾ ਨੇ ਜਸਦੇਵ ਯਮਲਾ ਦਾ ਸਨਮਾਨ ਕਰਦਿਆਂ ਨਕਦ ਰਾਸ਼ੀ ਭੇਟ ਕੀਤੀ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਹੋਰਨਾਂ ਤੋਂ ਇਲਾਵਾ ਅਮਰ ਦੜੌਚ, ਰਾਜ ਕੁਮਾਰ ਸੂਦ, ਜੀਵਨ ਰੱਤੂ, ਰਮੇਸ਼ ਬੰਗੜ, ਦੀਪਕ ਸਰੋਏ, ਗੁਰਦੇਵ ਸਿੰਘ ਘਣਗਸ, ਤਾਰਾ ਸਿੰਘ ਸਾਗਰ, ਹਰਬੰਸ ਰੱਲ੍ਹ, ਸੁਨੀਤਾ ਸਰੋਏ, ਕਮਲਜੀਤ ਕੌਰ, ਜਸਵੰਤ ਸ਼ੀਮਾਰ ਅਤੇ ਨਾਨਕ ਸਿੰਘ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।




*ਜਸਦੇਵ ਯਮਲਾ ਦਾ ਸਨਮਾਨ ਕਰਦੇ ਹੋਏ ਗੀਤਕਾਰੀ ਮੰਚ ਦੇ ਅਹੁਦੇਦਾਰ ਤੇ ਹੋਰ ਪਤਵੰਤੇ*

## ਹੋਸਨੀ ਮੁਬਾਰਕ ਮੁਜ਼ਾਹਰਾਕਾਰੀਆਂ ਦੀਆਂ ਹੱਤਿਆਵਾਂ ਦੇ ਦੋਸ਼ਾਂ ਤੋਂ ਬਰੀ

**ਕਾਹਿਰਾ:** ਮਿਸਰ ਦੀ ਇਕ ਅਦਾਲਤ ਨੇ ਫੈਸਲਾ ਸੁਣਾਇਆ ਕਿ ਗੱਦੀਓਂ ਲਾਹੇ ਰਾਸ਼ਟਰਪਤੀ ਹੋਸਨੀ ਮੁਬਾਰਕ ਤੇ ਉਸ ਦੇ ਵਜ਼ਾਰਤੀ ਸਾਥੀ ਜਨਵਰੀ 2011 ਦੇ ਇਨਕਲਾਬ ਦੌਰਾਨ ਮੁਜ਼ਾਹਰਾਕਾਰੀਆਂ ਦੇ ਕਤਲੇਆਮ ਲਈ ਕਸੂਰਵਾਰ ਨਹੀਂ ਸਨ।

ਕਾਹਿਰਾ ਦੀ ਫ਼ੌਜਦਾਰੀ ਅਦਾਲਤ ਵਿਚ ਮੁਬਾਰਕ 'ਤੇ ਮੁਕੱਦਮਾ ਚੱਲ ਰਿਹਾ ਸੀ, ਜਿਥੇ ਮੁਬਾਰਕ, ਉਸ ਦੇ ਸਾਬਕਾ ਗ੍ਰਹਿ ਮੰਤਰੀ ਹਬੀਬ ਅਲ-ਅਦਲੀ ਤੇ ਛੇ ਹੋਰਨਾਂ 'ਤੇ ਮੁਜ਼ਾਹਰਾਕਾਰੀਆਂ ਦੀਆਂ ਹੱਤਿਆਵਾਂ ਕਰਾਉਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਨ। ਮੁਬਾਰਕ ਤੇ ਉਸ ਦੇ ਸਾਥੀਆਂ ਨੂੰ ਜੂਨ 2012 ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

## ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਮਨਾਇਆ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕ ਪ੍ਰਕਾਸ਼ ਵਿਖੇ ਪਿਛਲੇ ਦਿਨੀਂ ਸ੍ਰੀ ਗੁਰੂ ਤੇਗ ਬਹਾਦਰ ਦਾ ਸ਼ਹੀਦੀ ਪੁਰਬ ਸ਼ਰਧਾ ਨਾਲ ਮਨਾਇਆ ਗਿਆ। ਹਫਤਾਵਾਰੀ ਦੀਵਾਨ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਉਨ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ 'ਤੇ ਝਾਤ ਵੀ ਪਾਈ। ਛੋਟੇ ਬੱਚਿਆਂ ਨੇ ਵੀ ਕੀਰਤਨ ਕੀਤਾ। ਕਥਾਵਾਚਕ ਭਾਈ ਅਜੈਬ ਸਿੰਘ ਕਰਨਾਲ




ਦੌਰਾਨ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਸਹੀਦ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੀ ਅਦੁਤੀ ਸ਼ਹਾਦਤ ਅੱਗੇ ਵੀ ਸੰਗਤਾਂ ਨੇ ਸ਼ਰਧਾ ਦੇ ਫੁਲ ਭੇਟ ਕੀਤੇ।

ਇਸ ਮੌਕੇ ਗੁਰੂ ਘਰ ਦੇ ਮੁਖ ਸੇਵਾਦਾਰ ਭਾਈ ਅਵਤਾਰ ਸਿੰਘ ਦੇ ਕੀਰਤਨੀਏ ਜਥੇ ਨੇ ਨੇ ਸਿੱਖ ਇਤਿਹਾਸ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ। ਸਹੋਤਾ ਪਰਿਵਾਰ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ। ਜ਼ਿਕਰਯੋਗ ਹੈ ਕਿ ਹਰ ਬੁਧਵਾਰ ਇਸ ਗੁਰੂ ਘਰ ਅੰਦਰ ਪੀਜ਼ੇ ਦਾ ਤਾਜ਼ਾ ਲੰਗਰ ਤਿਆਰ ਕੀਤਾ ਜਾਂਦਾ ਹੈ ਅਤੇ ਪੀਜ਼ਾ ਤਿਆਰ ਕਰਨ ਲਈ ਮਸ਼ੀਨਾਂ ਵੀ ਗੁਰੂ ਘਰ ਦੇ ਲੰਗਰ ਹਾਲ ਵਿਚ ਹੀ ਲੱਗੀਆਂ ਹੋਈਆਂ ਹਨ।

## 'ਪਰਸਨ ਆਫ ਦਾ ਯੀਅਰ' ਦੀ ਦੌੜ ਵਿਚ ਮੋਦੀ ਦੂਜੀ ਥਾਂ 'ਤੇ ਖਿਸਕੇ

**ਨਵੀਂ ਦਿੱਲੀ:** ਟਾਈਮ ਮੈਗਜ਼ੀਨ ਦੀ 'ਪਰਸਨ ਆਫ ਦਾ ਯੀਅਰ' ਦੀ ਸੂਚੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪਹਿਲੇ ਨੰਬਰ ਤੋਂ ਦੂਸਰੇ ਨੰਬਰ 'ਤੇ ਖਿਸਕ ਗਏ ਹਨ। ਉਨ੍ਹਾਂ ਨੂੰ ਪਿੱਛੇ ਛੱਡ ਕੇ ਪਹਿਲੇ ਨੰਬਰ 'ਤੇ ਫਰਗਯੂਸਨ ਪ੍ਰੋਟੇਸਟਰਸ ਆਏ ਹਨ।



ਟਾਈਮ ਮੈਗਜ਼ੀਨ ਨੇ ਇਕ ਲੇਖ ਦੇ ਜਰੀਏ ਦੱਸਿਆ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਨਵੇਂ ਪ੍ਰਧਾਨ ਮੰਤਰੀ ਹੁਣ ਦੂਜੇ ਨੰਬਰ 'ਤੇ ਆ ਗਏ ਹਨ। ਤਾਜ਼ਾ ਰਿਪੋਰਟ ਮੁਤਾਬਕ ਮੋਦੀ ਨੂੰ ਟਾਈਮ ਮੈਗਜ਼ੀਨ ਦੇ ਪਾਠਕਾਂ ਦੀਆਂ 9.8 ਫੀਸਦੀ ਵੋਟਾਂ ਮਿਲੀਆਂ ਹਨ। ਜਦੋਂਕਿ ਅਮਰੀਕਾ ਵਿਚ ਇਕ ਗੋਰੇ ਪੁਲਿਸ ਅਧਿਕਾਰੀ ਵੱਲੋਂ ਇਕ ਨਿਹੱਥੇ ਕਾਲੇ ਨਾਗਰਿਕ ਦੀ ਹੱਤਿਆ ਦਾ ਵਿਰੋਧ ਕਰ ਰਹੇ 'ਫਰਗੂਸਨ ਪ੍ਰੋਟੇਸਟਰਸ' 10.8 ਫੀਸਦੀ ਵੋਟਾਂ ਨਾਲ ਪਹਿਲੇ ਨੰਬਰ 'ਤੇ ਆ ਗਏ ਹਨ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਪੰਜਾਬ ਟਾਈਮਜ਼

ਸਨਿਚਰਵਾਰ, 6 ਦਸੰਬਰ 2014

## ਪੰਜਾਬ ਨੂੰ ਨਵੀਆਂ ਵੰਗਾਰਾਂ

ਪੰਜਾਬ ਵਿਚ ਇਕ ਹੋਰ ਨਵੀਂ ਅਲਾਮਤ ਉਭਰ ਆਈ ਹੈ ਜਿਸ ਨੇ ਹਰ ਸੰਜੀਦਾ ਪੰਜਾਬੀ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਨਸ਼ੇੜੀ ਹੁਣ ਲਾਇਲਾਜ ਵਾਇਰਸ ਐਚ.ਆਈ.ਵੀ.-ਪਾਜ਼ੇਟਿਵ ਦੀ ਲਪੇਟ ਵਿਚ ਆ ਰਹੇ ਹਨ। ਐਚ.ਆਈ.ਵੀ. ਅਜਿਹਾ ਵਾਇਰਸ ਹੈ ਜਿਹੜਾ ਲਾਗ ਤੋਂ ਫੈਲਦਾ ਹੈ ਅਤੇ ਫਿਰ ਏਡਜ਼ ਨਾਂ ਦੀ ਘਾਤਕ ਬਿਮਾਰੀ ਦਾ ਜ਼ਰੀਆ ਬਣਦਾ ਹੈ। ਇਸ ਵੇਲੇ ਐਚ.ਆਈ.ਵੀ. ਦੇ ਜਿੰਨੇ ਕੇਸ ਪੰਜਾਬ ਵਿਚ ਰਿਪੋਰਟ ਹੋ ਰਹੇ ਹਨ, ਉਨ੍ਹਾਂ ਵਿਚੋਂ 21 ਫੀਸਦੀ, ਨਸ਼ੇ ਕਰਨ ਵਾਲਿਆਂ ਦੇ ਹੁੰਦੇ ਹਨ। ਅਕਤੂਬਰ 2014 ਦੇ ਅੰਕੜਿਆਂ ਮੁਤਾਬਕ ਸੂਬੇ ਵਿਚ ਐਚ.ਆਈ.ਵੀ. ਵਾਲੇ ਮਰੀਜ਼ਾਂ ਦੀ ਗਿਣਤੀ 43 ਹਜ਼ਾਰ ਤੋਂ ਵੱਧ ਹੈ। ਮੌਤਾਂ ਦੀ ਗਿਣਤੀ 4 ਹਜ਼ਾਰ ਦੇ ਕਰੀਬ ਪੁੱਜ ਗਈ ਹੈ ਜਿਨ੍ਹਾਂ ਵਿਚੋਂ 60 ਫੀਸਦੀ ਮਰਦ, 35 ਫੀਸਦੀ ਔਰਤਾਂ ਅਤੇ ਬਾਕੀ ਬੱਚੇ ਹਨ। ਸਿਹਤ ਦੇ ਖੇਤਰ ਨਾਲ ਜੁੜੇ ਲੋਕਾਂ ਮੁਤਾਬਕ ਪੰਜਾਬ ਬਾਰੇ ਇਹ ਅੰਕੜੇ ਹੈਰਾਨ ਕਰਨ ਵਾਲੇ ਹਨ ਅਤੇ ਜੇ ਹੁਣ ਤੋਂ ਹੀ ਇਸ ਬਾਰੇ ਕੋਈ ਚਾਰਾਜੋਈ ਨਾ ਕੀਤੀ ਗਈ ਤਾਂ ਐਚ.ਆਈ.ਵੀ. ਪ੍ਰਭਾਵਿਤ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵਧੇਗੀ। ਐਚ.ਆਈ.ਵੀ. ਬਾਰੇ ਇਹ ਅੰਕੜੇ ਨਸ਼ਰ ਹੋਣ ਤੋਂ ਪਹਿਲਾਂ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਨਸ਼ਿਆਂ ਦੀ ਅਲਾਮਤ ਦੀ ਅਗਲੀ ਮਾਰ, ਇਸ ਬਿਮਾਰੀ ਦੇ ਰੂਪ ਵਿਚ ਪ੍ਰਗਟ ਹੋਵੇਗੀ। ਅਸਲ ਵਿਚ ਨਸ਼ਿਆਂ ਨੇ ਜਿਸ ਢੰਗ ਨਾਲ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ, ਉਸ ਤੋਂ ਇਹ ਸੂਹਾਂ ਤਾਂ ਮਿਲ ਹੀ ਰਹੀਆਂ ਸਨ ਕਿ ਗੱਲ ਸਿਰਫ ਨਸ਼ਿਆਂ ਤੱਕ ਹੀ ਨਹੀਂ ਰੁਕਣੀ। ਇਸ ਦੀ ਮਾਰ ਅਗਾਂਹ ਹੋਰ ਖੇਤਰਾਂ ਤੱਕ ਵੀ ਜਾਣੀ ਹੈ। ਪ੍ਰੇਸ਼ਾਨ ਕਰਨ ਵਾਲਾ ਤੱਥ ਇਹ ਹੈ ਕਿ ਸਰਕਾਰ ਅਜੇ ਵੀ ਨਸ਼ਿਆਂ ਦੀ ਰੋਕਥਾਮ ਲਈ ਸੰਜੀਦਾ ਨਹੀਂ ਹੈ। ਸੂਬੇ ਦਾ ਬੱਚਾ-ਬੱਚਾ ਅੱਜ ਜਾਣਦਾ ਹੈ ਕਿ ਨਸ਼ਿਆਂ ਦਾ ਕਾਰੋਬਾਰ ਸਿਆਸਤਦਾਨਾਂ, ਪੁਲਿਸ ਅਤੇ ਅਪਰਾਧਕ ਪਿਛੋਕੜ ਵਾਲੀ ਤਿੱਕੜੀ ਵੱਲੋਂ ਧੜੱਲੇ ਨਾਲ ਚਲਾਇਆ ਜਾ ਰਿਹਾ ਹੈ। ਪਹਿਲਾਂ ਇਸ ਕਾਰੋਬਾਰ ਵਿਚ ਪੁਲਿਸ ਅਤੇ ਅਪਰਾਧਕ ਪਿਛੋਕੜ ਵਾਲੇ ਲੋਕ ਹੀ ਮੋਟੇ ਰੂਪ ਵਿਚ ਸ਼ਾਮਲ ਸਨ, ਪਰ ਜਦੋਂ ਤੋਂ ਸਿਆਸਤਦਾਨ ਇਸ ਕਾਰੋਬਾਰ ਨਾਲ ਜੁੜੇ ਹਨ, ਇਸ ਦੀ ਮਾਰ ਪਹਿਲਾਂ ਨਾਲੋਂ ਕਈ ਗੁਣਾਂ ਵਧ ਗਈ ਹੈ। ਨਤੀਜੇ ਵਜੋਂ ਜਿਸ ਪੰਜਾਬ ਰਾਹੀਂ ਪਹਿਲਾਂ ਨਸ਼ੇ ਸਿਰਫ ਸਪਲਾਈ ਹੁੰਦੇ ਸਨ, ਅੱਜ ਉਥੇ ਖਪਤ ਬਹੁਤ ਜ਼ਿਆਦਾ ਵਧ ਗਈ ਹੈ ਅਤੇ ਨਸ਼ੀਲੇ ਪਦਾਰਥ ਆਮ ਬੰਦੇ ਦੀ ਪਹੁੰਚ ਵਿਚ ਸੌਖਿਆਂ ਹੀ ਆ ਰਹੇ ਹਨ। ਨਸ਼ਿਆਂ ਦੇ ਕਾਰੋਬਾਰੀਆਂ ਦਾ ਇਹ ਜਾਲ ਪਿੰਡਾਂ-ਮੁਹੱਲਿਆਂ ਤੱਕ ਫੈਲਿਆ ਹੋਇਆ ਹੈ। ਸਾਫ ਅਤੇ ਸਪਸ਼ਟ ਦਿਸਦਾ ਹੈ ਕਿ ਹੁਣ ਨਸ਼ਿਆਂ ਨੂੰ ਸਿਰਫ ਵੱਡੇ ਪੱਧਰ ਉਤੇ ਹੀ ਨਜਿੱਠਿਆ ਜਾ ਸਕਦਾ ਹੈ। ਕਿਸੇ ਇਕ-ਅੱਧ ਇਮਾਨਦਾਰ ਅਫਸਰ ਜਾਂ ਕਿਸੇ ਇਕੱਲੇ-ਇਕਹਿਰੇ ਸਿਦਕੀ-ਸੂਰਮੇ ਕਾਰਕੁਨ ਦੀ ਹੁਣ ਕੋਈ ਵੱਟੀ ਨਹੀਂ। ਇਸ ਮਾਮਲੇ ਉਤੇ ਵੱਖ-ਵੱਖ ਸਿਆਸੀ ਧਿਰਾਂ ਬਿਆਨ ਤਾਂ ਨਿੱਤ ਦਿਨ ਬਥੇਰੇ ਦਾਗਦੀਆਂ ਹਨ, ਪਰ ਬੱਝਵੇਂ ਰੂਪ ਵਿਚ ਕਿਤੇ ਕੋਈ ਕਾਰਵਾਈ ਅਜੇ ਤੱਕ ਰੜਕੀ ਨਹੀਂ ਹੈ। ਸਭ ਸੰਜੀਦਾ ਲੋਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਸ ਖੇਤਰ ਵਿਚ ਕੁਝ ਤਵੱਕੋ ਰੱਖ ਰਹੇ ਹਨ, ਪਰ ਕਮੇਟੀ ਵਾਲਿਆਂ ਦੇ ਹੋਰ ਮਸਲੇ ਹੀ ਸੁਲਝਣ ਦਾ ਨਾਂ ਨਹੀਂ ਲੈ ਰਹੇ। ਜ਼ਾਹਿਰ ਹੈ ਕਿ ਨਸ਼ਿਆਂ ਖਿਲਾਫ ਕੋਈ ਮੁਹਿੰਮ ਫਿਲਹਾਲ ਸ਼੍ਰੋਮਣੀ ਕਮੇਟੀ ਦੇ ਏਜੰਡੇ ਉਤੇ ਹੀ ਨਹੀਂ ਹੈ।

ਇਸ ਪ੍ਰਸੰਗ ਵਿਚ ਇਸ ਤੋਂ ਵੀ ਮਾੜਾ ਹਾਲ ਸਰਕਾਰ ਦਾ ਹੈ। ਕੁਝ ਮਹੀਨੇ ਪਹਿਲਾਂ ਨਸ਼ਿਆਂ ਦਾ ਮਾਮਲਾ ਜਿਸ ਢੰਗ ਨਾਲ ਇਕਦਮ ਸੰਸਾਰ ਦੇ ਸਾਹਮਣੇ ਆਇਆ ਸੀ, ਸਰਕਾਰ ਨੇ ਇਸ ਬਾਰੇ ਕੋਈ ਕਾਰਗਰ ਕਾਰਵਾਈ ਕਰਨ ਦੀ ਥਾਂ ਸਿਰਫ ਖਾਨਾਪੂਰਤੀ ਹੀ ਕੀਤੀ। ਕੁਝ ਹੀ ਦਿਨਾਂ ਵਿਚ ਅਣਗਿਣਤ ਨਸ਼ੇੜੀਆਂ ਨੂੰ ਸੀਖਾਂ ਪਿਛੇ ਤਾੜ ਕੇ ਫਾਈਲ ਮੋਟੀ ਕਰ ਲਈ, ਪਰ ਨਸ਼ੇ ਸਪਲਾਈ ਕਰਨ ਵਾਲੇ ਕਿਸੇ ਵੀ ਸ਼ਖਸ ਨੂੰ ਹੱਥ ਨਹੀਂ ਪਾਇਆ। ਇਸ ਕੇਸ ਦੀ ਜਾਂਚ ਕਰ ਰਹੇ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਕਾਰਗੁਜ਼ਾਰੀ ਵੀ ਫਿਲਹਾਲ ਸ਼ੱਕ ਦੇ ਘੇਰੇ ਵਿਚ ਹੈ। ਇਸ ਨੇ ਕੁਝ ਕੁ ਸਿਆਸੀ ਲੀਡਰਾਂ ਤੋਂ ਪੁੱਛ-ਪੜਤਾਲ ਕੀਤੀ ਹੈ ਅਤੇ ਕੁਝ ਦਿਨਾਂ ਤੋਂ ਖਬਰਾਂ ਨਿਕਲ ਰਹੀਆਂ ਹਨ ਕਿ ਕੈਬਨਿਟ ਮੰਤਰੀ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਤੋਂ ਇਸ ਸਿਲਸਿਲੇ ਵਿਚ ਛੇਤੀ ਹੀ ਪੁੱਛ-ਗਿਛ ਕੀਤੀ ਜਾ ਰਹੀ ਹੈ। ਐਨਫੋਰਸਮੈਂਟ ਡਾਇਰੈਕਟੋਰੇਟ ਨੇ ਸਦਾ ਆਜ਼ਾਦ ਅਦਾਰੇ ਵਜੋਂ ਕੰਮ ਕੀਤਾ ਹੈ। ਕਿਸੇ ਬੰਦੇ ਤੋਂ ਪੁੱਛ-ਗਿੱਛ ਦੇ ਮਾਮਲੇ ਵਿਚ ਇਸ ਉਤੇ ਸੂਬਾ ਸਰਕਾਰ ਦਾ ਕੋਈ ਕੁੰਡਾ ਨਹੀਂ ਹੁੰਦਾ। ਫਿਰ ਉਹ ਕਿਹੜੇ ਕਾਰਨ ਹਨ ਕਿ ਇਸ ਪੁੱਛ-ਗਿੱਛ ਬਾਰੇ ਜੱਕੋ-ਤੱਕੀ ਵਾਲੀ ਹਾਲਤ ਬਣੀ ਹੋਈ ਹੈ? ਨਸ਼ਿਆਂ ਦੀ ਤਸਕਰੀ ਦੇ ਦੋਸ਼ ਵਿਚ ਕਾਬੂ ਆਇਆ ਭਲਵਾਨ ਜਗਦੀਸ਼ ਭੋਲਾ ਕਈ ਵਾਰ ਕੁਝ ਲੀਡਰਾਂ ਦਾ ਨਾਂ ਲੈ ਚੁੱਕਾ ਹੈ, ਪਰ ਕਿਸੇ ਨੇ ਵੀ ਇਹ ਕੜੀ ਜੋੜਨ ਦਾ ਤਰੱਦਦ ਨਹੀਂ ਕੀਤਾ। ਹੋਰ ਤਾਂ ਹੋਰ, ਇਸ ਸਿਲਸਿਲੇ ਵਿਚ ਕੋਈ ਜਾਂਚ ਕਰਨ ਲਈ ਵੀ ਕੋਈ ਚਾਰਾਜੋਈ ਨਹੀਂ ਕੀਤੀ। ਜਦੋਂ ਵੀ ਕਦੀ ਅਜਿਹੇ ਤੱਥ ਨਸ਼ਰ ਹੁੰਦੇ ਹਨ ਤਾਂ ਉਸ ਬਾਰੇ ਜਵਾਬ ਸਬੰਧਤ ਲੀਡਰਾਂ ਦੀ ਥਾਂ ਕਿਸੇ ਨਾ ਕਿਸੇ ਅਫਸਰ ਵੱਲੋਂ ਆਉਂਦੇ ਹਨ। ਨਸ਼ਿਆਂ ਦੇ ਮਾਮਲੇ ਵਿਚ ਇਹੀ ਪਹੁੰਚ ਸਭ ਤੋਂ ਵੱਧ ਖਤਰਨਾਕ ਹੈ। ਇਸੇ ਕਰ ਕੇ ਹੀ ਸਾਧਾਰਨ ਅਫਸਰ ਇਸ ਪਾਸੇ ਕੋਈ ਕਾਰਵਾਈ ਕਰਨ ਤੋਂ ਤ੍ਰਹਿੰਦੇ ਹਨ। ਉਂਜ, ਪਿਛਲੇ ਸਮੇਂ ਦੌਰਾਨ ਇਸ ਮਾਮਲੇ ਵਿਚ ਇਕ ਗੱਲ ਚੰਗੀ ਹੋਈ ਹੈ ਕਿ ਨਸ਼ਿਆਂ ਦੀ ਮਾਰ ਤੋਂ ਸੁਚੇਤ ਹੋਏ ਲੋਕ ਹੁਣ ਸਾਰੀਆਂ ਚਾਲਾਂ ਸਮਝਣ ਲੱਗੇ ਹਨ। ਇਹੀ ਕਾਰਨ ਹੈ ਕਿ ਸਰਕਾਰ ਨੂੰ ਕਈ ਮਾਮਲਿਆਂ ਵਿਚ ਨਮੋਸ਼ੀ ਝੱਲਣੀ ਪਈ ਹੈ। ਪਿੰਡ ਬਾਦਲ ਵਿਚ ਮੁੱਖ ਮੰਤਰੀ ਦੇ 'ਦਰਸ਼ਨਾਂ' ਲਈ ਸੰਗਤ ਦਾ ਨਾ ਪੁੱਜਣਾ ਇਸੇ ਸਿਲਸਿਲੇ ਦੀ ਇਕ ਕੜੀ ਹੈ। ਲੋਕਾਂ ਨੇ ਸਰਕਾਰ ਅੱਗੇ ਇਹੀ ਵੱਡਾ ਸਵਾਲ ਕੀਤਾ ਹੈ ਕਿ ਨਸ਼ਿਆਂ ਦੇ ਕਾਰੋਬਾਰੀਆਂ ਖਿਲਾਫ ਕਾਰਵਾਈ ਕਿਉਂ ਨਹੀਂ? ਆਉਣ ਵਾਲੇ ਸਮੇਂ ਵਿਚ ਜਿੰਨੇ ਪ੍ਰਚੰਡ ਰੂਪ ਵਿਚ ਇਹ ਸਵਾਲ ਉਠਾਇਆ ਜਾਵੇਗਾ, ਉਤਨੀ ਹੀ ਤੇਜ਼ੀ ਨਾਲ ਪੰਜਾਬ ਦੇ ਗਲ ਪਿਆ ਨਸ਼ਿਆਂ ਅਤੇ ਹੋਰ ਅਲਾਮਤਾਂ ਦਾ ਸੰਗਲ ਕੱਟਿਆ ਜਾ ਸਕੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੁਰਾ ਹਾਲ 'ਬੁੱਕ' ਦਾ!

ਆਵੇ ਡਾਕ ਵਿਚ ਚਿੱਠੀ ਹੁਣ 'ਪ੍ਰਿੰਟ' ਹੋਈ, ਲਿਖੀ ਹੱਥਾਂ ਦੀ ਕਿਧਰੇ ਦੂਰ ਹੜ੍ਹ ਗਈ।
ਲੱਕ ਤੋੜ ਕੇ ਸਾਂਝ ਦਾ 'ਪ੍ਰਾਈਵੇਸੀ', ਹਰ ਬੰਦੇ ਨੂੰ ਹੈ ਇਕੱਲ ਵਿਚ ਮੜ੍ਹ ਗਈ।
ਰੁਕਦੀ ਜ਼ਿੰਦਗੀ ਬਿਨਾ ਮਸ਼ੀਨਰੀ ਤੋਂ, 'ਸੈਲ' ਮੁੱਕਿਆ ਜਿਸ ਤਰ੍ਹਾਂ ਘੜੀ ਖੜ੍ਹ ਗਈ।
ਵਧ ਗਈ 'ਨੇੜਤਾ' ਏਕਤਾ ਗਾਇਬ ਹੋਈ, ਜਾਪੇ ਹਉਮੈ ਦੀ ਭੱਠੀ ਦੇ ਵਿਚ ਸੜ ਗਈ।
ਵਰ ਲੱਭਦੀ 'ਨੈਟ' 'ਤੇ ਆਪਣੇ ਲਈ, ਉਹ ਵੀ ਕੁੜੀ ਜਮਾਤਾਂ ਜੋ ਚਾਰ ਪੜ੍ਹ ਗਈ।
ਕਲਾ-ਯੁੱਗ ਨੇ ਖੋਹ ਲਈ 'ਬੁੱਕ' ਸਾਥੋਂ, 'ਫੇਸ-ਬੁੱਕ' ਦੀ ਗੁੱਡੀ ਅਕਾਸ਼ ਚੜ੍ਹ ਗਈ!

# ਅਤਿਵਾਦ, ਪਾਕਿਸਤਾਨ ਤੇ ਸਿਆਸੀ ਹਿਤਾਂ ਦਾ ਟਕਰਾਅ

***ਇਸਲਾਮਾਬਾਦ ਅਸਲ ਵਿਚ ਆਪਣੇ ਗੁਆਂਢੀਆਂ ਤੋਂ ਅਲੱਗ-ਥਲੱਗ ਹੋਇਆ ਪਿਆ ਹੈ। ਈਰਾਨ ਨਾਲ ਇਸ ਦੇ ਰਿਸ਼ਤੇ ਹੁਣ ਤੱਕ ਦੀ ਸਭ ਤੋਂ ਮਾੜੀ ਸਥਿਤੀ ਦਾ ਸ਼ਿਕਾਰ ਹਨ। ਅਫਗਾਨਿਸਤਾਨ ਨਾਲ ਭਰੋਸੇ ਦੀ ਵੱਡੀ ਘਾਟ ਹੈ ਅਤੇ ਜਿਵੇਂ ਪ੍ਰਧਾਨ ਮੰਤਰੀ ਨੇ ਖ਼ੁਦ ਹੀ ਮੰਨਿਆ ਹੈ, ਇਸ ਨੂੰ ਲੜਾਕੇ ਭਾਰਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੀਨ ਸਮੇਤ ਸਾਡੇ ਸਾਰੇ ਗੁਆਂਢੀ ਪਾਕਿਸਤਾਨੀ ਖੇਤਰ ਤੋਂ ਜਾਰੀ ਜਹਾਦੀ ਕਾਰਵਾਈਆਂ ਪ੍ਰਤੀ ਚੌਕੰਨੇ ਹਨ। ਸੁਭਾਵਿਕ ਤੌਰ 'ਤੇ ਇਹ ਸਥਿਤੀ ਸਾਡੀ ਸਿਰਜੀ ਹੋਈ ਨਹੀਂ ਹੈ, ਫਿਰ ਵੀ 'ਚੰਗੇ' ਅਤੇ 'ਮਾੜੇ' ਅਤਿਵਾਦੀਆਂ ਵਿਚ ਫਰਕ ਕਰਨ ਦੀ ਅਤੀਤ ਵਾਲੀ ਨੀਤੀ ਨੇ ਪਾਕਿਸਤਾਨ ਦੇ ਹਿਤਾਂ ਦਾ ਵੱਡਾ ਨੁਕਸਾਨ ਕੀਤਾ ਹੈ।***

ਜਦੋਂ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਰਹੀਲ ਸ਼ਰੀਫ਼ ਅਮਰੀਕਾ ਨਾਲ ਖੱਟਾਸ ਦੇ ਸ਼ਿਕਾਰ ਹੋ ਚੁੱਕੇ ਸਬੰਧਾਂ ਨੂੰ ਚੰਗੇਰਾ ਬਣਾਉਣ ਲਈ ਵਾਸ਼ਿੰਗਟਨ ਪਹੁੰਚੇ ਹੋਏ ਸਨ ਤਾਂ ਕੌਮੀ ਸੁਰੱਖਿਆ ਸਲਾਹਕਾਰ ਸਰਤਾਜ ਅਜ਼ੀਜ਼ ਨੇ ਦੇਸ਼ ਵਿਚ ਨਵਾਂ ਹੀ ਵਿਵਾਦ ਛੇੜ ਦਿੱਤਾ। ਅਜ਼ੀਜ਼ ਨੇ ਉਦੋਂ ਆਪਣੇ ਹੀ ਪੈਰਾਂ 'ਤੇ ਕੁਹਾੜਾ ਮਾਰਨ ਵਾਲੀ ਗੱਲ ਕੀਤੀ, ਜਦੋਂ ਉਨ੍ਹਾਂ ਨੇ ਬੀ.ਬੀ.ਸੀ. (ਉਰਦੂ) ਨਾਲ ਇੰਟਰਵਿਊ ਵਿਚ ਕਿਹਾ ਕਿ ਪਾਕਿਸਤਾਨ ਨੂੰ ਅਜਿਹੇ ਅਤਿਵਾਦੀ ਗਰੁਪਾਂ ਨੂੰ ਨਿਸ਼ਾਨਾ ਨਹੀਂ ਬਣਾਉਣਾ ਚਾਹੀਦਾ ਜੋ ਰਾਜ ਲਈ ਖ਼ਤਰਾ ਨਹੀਂ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਫਿਰ ਇਸ

**ਆਰਿਫ ਨਿਜ਼ਾਮੀ**

ਤੋਂ ਹੋਣ ਵਾਲੇ ਨੁਕਸਾਨ ਨੂੰ ਰੋਕਣ ਦੇ ਅਸਫ਼ਲ ਯਤਨ ਤਹਿਤ ਇਹ ਕਹਿ ਕੇ ਗੱਲ ਹੋਰ ਵਿਗਾੜ ਦਿੱਤੀ ਕਿ ਸਰਤਾਜ ਅਜ਼ੀਜ਼ ਨੇ ਇਹ ਟਿੱਪਣੀਆਂ ਇਤਿਹਾਸਕ ਪ੍ਰਸੰਗ ਵਿਚ ਕੀਤੀਆਂ ਸਨ। ਇੱਥੋਂ ਤੱਕ ਕਿ ਅਮਰੀਕੀ ਵਿਦੇਸ਼ ਵਿਭਾਗ ਨੇ ਵੀ ਇਸ ਵਿਵਾਦ ਵਿਚ ਸ਼ਾਮਿਲ ਹੁੰਦਿਆਂ ਇਸਲਾਮਾਬਾਦ ਨੂੰ ਯਾਦ ਕਰਾਇਆ ਕਿ ਹੱਕਾਨੀ ਨੈਟਵਰਕ ਵੀ ਖੇਤਰੀ ਸੁਰੱਖਿਆ ਲਈ ਉਨਾ ਹੀ ਵੱਡਾ ਖ਼ਤਰਾ ਹੈ, ਜਿੰਨਾ ਕੋਈ ਹੋਰ ਦਹਿਸ਼ਤਵਾਦੀ ਗਰੁਪ ਅਤੇ ਇਸਲਾਮਾਬਾਦ ਵਾਸ਼ਿੰਗਟਨ ਨੂੰ ਭਰੋਸਾ ਦੇ ਚੁੱਕਾ ਹੈ ਕਿ ਇਹ ਬਿਨਾਂ ਕਿਸੇ ਵਿਤਕਰੇ ਦੇ ਸਾਰੇ ਅਤਿਵਾਦੀ ਗਰੱਪਾਂ ਖਿਲਾਫ ਕਾਰਵਾਈ ਕਰੇਗਾ।

ਵਿਅੰਗਾਤਮਕ ਗੱਲ ਹੀ ਹੈ ਕਿ ਪਾਕਿਸਤਾਨੀ ਫੌਜ ਹੁਣ ਤੋਂ ਥੋੜ੍ਹਾ ਸਮਾਂ ਪਹਿਲਾਂ ਤੱਕ ਇਹੀ ਕਹਿੰਦੀ ਰਹੀ ਹੈ ਕਿ ਇਹ ਬਿਨਾਂ ਕਿਸੇ ਫਰਕ ਤੋਂ ਹਰ ਰੰਗਤ ਅਤੇ ਹਰ ਕਿਸਮ ਦੇ ਅਤਿਵਾਦੀ ਗਰੁਪਾਂ ਖਿਲਾਫ ਕਾਰਵਾਈ ਕਰ ਰਹੀ ਹੈ। ਆਪਣੇ ਵਾਸ਼ਿੰਗਟਨ ਦੌਰੇ ਦੌਰਾਨ ਫੌਜ ਦੇ ਮੁਖੀ ਨੇ ਇਹ ਨੀਤੀ ਕਈ ਵਾਰੀ ਐਲਾਨੀ। ਵਾਸ਼ਿੰਗਟਨ ਵਿਚਲੇ ਪਾਕਿਸਤਾਨੀ ਦੂਤਾਵਾਸ ਵਿਖੇ ਰਾਤ ਦੇ ਖਾਣੇ ਦੀ ਦਾਅਵਤ ਸਮੇਂ ਅਮਰੀਕੀ ਵਿਦੇਸ਼ ਅਤੇ ਰੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਜਨਰਲ ਸ਼ਰੀਫ ਨੇ ਪ੍ਰਣ ਕੀਤਾ ਸੀ ਕਿ ਪਾਕਿਸਤਾਨੀ ਫੌਜੀਆਂ ਦੇ ਸਿਰਾਂ ਨਾਲ ਫੁੱਟਬਾਲ ਖੇਡਣ ਵਾਲਿਆਂ ਨੂੰ ਕਿਸੇ ਵੀ ਸੂਰਤ ਵਿਚ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਸੀ ਕਿ ਜ਼ਰਬ-ਏ-ਅਜ਼ਬ (ਪਾਕਿਸਤਾਨ ਵਿਚ ਅਤਿਵਾਦੀਆਂ ਖਿਲਾਫ ਫੌਜੀ ਕਾਰਵਾਈ) ਹਰ ਤਰ੍ਹਾਂ ਦੇ ਅਤਿਵਾਦੀ ਗਰੁੱਪਾਂ ਖਿਲਾਫ ਸੇਧਤ ਹੈ ਅਤੇ ਇਹ ਸਿਰਫ ਉਤਰੀ ਜਾਂ ਦੱਖਣੀ ਵਜ਼ੀਰਸਤਾਨ ਤੱਕ ਸੀਮਤ ਨਹੀਂ ਸਗੋਂ ਸਮੁੱਚੇ ਪਾਕਿਸਤਾਨ ਵਿਚ ਜਾਰੀ ਹੈ। ਸੁਭਾਵਿਕ ਤੌਰ 'ਤੇ ਇਹ ਗੱਲਾਂ ਪਾਕਿਸਤਾਨ ਪ੍ਰਤੀ ਸ਼ੱਕ ਦੇ ਸ਼ਿਕਾਰ ਮੇਜ਼ਬਾਨਾਂ ਦੇ ਕੰਨਾਂ ਵਿਚ ਰਸ ਘੋਲਣ ਵਾਲੀਆਂ ਸਨ ਜੋ ਇਸ ਗੱਲ 'ਤੇ ਜ਼ੋਰ ਦਿੰਦੇ ਰਹੇ ਹਨ ਕਿ ਇਸਲਾਮਾਬਾਦ ਵਰ੍ਹਿਆਂ ਤੋਂ 'ਚੰਗੇ' ਅਤੇ 'ਮਾੜੇ' ਅਤਿਵਾਦੀਆਂ ਵਿਚ ਫ਼ਰਕ ਕਰ ਕੇ ਦੋਹਰੇਪਣ ਵਾਲੀ ਨੀਤੀ ਅਪਣਾਉਂਦਾ ਆ ਰਿਹਾ ਹੈ। 'ਚੰਗੇ' ਅਤਿਵਾਦੀ ਉਹ ਮੰਨੇ ਜਾਂਦੇ ਹਨ ਜੋ ਪਾਕਿਸਤਾਨ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ ਅਤੇ ਗੁਆਂਢੀ ਅਫ਼ਗਾਨਿਸਤਾਨ ਅਤੇ ਭਾਰਤੀ ਕਸ਼ਮੀਰ ਵਿਚ ਕਾਰਵਾਈਆਂ ਨੂੰ ਅੰਜ਼ਾਮ ਦਿੰਦੇ ਹਨ। ਪਾਕਿਸਤਾਨ ਦੇ ਦਾਅਵਿਆਂ ਦੇ ਬਾਵਜੂਦ ਅਮਰੀਕੀ ਕਾਨੂੰਨ-ਘਾੜੇ ਅਤੇ ਉਥੋਂ ਦੇ ਟਿੱਪਣੀਕਾਰ ਪਾਕਿਸਤਾਨ ਦੇ ਅਤਿਵਾਦ ਵਿਰੋਧੀ ਯਤਨਾਂ ਪ੍ਰਤੀ ਸ਼ੱਕ ਦੇ ਸ਼ਿਕਾਰ ਹੀ ਰਹੇ ਹਨ। ਜਨਰਲ ਅਸ਼ਫ਼ਾਕ ਪਰਵੇਜ਼ ਕਿਆਨੀ ਦੇ ਕਾਰਜਕਾਲ ਵੇਲੇ ਤਾਂ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਕਾਰਲੇ ਸਬੰਧ ਬੇਹੱਦ ਵਿਗੜ ਗਏ ਸਨ।

ਵਾਸ਼ਿੰਗਟਨ ਦੇ 'ਥਿੰਕ ਟੈਂਕਾਂ' ਅਤੇ ਟਿੱਪਣੀਕਾਰਾਂ ਵਿਚ ਇਸਲਾਮਾਬਾਦ ਦੇ ਇਰਾਦਿਆਂ ਪ੍ਰਤੀ ਡੂੰਘੇ ਖ਼ਦਸ਼ੇ ਅਜੇ ਵੀ ਮੌਜੂਦ ਹਨ। ਜਾਰਜ ਟਾਊਨ ਯੂਨੀਵਰਸਿਟੀ ਦੀ ਪ੍ਰੋਫ਼ੈਸਰ ਕ੍ਰਿਸਚੀਅਨ ਫੇਅਰ ਜੋ ਪਾਕਿਸਤਾਨ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਅਤੇ ਪਾਕਿਸਤਾਨੀ ਫੌਜ ਬਾਰੇ ਕਿਤਾਬ ਵੀ ਲਿਖ ਚੁੱਕੀ ਹੈ, ਨੇ ਆਪਣੇ ਤਾਜ਼ਾ ਲੇਖ ਵਿਚ ਦਾਅਵਾ ਕੀਤਾ ਹੈ ਕਿ ਪਾਕਿਸਤਾਨੀ ਫੌਜ ਵੱਲੋਂ ਅਤਿਵਾਦੀਆਂ ਨੂੰ 5 ਮਹੀਨਿਆਂ ਦੀ ਚਿਤਾਵਨੀ ਦਿੱਤੇ ਜਾਣ ਤੋਂ ਬਾਅਦ ਹੀ ਜ਼ਰਬ-ਏ-ਅਜ਼ਬ ਅਪ੍ਰੇਸ਼ਨ ਸ਼ੁਰੂ ਕੀਤਾ ਗਿਆ। ਉਸ ਦਾ ਕਹਿਣਾ ਹੈ ਕਿ 'ਵਜ਼ੀਰਸਤਾਨ ਵਿਚ ਉਹੀ ਲੋਕ ਬਚੇ ਰਹਿ ਗਏ ਜਿਨ੍ਹਾਂ ਨੂੰ ਪਾਕਿਸਤਾਨ ਉਥੋਂ ਖਦੇੜਨ ਵਿਚ ਅਸਫ਼ਲ ਰਿਹਾ ਹੈ।'

ਜਨਰਲ ਸ਼ਰੀਫ਼ ਦੀ ਵਾਸ਼ਿੰਗਟਨ ਫੇਰੀ ਅਜਿਹੇ ਨਾਜ਼ੁਕ ਮੌਕੇ ਹੋਈ ਹੈ, ਜਦੋਂ ਅਮਰੀਕੀ ਫੌਜਾਂ ਅਫਗਾਨਿਸਤਾਨ ਵਿਚੋਂ ਆਪਣਾ ਬੋਰੀਆ-ਬਿਸਤਰਾ ਸਮੇਟ ਰਹੀਆਂ ਹਨ। ਅਤਿਵਾਦੀਆਂ ਵਿਰੋਧੀ ਕਾਰਵਾਈਆਂ ਨੂੰ ਜਾਰੀ ਰੱਖਣ ਲਈ ਇਸਲਾਮਾਬਾਦ ਨੂੰ ਪੈਸੇ ਦੀ ਬੇਹੱਦ ਲੋੜ ਹੈ। ਦੂਜੇ ਪਾਸੇ ਓਬਾਮਾ ਪ੍ਰਸ਼ਾਸਨ ਪਹਿਲਾਂ ਹੀ ਲੰਗੜੀ ਬਤਖ਼ ਵਰਗੀ ਸਥਿਤੀ ਦਾ ਸ਼ਿਕਾਰ ਹੈ, ਡੈਮੋਕਰੇਟਾਂ ਦੀ ਕਾਂਗਰਸ ਦੇ ਕਿਸੇ ਵੀ ਸਦਨ 'ਤੇ ਪਕੜ ਨਹੀਂ ਹੈ, ਅਜਿਹੀ ਸਥਿਤੀ ਵਿਚ ਅਮਰੀਕੀ ਸੰਸਦ ਮੈਂਬਰਾਂ ਨੂੰ ਇਸ ਗੱਲ ਲਈ ਰਾਜ਼ੀ ਕਰਨਾ ਸੌਖਾ ਕੰਮ ਨਹੀਂ ਹੋਵੇਗਾ ਕਿ ਉਹ ਪਾਕਿਸਤਾਨ ਨੂੰ ਪਹਿਲਾਂ ਜਿੰਨੀ ਹੀ ਸੁਰੱਖਿਆ ਸਹਾਇਤਾ ਜਾਰੀ ਰੱਖਣ। ਅਮਰੀਕਾ ਵੱਲੋਂ ਪਾਕਿਸਤਾਨ ਕੋਲ 'ਹੋਰ ਵਧੇਰੇ



***ਪਾਕਿਸਤਾਨੀ ਫੌਜ ਹੁਣ ਤੋਂ ਥੋੜ੍ਹਾ ਸਮਾਂ ਪਹਿਲਾਂ ਤੱਕ ਇਹੀ ਕਹਿੰਦੀ ਰਹੀ ਹੈ ਕਿ ਇਹ ਬਿਨਾਂ ਕਿਸੇ ਫ਼ਰਕ ਤੋਂ ਹਰ ਰੰਗਤ ਅਤੇ ਹਰ ਕਿਸਮ ਦੇ ਅਤਿਵਾਦੀ ਗਰੁਪਾਂ ਖਿਲਾਫ ਕਾਰਵਾਈ ਕਰ ਰਹੀ ਹੈ। ਆਪਣੇ ਵਾਸ਼ਿੰਗਟਨ ਦੌਰੇ ਦੌਰਾਨ ਫੌਜ ਦੇ ਮੁਖੀ ਜਨਰਲ ਰਹੀਲ ਸ਼ਰੀਫ਼ ਨੇ ਇਹ ਨੀਤੀ ਕਈ ਵਾਰੀ ਐਲਾਨੀ। ਵਾਸ਼ਿੰਗਟਨ ਵਿਚਲੇ ਪਾਕਿਸਤਾਨੀ ਦੂਤਾਵਾਸ ਵਿਖੇ ਰਾਤ ਦੇ ਖਾਣੇ ਦੀ ਦਾਅਵਤ ਸਮੇਂ ਅਮਰੀਕੀ ਵਿਦੇਸ਼ ਅਤੇ ਰੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਜਨਰਲ ਸ਼ਰੀਫ਼ ਨੇ ਪ੍ਰਣ ਕੀਤਾ ਸੀ ਕਿ ਪਾਕਿਸਤਾਨੀ ਫੌਜੀਆਂ ਦੇ ਸਿਰਾਂ ਨਾਲ ਫੁੱਟਬਾਲ ਖੇਡਣ ਵਾਲਿਆਂ ਨੂੰ ਕਿਸੇ ਵੀ ਸੂਰਤ ਵਿਚ ਬਖ਼ਸ਼ਿਆ ਨਹੀਂ ਜਾਵੇਗਾ।***

ਕਾਰਵਾਈ ਕਰਨ' ਦੀ ਕੀਤੀ ਗਈ ਮੰਗ ਦੇ ਪਿਛੋਕੜ ਵਿਚ ਜਨਰਲ ਸ਼ਰੀਫ਼ ਨੇ ਵਾਸ਼ਿੰਗਟਨ ਵਿਚ ਪਾਕਿਸਤਾਨ ਦਾ ਰੁਖ਼ ਜ਼ਾਹਿਰ ਕਰਦਿਆਂ ਕਿਹਾ ਕਿ ਹਰ ਤਰ੍ਹਾਂ ਦੇ ਅਤਿਵਾਦੀਆਂ ਨੂੰ ਜੜ੍ਹੋਂ ਉਖਾੜਨਾ ਪਾਕਿਸਤਾਨ ਦੇ ਆਪਣੇ ਹੀ ਹਿਤ ਵਿਚ ਹੈ। ਇਹ ਗੱਲ ਸਹੀ ਵੀ ਹੈ ਕਿ ਸਾਡੇ ਗੁਆਂਢੀਆਂ ਵਿਚੋਂ ਕੋਈ ਵੀ ਇਹ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਕਿ ਸਾਡੀ ਧਰਤੀ ਉਤੋਂ ਉਨ੍ਹਾਂ ਦੇ ਖਿਲਾਫ ਅਤਿਵਾਦੀ ਕਾਰਵਾਈਆਂ ਹੋਣ। ਜਿਵੇਂ ਦਾਅਵਾ ਕੀਤਾ ਗਿਆ ਹੈ, ਜੇ ਸਰਤਾਜ ਅਜ਼ੀਜ਼ ਦੀਆਂ ਟਿੱਪਣੀਆਂ ਇਤਿਹਾਸਕ ਪ੍ਰਸੰਗ ਵਿਚ ਵੀ ਹੋਣ ਤਾਂ ਪਾਕਿਸਤਾਨ ਨੂੰ ਅਜਿਹੇ ਇਤਿਹਾਸ ਦੇ ਗੰਭੀਰ ਨਤੀਜੇ ਭੁਗਤਣੇ ਪਏ ਹਨ। ਸੋ, ਸਮਾਂ ਹੈ ਕਿ ਹੁਣ ਆਪਣੀ ਗੱਲ 'ਤੇ ਪੂਰੇ ਉਤਰਦਿਆਂ ਪਾਕਿਸਤਾਨ ਦੀਆਂ ਰਣਨੀਤਕ ਤਰਜੀਹਾਂ ਸਬੰਧੀ ਫੌਜ ਅਤੇ ਨਾਗਰਿਕ ਲੀਡਰਸ਼ਿਪ ਇਕਸੁਰ ਹੋਣ।

ਜਦੋਂ ਫੌਜ ਦੇ ਮੁਖੀ ਵਾਸ਼ਿੰਗਟਨ ਵਿਚ ਸਨ, ਤਾਂ ਰੂਸ ਵੱਲੋਂ ਆਪਣੇ ਵਿਦੇਸ਼ ਮੰਤਰੀ ਸਰਗੇਈ ਸ਼ੋਇਗੂ ਦੀ ਅਗਵਾਈ ਹੇਠ 40 ਮੈਂਬਰੀ ਵਫ਼ਦ ਇਸਲਾਮਾਬਾਦ ਭੇਜਿਆ ਗਿਆ। ਸੋਵੀਅਤ ਸੰਘ ਦੇ ਢਹਿ-ਢੇਰੀ ਹੋਣ ਤੋਂ ਬਾਅਦ ਇਹ ਮਾਸਕੋ ਵੱਲੋਂ ਪਾਕਿਸਤਾਨ ਆਉਣ ਵਾਲਾ ਪਹਿਲਾ ਉਚ ਪੱਧਰੀ ਵਫ਼ਦ ਸੀ। ਦੋਵਾਂ ਦੇਸ਼ਾਂ ਵਿਚਕਾਰ ਰੱਖਿਆ ਸਹਿਯੋਗ ਸਮਝੌਤੇ 'ਤੇ ਦਸਤਖ਼ਤ ਹੋਏ ਹਨ, ਜਿਸ ਨੂੰ ਇਸਲਾਮਾਬਾਦ ਵੱਲੋਂ ਮੀਲ ਦਾ ਪੱਥਰ ਕਰਾਰ ਦਿੱਤਾ ਜਾ ਰਿਹਾ ਹੈ। ਪਾਕਿਸਤਾਨ ਮਜ਼ਬੂਤੀ ਨਾਲ ਪੱਛਮੀ ਕੈਂਪ ਵਿਚ ਸ਼ਾਮਿਲ ਹੋਣ ਕਾਰਨ ਅਤੇ ਚੀਨ ਦਾ ਨੇੜਲਾ ਸਹਿਯੋਗੀ ਹੋਣ ਕਾਰਨ, ਇਸ ਵੱਲੋਂ ਮਾਸਕੋ ਨਾਲ ਆਪਣੇ ਸਬੰਧ ਸੁਧਾਰਨ ਲਈ ਅੱਧੇ-ਅਧੂਰੇ ਯਤਨ ਹੀ ਕੀਤੇ ਜਾਂਦੇ ਰਹੇ ਹਨ। 1971 ਵਿਚ ਦੇਸ਼ ਦੇ ਦੋ ਟੁਕੜੇ ਹੋਣ ਸਮੇਂ ਵੀ ਸਾਬਕਾ ਸੋਵੀਅਤ ਸੰਘ ਦੇ ਭਾਰਤ ਨਾਲ ਨੇੜਲੇ ਸਬੰਧਾਂ ਨੇ ਅਹਿਮ ਭੂਮਿਕਾ ਨਿਭਾਈ ਸੀ ਪਰ ਤੇਜ਼ੀ ਨਾਲ ਬਦਲ ਰਹੇ ਕੌਮਾਂਤਰੀ ਅਤੇ ਖੇਤਰੀ ਦ੍ਰਿਸ਼ ਵਿਚ ਨਵੀਂ ਸ਼ੁਰੂਆਤ ਦੀ ਲੋੜ ਹੈ। ਪਾਕਿਸਤਾਨ ਨੂੰ ਚਾਹੀਦਾ ਹੈ ਕਿ ਅਮਰੀਕਾ ਵਰਗੇ ਆਪਣੇ ਸ਼ੰਕਿਆਂ ਭਰੇ ਮਿੱਤਰ ਅਤੇ ਚੀਨ ਰੂਪੀ 'ਸਦਾਬਹਾਰ ਦੋਸਤ' ਉਤੇ ਹੀ ਨਿਰਭਰ ਰਹਿਣ ਦੀ ਥਾਂ ਆਪਣੀ ਵਿਦੇਸ਼ ਨੀਤੀ ਵਿਚ ਵੰਨ-ਸੁਵੰਨਤਾ ਲਿਆਵੇ।

ਬਦਕਿਸਮਤੀ ਵਾਲੀ ਗੱਲ ਹੈ ਕਿ ਇਸਲਾਮਾਬਾਦ ਅਸਲ ਵਿਚ ਆਪਣੇ ਗੁਆਂਢੀਆਂ ਤੋਂ ਅਲੱਗ-ਥਲੱਗ ਹੋਇਆ ਪਿਆ ਹੈ। ਈਰਾਨ ਨਾਲ ਇਸ ਦੇ ਰਿਸ਼ਤੇ ਹੁਣ ਤੱਕ ਦੀ ਸਭ ਤੋਂ ਮਾੜੀ ਸਥਿਤੀ ਦਾ ਸ਼ਿਕਾਰ ਹਨ। ਅਫ਼ਗਾਨਿਸਤਾਨ ਨਾਲ ਭਰੋਸੇ ਦੀ ਵੱਡੀ ਘਾਟ ਹੈ ਅਤੇ ਜਿਵੇਂ ਪ੍ਰਧਾਨ ਮੰਤਰੀ ਨੇ ਖ਼ੁਦ ਹੀ ਮੰਨਿਆ ਹੈ, ਇਸ ਨੂੰ ਲੜਾਕੇ ਭਾਰਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੀਨ ਸਮੇਤ ਸਾਡੇ ਸਾਰੇ ਗੁਆਂਢੀ ਪਾਕਿਸਤਾਨੀ ਖੇਤਰ ਤੋਂ ਜਾਰੀ ਜਹਾਦੀ ਕਾਰਵਾਈਆਂ ਪ੍ਰਤੀ ਚੌਕੰਨੇ ਹਨ। ਸੁਭਾਵਿਕ ਤੌਰ 'ਤੇ ਇਹ ਸਥਿਤੀ ਸਾਡੀ ਸਿਰਜੀ ਹੋਈ ਨਹੀਂ ਹੈ, ਫਿਰ ਵੀ 'ਚੰਗੇ' ਅਤੇ 'ਮਾੜੇ' ਅਤਿਵਾਦੀਆਂ ਵਿਚ ਫ਼ਰਕ ਕਰਨ ਦੀ ਅਤੀਤ ਵਾਲੀ ਨੀਤੀ ਨੇ ਪਾਕਿਸਤਾਨ ਦੇ ਹਿਤਾਂ ਦਾ ਵੱਡਾ ਨੁਕਸਾਨ ਕੀਤਾ ਹੈ।

ਇਹ ਪ੍ਰਭਾਵ ਸਥਾਪਿਤ ਕਰ ਕੇ ਖੇਤਰ ਵਿਚ ਸਾਡੀ ਭਰੋਸੇਯੋਗਤਾ ਕਿਸੇ ਹੱਦ ਤੱਕ ਮੁੜ ਸਥਾਪਿਤ ਹੋ ਸਕਦੀ ਹੈ ਕਿ ਪਾਕਿਸਤਾਨ ਅਤਿਵਾਦ ਖਿਲਾਫ ਅਜਿਹੀ ਠੋਸ ਲੜਾਈ ਲੜ ਰਿਹਾ ਹੈ ਜਿਸ ਵਿਚ ਕਿਸੇ ਨਾਲ ਲਿਹਾਜ਼ ਨਹੀਂ ਕੀਤਾ ਜਾ ਰਿਹਾ, ਪਰ ਅਜਿਹਾ ਹੋਣ ਲਈ ਜ਼ਰੂਰੀ ਹੈ ਕਿ ਗੱਲਾਂ ਦੇ ਨਾਲ-ਨਾਲ ਉਸੇ ਪੱਧਰ 'ਤੇ ਅਮਲ ਵੀ ਹੁੰਦੇ ਨਜ਼ਰ ਆਉਣ। ਇਹ ਪਾਕਿਸਤਾਨ ਦੇ ਆਪਣੇ ਹੀ ਹਿਤ ਵਿਚ ਹੋਵੇਗਾ।

# ਮਾਓਵਾਦੀਆਂ ਦੇ ਆਤਮ ਸਮਰਪਣ ਦੀ ਹਕੀਕਤ

***2007 ਵਿਚ ਇਕ ਮਾਮਲਾ ਛੱਤੀਸਗੜ੍ਹ ਵਿਚ ਸਾਹਮਣੇ ਆਇਆ ਸੀ ਜਦੋਂ ਉਥੋਂ ਦੀ ਪੁਲਿਸ ਨੇ 79 ਆਦਿਵਾਸੀ ਮਰਦਾਂ ਤੇ ਔਰਤਾਂ ਨੂੰ ਮੁੱਖ ਮੰਤਰੀ ਰਮਨ ਸਿੰਘ ਦੇ ਸਾਹਮਣੇ 'ਆਤਮ ਸਮਰਪਣ' ਕਰਾਇਆ ਸੀ। ਅਗਲੇ ਦਿਨ ਹੀ ਅਖ਼ਬਾਰਾਂ ਨੇ ਇਹ ਜਾਣਕਾਰੀ ਦਿੱਤੀ ਕਿ ਇਨ੍ਹਾਂ ਸਾਰੇ ਅਖਾਉਤੀ ਮਾਓਵਾਦੀਆਂ ਨੂੰ ਰਾਜਧਾਨੀ ਰਾਇਪੁਰ ਤੋਂ ਤਕਰੀਬਨ 400 ਕਿਲੋਮੀਟਰ ਦੂਰ ਬਸਤਰ ਦੇ ਇਲਾਕੇ ਵਿਚੋਂ ਫੜ ਕੇ ਲਿਆਂਦਾ ਗਿਆ ਅਤੇ ਇਹ ਸਾਰੇ ਹੀ ਨਿਰਦੋਸ਼ ਹਨ ਜਿਨ੍ਹਾਂ ਨੂੰ ਕੁਛ ਪਤਾ ਨਹੀਂ ਕਿ ਕੀ ਹੋ ਰਿਹਾ ਹੈ। ਖ਼ੁਦ ਭਾਜਪਾ ਵਿਧਾਇਕ ਮਹੇਸ਼ ਬਘੇਲ ਨੇ ਇਹਦੀ ਸ਼ਿਕਾਇਤ ਮੁੱਖ ਮੰਤਰੀ ਨੂੰ ਕੀਤੀ ਸੀ।***

ਸੱਤਾ ਦੇ ਗਲਿਆਰਿਆਂ ਅੰਦਰ ਹੇਠਾਂ ਤੋਂ ਲੈ ਕੇ ਉਪਰ ਤੱਕ ਭ੍ਰਿਸ਼ਟਾਚਾਰ ਇਸ ਕਦਰ ਫੈਲਿਆ ਹੋਇਆ ਹੈ ਕਿ ਹਕੂਮਤ ਜਿਸ ਮਾਓਵਾਦ ਨੂੰ ਮੁਲਕ ਪੱਧਰ 'ਤੇ ਦੇਸ਼ ਦਾ ਸਭ ਤੋਂ ਵੱਡਾ ਮਸਲਾ ਸਮਝਦੀ ਹੈ, ਉਸੇ ਨੂੰ ਹੱਲ ਕਰਨ ਦੇ ਰਾਹ ਵਿਚ ਹੀ ਘੋਟਾਲਿਆਂ ਦਾ ਅੰਬਾਰ ਲੱਗਾ ਹੋਇਆ ਹੈ। 1998 ਵਿਚ ਜਦੋਂ ਲਾਲ ਕ੍ਰਿਸ਼ਨ ਅਡਵਾਨੀ ਕੇਂਦਰੀ ਗ੍ਰਹਿ ਮੰਤਰੀ ਸੀ ਤਾਂ ਉਸ ਨੇ ਹੈਦਰਾਬਾਦ ਅੰਦਰ ਇਕ ਆਹਲਾ-ਮਿਆਰੀ ਮੀਟਿੰਗ ਵਿਚ ਨਕਸਲਵਾਦ ਦੀ 'ਭਿਆਨਕਤਾ'

**ਪੇਸ਼ਕਸ਼: ਬੂਟਾ ਸਿੰਘ**
**ਫੋਨ: 91-94634-74342**

ਬਿਆਨ ਕਰਦਿਆਂ ਇਸ ਨੂੰ 'ਭਾਰਤੀ ਸੁਪਨੇ ਦਾ ਦੁਸ਼ਮਣ' ਗਰਦਾਨਦੇ ਹੋਏ ਨਕਸਲ ਪ੍ਰਭਾਵਿਤ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਪੁਲਿਸ ਮੁਖੀਆਂ ਨੂੰ ਇਸ ਦੀ ਜੜ੍ਹ ਵੱਢਣ ਦਾ ਸੱਦਾ ਦਿੱਤਾ ਸੀ। ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਹੁੰਦਿਆਂ ਨਕਸਲਵਾਦ/ਮਾਓਵਾਦ ਨੂੰ 'ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਦੱਸਿਆ ਸੀ ਅਤੇ ਉਸ ਨੇ ਵੀ ਇਸ ਨੂੰ ਮੁੱਢੋਂ ਖਤਮ ਕਰਨ ਦਾ ਸੰਕਲਪ ਦੁਹਰਾਇਆ ਸੀ। ਇਹ ਵੱਖਰੀ ਗੱਲ ਹੈ ਕਿ ਗ੍ਰਹਿ ਮੰਤਰਾਲੇ ਦੀ ਆਪਣੀ ਰਿਪੋਰਟ ਅਨੁਸਾਰ ਹੀ 2008 ਵਿਚ ਨਕਸਲ ਪ੍ਰਭਾਵਿਤ ਜ਼ਿਲ੍ਹਿਆਂ ਦੀ ਤਾਦਾਦ ਜਿਥੇ ਮਹਿਜ਼ ਚਾਰ ਜਾਂ ਛੇ ਸੀ, ਉਹ 2014 ਤੱਕ ਵਧ ਕੇ 22 ਹੋ ਗਈ (ਸਰਕਾਰੀ ਰਿਪੋਰਟ ਅਨੁਸਾਰ ਮੁਲਕ ਦੇ ਕੁਲ 508 ਜ਼ਿਲ੍ਹਿਆਂ ਵਿਚੋਂ 233 ਜ਼ਿਲ੍ਹੇ ਨਕਸਲ ਪ੍ਰਭਾਵਿਤ ਹਨ)। ਬੀਤੇ ਵਰ੍ਹਿਆਂ ਦੌਰਾਨ ਸਰਕਾਰ ਨੇ ਆਪਣੀ ਫੌਜੀ ਸਮੱਰਥਾ ਵਿਚ ਭਾਰੀ ਵਾਧਾ ਕੀਤਾ, ਮਾਓਵਾਦੀਆਂ ਨਾਲ ਸ਼ਾਂਤੀ ਵਾਰਤਾਵਾਂ ਚਲਾਈਆਂ, ਸ਼ਾਂਤੀ-ਵਾਰਤਾ ਦੀ ਆੜ ਹੇਠ ਮਾਓਵਾਦੀਆਂ ਦੀ ਕੇਂਦਰੀ ਕਮੇਟੀ ਦੇ ਚੋਟੀ ਦੇ ਕਈ ਆਗੂ ਜਾਂ ਤਾਂ ਮਾਰ ਦਿੱਤੇ ਜਾਂ ਜੇਲ੍ਹਾਂ ਅੰਦਰ ਡੱਕ ਦਿੱਤੇ, ਯੂ.ਏ.ਪੀ.ਏ. ਵਰਗੇ ਦਮਨਕਾਰੀ ਕਾਨੂੰਨ ਬਣਾਏ ਅਤੇ ਬਦਲਵੇਂ ਵਿਕਾਸ ਮਾਡਲ ਦੀ ਗੱਲ ਕਰਨ ਵਾਲਿਆਂ ਨੂੰ ਬਿਨਾਂ ਕਿਸੇ ਦੋਸ਼ ਪੱਤਰ ਦੇ ਕਈ-ਕਈ ਸਾਲ ਜੇਲ੍ਹਾਂ ਵਿਚ ਸਾੜਿਆ।

ਨਾਲ ਹੀ ਹਕੂਮਤ ਨੇ ਇਕ ਅਹਿਮ ਯੋਜਨਾ ਲਿਆਂਦੀ। ਇਸ ਤਹਿਤ ਜੇ ਕੋਈ ਮਾਓਵਾਦੀ ਆਪਣੀ ਸਿਆਸਤ ਅਤੇ ਹਿੰਸਾ ਤੋਂ ਤੌਬਾ ਕਰ ਕੇ ਆਮ ਜ਼ਿੰਦਗੀ ਜਿਉਣਾ ਚਾਹੁੰਦਾ ਹੈ ਅਤੇ ਉਹ ਆਤਮ ਸਮਰਪਣ ਲਈ ਤਿਆਰ ਹੈ, ਹਕੂਮਤ ਉਸ ਨੂੰ ਇਨਾਮ ਅਤੇ ਉਸ ਦੀ ਯੋਗਤਾ ਅਨੁਸਾਰ ਨੌਕਰੀ ਵੀ ਦੇਵੇਗੀ। ਮਾਓਵਾਦ ਪ੍ਰਭਾਵਿਤ ਸੂਬਿਆਂ ਅੰਦਰ ਇਸ ਯੋਜਨਾ ਦਾ ਖਾਕਾ ਭੇਜ ਦਿੱਤਾ ਗਿਆ। ਇਸ ਅੰਦਰ ਵੱਖ-ਵੱਖ ਹੈਸੀਅਤ ਰੱਖਦੇ ਮਾਓਵਾਦੀਆਂ ਲਈ ਵੱਖ-ਵੱਖ ਰਕਮਾਂ ਅਤੇ ਸਹੂਲਤਾਂ ਤੈਅ ਕੀਤੀਆਂ ਗਈਆਂ ਸਨ। ਮਸਲਨ, ਜੇ ਕੋਈ ਵੱਡਾ ਆਗੂ ਆਤਮ ਸਮਰਪਣ ਕਰੇਗਾ ਤਾਂ ਉਸ ਨੂੰ ਲੱਖਾਂ ਰੁਪਏ ਅਤੇ ਕਾਰਕੁਨ ਨੂੰ ਘੱਟ ਪੈਸੇ ਮਿਲਣਗੇ।

ਇਸ ਯੋਜਨਾ ਨੇ ਇਨ੍ਹਾਂ ਸੂਬਿਆਂ ਅੰਦਰਲੇ ਲਾਲਚੀ ਤੇ ਖੁਦਗਰਜ਼ ਅਨਸਰਾਂ ਦਾ ਧਿਆਨ ਖਿੱਚਿਆ। ਉਨ੍ਹਾਂ ਨੇ ਕੁਝ ਇਹੋ ਜਿਹੇ ਲੋਕਾਂ, ਜਿਨ੍ਹਾਂ ਦਾ ਮਾਓਵਾਦ ਨਾਲ ਕੋਈ ਵਾਹ-ਵਾਸਤਾ ਨਹੀਂ ਸੀ, ਨੂੰ ਇਸ ਗੱਲ ਲਈ ਤਿਆਰ ਕਰ ਲਿਆ ਕਿ ਉਹ ਮਾਓਵਾਦੀ ਬਣ ਕੇ 'ਆਤਮ ਸਮਰਪਣ' ਕਰਨ ਅਤੇ ਇਸ ਤਰ੍ਹਾਂ ਜੋ ਰਕਮ ਮਿਲੇਗੀ, ਉਸ ਨੂੰ ਉਹ ਆਪਸ ਵਿਚ ਵੰਡ ਲੈਣਗੇ। ਇਨ੍ਹਾਂ ਨੌਜਵਾਨਾਂ ਨੂੰ ਬਾਕਾਇਦਾ ਪਿਸਤੌਲ ਅਤੇ ਰਾਈਫ਼ਲ ਫੜਨੀ ਸਿਖਾਈ ਗਈ ਅਤੇ ਪੁਲਿਸ ਨਾਲ ਗੰਢ-ਤੁੱਪ ਕਰ ਕੇ ਇਨ੍ਹਾਂ ਨੂੰ ਕੁਝ ਫਰਜ਼ੀ ਮੁਕਾਬਲਿਆਂ ਵਿਚ ਫੜਿਆ ਵੀ ਗਿਆ। ਇਹ ਸਾਰਾ ਕੁਝ ਪਹਿਲਾਂ ਹੀ ਲਿਖੀ ਕਹਾਣੀ ਅਨੁਸਾਰ ਹੁੰਦਾ ਰਿਹਾ। ਇਸ ਤਰ੍ਹਾਂ ਦਾ ਕਾਰਨਾਮਾ ਕੇਂਦਰ ਹਕੂਮਤ ਪਹਿਲਾਂ ਆਸਾਮ ਵਿਚ ਕਰ ਚੁੱਕੀ ਸੀ ਅਤੇ ਉਸ ਨੂੰ ਇਸ ਗੱਲ ਦਾ ਇਲਮ ਸੀ ਕਿ ਉਲਫਾ ਅਤਿਵਾਦੀਆਂ ਦੇ ਆਤਮ ਸਮਰਪਣ ਦੇ ਮਾਮਲੇ ਵਿਚ ਵੱਡੇ-ਵੱਡੇ ਘੋਟਾਲੇ ਹੋਏ ਸਨ ਅਤੇ ਉਨ੍ਹਾਂ ਘੋਟਾਲਿਆਂ ਨੂੰ ਖੁਦ 'ਸੂਲਫਾ' (ਆਤਮ ਸਮਰਪਣ ਕਰਨ ਵਾਲੇ ਉਲਫਾ ਕਾਰਕੁਨ) ਨੇ ਵੀ ਜੱਗ-ਜ਼ਾਹਿਰ ਕੀਤਾ ਸੀ। ਇਸ ਦੇ ਬਾਵਜੂਦ ਹਕੂਮਤ ਨੇ ਇਸ ਪ੍ਰੋਗਰਾਮ ਨੂੰ ਬੇਝਿਜਕ ਹੋ ਕੇ ਛੱਤੀਸਗੜ੍ਹ ਤੇ ਝਾਰਖੰਡ ਅੰਦਰ ਉਚੇਚਾ ਲਾਗੂ ਕੀਤਾ।

2011-12 ਵਿਚ ਝਾਰਖੰਡ ਅੰਦਰ ਤਕਰੀਬਨ 150 ਆਦਿਵਾਸੀ ਨੌਜਵਾਨਾਂ ਨੂੰ ਮਾਓਵਾਦੀ ਕਹਿ ਕੇ 'ਆਤਮ ਸਮਰਪਣ' ਦਾ ਨਾਟਕ ਰਚਿਆ ਗਿਆ। ਇਸ ਵਿਚ ਹਰ ਨੌਜਵਾਨ ਨੂੰ ਔਸਤਨ 2 ਲੱਖ ਰੁਪਏ ਦਿੱਤੇ ਗਏ ਸਨ। ਇਸ ਫਰਜ਼ੀ ਆਤਮ ਸਮਰਪਣ ਤੋਂ ਬਾਅਦ ਉਨ੍ਹਾਂ ਨੂੰ ਇਕ ਸਾਲ ਤੱਕ ਰਾਂਚੀ ਦੀ ਪੁਰਾਣੀ ਜੇਲ੍ਹ ਅੰਦਰ ਰੱਖਿਆ ਗਿਆ, ਜਿਸ ਦੀ ਦੇਖਭਾਲ ਸੀ.ਆਰ.ਪੀ.ਐਫ. ਦੀ 203ਵੀਂ ਕੋਬਰਾ ਬਟਾਲੀਅਨ ਕਰ ਰਹੀ ਸੀ। ਰਾਂਚੀ ਅੰਦਰ ਇਕ ਨਵੀਂ ਜੇਲ੍ਹ ਬਣ ਚੁੱਕੀ ਸੀ ਅਤੇ ਪੁਰਾਣੀ ਜੇਲ੍ਹ 2006 ਤੋਂ ਖਾਲੀ ਪਈ ਸੀ। ਉਨ੍ਹਾਂ ਦੇ ਆਤਮ ਸਮਰਪਣ ਦਾ ਨਾਟਕ ਰਚਣ ਵਾਲਾ ਸ਼ਖਸ ਰਵੀ ਬੋਦਰਾ ਸੀ ਜੋ ਕਿਸੇ ਜ਼ਮਾਨੇ 'ਚ ਫੌਜ ਅੰਦਰ ਖੁਫੀਆ ਅਧਿਕਾਰੀ ਸੀ ਅਤੇ ਜਿਸ ਨੇ ਅਸਾਮ ਅੰਦਰ ਬੋਡੋ ਅਤਿਵਾਦੀਆਂ ਦੇ ਆਤਮ ਸਮਰਪਣ ਦੀ ਜ਼ਿੰਮੇਵਾਰੀ ਨਿਭਾਈ ਸੀ। ਰਾਂਚੀ ਦੇ ਆਹਲਾ ਪੁਲਿਸ ਸੂਤਰਾਂ ਅਨੁਸਾਰ ਬੋਦਰਾ ਨੇ ਖੁਦ ਇੱਛਾ ਜ਼ਾਹਰ ਕੀਤੀ ਸੀ ਕਿ ਉਹ ਮਾਓਵਾਦੀਆਂ ਨੂੰ ਸਮਝਾ ਕੇ ਆਤਮ ਸਮਰਪਣ ਲਈ ਤਿਆਰ ਕਰੇਗਾ ਅਤੇ ਫਿਰ ਉਸ ਨੇ ਇਹ ਮੁਹਿੰਮ ਹੱਥ ਲੈ ਲਈ। ਉਸ ਦੀ ਗੱਲਬਾਤ ਸਿੱਧੀ ਕੇਂਦਰ ਦੇ ਗ੍ਰਹਿ ਵਿਭਾਗ ਨਾਲ ਹੁੰਦੀ ਸੀ ਅਤੇ ਮੁਕਾਮੀ ਪੁਲਿਸ ਅਧਿਕਾਰੀਆਂ ਨੂੰ ਕਾਫੀ ਪਛੜ ਕੇ ਜਾਣਕਾਰੀ ਮਿਲਦੀ ਸੀ।



*ਮਾਓਵਾਦੀਆਂ ਦੇ ਅਸਰ ਵਾਲੇ ਇਲਾਕੇ ਵਿਚ ਗਸ਼ਤ ਕਰ ਰਹੇ ਸੁਰੱਖਿਆ ਮੁਲਾਜ਼ਮ।*

21 ਜੁਲਾਈ 2014 ਨੂੰ 'ਇੰਡੀਅਨ ਐਕਸਪ੍ਰੈਸ' ਵਿਚ ਦੀਪੂ ਸੈਬੇਸਟੀਅਨ ਐਡਮੰਡ ਦੀ ਖੋਜ ਭਰਪੂਰ ਰਿਪੋਰਟ ਛਪੀ। ਇਸ ਰਿਪੋਰਟ ਤੋਂ ਕਈ ਅਜਿਹੇ ਤੱਥ ਜੱਗ-ਜ਼ਾਹਿਰ ਹੋਏ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਭ੍ਰਿਸ਼ਟਾਚਾਰ ਦੇ ਇਸ ਮਾਮਲੇ ਵਿਚ ਕਿਸ-ਕਿਸ ਪੱਧਰ 'ਤੇ ਲੋਕ ਸ਼ਾਮਲ ਰਹੇ ਹਨ। ਰਿਪੋਰਟ ਅਨੁਸਾਰ ਇਸੇ ਸਾਲ 28 ਮਾਰਚ ਨੂੰ ਰਾਂਚੀ ਵਿਚ ਐਫ.ਆਈ.ਆਰ. ਦਰਜ ਹੋਈ ਜਿਸ ਵਿਚ ਰਵੀ ਬੋਦਰਾ ਸਮੇਤ ਚਾਰ ਜਣਿਆਂ ਦਾ ਨਾਂ ਸੀ। ਇਨ੍ਹਾਂ ਵਿਚੋਂ ਰਵੀ ਬੋਦਰਾ ਅਤੇ ਇਕ ਵਿਅਕਤੀ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਪਰ ਦੋ ਹੋਰਾਂ ਦੀ ਤਲਾਸ਼ ਚੱਲ ਰਹੀ ਹੈ। ਇਨ੍ਹਾਂ ਵਿਚ 50 ਸਾਲਾ ਕੈਰੋਲੀਨਾ ਕੇਰਕੈਟਾ ਵੀ ਇਕ ਮੁਲਜ਼ਮ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ 'ਦਿੱਗ-ਦਰਸ਼ਨ ਡਿਫੈਂਡ ਐਂਡ ਸਿਵਲ ਸਰਵਿਸਿਜ਼ ਜ਼ੋਨ' ਨਾਂ ਦੀ ਏਜੰਸੀ ਲਈ ਕੰਮ ਕਰਦੀ ਸੀ। ਇਸ ਏਜੰਸੀ ਨੂੰ ਇਕ ਹੋਰ ਮੁਲਜ਼ਮ ਦਿਨੇਸ਼ ਪ੍ਰਜਾਪਤੀ ਚਲਾਉਂਦਾ ਸੀ। ਕੈਰੋਲੀਨਾ ਇੱਧਰੋਂ-ਉਧਰੋਂ ਨੌਜਵਾਨਾਂ ਨੂੰ ਭਰਮਾ ਕੇ ਦਿਨੇਸ਼ ਦੀ ਸੰਸਥਾ ਵਿਚ ਭਰਤੀ ਕਰਨ ਲਈ ਲਿਆਉਂਦੀ ਸੀ ਅਤੇ ਪ੍ਰਜਾਪਤੀ ਦੇ ਹਵਾਲੇ ਕਰਦੀ ਸੀ। ਪ੍ਰਜਾਪਤੀ ਉਨ੍ਹਾਂ ਨੂੰ 'ਮਾਓਵਾਦੀ' ਹੋਣ ਦੀ ਸਿਖਲਾਈ ਦੇਣ ਪਿੱਛੋਂ ਅਗਾਂਹ ਰਵੀ ਬੋਦਰਾ ਦੇ ਸਪੁਰਦ ਕਰ ਦਿੰਦਾ ਸੀ ਅਤੇ ਫਿਰ ਇਸ ਪਿੱਛੋਂ ਆਤਮ ਸਮਰਪਣ ਦਾ ਨਾਟਕ ਪੂਰਾ ਹੁੰਦਾ ਸੀ। ਕੈਰੋਲੀਨਾ, ਦਿਨੇਸ਼ ਪ੍ਰਜਾਪਤੀ ਅਤੇ ਰਵੀ ਬੋਦਰਾ ਤੋਂ ਇਲਾਵਾ ਚੌਥਾ ਮੁਲਜ਼ਮ ਮਾਸੀ ਕੇਰਕੈਟਾ ਵੀ ਹੈ ਜੋ ਫਿਲਹਾਲ ਖੂੰਟੀ ਥਾਣੇ ਅੰਦਰ ਸਿਪਾਹੀ ਹੈ। ਉਹ ਫ਼ੌਜ ਵਿਚ ਰਹਿ ਚੁੱਕਾ ਹੈ।

ਇਕ ਦਿਲਚਸਪ ਤੱਥ ਇਹ ਵੀ ਸਾਹਮਣੇ ਆਇਆ ਹੈ ਕਿ ਅਕਤੂਬਰ 2014 ਵਿਚ ਸੀ.ਆਰ.ਪੀ.ਐਫ. ਦੇ ਉਦੋਂ ਆਈ.ਜੀ. (ਅਪਰੇਸ਼ਨ) ਐਮ.ਵੀ. ਰਾਵ ਨੇ ਝਾਰਖੰਡ ਪੁਲਿਸ ਨੂੰ ਖਤ ਲਿਖ ਕੇ ਇਸ ਉਪਰ ਸ਼ੱਕ ਜ਼ਾਹਿਰ ਕੀਤਾ ਸੀ ਕਿ ਰਾਂਚੀ ਦੀ ਪੁਰਾਣੀ ਜੇਲ੍ਹ ਅੰਦਰ 514 ਲੋਕਾਂ ਨੂੰ ਬੰਦ ਕਰ ਕੇ ਕਿਉਂ ਰੱਖਿਆ ਗਿਆ ਹੈ। ਮਾਰਚ 2014 ਵਿਚ ਬਾਕਾਇਦਾ ਐਫ.ਆਈ.ਆਰ. ਦਰਜ ਹੋਣ ਪਿੱਛੋਂ ਹੀ ਪੁਲਿਸ ਨੇ ਇਸ ਮਾਮਲੇ ਵੱਲ ਤਵੱਜੋਂ ਦਿੱਤੀ। 'ਇੰਡੀਅਨ ਐਕਸਪ੍ਰੈਸ' ਅੰਦਰ ਉਸ ਖ਼ਤ ਦਾ ਜ਼ਿਕਰ ਕੀਤਾ ਗਿਆ ਹੈ ਜੋ ਆਈ.ਜੀ.ਐਮ.ਵੀ. ਰਾਵ ਨੇ ਉਦੋਂ ਡੀ.ਜੀ.ਪੀ. ਜੀ.ਐਸ. ਰਥ ਨੂੰ ਲਿਖਿਆ ਸੀ। ਇਸ ਖ਼ਤ ਵਿਚ ਉਸ ਨੇ ਦੱਸਿਆ ਸੀ ਕਿ ਅਹੁਦਾ ਸੰਭਾਲਣ ਤੋਂ ਕੁਝ ਕੁ ਦਿਨ ਬਾਅਦ ਹੀ ਉਸ ਨੂੰ ਪਤਾ ਲੱਗਿਆ ਸੀ ਕਿ ਪੁਰਾਣੀ ਜੇਲ੍ਹ ਅੰਦਰ 514 ਲੋਕਾਂ ਨੂੰ ਰੱਖਿਆ ਗਿਆ ਹੈ ਜੋ ਠੀਕ ਨਹੀਂ ਹੈ, ਕਿਉਂਕਿ ਆਤਮ ਸਮਰਪਣ ਸਬੰਧੀ ਨੀਤੀ ਸੂਬਾ ਹਕੂਮਤ ਦੇ ਦਾਇਰੇ ਅੰਦਰ ਆਉਂਦੀ ਹੈ, ਨਾ ਕਿ ਸੀ.ਆਰ.ਪੀ.ਐਫ. ਵਰਗੀ ਨੀਮ-ਫ਼ੌਜੀ ਬਲ ਦੇ ਦਾਇਰੇ ਅੰਦਰ। ਰਾਵ ਨੇ ਆਪਣੇ ਪੱਤਰ ਵਿਚ ਇਹ ਵੀ ਲਿਖਿਆ ਸੀ ਕਿ ਉਸ ਦੀ ਜਾਣਕਾਰੀ ਅਨੁਸਾਰ ਜਿਨ੍ਹਾਂ 514 ਨੌਜਵਾਨਾਂ ਨੂੰ ਜੇਲ੍ਹ ਵਿਚ ਰੱਖਿਆ ਗਿਆ ਹੈ, ਉਨ੍ਹਾਂ ਵਿਰੁਧ ਪੁਲਿਸ ਰਿਕਾਰਡ ਅੰਦਰ ਕੋਈ ਕੇਸ ਦਰਜ ਨਹੀਂ ਹੈ ਅਤੇ ਉਨ੍ਹਾਂ ਨੂੰ ਜੇਲ੍ਹ 'ਚ ਰੱਖਣਾ ਲਾਕਾਨੂੰਨੀ ਹੈ। ਆਈ.ਜੀ. ਇਸ ਗੱਲ ਤੋਂ ਵੀ ਫ਼ਿਕਰਮੰਦ ਸੀ ਕਿ ਇਨ੍ਹਾਂ 514 ਨੌਜਵਾਨਾਂ ਉਪਰ ਕਿਸੇ ਤਰ੍ਹਾਂ ਦੀ ਬੰਦਿਸ਼ ਨਹੀਂ ਹੈ ਅਤੇ ਉਹ ਬੇਰੋਕ-ਟੋਕ ਕਿਤੇ ਵੀ ਜਾ ਸਕਦੇ ਹਨ। ਅਜਿਹੀ ਹਾਲਤ ਵਿਚ ਜੇ ਉਨ੍ਹਾਂ ਵਿਚੋਂ ਕੋਈ ਬਾਹਰ ਜਾ ਕੇ ਕਿਸੇ ਤਰ੍ਹਾਂ ਦਾ ਵੀ ਜੁਰਮ ਕਰਦਾ ਹੈ ਤਾਂ ਉਸ ਦੇ ਲਈ ਸੀ.ਆਰ.ਪੀ.ਐਫ. ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਪੁਲਿਸ ਦੀ ਸਪੈਸ਼ਲ ਬ੍ਰਾਂਚ ਨੇ ਜਦੋਂ 26 ਮਾਰਚ ਨੂੰ ਰਿਪੋਰਟ ਹਕੂਮਤ ਨੂੰ ਪੇਸ਼ ਕੀਤੀ ਤਾਂ ਕਿਤੇ ਹਕੂਮਤ ਹਰਕਤ ਵਿਚ ਆਈ। ਇਸ ਰਿਪੋਰਟ ਸਦਕਾ ਹੀ 8 ਮਈ ਨੂੰ ਸੀ.ਬੀ.ਆਈ. ਜਾਂਚ ਦੀ ਮੰਗ ਉਠੀ। ਸੂਬੇ ਦੇ ਗ੍ਰਹਿ ਸਕੱਤਰ ਨੇ 'ਇੰਡੀਅਨ ਐਕਸਪ੍ਰੈਸ' ਦੇ ਪੱਤਰਕਾਰ ਨੂੰ ਦੱਸਿਆ ਕਿ 'ਜਦੋਂ ਹੀ ਮੈਨੂੰ ਲਾਕਾਨੂੰਨੀ ਆਤਮ ਸਮਰਪਣਾਂ ਦੀ ਜਾਣਕਾਰੀ ਮਿਲੀ, ਮੈਂ ਉਸੇ ਵੇਲੇ ਰਿਪੋਰਟ ਮੰਗਵਾ ਲਈ। ਇਨ੍ਹਾਂ ਨੌਜਵਾਨਾਂ ਤੇ ਮੁਟਿਆਰਾਂ ਨੂੰ ਆਪਣੀ ਜ਼ਮੀਨ ਵੇਚਣੀ ਪਈ ਤਾਂ ਕਿ ਵਧੀਆ ਨੌਕਰੀ ਹਾਸਲ ਕਰਨ ਲਈ ਉਹ ਪੈਸੇ ਦੇ ਸਕਣ। ਇੰਜ ਉਹ ਕੰਗਾਲ ਹੋ ਗਏ।'

ਸਪੈਸ਼ਲ ਬ੍ਰਾਂਚ ਨੇ ਆਪਣੀ ਟਿੱਪਣੀ ਵਿਚ ਕਿਹਾ ਕਿ 2012 ਅੰਦਰ ਆਤਮ ਸਮਰਪਣ ਨਾਲ ਸਬੰਧਿਤ ਸਕਰੀਨਿੰਗ ਕਮੇਟੀ ਨੇ ਨੋਟ ਕੀਤਾ ਕਿ ਪੁਰਾਣੀ ਜੇਲ੍ਹ ਅੰਦਰ ਇਨ੍ਹਾਂ 514 ਲੋਕਾਂ ਨੂੰ ਰੱਖਿਆ ਗਿਆ ਸੀ, ਉਨ੍ਹਾਂ ਵਿਚੋਂ ਸਿਰਫ ਛੇ ਜਣੇ ਹੀ ਅਜਿਹੇ ਸਨ ਜਿਨ੍ਹਾਂ ਨੂੰ ਆਤਮ ਸਮਰਪਣ ਕਰਵਾਇਆ ਜਾ ਸਕਦਾ ਸੀ। ਇਨ੍ਹਾਂ ਛੇਆਂ ਨੂੰ 18 ਫਰਵਰੀ 2013 ਨੂੰ ਆਤਮ ਸਮਰਪਣ ਕਰਵਾਇਆ ਗਿਆ। ਇਸ ਕਰ ਕੇ ਸੀ.ਆਰ.ਪੀ.ਐਫ. ਅਤੇ ਸੂਬਾਈ ਪੁਲਿਸ ਦੇ ਆਹਲਾ ਅਧਿਕਾਰੀਆਂ ਨੂੰ ਬੜੀ ਸ਼ਰਮਿੰਦਗੀ ਝੱਲਣੀ ਪਈ, ਕਿਉਂਕਿ ਇਨ੍ਹਾਂ ਲੋਕਾਂ ਨੇ ਰਵੀ ਬੋਦਰਾ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਐਲਾਨ ਕਰ ਦਿੱਤਾ ਸੀ ਕਿ ਉਦੋਂ ਗ੍ਰਹਿ ਮੰਤਰੀ ਪੀ. ਚਿਦੰਬਰਮ ਦੇ ਸਾਹਮਣੇ 300 ਤੋਂ ਲੈ ਕੇ 400 ਮਾਓਵਾਦੀ ਆਤਮ ਸਮਰਪਣ ਕਰਨਗੇ। ਛੇ ਲੋਕਾਂ ਦਾ ਆਤਮ ਸਮਰਪਣ ਇਤਨਾ ਸ਼ਰਮਨਾਕ ਸੀ ਕਿ ਇਸ ਦਾ ਪ੍ਰਬੰਧ ਰਾਂਚੀ ਦੀ ਬਜਾਇ ਖੂੰਟੀ ਵਿਚ ਕੀਤਾ ਗਿਆ। ਮਨੁੱਖੀ ਅਧਿਕਾਰ ਸੰਗਠਨ ਸੀ.ਡੀ.ਆਰ.ਓ. (ਕੋਆਰਡੀਨੇਸ਼ਨ ਆਫ਼ ਡੈਮੋਕਰੈਟਿਕ ਰਾਈਟਸ ਆਰਗੇਨਾਈਜੇਸ਼ਨ) ਵਲੋਂ ਘਟਨਾ ਦੀ ਜਾਂਚ ਦੀ ਮੰਗ ਕੀਤੀ ਗਈ।

ਅੱਜ ਤੋਂ ਕੁਝ ਸਾਲ ਪਹਿਲਾਂ 2007 ਵਿਚ ਇਸੇ ਤਰ੍ਹਾਂ ਦਾ ਮਾਮਲਾ ਛੱਤੀਸਗੜ੍ਹ ਵਿਚ ਸਾਹਮਣੇ ਆਇਆ ਸੀ ਜਦੋਂ ਉਥੋਂ ਦੀ ਪੁਲਿਸ ਨੇ 79 ਆਦਿਵਾਸੀ ਮਰਦਾਂ ਤੇ ਔਰਤਾਂ ਨੂੰ ਮੁੱਖ ਮੰਤਰੀ ਰਮਨ ਸਿੰਘ ਦੇ ਸਾਹਮਣੇ 'ਆਤਮ ਸਮਰਪਣ' ਕਰਾਇਆ ਸੀ। ਅਗਲੇ ਦਿਨ ਹੀ ਅਖ਼ਬਾਰਾਂ ਨੇ ਇਹ ਜਾਣਕਾਰੀ ਦਿੱਤੀ ਕਿ ਇਨ੍ਹਾਂ ਸਾਰੇ ਅਖਾਉਤੀ ਮਾਓਵਾਦੀਆਂ ਨੂੰ ਰਾਜਧਾਨੀ ਰਾਇਪੁਰ ਤੋਂ ਤਕਰੀਬਨ 400 ਕਿਲੋਮੀਟਰ ਦੂਰ ਬਸਤਰ ਦੇ ਇਲਾਕੇ ਵਿਚੋਂ ਫੜ ਕੇ ਲਿਆਂਦਾ ਗਿਆ ਅਤੇ ਇਹ ਸਾਰੇ ਹੀ ਨਿਰਦੋਸ਼ ਹਨ ਜਿਨ੍ਹਾਂ ਨੂੰ ਕੁਛ ਪਤਾ ਨਹੀਂ ਕਿ ਕੀ ਹੋ ਰਿਹਾ ਹੈ। ਖੁਦ ਭਾਜਪਾ ਵਿਧਾਇਕ ਮਹੇਸ਼ ਬਘੇਲ ਨੇ ਇਹਦੀ ਸ਼ਿਕਾਇਤ ਮੁੱਖ ਮੰਤਰੀ ਨੂੰ ਕੀਤੀ ਸੀ।

ਇਸ ਤੋਂ ਬਾਅਦ ਕਾਫੀ ਰੌਲਾ ਪਿਆ ਅਤੇ ਫਿਰ ਮੁੱਖ ਮੰਤਰੀ ਨੇ ਪੁਲਿਸ ਨੂੰ ਲਾਹਣਤ ਪਾਈ, ਤੇ ਹਦਾਇਤ ਕੀਤੀ ਕਿ ਹੁਣ ਤੋਂ ਅੱਗੇ ਪੂਰੀ ਖੋਜ ਪੜਤਾਲ ਕਰ ਕੇ ਹੀ ਇਸ ਤਰ੍ਹਾਂ ਦੇ ਪ੍ਰੋਗਰਾਮ ਰੱਖੇ ਜਾਣ। ਹਾਲ ਹੀ ਵਿਚ ਛੱਤੀਸਗੜ੍ਹ ਵਿਚ ਮਾਓਵਾਦੀਆਂ ਦੇ ਵੱਡੇ ਆਤਮ ਸਮਰਪਣ ਦੀ ਰਿਪੋਰਟ ਨੂੰ ਵੀ ਇਸੇ ਰੌਸ਼ਨੀ 'ਚ ਦੇਖਿਆ ਜਾਣਾ ਚਾਹੀਦਾ ਹੈ।

# ਲਾਪਤਾ ਬੱਚਿਆਂ ਬਾਰੇ ਪੁਲਿਸ ਦਾ ਰਵੱਈਆ

ਭਾਰਤ ਵਿਚ ਹਰ ਸਾਲ ਹਜ਼ਾਰਾਂ ਬੱਚੇ ਗਾਇਬ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ ਲੱਗਦਾ। ਪੁਲਿਸ ਅਕਸਰ ਉਨ੍ਹਾਂ ਨੂੰ ਲੱਭਣ ਵਿਚ ਬਹੁਤੀ ਦਿਲਚਸਪੀ ਨਹੀਂ ਦਿਖਾਉਂਦੀ। ਹਾਂ, ਜੇ ਬੱਚਾ ਕਿਸੇ ਅਮੀਰ ਜਾਂ ਉਚੀ ਪਹੁੰਚ ਵਾਲੇ ਪਰਿਵਾਰ ਦਾ ਹੋਵੇ, ਤਾਂ ਵੱਖਰੀ ਗੱਲ ਹੈ, ਪਰ ਜੇ ਬੱਚਾ ਕਿਤੇ ਆਮ ਨਾਗਰਿਕ ਜਾਂ ਗਰੀਬ ਪਰਿਵਾਰ ਦਾ ਹੈ ਤਾਂ ਫਿਰ ਰੱਬ ਹੀ ਰਾਖਾ! ਗੁਆਚੇ ਬੱਚਿਆਂ ਦੇ ਮਾਂ-ਪਿਉ ਕੁਝ ਦਿਨਾਂ ਤਕ ਤਾਂ ਥਾਣਿਆਂ ਦੇ ਗੇੜੇ ਲਗਾਉਂਦੇ ਹਨ, ਪਰ ਉਹ ਵੀ ਥੱਕ-ਹਾਰ ਕੇ ਗੇੜੇ ਲਾਉਣੇ ਛੱਡ ਦਿੰਦੇ ਹਨ ਤੇ ਇਸ ਨੂੰ ਆਪਣੀ ਕਿਸਮਤ ਮੰਨ ਕੇ ਘਰ ਬੈਠ ਜਾਂਦੇ ਹਨ। ਕੁੜੀਆਂ ਦੇ ਮਾਮਲੇ ਵਿਚ ਮਾਂ-ਪਿਉ ਇਸ ਲਈ ਵੀ ਛੇਤੀ ਹਾਰ ਮੰਨ ਲੈਂਦੇ ਹਨ, ਕਿਉਂਕਿ ਪੁਲਿਸ ਵਾਲੇ ਉਨ੍ਹਾਂ ਨੂੰ ਅਜਿਹੇ ਸਵਾਲ ਕਰਦੇ ਹਨ ਜਿਨ੍ਹਾਂ ਦਾ ਜਵਾਬ ਦੇਣਾ ਉਨ੍ਹਾਂ ਲਈ ਸ਼ਰਮਨਾਕ ਹੁੰਦਾ ਹੈ।

ਅਫਸਰ ਮੰਨਦੇ ਹਨ ਕਿ ਲਾਪਤਾ ਬੱਚਿਆਂ ਵਿਚ ਘਰੋਂ ਨਾਰਾਜ਼ ਹੋ ਕੇ ਭੱਜਣ ਜਾਂ ਰਸਤਾ ਭਟਕ ਕੇ ਗੁਆਚਣ ਵਾਲੇ ਬੱਚਿਆਂ ਦੀ ਗਿਣਤੀ ਕਾਫੀ ਘੱਟ ਹੈ, ਜਦਕਿ ਜ਼ਿਆਦਾਤਰ ਬੱਚਿਆਂ ਦੇ ਗਾਇਬ ਹੋਣ ਦਾ ਕਾਰਨ ਮਨੁੱਖੀ ਤਸਕਰੀ ਹੈ। 2007 ਵਿਚ ਬਿਊਰੋ ਆਫ ਪੁਲਿਸ ਰਿਸਰਚ ਐਂਡ ਡਿਵੈਲਪਮੈਂਟ (ਬੀ.ਪੀ.ਆਰ.ਐਂਡ ਡੀ.) ਨੇ 'ਹਿਊਮਨ ਟ੍ਰੈਫਿਕਿੰਗ ਫਾਰ ਇਨਵੈਸਟੀਗੇਟਰ' ਕਿਤਾਬਚਾ ਤਿਆਰ ਕੀਤਾ ਸੀ ਜਿਸ ਵਿਚ ਦੱਸਿਆ ਗਿਆ ਸੀ ਕਿ ਭਾਰਤ ਔਰਤਾਂ ਅਤੇ ਬੱਚਿਆਂ ਦੀ ਤਸਕਰੀ ਦਾ ਨਾ ਸਿਰਫ 'ਟ੍ਰਾਂਜ਼ਿਟ ਪੁਆਇੰਟ' ਹੈ ਸਗੋਂ ਇਹ ਸੋਮਾ ਤੇ ਮੰਜ਼ਿਲ ਵੀ ਹੈ। ਇਸ ਕਿਤਾਬਚੇ ਅਨੁਸਾਰ ਹਰ ਸਾਲ 22,000 ਔਰਤਾਂ ਅਤੇ 44,000 ਬੱਚੇ ਭਾਰਤ ਤੋਂ ਗਾਇਬ ਹੁੰਦੇ ਹਨ ਜਿਨ੍ਹਾਂ ਵਿਚੋਂ 5000 ਤੋਂ ਜ਼ਿਆਦਾ ਔਰਤਾਂ ਤੇ 1100 ਬੱਚਿਆਂ ਦਾ ਥਹੁ-ਪਤਾ ਨਹੀਂ ਮਿਲਦਾ।

2012 ਵਿਚ ਪੰਜਾਬ-ਹਰਿਆਣਾ ਹਾਈਕੋਰਟ ਵਿਚ ਕੁਝ ਐਨ.ਜੀ. ਓਜ਼ ਦੀਆਂ ਪਟੀਸ਼ਨਾਂ ਦੇ ਜਵਾਬ ਵਿਚ ਸਬੰਧਿਤ ਸੂਬਿਆਂ ਨੇ ਜਾਣਕਾਰੀ ਦਿੱਤੀ ਕਿ 2009-11 ਦਰਮਿਆਨ ਹਰਿਆਣਾ ਤੋਂ ਕੁਲ ਮਿਲਾ ਕੇ 3237 ਬੱਚੇ ਗਾਇਬ ਹੋਏ ਜਿਨ੍ਹਾਂ ਵਿਚੋਂ 1517 ਬੱਚੇ 2012 ਤਕ ਨਹੀਂ ਲੱਭੇ ਜਾ ਸਕੇ ਸਨ। ਇਸੇ ਤਰ੍ਹਾਂ ਪੰਜਾਬ ਵਿਚੋਂ 599 ਬੱਚੇ ਗਾਇਬ ਹੋਏ ਜਿਨ੍ਹਾਂ ਵਿਚੋਂ 544 ਲਾਪਤਾ ਰਹੇ ਅਤੇ ਚੰਡੀਗੜ੍ਹ ਤੋਂ ਗਾਇਬ ਹੋਏ

**ਸੰਜੀਵ ਸ਼ੁਕਲ**

286 ਬੱਚਿਆਂ ਵਿਚੋਂ 131 ਲਾਪਤਾ ਰਹੇ। ਜਿਹੜੇ ਬੱਚੇ ਲੱਭੇ ਨਹੀਂ ਜਾ ਸਕੇ, ਉਨ੍ਹਾਂ ਵਿਚ 618 ਕੁੜੀਆਂ ਹਰਿਆਣਾ ਦੀਆਂ, 181 ਪੰਜਾਬ ਤੇ 64 ਚੰਡੀਗੜ੍ਹ ਦੀਆਂ ਸਨ।

ਅਕਸਰ ਦੇਖਣ ਵਿਚ ਆਉਂਦਾ ਹੈ ਕਿ ਜਦੋਂ ਕੋਈ ਵੱਡੀ ਵਾਰਦਾਤ ਹੋ ਜਾਂਦੀ ਹੈ ਤਾਂ ਸਾਰੀ ਵਿਵਸਥਾ, ਚਾਹੇ ਉਹ ਸਿਵਲ ਪ੍ਰਸ਼ਾਸਨ ਹੋਵੇ ਜਾਂ ਪੁਲਿਸ, ਅਚਾਨਕ ਹਰਕਤ ਵਿਚ ਆ ਜਾਂਦੀ ਹੈ। ਜਿਵੇਂ-ਜਿਵੇਂ ਵਾਰਦਾਤ ਦੇ ਦਿਨ ਲੰਘਦੇ ਜਾਂਦੇ ਹਨ, ਸਾਰਾ ਪ੍ਰਸ਼ਾਸਨ ਫਿਰ ਢਿੱਲਾ ਪੈ ਜਾਂਦਾ ਹੈ। ਨੋਇਡਾ ਦੇ ਨਿਠਾਰੀ ਕਾਂਡ ਸਮੇਂ ਵੀ ਅਜਿਹਾ ਹੀ ਹੋਇਆ ਸੀ। ਹਰਿਆਣਾ ਸਰਕਾਰ ਨੇ ਸਾਰੇ ਜ਼ਿਲ੍ਹਿਆਂ ਦੇ ਪੁਲਿਸ ਪ੍ਰਸ਼ਾਸਨ ਨੂੰ ਹਦਾਇਤਾਂ ਦਿੱਤੀਆਂ ਸਨ ਕਿ 2005-06 ਦਰਮਿਆਨ ਗਾਇਬ ਹੋਏ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸੂਚੀ ਤਿਆਰ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਲੱਭਣ ਦੇ ਵਿਸ਼ੇਸ਼ ਬੰਦੋਬਸਤ ਕੀਤੇ ਜਾਣ। ਸੂਚੀਆਂ ਤਿਆਰ ਵੀ ਹੋ ਗਈਆਂ, ਪਰ ਜਿਵੇਂ-ਜਿਵੇਂ ਨਿਠਾਰੀ ਕਾਂਡ ਠੰਢਾ ਪਿਆ, ਪੁਲਿਸ ਦੀ ਸਰਗਰਮੀ ਵੀ ਘਟ ਗਈ। ਜ਼ਿਕਰਯੋਗ ਹੈ ਕਿ ਬੱਚਿਆਂ ਨੂੰ ਅਗਵਾ ਕਰਨ ਤੋਂ ਬਾਅਦ ਉਨ੍ਹਾਂ ਤੋਂ ਕਈ ਕਿਸਮ ਦੇ ਕੰਮ ਲਏ ਜਾਂਦੇ ਹਨ ਜਿਵੇਂ ਭੀਖ ਮੰਗਵਾਉਣਾ, ਢਾਬਿਆਂ ਵਾਲਿਆਂ ਕੋਲ ਵੇਚ ਦੇਣਾ ਆਦਿ। ਭੀਖ ਮੰਗਦੇ ਅਤੇ ਢਾਬਿਆਂ ਉਤੇ ਕੰਮ ਕਰਦੇ ਬੱਚੇ ਕਿਸੇ ਤੋਂ ਲੁਕੇ ਨਹੀਂ ਹਨ, ਪਰ ਕੀ ਕਦੇ ਪੁਲਿਸ ਉਨ੍ਹਾਂ ਅਤੇ ਉਨ੍ਹਾਂ ਬੱਚਿਆਂ ਨੂੰ ਅਜਿਹੇ ਕੰਮਾਂ 'ਤੇ ਲਗਾਉਣ ਵਾਲਿਆਂ ਨੂੰ ਫੜਦੀ ਹੈ? ਕਦੇ ਇਨ੍ਹਾਂ ਬੱਚਿਆਂ ਦਾ ਸਰਵੇਖਣ ਕਰਵਾਇਆ ਜਾਂਦਾ ਹੈ? ਕਦੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਹ ਬੱਚੇ ਆਏ ਕਿੱਥੋਂ? ਉਨ੍ਹਾਂ ਨੂੰ ਕੌਣ ਲਿਆਇਆ?

ਲਾਪਤਾ ਬੱਚਿਆਂ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ 14 ਨਵੰਬਰ 2002 ਨੂੰ 'ਹੋਰੀ ਲਾਲ ਬਨਾਮ ਨਵੀਂ ਦਿੱਲੀ ਪੁਲਿਸ ਕਮਿਸ਼ਨਰ' ਕੇਸ ਵਿਚ ਕੁਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ ਜਿਨ੍ਹਾਂ ਮੁਤਾਬਿਕ ਬੱਚਿਆਂ ਦੇ ਗੁਆਚਣ 'ਤੇ ਅਖਬਾਰਾਂ ਅਤੇ ਟੀ.ਵੀ. 'ਤੇ ਸਬੰਧਿਤ ਬੱਚਿਆਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਜਾਣ ਅਤੇ ਅਹਿਮ ਥਾਂਵਾਂ ਉਤੇ ਵੀ ਲਗਾਈਆਂ ਜਾਣ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਸੀ ਕਿ ਕੁੜੀਆਂ ਦੇ ਮਾਮਲੇ ਵਿਚ ਇਕ ਮਹੀਨੇ ਅੰਦਰ ਇਨਾਮੀ ਰਕਮ ਦਾ ਐਲਾਨ ਵੀ ਕੀਤਾ ਜਾਵੇ। ਇਸੇ ਤਰ੍ਹਾਂ ਦੇ ਕਈ ਹੋਰ ਨਿਰਦੇਸ਼ ਵੀ ਅਦਾਲਤ ਵਲੋਂ ਜਾਰੀ ਕੀਤੇ ਗਏ ਸਨ ਅਤੇ ਮਲਟੀ-ਟਾਸਕ ਫੋਰਸ ਬਣਾਉਣ ਦੀ ਵੀ ਗੱਲ ਕਹੀ ਗਈ ਸੀ। ਹੁਣ ਸਵਾਲ ਹੈ ਕਿ ਇਨ੍ਹਾਂ ਨਿਰਦੇਸ਼ਾਂ ਦੀ ਕਿੰਨੇ ਮਾਮਲਿਆਂ ਵਿਚ ਪਾਲਣਾ ਕੀਤੀ ਜਾ ਰਹੀ ਹੈ?

**ਵਿਅੰਗ**

# ਅਮਰੀਕਾ ਚੱਲੋ

ਜਗਰੂਪ ਸਿੰਘ ਰੂਪ

ਹਰ ਰੋਜ਼ ਅਖ਼ਬਾਰ ਇਨ੍ਹਾਂ ਗੱਲਾਂ ਨਾਲ ਭਰੇ ਰਹਿੰਦੇ ਕਿ ਪੰਜਾਬ ਵਿਚ ਪਾਣੀ ਦਾ ਪੱਧਰ ਦਿਨੋ-ਦਿਨ ਡਿੱਗਦਾ ਜਾ ਰਿਹਾ ਸੀ। ਛੱਪੜ-ਟੋਭੇ ਸੁੱਕਿਆਂ ਪਿਆਂ ਨੂੰ ਦਹਾਕੇ ਬੀਤ ਗਏ ਸਨ। ਦਰਿਆਵਾਂ ਵਿਚ ਪਾਣੀ ਘਟ ਰਿਹਾ ਸੀ ਅਤੇ ਡੂੰਘੇ ਲਾਏ ਟਿਊਬਵੈਲ ਵੀ ਪਾਣੀ ਚੁੱਕਣੋਂ ਆਰ੍ਹੀ ਹੁੰਦੇ ਜਾ ਰਹੇ ਸਨ। ਮਨੁੱਖ ਹੀ ਨਹੀਂ, ਸਗੋਂ ਜੀਵ-ਜੰਤੂ ਵੀ ਇਸ ਹਾਲਤ ਤੋਂ ਚਿੰਤਤ ਸਨ। ਡੱਡੂ, ਜਿਨ੍ਹਾਂ ਦੀ ਲਗਪਗ ਸਾਰੀ ਉਮਰ ਹੀ ਪਾਣੀ ਵਿਚ ਗੁਜ਼ਰਦੀ ਸੀ, ਉਹ ਤਾਂ ਕੁਝ ਵਧੇਰੇ ਹੀ ਚਿੰਤਤ ਸਨ। ਇਸ ਲਈ ਉਨ੍ਹਾਂ ਦੇ ਵੱਡੇ-ਬੁਡ੍ਹਿਆਂ ਨੇ ਫੈਸਲਾ ਕੀਤਾ ਕਿ ਜਿਵੇਂ ਪੰਜਾਬ ਦੀ ਸਾਰੀ ਜਨਤਾ ਆਪਣੇ ਦੁੱਖ-ਤਕਲੀਫਾਂ ਸਰਕਾਰ ਨੂੰ ਦੱਸਣ ਲਈ ਚੰਡੀਗੜ੍ਹ ਨੂੰ ਤੁਰੀਂ ਰਹਿੰਦੀ ਹੈ, ਉਹ ਵੀ ਚੰਡੀਗੜ੍ਹ ਜਾਣਗੇ ਅਤੇ ਆਪਣੀ ਸਮੱਸਿਆ ਸਰਕਾਰ ਦੇ ਧਿਆਨ ਵਿਚ ਲਿਆਉਣਗੇ। ਸਾਰੇ ਡੱਡੂਆਂ ਨੂੰ ਇਕੱਠੇ ਕਰਕੇ ਉਨ੍ਹਾਂ ਨੇ ਆਪਣਾ ਫੈਸਲਾ ਸੁਣਾ ਦਿੱਤਾ ਅਤੇ ਅਗਲੀ ਸਵੇਰ ਨੂੰ ਉਸੇ ਤਰ੍ਹਾਂ ਹੀ ਸਾਰਿਆਂ ਨੂੰ ਇਕੱਠੇ ਹੋਣ ਅਤੇ ਫੇਰ ਚੰਡੀਗੜ੍ਹ ਨੂੰ ਚਾਲੇ ਪਾਉਣ ਲਈ ਕਿਹਾ।

ਅਗਲੀ ਸਵੇਰ ਨੂੰ ਡੱਡੂਆਂ ਦਾ ਇਕ ਵਿਸ਼ਾਲ ਇਕੱਠ ਬੱਝ ਗਿਆ ਅਤੇ ਉਨ੍ਹਾਂ ਨੇ ਲੋੜ ਅਨੁਸਾਰ ਨਿੱਕੇ-ਮੋਟੇ ਬਿਸਤਰੇ, ਰਾਸ਼ਨ-ਪਾਣੀ, ਬਰਤਨ ਆਦਿ ਇੰਜ ਚੁੱਕੇ ਹੋਏ ਸਨ, ਜਿਵੇਂ ਉਹ ਆਰ-ਪਾਰ ਦੀ ਲੜਾਈ ਲੜਨ ਜਾ ਰਹੇ ਸਨ। ਇਹ ਨਜ਼ਾਰਾ ਵੇਖ ਕੇ ਵੱਡੇ-ਬੁਡ੍ਹਿਆਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ ਤੇ ਜੋਸ਼ ਨਾਲ ਉਨ੍ਹਾਂ ਦੀਆਂ ਨੀਲੀਆਂ ਰਗਾਂ ਫੁੱਲ ਗਈਆਂ। ਉਨ੍ਹਾਂ ਨੇ ਆਉਂਦਿਆਂ ਹੀ ਕਿਹਾ-ਲਓ ਫੇਰ ਇਹ ਨਾਅਰਾ ਲਾਓ ਤੇ ਚੱਲੀਏ।

ਨਾਅਰਾ ਬੁਲੰਦ ਹੋਇਆ-ਚੰਡੀਗੜ੍ਹ ਚਲੋ।

ਪਰ ਇਸ ਨਾਅਰੇ ਦਾ ਜਵਾਬ ਸੁਣ ਕੇ ਇਨ੍ਹਾਂ ਚੌਧਰੀਆਂ ਦੀ ਸਾਰੀ ਹਵਾ ਹੀ ਸਰਕ ਗਈ।

ਜਵਾਬ ਸੀ-ਅਮਰੀਕਾ ਚਲੋ।

ਇਕ ਬਜ਼ੁਰਗ ਨੂੰ ਕੁਝ ਵਧੇਰੇ ਹੀ ਗੁੱਸਾ ਆ ਗਿਆ। ਤੇ ਉਹ ਚੀਕ ਪਿਆ-ਇਹ ਕੀ ਬਦਤਮੀਜ਼ੀ ਹੈ? ਪਰ ਉਸ ਦੀ ਗੱਲ ਦਾ ਭੀੜ ਵਿਚੋਂ ਕਿਸੇ ਨੇ ਵੀ ਕੋਈ ਜਵਾਬ ਨਾ ਦਿੱਤਾ। ਬੱਸ, ਇਕ ਨੌਜਵਾਨ ਜਿਹਾ ਡੱਡੂ ਉਠਿਆ ਅਤੇ ਉਸ ਦਿਨ ਦਾ ਅਖਬਾਰ ਉਸ ਬਜ਼ੁਰਗ ਦੇ ਹੱਥ ਵਿਚ ਥਮ੍ਹਾ ਕੇ ਆਪਣੀ ਜਗ੍ਹਾ ਉਤੇ ਫੇਰ ਜਾ ਖੜ੍ਹਿਆ।

ਬਜ਼ੁਰਗ ਡੱਡੂ ਦਾ ਪਾਰਾ ਹੋਰ ਵੀ ਚੜ੍ਹ ਗਿਆ-ਇਹ ਕੀ ਹੈ? ਪਰ ਜਦੋਂ ਉਸ ਨੇ ਅਖਬਾਰ ਦੇ ਮੁੱਖ ਪੰਨੇ ਦੀਆਂ ਸੁਰਖੀਆਂ ਵੱਲ ਨਜ਼ਰ ਮਾਰੀ ਤਾਂ ਵੇਖਦਾ ਹੀ ਰਹਿ ਗਿਆ। ਸਾਰਾ ਪੰਨਾ 'ਅਮਰੀਕਾ ਚਲੇ ਹਾਂ, ਅਮਰੀਕਾ ਚਲੇ ਹਾਂ, ਦੇ ਨਾਅਰਿਆਂ ਨਾਲ ਭਰਿਆ ਪਿਆ ਸੀ।

ਰਾਸ਼ਟਰਪਤੀ ਅਮਰੀਕਾ ਜਾ ਰਿਹਾ ਸੀ ਕਿ ਵੇਖ ਸਕੇ ਕਿ ਅਮਰੀਕੀ ਰਾਸ਼ਟਰਪਤੀ ਏਨਾ ਸ਼ਕਤੀਸ਼ਾਲੀ ਕਿਉਂ ਹੈ ਅਤੇ ਭਾਰਤੀ ਰਾਸ਼ਟਰਪਤੀ ਸਿਰਫ ਰਬੜ-ਸਟੈਂਪ ਕਿਉਂ? ਪ੍ਰਧਾਨ ਮੰਤਰੀ ਇਹ ਵੇਖਣ ਜਾ ਰਿਹਾ ਸੀ ਕਿ ਉਸ ਦੇ ਦੇਸ਼ ਦੇ ਡਾਕਟਰ ਅਮਰੀਕਾ ਜਾ ਕੇ ਏਨੇ ਮਾਹਿਰ ਕਿਉਂ ਹੋ ਜਾਂਦੇ ਹਨ। ਗ੍ਰਿਹ ਮੰਤਰੀ ਵੇਖਣ ਜਾ ਰਿਹਾ ਸੀ ਕਿ ਕੀ ਉਥੇ ਵੀ ਫਿਰਕੂ ਦੰਗੇ ਵਾਰ-ਵਾਰ ਭੜਕਦੇ ਹਨ ਤੇ ਜੇ ਭੜਕਦੇ ਹਨ ਤਾਂ ਕੀ ਉਥੋਂ ਦੀ ਪੁਲਿਸ ਵੀ ਹਮੇਸ਼ਾਂ ਦੰਗਈਆਂ ਦੀ ਹੀ ਮਦਦ ਕਰਦੀ ਹੈ? ਵਿੱਤ ਮੰਤਰੀ ਵੇਖਣ ਜਾ ਰਿਹਾ ਸੀ ਕਿ ਡਾਲਰ ਦੇ ਮੁਕਾਬਲੇ ਰੁਪਿਆ ਹਮੇਸ਼ਾ ਲੁੜਕਦਾ ਹੀ ਕਿਉਂ ਰਹਿੰਦਾ ਹੈ ਅਤੇ ਕੀ ਅਮਰੀਕਾ ਖੈਰਾਤ ਵਜੋਂ ਕੁਝ ਡਾਲਰ ਰੁਪਏ ਦੀ ਸਹਾਇਤਾ ਲਈ ਉਸ ਦੇ ਠੂਠੇ ਵਿਚ ਪਾ ਸਕਦਾ ਹੈ ਕਿ ਨਹੀਂ? ਵਣਜ ਮੰਤਰੀ ਇਸ ਗੱਲ ਦੀ ਸੰਭਾਵਨਾ ਦਾ ਪਤਾ ਲਾਉਣ ਜਾ ਰਿਹਾ ਸੀ ਕਿ ਭਾਰਤ ਅਮਰੀਕਾ ਦੀ ਬਰਾਮਦ ਸਮਰੱਥਾ ਨੂੰ ਹੋਰ ਮਜ਼ਬੂਤੀ ਬਖਸ਼ਣ ਲਈ ਆਪਣੀਆਂ ਕਿਹੜੀਆਂ-ਕਿਹੜੀਆਂ ਬਰਾਮਦਾਂ ਦੀ ਕੁਰਬਾਨੀ ਦੇ ਸਕਦਾ ਹੈ ਅਤੇ ਕਿੰਨੀ ਕੁ ਗੈਰ-ਜ਼ਰੂਰੀ ਦਰਾਮਦ ਅਮਰੀਕਾ ਤੋਂ ਵਧਾ ਸਕਦਾ ਸੀ।

ਰੱਖਿਆ ਮੰਤਰੀ ਇਹ ਤਫਤੀਸ਼ ਕਰਨ ਜਾ ਰਿਹਾ ਸੀ ਕਿ ਅਮਰੀਕਾ ਤੋਂ ਲੇਟੈਸਟ ਤਕਨਾਲੋਜੀ ਦੇ ਬਣੇ ਹਥਿਆਰ ਭਾਰਤ ਵਲੋਂ ਖਰੀਦ ਲੈਣ ਪਿਛੋਂ ਆਊਟਡੇਟਿਡ ਕਿਉਂ ਹੋ ਜਾਂਦੇ ਹਨ ਅਤੇ ਅਮਰੀਕਾ ਵਲੋਂ ਅਜਿਹੇ ਹਥਿਆਰ ਕੀ ਹੋਰ ਵਧੇਰੇ ਮਾਤਰਾ ਵਿਚ ਮਿਲਣ ਦੀ ਸੰਭਾਵਨਾ ਹੈ। ਗੱਲ ਕੀ, ਜਿਸ ਵੀ ਦੇਸ਼ ਜਾਂ ਕਿਸੇ ਸੂਬੇ ਦੇ ਮੰਤਰੀ ਜਾਂ ਅਫਸਰ ਨੂੰ ਵੇਖੋ, ਉਹ ਦੇਸ਼ ਜਾਂ ਸੂਬੇ ਦੀ ਤਰੱਕੀ ਲਈ ਅਮਰੀਕਾ ਨੂੰ ਹੀ ਭੱਜਿਆ ਜਾ ਰਿਹਾ ਸੀ।

ਸਗੋਂ ਇਸ ਅਖਬਾਰ ਦੇ ਆਖਰੀ ਸਫੇ ਉਤੇ ਹੋਰ ਸੂਬਿਆਂ ਬਾਰੇ ਵੀ ਅਜਿਹੀਆਂ ਖਬਰਾਂ ਦੀਆਂ ਸੁਰਖੀਆਂ ਸਨ, ਕਿਉਂਕਿ ਪਹਿਲਾ ਸਫਾ ਤਾਂ ਕੇਂਦਰੀ ਅਮੀਰਾਂ-ਵਜ਼ੀਰਾਂ ਦੀਆਂ ਅਮਰੀਕਾ ਯਾਤਰਾਵਾਂ ਦੀਆਂ ਖਬਰਾਂ ਨਾਲ ਹੀ ਭਰਿਆ ਪਿਆ ਸੀ। ਪੰਜਾਬ ਬਾਰੇ ਖਬਰ ਸੀ ਕਿ ਕੀ ਉਸ ਦਾ ਮੁੱਖ ਮੰਤਰੀ ਪਿਛਲੀ ਸਰਕਾਰ ਵੱਲੋਂ ਸੂਬੇ ਦੀ ਆਰਥਿਕਤਾ ਦੀ ਲੀਹੋਂ ਲਾਹੀ ਗੱਡੀ ਨੂੰ ਮੁੜ ਲੀਹ ਉਤੇ ਪਾਉਣ ਲਈ ਅਮਰੀਕਾ ਵਿਚ ਕਿਸੇ ਅਜਿਹੀ ਨਿੱਜੀ ਵਿਤੀ ਸੰਸਥਾ ਤੋਂ ਸਹਾਇਤਾ ਵਜੋਂ ਮੂੰਹ-ਮੰਗੀਆਂ ਵਿਆਜ ਦਰਾਂ ਉਤੇ ਕਰਜ਼ਾ ਲੈ ਸਕਦਾ ਹੈ, ਜਿਸ ਸੰਸਥਾ ਦਾ ਮੁੱਖ ਮੰਤਰੀ ਦੀ ਪਾਰਟੀ ਦੇ ਸਾਬਕਾ ਕੇਂਦਰੀ ਵਿੱਤ ਮੰਤਰੀ ਤੱਕ ਨੇ ਵੀ ਕਦੇ ਨਾਂ ਨਾ ਸੁਣਿਆ ਹੋਵੇ।

ਮੁੱਖ ਮੰਤਰੀ ਦੇ ਨਾਲ ਵਿਤ ਮੰਤਰੀ ਨੇ ਤਾਂ ਜਾਣਾ ਹੀ ਸੀ, ਸਗੋਂ ਅਫਸਰਸ਼ਾਹੀ ਵੀ ਇਹ ਸੋਚ ਕੇ ਜਹਾਜ਼ ਚੜ੍ਹ ਗਈ ਕਿ ਜਿਥੇ ਸੂਬੇ ਸਿਰ ਕਰੋੜਾਂ ਦਾ ਕਰਜ਼ਾ ਹੈ, ਉਥੇ ਅਰਬਾਂ ਦਾ ਸਹੀ! ਹੋਰ ਕੀ ਹੋਣਾ ਸੀ। ਕਾਗਜ਼ੀ ਅੰਕੜੇ ਹੀ ਹਨ, ਜੋ ਉਹ ਆਪ ਹੀ ਤਿਆਰ ਕਰਦੇ ਹਨ। ਅਰਬਾਂ-ਖਰਬਾਂ ਦੇ ਅੰਕੜਿਆਂ ਨੂੰ ਵਲੈਤੀ ਤਰੀਕੇ ਨਾਲ ਲੱਖਾਂ-ਕਰੋੜਾਂ ਵਿਚ ਲਿਖੀ ਜਾਵੋ, ਕੋਈ ਸਮਝ ਹੀ ਨਹੀਂ ਸਕਦਾ। ਨਾਲੇ ਜਿਉਂ ਹੀ ਮੁੱਖ ਮੰਤਰੀ ਵਲੋਂ ਵਿੱਤੀ ਮਦਦ ਪ੍ਰਾਪਤ ਕਰ ਲਈ ਜਾਣੀ ਸੀ, ਸੂਬੇ ਅਤੇ ਸੂਬਾ ਵਾਸੀਆਂ ਦੇ ਸਾਰੇ ਦੁੱਖ ਸਦਾ ਸਦਾ ਲਈ ਦੂਰ ਹੋ ਜਾਣੇ ਸਨ। ਇਸੇ ਸੋਚ ਤੋਂ ਉਤਸ਼ਾਹਿਤ ਹੋ ਕੇ ਸੂਬੇ ਦਾ ਖੇਤੀਬਾੜੀ ਮੰਤਰੀ ਵੀ ਨਾਲ ਹੋ ਗਿਆ ਸੀ।

ਪੰਜਾਬ ਕਿਉਂਕਿ ਖੇਤੀ ਪ੍ਰਧਾਨ ਸੂਬਾ ਹੈ, ਇਸ ਲਈ ਸੂਬੇ ਦੇ ਖੇਤੀਬਾੜੀ ਮੰਤਰੀ ਨੇ ਅਮਰੀਕਾ ਜਾ ਕੇ ਇਹ ਵੇਖਣਾ ਸੀ ਕਿ ਪੰਜਾਬੀ ਮੁਰਗੀਆਂ ਦੇ ਅੰਡੇ ਅਮਰੀਕੀ ਮੁਰਗੀਆਂ ਨਾਲੋਂ ਛੋਟੇ ਕਿਉਂ ਹੁੰਦੇ ਹਨ। ਉਸ ਨੇ ਇਸ ਗੱਲ ਦੀ ਸੰਭਾਵਨਾ ਦਾ ਵੀ ਪਤਾ ਲਾਉਣਾ ਸੀ ਕਿ ਜਿਵੇਂ ਪੌਪ ਮਿਊਜ਼ਿਕ ਅਤੇ ਡਿਸਕੋ ਡਾਂਸ ਨੇ ਪੰਜਾਬੀ ਗਾਇਕਾਂ ਦੀ ਪੂਰੀ ਚੜ੍ਹਾਈ ਕੀਤੀ ਹੈ ਅਤੇ ਅੱਜ ਸਾਰੀ ਦੁਨੀਆ ਵਿਚ ਉਨ੍ਹਾਂ ਦੀ ਬੱਲੇ-ਬੱਲੇ ਹੋ ਰਹੀ ਹੈ, ਕੀ ਇਹੀ ਪੌਪ-ਮਿਊਜ਼ਿਕ ਅਤੇ ਡਿਸਕੋ-ਡਾਂਸ ਪੰਜਾਬੀ ਕੁਕੜੀਆਂ ਦੀ ਸਹਾਇਤਾ ਨਹੀਂ ਕਰ ਸਕਦਾ ਤਾਂ ਕਿ ਪੰਜਾਬ ਦਾ ਕਿਸਾਨ ਖੇਤੀਬਾੜੀ ਦੀ ਰਵਾਇਤੀ ਪਕੜ ਵਿਚੋਂ ਨਿਕਲ ਸਕੇ ਅਤੇ ਅਜਿਹੇ ਲਾਭਦਾਇਕ ਸਹਾਇਕ ਧੰਦੇ ਅਪਨਾ ਲਵੇ, ਜਿਸ ਨਾਲ ਉਹ ਖੁਦਕੁਸ਼ੀਆਂ ਦੀ ਰਾਹ ਤੋਂ ਵਾਪਸ ਮੁੜ ਆਵੇ ਅਤੇ ਦੇਸ਼ ਦੀ ਮੁੱਖ ਧਾਰਾ ਵਿਚ ਸ਼ਾਮਲ ਹੋ ਸਕੇ। ਦੇਸ਼ ਦੀ ਤਰੱਕੀ ਵਿਚ ਪਹਿਲਾਂ ਵਾਂਗ ਹੀ ਨਵੇਂ ਤਰੀਕੇ ਭਾਵ ਤੂੰ ਵਿਚੋਂ ਕੀ ਅੰਡੇ ਲੈਣੇ ਐਂ ਵਾਲੀ ਕ੍ਰਾਂਤੀ ਨਾਲ ਵੀ ਆਪਣਾ ਬਣਦਾ ਯੋਗਦਾਨ ਪਾ ਸਕੇ, ਕਿਉਂਕਿ ਉਸ ਦੇ ਲਾਏ ਕਣਕ ਦੇ ਅੰਬਾਰ ਤਾਂ ਹੁਣ ਸਰਕਾਰੀ ਗੁਦਾਮਾਂ ਵਿਚ ਪਏ-ਪਏ ਸੜ ਰਹੇ ਹਨ, ਜਿਨ੍ਹਾਂ ਨੂੰ ਸਕੂਲੀ ਬੱਚੇ ਤਾਂ ਕੀ, ਭੁੱਖੇ ਮਰਦੇ ਅਵਾਰਾ ਪਸ਼ੂ ਵੀ ਮੂੰਹ ਲਾਉਣ ਲਈ ਤਿਆਰ ਨਹੀਂ ਹਨ।

ਇਸ ਮਸਲੇ ਨੂੰ ਆਖਰੀ ਤਹਿ ਤੱਕ ਸੁਲਝਾਉਣ ਲਈ ਡੂੰਘੀਆਂ ਵਿਚਾਰਾਂ ਵਿਦੇਸ਼ੀ ਮਾਹਿਰਾਂ ਨਾਲ ਕਰਨ ਹਿਤ ਖੇਤੀਬਾੜੀ ਮੰਤਰੀ ਨੇ ਇਕ ਗੱਲ ਦਾ ਇਕ ਸੱਚਾ ਕਿੱਸਾ ਵੀ, ਜਿਹੜਾ ਇਸ ਮਸਲੇ ਦੀ ਜੜ੍ਹ ਵੱਲ ਸਿੱਧਾ ਇਸ਼ਾਰਾ ਕਰਦਾ ਸੀ, ਆਪਣੇ ਪੀ.ਏ. ਨੂੰ ਆਖ ਕੇ ਆਪਣੀ ਡਾਇਰੀ ਵਿਚ ਉਚੇਚਾ ਨੋਟ ਕਰਵਾ ਲਿਆ ਸੀ। ਗੱਲ ਕੁਝ ਇਸ ਤਰ੍ਹਾਂ ਸੀ ਕਿ ਇਕ ਗਾਹਕ ਅੰਡੇ ਖਰੀਦਣ ਲਈ ਇਕ ਮੁਰਗੀਖਾਨੇ ਦੇ ਮਾਲਕ ਕੋਲ ਜਾਂਦਾ ਹੈ। ਉਥੋਂ ਅੰਡਿਆਂ ਦਾ ਸਾਈਜ਼ ਵੇਖ ਕੇ ਅਤੇ ਭਾਅ ਪੁੱਛ ਕੇ ਉਹ ਦੂਜੇ ਮੁਰਗੀਖਾਨੇ ਚਲਿਆ ਗਿਆ। ਉਥੇ ਵੀ ਉਸ ਨੇ ਅੰਡਿਆਂ ਦਾ ਸਾਈਜ਼ ਵੇਖਿਆ ਅਤੇ ਉਨ੍ਹਾਂ ਦਾ ਭਾਅ ਪੁੱਛਿਆ। ਮੁਰਗੀਖਾਨੇ ਦੇ ਮਾਲਕ ਨੇ ਕਿਹਾ-ਪੰਜਤਾਲੀ ਪੈਸੇ ਪ੍ਰਤੀ ਅੰਡਾ ਓਨਲੀ। ਓਨਲੀ ਸ਼ਬਦ ਮੁਰਗੀਖਾਨੇ ਦੇ ਮਾਲਕ ਨੇ ਬਾਟਾ-ਸ਼ੂ ਕੰਪਨੀ ਵਾਲਿਆਂ ਦੀ ਦੇਖਾ-ਦੇਖੀ ਕਿਹਾ ਸੀ, ਕਿਉਂਕਿ ਇਸ ਸ਼ਬਦ ਨੂੰ ਸੁਣ ਕੇ ਗਾਹਕ ਸਮਝਦਾ ਹੈ ਕਿ ਉਸ ਨੂੰ ਵੀ ਅੰਗਰੇਜ਼ੀ ਆਉਂਦੀ ਹੈ ਅਤੇ ਦੂਜੇ ਭਾਅ ਕੁਝ ਵੀ ਨਹੀਂ, ਐਵੇਂ ਓਨਲੀ ਹੀ ਹੈ। ਭਾਅ ਸੁਣ ਕੇ ਗਾਹਕ ਕਹਿਣ ਲੱਗਾ- ਭਾਈ ਸਾਹਿਬ, ਦੂਜੇ ਮੁਰਗੀਖਾਨੇ ਵਾਲੇ ਰੇਟ ਪੰਜਾਹ ਪੈਸੇ ਪ੍ਰਤੀ ਅੰਡਾ ਓਨਲੀ ਲਾ ਰਹੇ ਹਨ ਪਰ ਉਨ੍ਹਾਂ ਦੇ ਅੰਡੇ ਦਾ ਸਾਇਜ਼ ਤੁਹਾਡੀ ਮੁਰਗੀ ਦੇ ਅੰਡੇ ਨਾਲੋਂ ਡਿਊਢਾ-ਦੁੱਗਣਾ ਹੈ।

ਪਰ ਗਾਹਕ ਦੀ ਗੱਲ ਸੁਣ ਕੇ ਮੁਰਗੀਖਾਨੇ ਦੇ ਮਾਲਕ ਨੂੰ ਇਕ ਤਾਂ ਪ੍ਰੋਫੈਸ਼ਨਲ ਜੈਲੇਸੀ, ਭਾਵ ਕੁੱਤਾ-ਕੁੱਤੇ ਦਾ ਵੈਰੀ ਕਰਕੇ ਗੁੱਸਾ ਆ ਗਿਆ ਅਤੇ ਦੂਜਾ ਇਸ ਕਰਕੇ ਕਿ ਦੂਜੇ ਮੁਰਗੀਖਾਨੇ ਦਾ ਮਾਲਕ ਗਾਹਕਾਂ ਨੂੰ ਸਿਰ ਉਤੇ ਚੜ੍ਹਾ ਰਿਹਾ ਸੀ, ਭਾਵ ਵਿਗਾੜ ਰਿਹਾ ਸੀ। ਇਸ ਲਈ ਉਹ ਗਲਤ ਅਤੇ ਦੂਜੇ ਮੁਰਗੀ ਪਾਲਕ ਉਤੇ ਸਾਂਝਾ ਗੁੱਸਾ ਕੱਢਦਿਆਂ ਬੋਲਿਆ ਸੀ-ਭਾਈ ਸਾਹਿਬ ਤੁਸੀਂ ਉਧਰੋਂ ਹੀ ਵੱਡੇ ਅੰਡੇ ਲੈ ਲਵੋ। ਮੈਂ ਤੁਹਾਡੇ ਪੰਜ ਪੈਸਿਆਂ ਪਿੱਛੇ ਆਪਣੀਆਂ ਮੁਰਗੀਆਂ ਨਹੀਂ ਮਰਵਾਉਣੀਆਂ। ਦੂਜੇ ਫਾਰਮ ਵਾਲਿਆਂ ਨੂੰ ਮੁਰਗੀਆਂ ਮਰਨ ਨਾਲ ਕੋਈ ਫਰਕ ਨਹੀਂ ਪੈਂਦਾ। ਬਿਮਾਰ ਮੁਰਗੀਆਂ ਉਹ ਹੋਟਲਾਂ 'ਚ ਸੁੱਟੀ ਜਾਂਦੇ ਐ ਤੇ ਮਰੀਆਂ ਹੋਈਆਂ ਨੂੰ 'ਸਰਤਾਜ ਤਵਾ ਚਿਕਨ' ਦਾ ਬੋਰਡ ਲਾ ਕੇ ਆਪ ਭੁੰਨ-ਭੁੰਨ ਵੱਢੀ ਜਾਂਦੇ ਐ। ਮੰਤਰੀ ਸਾਬ੍ਹ ਇਹ ਕਥਾ ਵਿਦੇਸ਼ੀ ਮਾਹਿਰਾਂ ਨੂੰ ਸੁਣਾ ਕੇ ਤਿੰਨ ਫਾਇਦੇ ਹੋਣ ਦੀ ਉਮੀਦ ਰੱਖਦੇ ਸਨ। ਵਿਦੇਸ਼ੀ ਮਾਹਿਰ ਲਤੀਫਾ ਸਮਝ ਕੇ ਹੱਸ ਸਕਦੇ ਸਨ ਅਤੇ ਫੇਰ ਫਸ ਵੀ। ਦੂਜਾ ਇਹ ਕਿ ਕਥਾ ਭਾਰਤੀ ਉਤਪਾਦਕਾਂ ਅਤੇ ਵਪਾਰੀਆਂ ਦੀ ਮਾਨਸਿਕਤਾ ਨੂੰ ਵੀ ਉਜਾਗਰ ਕਰਦੀ ਸੀ ਕਿ ਇਹ ਲੋਕ ਇਸ ਗੱਲ ਨੂੰ ਮੰਨਣ ਨੂੰ ਹੀ ਤਿਆਰ ਨਹੀਂ ਹਨ ਕਿ ਚੰਗੀ ਚੀਜ਼ ਦੇ ਦਾਮ ਵੀ ਚੰਗੇ ਮਿਲ ਸਕਦੇ ਹਨ। ਉਨ੍ਹਾਂ ਦਾ ਮੱਤ ਹੈ ਕਿ ਜੇ ਮਾੜੀ ਚੀਜ਼ ਵੇਚ ਕੇ ਜਾਂ ਪੈਦਾ ਕਰਦੇ ਹੀ ਚੰਗੇ ਪੈਸੇ ਵੱਟੇ ਜਾ ਰਹੇ ਹੋਣ ਤਾਂ ਫੇਰ ਚੰਗੀ ਚੀਜ਼ ਦੇ ਝੇੜੇ ਵਿਚ ਕਿਉ ਪੈਣਾ ਹੋਇਆ। ਉਂਜ ਇਹ ਮਸਲਾ ਭਾਰਤੀ ਮਾਹਿਰਾਂ ਨਾਲ ਵੀ ਸਾਂਝਾ ਕੀਤਾ ਜਾ ਸਕਦਾ ਹੈ ਪਰ ਭਾਰਤੀ ਮੁਰਗੀ-ਮਾਹਿਰ ਮਾਹਿਰ ਘੱਟ ਹਨ ਪਰ ਮੁਰਗੀ-ਮਾਰ ਵੱਧ ਹਨ। ਤੀਜਾ ਫਾਇਦਾ ਇਹ ਹੋ ਸਕਦਾ ਸੀ...ਚਲੋ ਛੱਡੋ ਮੁੱਖ ਮੰਤਰੀ ਪੰਜਾਬ ਤੀਜੇ ਫਾਇਦੇ ਪਿੱਛੇ ਡਾਂਗ ਕੱਢੀ ਫਿਰ ਰਹੇ ਹਨ।

ਅਖਬਾਰ ਪੜ੍ਹ ਕੇ ਬਾਬੇ ਡੱਡੂ ਦੀਆਂ ਮੁੱਛਾਂ ਵੀ ਹੱਸਣ ਲੱਗ ਪਈਆਂ ਤੇ ਉਹ ਆਪਣੀਆਂ ਭਾਰਤ ਦੇ ਆਮ ਬਜ਼ੁਰਗਾਂ ਵਾਂਗ ਰੱਸੀਆਂ ਪਾ ਕੇ ਕੰਨਾਂ ਉਤੇ ਬੰਨੀਆਂ ਅਤੇ ਧੁੰਦਲੇ ਹੋ ਚੁੱਕੇ ਸ਼ੀਸ਼ਿਆਂ ਵਾਲੀਆਂ ਐਨਕਾਂ ਦੇ ਉਤੋਂ ਦੀ ਝਾਕਦਿਆਂ ਟਿਚਕਰੀ ਲਹਿਜ਼ੇ ਵਿਚ ਬੋਲਿਆ-ਅੱਛਾ...ਇਹ ਗੱਲ ਹੈ। ਭੇਡਾਂ ਨੂੰ ਜ਼ੁਕਾਮ ਲਗਦਾ ਤਾਂ ਸੁਣਿਆ ਸੀ ਪਰ ਡੱਡੂਆਂ ਨੂੰ ਲੱਗਿਆ ਅੱਜ ਪਹਿਲੀ ਵਾਰ ਵੇਖ ਰਿਹਾ ਹਾਂ ਪਰ ਬੱਚੂ, ਮੈਂ ਵੀ ਆਪਣੇ ਇਹ ਵਾਲ ਧੁਪੇ ਬੈਠ ਕੇ ਸਫੈਦ ਨਹੀਂ ਕੀਤੇ। ਸਾਡੇ ਦੇਸ਼ ਦੇ ਸਿਆਸਤਦਾਨ, ਅਫਸਰ ਅਤੇ ਸੇਠ ਤਾਂ ਭਾਵੇਂ ਆਏ ਦਿਨ ਵਿਦੇਸ਼ਾਂ ਦੀ ਸੈਰ 'ਤੇ ਚੜ੍ਹੇ ਰਹਿਣ ਪਰ ਅਸੀਂ ਤੁਸੀਂ ਸਾਧਾਰਨ ਲੋਕ ਆਪਣੇ ਇਲਾਕੇ ਦੇ ਜ਼ਿਲ੍ਹਾ ਹੈਡ ਕੁਆਰਟਰ ਜਾਂ ਸੂਬੇ ਤੇ ਜਾਂ ਦੇਸ਼ ਦੀ ਰਾਜਧਾਨੀ ਤੱਕ ਹੋ ਆਈਏ ਤਾਂ ਗਨੀਮਤ ਸਮਝੋ। ਅਮਰੀਕਾ ਵਰਗੇ ਮਹਾਨ ਦੇਸ਼ ਤੱਕ ਜਾਣ ਵਾਲਾ ਤਾਂ ਵਰਕਾ ਹੀ ਪਾੜ ਛੱਡੋ। ਤੁਸੀਂ ਵੀ ਜੇ ਪੁਲਿਸ ਦੀਆਂ ਡਾਂਗਾਂ ਵਿਚੋਂ ਨਿਕਲ ਕੇ ਚੰਡੀਗੜ੍ਹ ਦੇ ਮਟਕਾ ਚੌਕ ਤੋਂ ਅਗਾਂਹ ਸੁਖਨਾ ਝੀਲ ਪਹੁੰਚ ਗਏ ਤਾਂ ਮੇਰੀਆਂ ਇਹ ਸਫੈਦ ਮੁੱਛਾਂ ਆਪਣੇ....ਨਾਲ ਮੁੰਨ ਦੇਣਾ।

ਪਰ ਉਸ ਦੀਆਂ ਗੱਲਾਂ ਦਾ ਸਾਹਮਣੇ ਖੜ੍ਹੀ ਭੀੜ ਉਤੇ ਕੋਈ ਅਸਰ ਨਾ ਹੋਇਆ ਤੇ ਉਹ ਖਿੰਡਣ-ਪੁੰਡਣ ਲੱਗ ਪਈ। ਬਾਬਾ ਵਿਚਾਰਾ ਆਪਣੇ ਸਫੈਦ ਵਾਲ ਅਤੇ ਮੁੱਛਾਂ ਉਨ੍ਹਾਂ ਨੂੰ ਵਿਖਾਉਂਦਾ ਹੀ ਰਹਿ ਗਿਆ। ਉਸ ਨੂੰ ਕੁਝ ਪਤਾ ਨਹੀਂ ਲੱਗ ਰਿਹਾ ਸੀ ਕਿ ਕੀ ਉਹ ਜ਼ਿਲ੍ਹਾ ਹੈਡ ਕੁਆਰਟਰ ਨੂੰ ਜਾ ਰਹੇ ਸਨ ਜਾਂ ਸੂਬੇ ਦੀ ਰਾਜਧਾਨੀ ਨੂੰ, ਕਿ ਜਾਂ ਫੇਰ ਦੇਸ਼ ਦੀ ਰਾਜਧਾਨੀ ਨੂੰ। ਪਰ ਪ੍ਰੈਸ ਰਿਪੋਰਟਰਾਂ ਦੇ ਪਿਛੇ-ਪਿਛੇ ਆਏ ਟ੍ਰੈਵਲ ਏਜੰਟ ਇਹ ਗੱਲ ਝਟ ਸਮਝ ਗਏ ਸਨ ਕਿ ਉਹ ਅਮਰੀਕਾ ਵੱਲ ਜ਼ਰੂਰ ਜਾਣਗੇ, ਭਾਵੇਂ ਉਹ ਰਾਹ ਵਿਚ ਮਾਲਟਾ ਦੇ ਸਮੁੰਦਰ ਵਿਚ ਕਿਸ਼ਤੀ ਹਾਦਸੇ ਵਿਚ ਡੁੱਬ ਕੇ ਮਰ ਜਾਣ ਤੇ ਭਾਵੇਂ ਅਮਰੀਕਾ ਦੀ ਸਰ-ਜ਼ਮੀਂ 'ਤੇ ਉਤਰਦਿਆਂ ਹੀ ਗੈਰ-ਕਾਨੂੰਨੀ ਪ੍ਰਵਾਸੀ ਹੋਣ ਕਰਕੇ ਪੁਲਿਸ ਵੱਲੋਂ ਫੜ੍ਹ ਲਏ ਜਾਣ ਅਤੇ ਸਿਧੇ ਹੀ ਹਵਾਲਾਤ ਵਿਚ ਧੱਕ ਦਿਤੇ ਜਾਣ ਅਤੇ ਫੇਰ ਭਾਰਤ ਨੂੰ ਮੁੜ ਕੇ ਵਾਪਸੀ ਜਹਾਜ਼ ਉਤੇ ਚੜ੍ਹਾ ਦਿੱਤੇ ਜਾਣ।

**ਪਾਠਕਾਂ ਦੀ ਰਾਏ**

# ਦੋ ਨਿਰਛਲ ਰੂਹਾਂ: ਸੰਤ ਭਿੰਡਰਾਂਵਾਲਾ ਤੇ ਅਮਰ ਅੱਚਰਵਾਲ

'ਪੰਜਾਬ ਟਾਈਮਜ਼' ਦੇ 29 ਨਵੰਬਰ ਦੇ ਅੰਕ ਵਿਚ ਛਪੇ ਲੇਖ 'ਹਰਭਜਨ ਬਰਾੜ: ਸਾਕਾ ਨੀਲਾ ਤਾਰਾ ਤੋਂ ਸਾਈਂ ਮੀਆਂ ਮੀਰ ਤਕ' ਵਿਚ 1979 ਦੀਆਂ ਗੁਰਦੁਆਰਾ ਚੋਣਾਂ ਸਮੇਂ ਕਾਮਰੇਡ ਅਮਰ ਸਿੰਘ ਅੱਚਰਵਾਲ ਵਲੋਂ ਅਕਾਲੀਆਂ ਦੇ ਲੋਹ ਪੁਰਸ਼ ਜਥੇਦਾਰ ਤਲਵੰਡੀ ਵਿਰੁਧ ਗਿਆਨੀ ਗੁਰਬਖਸ਼ ਸਿੰਘ ਨੂੰ ਖੜਾਏ ਜਾਣ ਦਾ ਜ਼ਿਕਰ ਪੜ੍ਹ ਕੇ ਮਨ 'ਚ ਕਈ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਮੈਨੂੰ ਯਾਦ ਹੈ, ਸਾਡੇ ਪਿੰਡ ਵਾਲੇ ਬਘੇਰੇ ਹੋਰਾਂ ਦੀ ਚੱਕੀ 'ਤੇ ਅਸੀਂ ਕਾਮਰੇਡ ਕੋਲੋਂ ਪੁਰਾਣੇ ਵੇਲਿਆਂ ਦੀਆਂ ਗੱਲਾਂ ਸੁਣ ਰਹੇ ਸਾਂ ਜਦੋਂ ਕਾਮਰੇਡ ਬਾਬੂ ਰਾਮ ਬੈਰਾਗੀ ਅਤੇ ਮੁੱਖ ਮੰਤਰੀ ਗੁਰਨਾਮ ਸਿੰਘ ਦਾ ਪੁੱਤਰ ਬਾਕੂ ਇਕੱਠੇ ਹੀ ਕਾਮਰੇਡ ਕੋਲ ਕਿਸੇ ਕੰਮ ਲਈ ਆ ਗਏ। ਕਾਮਰੇਡ ਬੈਰਾਗੀ ਉਦੋਂ ਰੂਪੋਸ਼ ਸੀ ਅਤੇ ਚੰਡੀਗੜ੍ਹ ਵਿਸ਼ੂ ਦੀ ਕੋਠੀ ਵਿਚ ਮਿੱਕੀ ਵਕੀਲ ਕੋਲ ਰਹਿੰਦਾ ਸੀ। ਵਿਸ਼ੂ ਦੂਨ ਸਕੂਲ ਵਿਚ ਸੰਜੇ ਗਾਂਧੀ ਦਾ ਜਮਾਤੀ ਸੀ ਅਤੇ ਮਿੱਕੀ ਵਕੀਲ ਵੀ ਉਥੇ ਹੀ ਉਨ੍ਹਾਂ ਨਾਲ ਪੜ੍ਹਦਾ ਰਿਹਾ ਸੀ। ਐਮਰਜੈਂਸੀ ਪਿਛੋਂ ਜਨਤਾ ਪਾਰਟੀ ਦੀ ਸਰਕਾਰ ਸੀ ਅਤੇ ਸੰਜੇ ਗਾਂਧੀ ਤੇ ਇੰਦਰਾ ਗਾਂਧੀ ਦੇ ਤੱਪੜ ਰੁਲੇ ਪਏ ਸਨ। ਪਿਛੋਂ ਸਾਨੂੰ ਪਤਾ ਲੱਗਾ ਕਿ ਕਾਮਰੇਡ ਨੂੰ ਅਕਾਲੀਆਂ ਵਿਰੁਧ ਲੜਾਉਣ ਲਈ ਬੈਰਾਗੀ ਅਤੇ ਮਿੱਕੀ ਨੂੰ ਵਿਸ਼ੂ ਅਤੇ ਸੰਜੇ ਗਾਂਧੀ ਨੇ ਹੀ ਭੇਜਿਆ ਸੀ। ਕਾਮਰੇਡ ਅੱਚਰਵਾਲ ਨੇ ਸਾਡੇ ਬੈਠਿਆਂ ਹੀ ਉਨ੍ਹਾਂ ਦੀ ਚਾਲ ਵਿਚ ਆਉਣ ਤੋਂ ਨਾਂਹ ਕਰ ਦਿਤੀ। ਫਿਰ ਬੈਰਾਗੀ ਅਤੇ ਮਿੱਕੀ ਨੇ ਅੱਚਰਵਾਲ ਦੇ ਕੱਟੜ ਕਾਂਗਰਸੀ ਮਦਨ ਲਾਲ ਬਾਣੀਏ, ਮਹੰਤ ਨਿਰਮਲ ਦੇ ਭਰਾ ਮਹੰਤ ਕੇਵਲ ਨੂੰ ਨਾਲ ਲੈ ਕੇ ਕਾਮਰੇਡ ਨੂੰ ਮਨਾਉਣ ਲਈ ਜ਼ੋਰ ਮਾਰਿਆ। ਕਾਮਰੇਡ ਨੇ ਉਨ੍ਹਾਂ ਦੀ ਵੀ ਨਾ ਮੰਨੀ। ਪਰ ਪਿਛੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸਨੇਹਾ ਲਗਣ 'ਤੇ ਕਾਮਰੇਡ ਜਥੇਦਾਰ ਤਲਵੰਡੀ ਵਿਰੁਧ ਡਟਣ ਲਈ ਤਿਆਰ ਹੋ ਗਿਆ। ਕਾਗਜ਼ ਭਰਨ ਵਾਲੇ ਦਿਨ ਨੱਥਾ ਸਿੰਘ ਨੇ ਗਵਾਹ ਦੇ ਤੌਰ 'ਤੇ ਅੰਗੂਠਾ ਲਗਾਇਆ ਪਰ ਅਕਾਲੀਆਂ ਨੇ ਇਹ ਇਤਰਾਜ਼ ਲਾ ਕੇ ਕਾਗਜ਼ ਰੱਦ ਕਰਵਾ ਦਿਤੇ ਕਿ ਨੱਥਾ ਸਿੰਘ ਦਾ ਅੰਗੂਠਾ ਹੀ ਨਹੀਂ ਸੀ।

ਇਸ ਗੱਲੋਂ ਗੁੱਸੇ ਹੋ ਕੇ ਮਿੱਕੀ, ਮਦਨ ਬਾਣੀਆ ਅਤੇ ਮਹੰਤ ਕੇਵਲ ਸਾਰੇ ਹੀ ਅਕਾਲੀਆਂ ਦਾ ਬੇੜਾ ਗਰਕ ਕਰਨ ਲਈ ਬਿਆਸ ਹਲਕੇ ਵਿਚ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਵਿਰੁਧ ਟਕਸਾਲ ਦੇ ਉਮੀਦਵਾਰ ਭਾਈ ਅਮਰੀਕ ਸਿੰਘ ਦੀ ਮਦਦ ਕਰਨ ਲਈ ਚਲੇ ਗਏ ਸਨ। ਮੈਨੂੰ ਯਾਦ ਹੈ, ਉਦੋਂ ਉਨ੍ਹਾਂ ਦੇ ਨਾਲ ਗੁਰਚਰਨ ਸਿੰਘ ਮਰੜ ਵੀ ਸੀ। ਉਸ ਨੂੰ ਸਾਰੇ ਪੰਗਾ ਸਿੰਘ ਕਹਿੰਦੇ ਸਨ ਅਤੇ ਉਹ ਮਿੱਕੀ ਦੇ ਨਾਲ ਕਾਮਰੇਡ ਅੱਚਰਵਾਲ ਨੂੰ ਮਿਲਣ ਉਦੋਂ ਆਮ ਹੀ ਆਉਂਦਾ ਹੁੰਦਾ ਸੀ। ਕਾਮਰੇਡ ਨੇ ਪਿਛੋਂ ਦਸਿਆ ਸੀ ਕਿ ਉਹ ਸਾਰੇ ਬਿਆਸ ਹਲਕੇ ਵਿਚ ਜਾਣ ਤੋਂ ਪਹਿਲਾਂ ਜਗਜੀਤ ਸਿੰਘ 'ਟੁੰਡੇ' ਨੂੰ ਲੈ ਕੇ ਸਰਦਾਰ ਸੁਖਜਿੰਦਰ ਸਿੰਘ ਕੋਲ ਵੀ ਗਏ ਸਨ। ਜਗਜੀਤ ਸਿੰਘ ਪਹਿਲਾਂ ਹੀ ਅਕਾਲੀਆਂ ਦਾ ਤਕੜਾ ਦੁਸ਼ਮਣ ਬਣਿਆ ਹੋਇਆ ਸੀ। ਪਿਛੋਂ ਪਤਾ ਲਗਾ ਕਿ ਪੂਰੇ ਪੰਜਾਬ ਵਿਚੋਂ ਕਈ ਥਾਂਵਾਂ ਤੋਂ ਕਾਂਗਰਸੀ ਆਗੂਆਂ ਨੇ ਬਿਆਸ ਹਲਕੇ ਵਿਚ ਪਹੁੰਚ ਕੇ ਅਕਾਲੀਆਂ ਨੂੰ ਹਰਾਉਣ ਲਈ ਸਾਰੀ ਤਾਕਤ ਝੋਕ ਰੱਖੀ ਸੀ। ਟੱਕਰ ਪ੍ਰਕਾਸ਼ ਸਿੰਘ ਬਾਦਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਬਣ ਗਈ ਸੀ ਅਤੇ ਕਾਂਗਰਸੀਆਂ ਨੇ ਟਕਸਾਲ ਨਾਲ ਮਿਲ ਕੇ ਬਾਦਲ ਦੀ ਬਾਂ ਬਾਂ ਕਰਵਾ ਦਿਤੀ ਸੀ।

ਚੋਣਾਂ ਪਿਛੋਂ ਕਾਮਰੇਡ ਅੱਚਰਵਾਲ ਨੇ ਮਿੱਕੀ ਵਕੀਲ ਅਤੇ ਬਾਕੂ ਦੀ ਸਲਾਹ ਨਾਲ ਜਥੇਦਾਰ ਤਲਵੰਡੀ ਵਿਰੁਧ ਚੋਣ ਪਟੀਸ਼ਨ ਠੋਕ ਦਿਤੀ ਸੀ ਅਤੇ ਮੁਕੱਦਮਾ ਸਾਲ-ਦੋ-ਸਾਲ ਲੰਮਾ ਚਲਾ ਗਿਆ ਸੀ। ਦੋ ਕੁ ਮਹੀਨੇ ਤਾਂ ਜਥੇਦਾਰ ਤਲਵੰਡੀ ਨੇ ਕੋਰਟ ਦੇ ਸੰਮਨ ਲੈਣ ਤੋਂ ਨਾਂਹ ਕਰੀ ਰੱਖੀ। ਅਖੀਰ ਮੈਂ (ਬਾਰਾ ਸਿੰਘ) ਬਘੇਰੇ ਦਾ ਭਰਾ ਬੁੱਘਰ, ਅਟਾਰੀ ਵਾਲਾ ਅਨੰਤਵੀਰ ਅਤੇ ਬਾਬੂ ਰਾਮ ਬੈਰਾਗੀ ਇਕੱਠਿਆਂ ਜਾ ਕੇ ਜਥੇਦਾਰ ਦੀ ਡਿਉੜੀ ਦੇ ਦਰਵਾਜ਼ੇ ਉਪਰ ਸੰਮਨ ਚਿਪਕਾ ਕੇ ਆਏ ਸਾਂ। ਉਦੋਂ ਤਕ ਅਕਾਲੀ ਆਪੋ ਵਿਚ ਲੜ ਕੇ ਸਰਕਾਰ ਆਪਣੀ ਦਾ ਭੱਠਾ ਆਪ ਹੀ ਬਿਠਾ ਚੁਕੇ ਸਨ ਅਤੇ ਇੰਦਰਾ ਗਾਂਧੀ ਵੀ ਦੁਬਾਰਾ ਤਾਕਤ ਵਿਚ ਆ ਚੁਕੀ ਸੀ। ਤਾਂ ਜਾ ਕੇ ਜਥੇਦਾਰ ਤਲਵੰਡੀ ਨੇ ਹਾਰ ਮੰਨੀ ਸੀ ਅਤੇ ਕਾਮਰੇਡ ਅੱਚਰਵਾਲ ਦੇ ਘਰ ਆ ਕੇ ਉਸ ਨਾਲ ਸੁਲਾਹ ਸਫਾਈ ਕੀਤੀ ਸੀ। 5-7 ਸਾਲਾਂ ਪਿਛੋਂ ਖਾੜਕੂਆਂ ਦੀ ਆਪ ਮੁਹਾਰੀ ਚੜ੍ਹਾਈ ਜਦੋਂ ਹੋਈ ਤਾਂ ਉਨ੍ਹਾਂ ਨੇ ਕਾਮਰੇਡਾਂ, ਕਾਂਗਰਸੀਆਂ ਅਤੇ ਪੁਰਾਣੇ ਅਕਾਲੀਆਂ-ਸਾਰਿਆਂ ਨੂੰ ਨਿਸ਼ਾਨੇ 'ਤੇ ਜਦੋਂ ਧਰ ਲਿਆ ਤਾਂ ਕਾਮਰੇਡ ਕਈ ਵਾਰ ਸੰਤ ਭਿੰਡਰਾਂਵਾਲਿਆਂ ਨਾਲ ਆਪਣੀ ਮੁਲਾਕਾਤ ਦੀਆਂ ਗੱਲਾਂ ਕਰਕੇ ਹਸਦਾ ਹੁੰਦਾ ਸੀ ਕਿ ਉਨ੍ਹਾਂ ਕੋਲੋਂ ਕਾਮਰੇਡ ਬੈਰਾਗੀ ਅਤੇ ਮਿੱਕੀ ਹੋਰਾਂ ਨੇ ਕਿੱਡੀ ਵੱਡੀ ਗਲਤੀ ਉਦੋਂ ਕਰਵਾ ਦਿਤੀ ਸੀ। ਖਾੜਕੂਆਂ ਨੇ ਜਥੇਦਾਰ ਤਲਵੰਡੀ ਦੇ ਕਾਫਲੇ 'ਤੇ ਹਮਲਾ ਕਰਕੇ ਉਸ ਦੇ ਕਈ ਸਾਥੀਆਂ ਨੂੰ ਪਹਿਲਾਂ ਮਾਰਿਆ। ਫਿਰ ਉਨ੍ਹਾਂ ਕਾਂਗਰਸੀ ਆਗੂ ਮਹੰਤ ਕੇਵਲ ਰਾਏਕੋਟ ਵਾਲੇ ਨੂੰ ਮਾਰਿਆ ਅਤੇ ਅਖੀਰ ਕਾਮਰੇਡ ਅੱਚਰਵਾਲ ਨੂੰ ਵੀ ਸ਼ਹੀਦ ਕਰ ਦਿਤਾ। ਕਾਮਰੇਡ ਦੇ ਪਿੰਡ ਉਮਰਪੁਰੇ ਵਾਲੇ ਵੱਡੇ ਭਣਵਈਏ ਭਾਨ ਦੇ ਘਰ ਨੂੰ ਅੱਗ ਲਗਾ ਕੇ ਸਾੜ ਦਿਤਾ ਅਤੇ ਪਿਛੋਂ ਨਿੱਕੀ ਭੈਣ ਦੇ ਮੁੰਡੇ ਦੀ ਵੀ ਗੋਲੀਆਂ ਮਾਰ ਕੇ ਹੱਤਿਆ ਕਰ ਦਿਤੀ।

ਪਰ ਕਾਮਰੇਡ ਦੀਆਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਵੀ ਇਕ ਦੋ ਗੱਲਾਂ ਸਾਂਝੀਆਂ ਸਨ। ਪਹਿਲੀ ਗੱਲ, ਸੰਤਾਂ ਵਾਂਗ ਹੀ ਉਹ ਵੀ ਅਕਾਲੀਆਂ ਦੇ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਵਿਰੋਧੀ ਸਨ। ਦੂਸਰੀ, ਸੰਤ ਵਾਂਗ ਹੀ ਉਹ ਵੀ ਲਾਲਾ ਜਗਤ ਨਰਾਇਣ ਨੂੰ ਪੰਜਾਬ ਦਾ ਦੋਖੀ ਮੰਨਦੇ ਸਨ। ਸੰਤਾਂ ਦੇ ਕਹਿਣ 'ਤੇ ਲਾਲਾ ਜਗਤ ਨਰਾਇਣ ਦੀ ਹੱਤਿਆ ਕਰਨ ਵਾਲਾ ਕਾਮਰੇਡ ਨਛੱਤਰ ਸਿੰਘ ਰੋਡੇ ਉਨ੍ਹਾਂ ਦਾ ਨੇੜਲਾ ਸਾਥੀ ਸੀ। ਨਛੱਤਰ ਲਾਲੇ ਵਾਲਾ ਕਾਂਡ ਕਰਨ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਮਿਲਦਾ ਰਿਹਾ ਸੀ ਅਤੇ ਸੰਗਰੂਰ ਜੇਲ੍ਹ ਵਿਚ ਸਜ਼ਾ ਕੱਟਣ ਸਮੇਂ ਵੀ ਉਸ ਦਾ ਕਾਮਰੇਡ ਨਾਲ ਸੰਪਰਕ ਬਣਿਆ ਰਿਹਾ ਸੀ। ਨਛੱਤਰ ਸੰਨ 70-71 ਵਿਚ ਕੋਕਰੀ ਕਲਾਂ ਵਾਲੇ ਜੈਲਦਾਰ ਨੂੰ ਮਾਰ ਕੇ ਭਗੌੜਾ ਹੋ ਗਿਆ ਸੀ ਅਤੇ 3-4 ਸਾਲ ਪਿਛੋਂ ਉਸ ਨੂੰ ਕੇਸ ਵਿਚੋਂ ਬਾਹਰ ਵੀ ਕਾਮਰੇਡ ਨੇ ਹੀ ਕਰਵਾਇਆ ਸੀ।


ਇਹ ਇਤਿਹਾਸ ਸਾਡੀਆਂ ਅੱਖਾਂ ਦੇ ਸਾਹਮਣੇ ਵਾਪਰਿਆ ਸੀ। ਕਾਮਰੇਡ ਅੱਚਰਵਾਲ ਨਕਸਲੀ ਲਹਿਰ ਦਾ ਮੋਹਰੀ ਸੀ, ਨਿਰਛਲ ਤੇ ਨਿਰਵੈਰ ਸੀ, ਆਮ ਲੋਕਾਂ ਦਾ ਸੱਚਾ ਮਦਦਗਾਰ ਅਤੇ ਸਭ ਪਾਰਟੀਆਂ ਦੇ ਲੋਕ ਉਸ ਦੀ ਇੱਜ਼ਤ ਕਰਦੇ ਸਨ।

*-ਜਰਨੈਲ ਸਿੰਘ ਅੱਚਰਵਾਲ*
*ਫੋਨ: 905-499-4766*

*ਨੋਟ: ਬਾਰਾ ਸਿੰਘ ਕਾਮਰੇਡ ਅੱਚਰਵਾਲ ਦੀ ਸੱਜੀ ਬਾਂਹ ਸੀ ਅਤੇ ਉਸ ਦੀ ਸ਼ਹੀਦੀ ਤੋਂ 2-4 ਮਹੀਨੇ ਪਿਛੋਂ ਕੈਨੇਡਾ ਦੇ ਸ਼ਹਿਰ ਵੈਨਕੂਵਰ ਆ ਵਸਿਆ ਸੀ। ਜਰਨੈਲ ਸਿੰਘ ਅੱਚਰਵਾਲ ਉਸ ਤੋਂ ਕਈ ਸਾਲ ਪਿਛੋਂ ਕੈਨੇਡਾ ਆਇਆ ਅਤੇ ਅੱਜ ਕੱਲ ਆਪਣੇ ਧੀ-ਪੁੱਤਰ ਕੋਲ ਟੋਰਾਂਟੋ ਰਹਿੰਦਾ ਹੈ। ਜਰਨੈਲ ਸਿੰਘ ਅੱਚਰਵਾਲ ਨੇ 'ਗਦਰੀ ਯੋਧਾ: ਬਾਬਾ ਦੂਲਾ ਸਿੰਘ ਜਲਾਲਦੀਵਾਲ' ਅਤੇ 'ਸੰਗਰਾਮੀ ਪਿੰਡ' ਸਮੇਤ ਚਾਰ ਚਰਚਿਤ ਕਿਤਾਬਾਂ ਲਿਖੀਆਂ ਹਨ। 'ਸੰਗਰਾਮੀ ਪਿੰਡ' ਵਿਚ ਉਸ ਨੇ ਅੱਚਰਵਾਲ, ਜਲਾਲਦੀਵਾਲ, ਤੋਰੜ, ਵਜੀਦ ਕੇ, ਹਠੂਰ ਅਤੇ ਕਾਲਸਾਂ ਆਦਿ ਆਸ-ਪਾਸ ਦੇ 9 ਪਿੰਡਾਂ ਦੇ ਸੰਗਰਾਮੀ ਯੋਧਿਆਂ ਦਾ ਇਤਿਹਾਸ ਦਰਜ ਕੀਤਾ ਹੈ। ਇਸ ਚਿੱਠੀ ਵਿਚ ਵਿਸ਼ੂ ਨਾਂ ਦੇ ਜਿਸ ਸਖਸ਼ ਦਾ ਜ਼ਿਕਰ ਹੈ, ਉਸ ਦਾ ਪੂਰਾ ਨਾਂ ਕੰਵਰ ਵਿਸ਼ਵਜੀਤ ਸਿੰਘ ਹੈ। ਕਾਮਰੇਡ ਬੈਰਾਗੀ ਰਾਹੀਂ ਪੰਜਾਬ ਅੰਦਰ ਆਪਣੇ 'ਰਸੂਖ' ਦਾ ਪੱਤਾ ਖੇਡ ਕੇ ਉਸ ਨੇ ਸੰਜੇ ਗਾਂਧੀ ਦੇ ਦਰਬਾਰ ਵਿਚ ਆਪਣੀ ਝੂਠੀ ਪੈਂਠ ਬਣਾਈ ਅਤੇ ਦੋ ਵਾਰ ਰਾਜ ਸਭਾ ਦੀ ਮੈਂਬਰੀ ਦਾ ਸੁੱਖ ਭੋਗਿਆ। -ਸੰਪਾਦਕ*

# ਕਾਲੇ ਧਨ ਦੀ ਵਾਪਸੀ ਦੇ ਸੁਪਨੇ ਦੀ ਹਕੀਕਤ


## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


'ਇੱਕ ਮੁੰਡੇ ਦੀ ਚੀਜ਼ ਗਵਾਚੀ, ਭਲਕੇ ਚੇਤਾ ਆਊਗਾ, ਪਰਸੋਂ ਲੱਭਣ ਜਾਊਗਾ।' ਪੰਜਾਬ ਦੇ ਸਕੂਲਾਂ ਦੇ ਬੱਚੇ ਏਦਾਂ ਦਾ ਗਾਣਾ ਪੰਜਾਹ ਸਾਲ ਪਹਿਲਾਂ ਵੀ ਕਦੇ-ਕਦੇ ਗਾਉਂਦੇ ਸਨ, ਹੁਣ ਵੀ ਪੇਂਡੂ ਸਕੂਲਾਂ ਵਿਚ ਗਾ ਲੈਂਦੇ ਹਨ। ਇਹ ਗਾਣਾ ਉਹ ਬੱਚਾ ਗਾਉਂਦਾ ਹੈ, ਜਿਸ ਨੂੰ ਕਿਸੇ ਦੀ ਗਵਾਚੀ ਕੋਈ ਚੀਜ਼ ਲੱਭ ਜਾਵੇ ਤੇ ਫਿਰ ਜਦੋਂ ਦੋ-ਚਾਰ ਜਣੇ ਉਸ ਚੀਜ਼ ਦੇ ਦਾਅਵੇਦਾਰ ਬਣ ਜਾਣ, ਉਦੋਂ ਇਹ ਕਿਹਾ ਜਾਂਦਾ ਹੈ ਕਿ ਜਿਸ ਦੀ ਚੀਜ਼ ਹੈ, ਨਿਸ਼ਾਨੀ ਦੱਸ ਕੇ ਲੈ ਲਵੇ। ਝੂਠਾ ਦਾਅਵੇਦਾਰ ਨਿਸ਼ਾਨੀ ਦੱਸਣ ਵੇਲੇ ਫੜਿਆ ਜਾਂਦਾ ਹੈ ਤੇ ਅਸਲ ਮਾਲਕ ਆਪਣੀ ਨਿਸ਼ਾਨੀ ਦੱਸ ਕੇ ਲੈ ਲੈਂਦਾ ਹੈ। ਅੱਜ ਕੱਲ੍ਹ ਭਾਰਤੀ ਲੋਕਾਂ ਤੋਂ ਲੁੱਟੇ ਹੋਏ ਕਾਲੇ ਧਨ ਬਾਰੇ ਜਿਹੜੀ ਬਹਿਸ ਲਗਾਤਾਰ ਚੱਲ ਰਹੀ ਹੈ, ਤੇ ਏਦਾਂ ਚੱਲੀ ਜਾਂਦੀ ਹੈ ਕਿ ਇਸ ਨੂੰ ਬਰੇਕ ਲਾਉਣਾ ਭੁੱਲ ਗਿਆ ਲੱਗਦਾ ਹੈ, ਉਸ ਦੇ ਸਬੰਧ ਵਿਚ ਸਾਨੂੰ ਇਹ ਗੱਲ ਇਸ ਲਈ ਯਾਦ ਆਈ ਹੈ ਕਿ ਵਿਦੇਸ਼ੀ ਬੈਂਕਾਂ ਤੇ ਸਰਕਾਰਾਂ ਨੇ ਵੀ ਭਾਰਤ ਸਰਕਾਰ ਅੱਗੇ ਇਹੋ ਗਾਣਾ ਛੋਹ ਦਿੱਤਾ ਜਾਪਦਾ ਹੈ।

ਭਾਰਤ ਸਰਕਾਰ ਨੂੰ ਉਨ੍ਹਾਂ ਬੈਂਕਾਂ ਨੇ ਕਹਿ ਦਿੱਤਾ ਹੈ ਕਿ ਸਾਨੂੰ ਕੋਈ ਪਤਾ ਨਹੀਂ ਕਿ ਕਿਸੇ ਦਾ ਸਾਡੇ ਕੋਲ ਜਮ੍ਹਾਂ ਧਨ ਕਾਲੀ ਕਮਾਈ ਦਾ ਹੈ ਕਿ ਦਸਾਂ ਨਹੁੰਆਂ ਦੀ ਕਿਰਤ ਦਾ, ਤੇ ਇਹ ਵੀ ਪਤਾ ਨਹੀਂ ਕਿ ਉਹ ਲੋਕ ਭਾਰਤੀ ਹਨ ਜਾਂ ਨਹੀਂ। ਜਿਸ ਦਾ ਭਾਰਤ ਸਰਕਾਰ ਨੂੰ ਸ਼ੱਕ ਹੈ ਕਿ ਉਸ ਦਾ ਸਾਡੇ ਕੋਲ ਕੋਈ ਖਾਤਾ ਹੈ ਤੇ ਉਸ ਖਾਤੇ ਵਿਚ ਪੈਸੇ ਵੀ ਹਨ, ਉਸ ਆਦਮੀ ਦਾ ਨਾਂ ਉਹ ਦੱਸ ਦੇਵੇ ਤੇ ਅਸੀਂ ਵੇਖ ਕੇ ਦੱਸ ਦੇਵਾਂਗੇ ਕਿ ਖਾਤਾ ਹੈ ਜਾਂ ਨਹੀਂ ਤੇ ਉਸ ਖਾਤੇ ਦੀ ਕੀ ਸਥਿਤੀ ਹੈ? ਉਹ ਇਹ ਕਹਿੰਦੇ ਹਨ ਕਿ ਉਨ੍ਹਾਂ ਕੋਲ ਲੱਖਾਂ ਲੋਕਾਂ ਦੇ ਖਾਤੇ ਹਨ, ਖਾਤੇਦਾਰਾਂ ਦੀ ਸਮੁੱਚੀ ਸੂਚੀ ਉਹ ਕਿਸੇ ਨੂੰ ਦੇ ਨਹੀਂ ਸਕਦੇ ਤੇ ਕਾਨੂੰਨ ਦੀ ਪ੍ਰਕਿਰਿਆ ਨੂੰ ਵੀ ਇਨਕਾਰ ਨਹੀਂ ਕਰਨਗੇ, ਪਰ ਜਿਸ ਨੇ ਪੁੱਛਣਾ ਹੈ, ਉਹ ਕਿਸੇ ਵਿਅਕਤੀ ਦਾ ਨਾਂ ਲਵੇ ਕਿ ਉਸ ਦੀ ਜਾਣਕਾਰੀ ਚਾਹੀਦੀ ਹੈ, ਫਿਰ ਉਹ ਖਾਤਾ ਵੇਖ ਕੇ ਦੱਸ ਦੇਣਗੇ। ਭਾਰਤ ਦੇ ਇੱਕ ਸੌ ਪੰਝੀ ਕਰੋੜ ਲੋਕਾਂ ਵਿਚ ਕਰੋੜਪਤੀ ਹੁਣ ਕਰੋੜਾਂ ਵਿਚ ਹਨ, ਜਿਸ ਬੰਦੇ ਦੀ ਪੰਜ ਕਿੱਲੇ ਜ਼ਮੀਨ ਹੈ, ਉਹ ਵੀ ਕਰੋੜ ਤੋਂ ਵੱਧ ਦਾ ਮਾਲਕ ਹੈ, ਪਰ ਅਰਬਪਤੀਆਂ ਦੀ ਗਿਣਤੀ ਆਮ ਲੋਕ ਸੋਚਦੇ ਹਨ ਕਿ ਬਹੁਤੀ ਨਹੀਂ ਹੋਣੀ। ਉਹ ਠੀਕ ਨਹੀਂ ਸੋਚ ਰਹੇ, ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਵੀ ਬਹੁਤ ਵੱਡੀ ਹੈ, ਪਰ ਖਰਬਪਤੀ ਸਿਰਫ ਪਚਵੰਜਾ ਹਨ। ਇਸ ਤੋਂ ਇਹ ਸੁਝਾਅ ਉਠ ਪੈਂਦਾ ਹੈ, ਅਤੇ ਇੱਕ ਦਿਨ ਇੱਕ ਮੀਡੀਆ ਚੈਨਲ ਦੀ ਬਹਿਸ ਵਿਚ ਵੀ ਉਠਿਆ ਹੈ, ਕਿ ਇਨ੍ਹਾਂ ਪਚਵੰਜਾ ਘਰਾਂ ਦੀ ਸੂਚੀ ਦੇ ਕੇ ਵਿਦੇਸ਼ੀ ਬੈਂਕਾਂ ਤੋਂ ਪੁੱਛਿਆ ਜਾ ਸਕਦਾ ਹੈ ਕਿ ਇਨ੍ਹਾਂ ਦਾ ਉਥੇ ਖਾਤਾ ਬੋਲਦਾ ਹੈ ਕਿ ਨਹੀਂ? ਸੁਝਾਅ ਦੇਣ ਵਾਲਾ ਸੱਜਣ ਹਕੀਕਤਾਂ ਤੋਂ ਜਾਣੂ ਨਹੀਂ। ਇਹ ਸੂਚੀ ਉਨ੍ਹਾਂ ਖਰਬਪਤੀਆਂ ਦੀ ਹੈ, ਜਿਨ੍ਹਾਂ ਦੇ ਖਾਤੇ ਵਿਚ ਏਨਾ ਪੈਸਾ ਕਾਨੂੰਨ ਦੀਆਂ ਕਿਤਾਬਾਂ ਵਿਚ ਹੈ, ਕਾਲੇ ਧਨ ਵਾਲੇ ਇਸ ਵਿਚ ਦਰਜ ਹੀ ਨਹੀਂ ਹੋਣੇ। ਜੇ ਉਨ੍ਹਾਂ ਬਾਰੇ ਸੱਚਾਈ ਸਾਹਮਣੇ ਆਵੇ ਤਾਂ ਇਹ ਪਚਵੰਜਾ ਵੀ ਉਨ੍ਹਾਂ ਵਿਚ ਸ਼ਾਮਲ ਹੋ ਸਕਦੇ ਹਨ ਤੇ ਪਚਵੰਜਾ ਸੌ ਹੋਰ ਵੀ ਹੋ ਸਕਦੇ ਹਨ, ਜਿਨ੍ਹਾਂ ਦਾ ਕਦੀ ਕਿਤੇ ਜ਼ਿਕਰ ਹੀ ਨਹੀਂ ਆਇਆ ਹੋਣਾ।

ਫਰਜ਼ ਕਰੋ ਕਿ ਭਾਰਤ ਸਰਕਾਰ ਉਨ੍ਹਾਂ ਲੋਕਾਂ ਦੀ ਸੂਚੀ ਬਣਾ ਲਵੇ, ਜਾਂ ਯੋਗੀ ਬਾਬਾ ਰਾਮਦੇਵ ਦੀ ਦੱਸੀ ਹੋਈ ਪੰਜਾਹ ਹਜ਼ਾਰ ਖਾਤੇਦਾਰਾਂ ਦੀ ਸੂਚੀ ਚੁੱਕ ਲਿਆਵੇ, ਨਹੀਂ ਤਾਂ ਸਿਮਰਤੀ ਇਰਾਨੀ ਦੇ ਜੋਤਸ਼ੀ ਤੋਂ ਪੁੱਛ ਕੇ ਸੂਚੀ ਬਣਵਾ ਲਵੇ, ਫਿਰ ਵੀ ਕੁਝ ਨਹੀਂ ਹੋਣ ਲੱਗਾ। ਜਿਨ੍ਹਾਂ ਨੇ ਬਾਹਰ ਖਾਤੇ ਰੱਖੇ ਹਨ, ਉਨ੍ਹਾਂ ਵਿਚੋਂ ਕਿਸੇ ਨੇ ਆਪਣੇ ਨਾਂ ਦਾ ਉਥੇ ਖਾਤਾ ਹੀ ਨਹੀਂ ਖੋਲ੍ਹਿਆ। ਸਭ ਦੇ ਖਾਤੇ ਕੋਡ ਨਾਂਵਾਂ ਵਾਲੇ ਹਨ। ਸਰਕਾਰ ਕੋਈ ਨਾਂ ਦੱਸੇਗੀ, ਉਹ ਕਹਿ ਦੇਣਗੇ ਕਿ ਇਸ ਬੰਦੇ ਦਾ ਨਾਂ ਨਹੀਂ ਬੋਲਦਾ। ਉਸ ਦੇ ਬਾਅਦ ਸਰਕਾਰ ਇਹ ਰਿਪੋਰਟ ਦੇਸ਼ ਦੇ ਸਾਹਮਣੇ ਪੇਸ਼ ਕਰ ਦੇਵੇਗੀ ਕਿ ਵਿਦੇਸ਼ਾਂ ਦੀ ਖੋਜ ਤੋਂ ਕੋਈ ਖਾਤਾ ਨਹੀਂ ਲੱਭ ਸਕਿਆ। ਜਾਂ ਫਿਰ ਇਹ ਰਿਪੋਰਟ ਆ ਜਾਵੇਗੀ ਕਿ ਜਿਨ੍ਹਾਂ ਲੋਕਾਂ ਦੇ ਖਾਤੇ ਸਨ, ਉਹ ਸਾਰਾ ਮਾਲ ਉਥੋਂ ਕੱਢਵਾ ਚੁੱਕੇ ਹਨ ਤੇ ਹੁਣ ਉਥੇ ਕੋਈ ਪੈਸਾ ਨਹੀਂ। ਮੱਛੀ ਦੇ ਪੱਥਰ ਚੱਟ ਕੇ ਮੁੜਨ ਵਾਂਗ ਭਾਰਤ ਦੀ ਜਾਂਚ ਟੀਮ ਖਾਤੇ ਸੁੰਘ ਕੇ ਸੁੱਚੇ ਮੂੰਹ ਮੁੜ ਆਵੇਗੀ। ਫਿਰ ਇਸ ਦਾ ਲਾਭ ਕੀ ਹੋਵੇਗਾ?

ਲੁਕਾਏ ਹੋਏ ਕਾਲੇ ਧਨ ਪਿੱਛੇ ਲੱਭਣ ਵਾਲੇ ਘੋੜੇ ਭਜਾਈ ਜਾਣ ਦਾ ਖਰਚਾ ਇਸ ਦੇਸ਼ ਦੇ ਸਿਰ ਪੈ ਸਕਦਾ ਹੈ, ਪਰ ਨਿਕਲਣਾ ਇਸ ਵਿਚੋਂ ਕੁਝ ਨਹੀਂ। ਜਿਹੜਾ ਕੰਮ ਕਰਨਾ ਬਣਦਾ ਹੈ, ਉਹ ਨਹੀਂ ਕੀਤਾ ਜਾਂਦਾ। ਹਸਨ ਅਲੀ ਨਾਂ ਦਾ ਘੋੜਿਆਂ ਦਾ ਵਪਾਰੀ ਹੈ ਤੇ ਸਾਰਾ ਧੰਦਾ ਦੋ ਨੰਬਰ ਦਾ ਕਰਦਾ ਕਿਹਾ ਜਾਂਦਾ ਹੈ, ਜਿਸ ਬਾਰੇ ਪਾਰਲੀਮੈਂਟ ਦੀ ਬਹਿਸ ਵਿਚ ਦਰਜ ਹੈ ਕਿ ਉਸ ਤੋਂ ਚਾਲੀ ਹਜ਼ਾਰ ਕਰੋੜ ਤੋਂ ਵੱਧ ਰੁਪਏ ਟੈਕਸ ਬਕਾਇਆ ਹੀ ਲੈਣ ਵਾਲਾ ਹੈ। ਇਹ ਸਾਰਾ ਬਕਾਇਆ ਉਸ ਦੇ ਉਸ ਕਾਰੋਬਾਰ ਦਾ ਹੈ, ਜਿਹੜਾ ਨੰਗਾ-ਚਿੱਟਾ ਚੱਲਦਾ ਹੈ ਤੇ ਜਿਸ ਬਾਰੇ ਜਾਇਦਾਦ ਦੀ ਹੋਂਦ ਦੇ ਸਬੂਤ ਸਰਕਾਰ ਦੇ ਕੋਲ ਹਨ। ਉਸ ਬੰਦੇ ਦੀ ਕਾਲੀ ਕਮਾਈ ਨਾ ਸਹੀ, ਜਾਇਦਾਦ ਜ਼ਬਤ ਕਰ ਕੇ ਇਹ ਬਕਾਇਆ ਵੀ ਕਦੋਂ ਤੇ ਕਿਹੜੀ ਸਰਕਾਰ ਵਸੂਲ ਕਰੇਗੀ, ਅੱਜ ਤੱਕ ਕਦੇ ਨਹੀਂ ਦੱਸਿਆ ਗਿਆ। ਉਹ ਸੈਕੰਡ ਹੈਂਡ ਸਕੂਟਰ ਤੋਂ ਤੁਰਿਆ ਸੀ ਤੇ ਅੱਜ ਭਾਰਤ ਦੇ ਕਿਸੇ ਰਾਜ ਦੀ ਸਰਕਾਰ ਦੇ ਬੱਜਟ ਜਿੰਨੀ ਜਾਇਦਾਦ ਦਾ ਮਾਲਕ ਬਣ ਜਾਣ ਮਗਰੋਂ ਸਾਰੇ ਸੰਵਿਧਾਨਕ ਪ੍ਰਬੰਧ ਨੂੰ ਚੁਣੌਤੀ ਦੇ ਰਿਹਾ ਹੈ। ਸਰਕਾਰ ਨੇ ਏਦਾਂ ਦੇ ਹਸਨ ਅਲੀ ਹੋਰ ਪੈਦਾ ਹੋਣ ਤੋਂ ਰੋਕਣ ਦਾ ਪ੍ਰਬੰਧ ਕਰਨ ਦੀ ਵੀ ਨਾ ਕਦੇ ਕੋਈ ਕੋਸ਼ਿਸ਼ ਕੀਤੀ ਹੈ ਤੇ ਨਾ ਦੇਸ਼ ਨੂੰ ਏਦਾਂ ਦਾ ਭਰੋਸਾ ਦਿੱਤਾ ਹੈ।

ਭਾਰਤ ਦਾ ਰਾਜ ਪ੍ਰਬੰਧ ਚੋਰਾਂ ਦੀ ਮਦਦ ਕਰਦਾ ਹੈ ਤੇ ਭਾਰਤੀ ਪਾਰਲੀਮੈਂਟ ਚੋਰ-ਚੋਰ ਦਾ ਰੌਲਾ ਪਾ ਕੇ ਆਮ ਲੋਕਾਂ ਨੂੰ ਹੋਰ ਪਾਸੇ ਉਲਝਾਉਣ ਦਾ ਅਦਾਰਾ ਬਣ ਗਈ ਹੈ। ਇਹ ਲੰਘ ਗਏ ਸੱਪ ਦੀ ਲਕੀਰ ਉਤੇ ਸੋਟੇ ਮਾਰਦੀ ਹੈ, ਨਵੇਂ ਸੱਪਾਂ ਦਾ ਰਾਹ ਨਹੀਂ ਰੋਕਦੀ। ਲੁੱਟ ਦਾ ਬਾਜ਼ਾਰ ਉਦਾਂ ਹੀ ਚੱਲੀ ਜਾ ਰਿਹਾ ਹੈ। ਭਾਰਤ ਦੇ ਸਰਮਾਏ ਦੀ ਸਿਖਰ ਵਾਲੇ ਵੀ ਨਹੀਂ ਰੁਕ ਰਹੇ ਤੇ ਸਿਆਸਤ ਦੀ ਸਿਖਰ ਵਾਲੇ ਵੀ ਲੱਗੇ ਪਏ ਹਨ। ਇਸ ਵੇਲੇ ਜਿਸ ਰਾਜ ਵਿਚ ਸਰਕਾਰ ਜਿਹੜੇ ਆਗੂ ਦੀ ਕਮਾਨ ਹੇਠ ਹੈ, ਉਹ ਦੋਵਾਂ ਹੱਥਾਂ ਨਾਲ ਲੁੱਟੀ ਜਾਂਦਾ ਹੈ। ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਭਾਰਤ ਇੱਕ ਹੋਣ ਦਾ ਜਿਹੜਾ ਨਾਹਰਾ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਹਾਮੀ ਦਿੰਦੇ ਹਨ, ਅਮਲ ਵਿਚ ਸਿਆਸੀ ਆਗੂਆਂ ਨੇ ਉਹ ਨਾਹਰਾ ਅਪਨਾਇਆ ਹੋਇਆ ਹੈ। ਜੰਮੂ-ਕਸ਼ਮੀਰ ਵਿਚ ਦੋ ਖਾਨਦਾਨਾਂ ਦੇ ਲੀਡਰਾਂ ਤੋਂ ਸ਼ੁਰੂ ਕਰ ਕੇ ਧੁਰ ਦੱਖਣ ਵਿਚ ਬਹੁਤੀ ਬਦਨਾਮੀ ਤੋਂ ਬਚੇ ਹੋਏ ਕੇਰਲਾ ਤੱਕ ਦੇ ਲੀਡਰਾਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਵਾਛੜ ਹੋ ਰਹੀ ਹੈ, ਪਰ ਦੇਸ਼ ਦਾ ਧਿਆਨ ਸਵਿਟਜ਼ਰਲੈਂਡ ਵੱਲ ਲੱਗਾ ਹੋਇਆ ਹੈ। ਓਮ ਪ੍ਰਕਾਸ਼ ਚੌਟਾਲਾ ਜਦੋਂ ਮਾਲ ਖਾਈ ਗਿਆ, ਉਸ ਨੂੰ ਦੇਸ਼ ਦੇ ਸੰਵਿਧਾਨਕ ਪ੍ਰਬੰਧ ਨੇ ਨਹੀਂ ਰੋਕਿਆ। ਜੈਲਲਿਤਾ ਦੋਵੀਂ ਹੱਥੀ ਲੁੱਟੀ ਗਈ, ਸੰਵਿਧਾਨਕ ਪ੍ਰਬੰਧ ਆਰਾਮ ਨਾਲ ਚੱਲਦਾ ਰਿਹਾ। ਲਾਲੂ ਪ੍ਰਸਾਦ ਦੀਆਂ ਪੌਂਅ ਬਾਰਾਂ ਜਦੋਂ ਬਣੀਆਂ, ਸਿਸਟਮ ਨੇ ਰੋਕ ਨਹੀਂ ਪਾਈ। ਇਹ ਉਹ ਲੋਕ ਹਨ, ਜਿਹੜੇ ਅੰਤ ਨੂੰ ਅਦਾਲਤਾਂ ਵਿਚ ਦੋਸ਼ੀ ਕਰਾਰ ਦਿੱਤੇ ਗਏ, ਪਰ ਹੁਣ ਜਿਹੜੇ ਰਾਜ ਕਰ ਰਹੇ ਹਨ, ਉਨ੍ਹਾਂ ਅੱਗੇ ਵੀ ਇਹ ਸਿਸਟਮ ਕਦੋਂ ਆਉਂਦਾ ਹੈ? ਕੋਈ ਜੰਗਲ ਚੱਬੀ ਜਾਂਦਾ ਹੈ, ਕੋਈ ਰੇਤ-ਬੱਜਰੀ ਨੂੰ ਰਗੜਾ ਲਾਈ ਜਾ ਰਿਹਾ ਹੈ, ਪਰ ਦੇਸ਼ ਦਾ ਬਹੁਤ ਵਧੀਆ ਕਿਹਾ ਜਾਂਦਾ ਸਿਸਟਮ ਉਨ੍ਹਾਂ ਅੱਗੇ ਅੜਿੱਕਾ ਹੀ ਨਹੀਂ ਡਾਹੁੰਦਾ।

ਇਸ ਵਕਤ ਕੋਲੇ ਦੇ ਸਕੈਂਡਲ ਦੀ ਜਾਂਚ ਚੱਲਦੀ ਪਈ ਹੈ। ਪਿਛਲੇ ਹਫਤੇ ਇੱਕ ਬਹੁਤ ਵੱਡੀ ਖਬਰ ਆ ਗਈ, ਪਰ ਉਸ ਦੀ ਚਰਚਾ ਨਹੀਂ ਹੋਈ। ਜਿਹੜਾ ਪ੍ਰਧਾਨ ਮੰਤਰੀ ਪਿਛਲੇ ਦਸ ਸਾਲ ਇਸ ਦੇਸ਼ ਦਾ ਰਾਜ ਪ੍ਰਬੰਧ ਚਲਾਉਣ ਦਾ ਜ਼ਿੰਮੇਵਾਰ ਸੀ, ਉਸ ਦਾ ਨਾਂ ਉਸ ਅਦਾਲਤ ਵਿਚ ਬੋਲਿਆ ਹੈ, ਜਿੱਥੇ ਕੋਲਾ ਸਕੈਂਡਲ ਦੀ ਸੁਣਵਾਈ ਹੋ ਰਹੀ ਹੈ। ਮੀਡੀਆ ਇਸ ਖਬਰ ਬਾਰੇ ਚੁੱਪ ਹੀ ਵੱਟ ਗਿਆ। ਉਥੇ ਜੱਜ ਨੇ ਇਹ ਸਵਾਲ ਪੁੱਛ ਲਿਆ ਕਿ ਜੇ ਬਿਰਲਾ ਦੀ ਕੰਪਨੀ ਨੂੰ ਕੋਲੇ ਦਾ ਬਲਾਕ ਅਲਾਟ ਕਰ ਦਿੱਤਾ ਗਿਆ ਤੇ ਉਸ ਅਲਾਟਮੈਂਟ ਨੂੰ ਜਾਂਚ ਏਜੰਸੀ ਗਲਤ ਮੰਨਦੀ ਹੈ ਤਾਂ ਦੇਸ਼ ਦੇ ਕੋਲਾ ਮੰਤਰੀ ਦਾ ਜ਼ਿੰਮਾ ਉਦੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਆਪਣੇ ਕੋਲ ਸੀ, ਉਸ ਤੋਂ ਅਲਾਟਮੈਂਟ ਬਾਰੇ ਪੁੱਛਗਿੱਛ ਕਿਉਂ ਨਹੀਂ ਕੀਤੀ ਗਈ? ਅਸੀਂ ਇਹ ਨਹੀਂ ਕਹਿ ਰਹੇ ਕਿ ਮਨਮੋਹਨ ਸਿੰਘ ਨੇ ਬੇਈਮਾਨੀ ਕੀਤੀ ਹੋਵੇਗੀ, ਬਹੁਤੀ ਸੰਭਾਵਨਾ ਇਹ ਹੈ ਕਿ ਸੋਨੀਆ ਗਾਂਧੀ ਤੱਕ ਕਿਸੇ ਨੇ ਪਹੁੰਚ ਕੀਤੀ ਹੋਵੇ ਤੇ ਮਨਮੋਹਨ ਸਿੰਘ ਨੂੰ ਫਾਈਲ ਉਤੇ ਦਸਤਖਤ ਕਰਨ ਨੂੰ ਮਜਬੂਰ ਕੀਤਾ ਗਿਆ ਹੋ ਸਕਦਾ ਹੈ। ਇਹ ਗੱਲ ਵੀ ਹੋਵੇ ਤਾਂ ਮਨਮੋਹਨ ਸਿੰਘ ਨੂੰ ਦੱਸਣਾ ਚਾਹੀਦਾ ਹੈ ਕਿ ਉਸ ਤੋਂ ਗਲਤ ਕੰਮ ਕਰਵਾਏ ਗਏ ਸਨ। ਜਾਂਚ ਵਿਚ ਉਸ ਦੀ ਪੁੱਛਗਿੱਛ ਦਾ ਸਵਾਲ ਇਸ ਕਰ ਕੇ ਵਾਜਬ ਕਿਹਾ ਜਾ ਸਕਦਾ ਹੈ ਕਿ ਜਦੋਂ ਕੋਲਾ ਬਲਾਕ ਲੈਣ ਵਾਲੇ ਕੁਮਾਰਾਮੰਗਲਮ ਬਿਰਲਾ ਨੂੰ ਧਿਰ ਮੰਨਿਆ ਗਿਆ, ਕੋਲਾ ਮਹਿਕਮੇ ਦੇ ਸੈਕਟਰੀ ਪਾਰਿਖ ਨੂੰ ਵੀ ਪੁੱਛਿਆ ਗਿਆ, ਫਿਰ ਮੰਤਰੀ ਵਜੋਂ ਇਹ ਮਨਜ਼ੂਰੀ ਦੇਣ ਵਾਲੇ ਪ੍ਰਧਾਨ ਮੰਤਰੀ ਨੂੰ ਜਾਂਚ ਤੋਂ ਬਾਹਰ ਕਿਵੇਂ ਰੱਖਿਆ ਜਾ ਸਕਦਾ ਹੈ? ਸੀ ਬੀ ਆਈ ਅਧਿਕਾਰੀ ਕਹਿੰਦੇ ਹਨ ਕਿ ਉਸ ਤੋਂ ਪੁੱਛਗਿੱਛ ਦੀ ਮਨਜ਼ੂਰੀ ਨਹੀਂ ਸੀ ਮਿਲੀ। ਉਦੋਂ ਨਾ ਮਿਲੀ ਹੋਵੇਗੀ, ਹੁਣ ਨਰਿੰਦਰ ਮੋਦੀ ਦੀ ਸਰਕਾਰ ਮਨਜ਼ੂਰੀ ਦੇ ਸਕਦੀ ਹੈ।



> ***ਭਾਰਤ ਦਾ ਰਾਜ ਪ੍ਰਬੰਧ ਚੋਰਾਂ ਦੀ ਮਦਦ ਕਰਦਾ ਹੈ ਤੇ ਭਾਰਤੀ ਪਾਰਲੀਮੈਂਟ ਚੋਰ-ਚੋਰ ਦਾ ਰੌਲਾ ਪਾ ਕੇ ਆਮ ਲੋਕਾਂ ਨੂੰ ਹੋਰ ਪਾਸੇ ਉਲਝਾਉਣ ਦਾ ਅਦਾਰਾ ਬਣ ਗਈ ਹੈ। ਇਹ ਲੰਘ ਗਏ ਸੱਪ ਦੀ ਲਕੀਰ ਉਤੇ ਸੋਟੇ ਮਾਰਦੀ ਹੈ, ਨਵੇਂ ਸੱਪਾਂ ਦਾ ਰਾਹ ਨਹੀਂ ਰੋਕਦੀ। ਲੁੱਟ ਦਾ ਬਾਜ਼ਾਰ ਉਦਾਂ ਹੀ ਚੱਲੀ ਜਾ ਰਿਹਾ ਹੈ। ਭਾਰਤ ਦੇ ਸਰਮਾਏ ਦੀ ਸਿਖਰ ਵਾਲੇ ਵੀ ਨਹੀਂ ਰੁਕ ਰਹੇ ਤੇ ਸਿਆਸਤ ਦੀ ਸਿਖਰ ਵਾਲੇ ਵੀ ਲੱਗੇ ਪਏ ਹਨ। ਇਸ ਵੇਲੇ ਜਿਸ ਰਾਜ ਵਿਚ ਸਰਕਾਰ ਜਿਹੜੇ ਆਗੂ ਦੀ ਕਮਾਨ ਹੇਠ ਹੈ, ਉਹ ਦੋਵਾਂ ਹੱਥਾਂ ਨਾਲ ਲੁੱਟੀ ਜਾਂਦਾ ਹੈ।***

ਅਦਾਲਤ ਨੇ ਇੱਕ ਤਰ੍ਹਾਂ ਨਾਲ ਇਹ ਸਵਾਲ ਪੁੱਛ ਕੇ ਸਿਰਫ ਮਨਮੋਹਨ ਸਿੰਘ ਜਾਂ ਜਾਂਚ ਏਜੰਸੀ ਸੀ ਬੀ ਆਈ ਵਾਲਿਆਂ ਨੂੰ ਨਹੀਂ, ਨਾਲ ਦੀ ਨਾਲ ਭਾਰਤ ਦੀ ਮੌਜੂਦਾ ਸਰਕਾਰ ਨੂੰ ਵੀ ਫਸਾ ਦਿੱਤਾ ਹੈ। ਸਾਰੇ ਮੰਨਦੇ ਹਨ ਕਿ ਕੋਲੇ ਦੇ ਬਲਾਕਾਂ ਦੀ ਵੰਡ ਵਿਚ ਗਲਤ ਕੰਮ ਹੋਇਆ ਹੈ, ਪਰ ਸਾਰਾ ਕੰਮ ਇੱਕੋ ਮਨਮੋਹਨ ਸਿੰਘ ਦੇ ਵੇਲੇ ਨਹੀਂ ਸੀ ਹੋ ਗਿਆ, ਇਸ ਤੋਂ ਪਹਿਲੇ ਜਿਨ੍ਹਾਂ ਪ੍ਰਧਾਨ ਮੰਤਰੀਆਂ ਦੇ ਵੇਲੇ ਹੋਇਆ ਸੀ, ਉਨ੍ਹਾਂ ਵਿਚ ਭਾਜਪਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੀ ਸਨ। ਕੋਈ ਕਹਿ ਸਕਦਾ ਹੈ ਕਿ ਸ੍ਰੀ ਵਾਜਪਾਈ ਇਸ ਵਕਤ ਜਿਸ ਹਾਲ ਵਿਚ ਹਨ, ਉਨ੍ਹਾਂ ਤੋਂ ਪੁੱਛਗਿੱਛ ਦਾ ਕੋਈ ਸਵਾਲ ਹੀ ਨਹੀਂ ਉਠਦਾ, ਤੇ ਇਹ ਦਲੀਲ ਜ਼ੋਰਦਾਰ ਹੈ, ਪਰ ਇਸ ਦੇ ਬਾਅਦ ਵੀ ਮੋਦੀ ਸਰਕਾਰ ਨੇ ਇਹੋ ਜਿਹੀ ਮਨਜ਼ੂਰੀ ਕਦੇ ਨਹੀਂ ਦੇਣੀ। ਇਸ ਦਾ ਵੀ ਕਾਰਨ ਹੈ। ਕੋਲਾ ਬਲਾਕਾਂ ਦੀ ਜਿਹੜੀ ਅਲਾਟਮੈਂਟ ਨਾਲ ਮਨਮੋਹਨ ਸਿੰਘ ਨੂੰ ਉਲਝਾਇਆ ਜਾ ਸਕਦਾ ਹੈ, ਉਹ ਕੁਮਾਰਾਮੰਗਲਮ ਬਿਰਲਾ ਦੇ ਅਦਾਰੇ ਨੂੰ ਹੋਈ ਹੈ ਤੇ ਬਿਰਲਾ ਸਿਰਫ ਮਨਮੋਹਨ ਸਿੰਘ ਦੀ ਸਰਕਾਰ ਦੇ ਨਹੀਂ, ਮੌਜੂਦਾ ਸਰਕਾਰ ਦੇ ਵੀ ਨੇੜ ਵਾਲਿਆਂ ਵਿਚ ਗਿਣਿਆ ਜਾਂਦਾ ਹੈ। ਕਈ ਕੇਸਾਂ ਵਿਚ ਉਹ ਉਲਝਿਆ ਪਿਆ ਹੈ, ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ 'ਮੇਕ ਇਨ ਇੰਡੀਆ' ਦੀ ਮੁਹਿੰਮ ਦਾ ਜਦੋਂ ਪਹਿਲਾ ਸਮਾਗਮ ਕੀਤਾ, ਉਸ ਦੇ ਵਕਤ ਇਹੋ ਬਿਰਲਾ ਸੇਠ ਉਚੇਚੇ ਮਹਿਮਾਨਾਂ ਵਿਚ ਮੋਦੀ ਨੇ ਵੀ ਸੱਦ ਲਿਆ ਸੀ। ਜਿਹੜੇ ਚੰਦ ਬਿਰਲਾ ਅਤੇ ਉਹਦੇ ਵਰਗੇ ਸੇਠਾਂ ਨੇ ਨਰਿੰਦਰ ਮੋਦੀ ਦੀ ਸਰਕਾਰ ਦੇ ਵਕਤ ਚਾੜ੍ਹਨੇ ਹਨ, ਉਹ ਅਗਲੀ ਸਰਕਾਰ ਵੇਲੇ ਦਿੱਸ ਪੈਣਗੇ, ਪਰ ਨੁਕਸਾਨ ਉਨ੍ਹਾਂ ਸੇਠਾਂ ਦਾ ਫਿਰ ਵੀ ਕੋਈ ਨਹੀਂ ਹੋਣਾ, ਕਿਉਂਕਿ ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਉਸ ਵਿਚ ਚਵਾਨੀ-ਪੱਤੀ ਉਨ੍ਹਾਂ ਦੀ ਹੋਵੇਗੀ।

ਸਿਰਫ ਇੱਕ ਗੱਲ ਇਹੋ ਜਿਹੀ ਹੈ, ਜਿਹੜੀ ਮਨਮੋਹਨ ਸਿੰਘ ਦੀ ਕਹੀ ਸੋਲਾਂ ਆਨੇ ਸੱਚੀ ਜਾਪਦੀ ਹੈ। ਉਸ ਨੇ ਇੱਕ ਵਾਰੀ ਪਾਰਲੀਮੈਂਟ ਵਿਚ ਕਿਹਾ ਸੀ, 'ਹਜ਼ਾਰੋਂ ਸਵਾਲੋਂ ਸੇ ਮੇਰੀ ਖਾਮੋਸ਼ੀ ਹੈ ਅੱਛੀ, ਨਾ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰੱਖੇ।' ਸੱਚਮੁੱਚ ਬਹੁਤ ਸਾਰੇ ਸਵਾਲ ਹਨ, ਜਿਹੜੇ ਇਸ ਖਿਲਾਰੇ ਵਿਚੋਂ ਨਿਕਲ ਸਕਦੇ ਹਨ। ਏਨੇ ਸਵਾਲਾਂ ਦੇ ਸਾਹਮਣੇ ਖੜੋਣ ਤੋਂ ਚੰਗਾ ਇਹੋ ਹੈ ਕਿ ਭਾਰਤ ਦੀ ਰਾਜਨੀਤੀ ਆਪਣੇ ਲੋਕਾਂ ਨੂੰ ਸਵਿਟਜ਼ਰਲੈਂਡ ਦੇ ਸਪੈਲਿੰਗ ਸਿੱਖਣ ਦਾ ਮੌਕਾ ਦੇਈ ਜਾਵੇ, ਜਿੱਥੇ ਕਿਹਾ ਜਾਂਦਾ ਹੈ ਕਿ ਕਾਲੇ ਧਨ ਦੇ ਬਕਸੇ ਪਏ ਹਨ, ਜਦੋਂ ਉਹ ਬਕਸੇ ਆਉਣਗੇ, ਹਰ ਭਾਰਤੀ ਨਾਗਰਿਕ ਦੇ ਖਾਤੇ ਵਿਚ ਤਿੰਨ-ਤਿੰਨ ਲੱਖ ਰੁਪਏ ਜਮ੍ਹਾਂ ਹੋ ਜਾਣਗੇ। ਸੁਫਨਾ ਬਹੁਤ ਹੁਸੀਨ ਹੈ, ਸੰਭਲ ਕੇ ਚੱਲਣਾ ਪਵੇਗਾ। ਅੱਜ ਟੁੱਟੇ ਜਾਂ ਭਲਕੇ, ਕਿਸੇ ਦਿਨ ਸੁਫਨਾ ਟੁੱਟ ਜਾਣਾ ਹੈ। ਜਦੋਂ ਨੂੰ ਇਹ ਸੁਫਨਾ ਟੁੱਟੇਗਾ, ਉਦੋਂ ਤੱਕ ਭਾਰਤ ਦੀ ਸਰਮਾਏਦਾਰੀ ਅਤੇ ਭਾਰਤ ਦੀ ਸਿਆਸਤ ਨਵਾਂ ਸੁਫਨਾ ਪੇਸ਼ ਕਰ ਦੇਣਗੀਆਂ। ਸੁਫਨਿਆਂ ਸਹਾਰੇ ਜ਼ਿੰਦਗੀ ਬਤੀਤ ਕਰਨ ਗਿੱਝ ਗਏ ਭਾਰਤੀ ਲੋਕਾਂ ਦਾ ਸੁਫਨਾ ਨਹੀਂ ਟੁੱਟਣ ਦੇਣਾ, ਇਸ ਲਈ ਕਾਲੇ ਧਨ ਦਾ ਸੁਫਨਾ ਜਿੰਨਾ ਲੰਮਾ ਖਿੱਚਿਆ ਜਾ ਸਕਦਾ ਹੈ, ਖਿੱਚਣ ਦਾ ਯਤਨ ਹਾਕਮ ਤੇ ਵਿਰੋਧੀ ਧਿਰ ਦੋਵੇਂ ਹੀ ਕਰੀ ਜਾ ਰਹੀਆਂ ਹਨ।




ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਅਫਸਰਾਂ ਨੂੰ ਵਾਹਨਾਂ 'ਤੇ ਲਾਲ ਬੱਤੀ ਦਾ ਭੁਸ ਪਿਆ

## ਅਦਾਲਤੀ ਹੁਕਮਾਂ ਦੇ ਬਾਵਜੂਦ ਰੁਝਾਨ ਵਧਿਆ



**ਚੰਡੀਗੜ੍ਹ:** ਪੰਜਾਬ ਵਿਚ ਵਾਹਨਾਂ 'ਤੇ ਲਾਲ/ਨੀਲੀਆਂ ਬੱਤੀਆਂ ਲਾਉਣ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ। ਸੁਪਰੀਮ ਕੋਰਟ ਵੱਲੋਂ ਲਾਲ ਬੱਤੀ ਤੇ ਵਾਹਨਾਂ ਦੇ ਸ਼ੀਸ਼ਿਆਂ 'ਤੇ ਕਾਲੀਆਂ ਫਿਲਮਾਂ ਬਾਰੇ ਸਖ਼ਤ ਹੁਕਮ ਜਾਰੀ ਕੀਤੇ ਹੋਏ ਹਨ ਪਰ ਅਣਅਧਿਕਾਰਤ ਵਿਅਕਤੀਆਂ ਵੱਲੋਂ ਲਾਲ ਤੇ ਬੱਤੀ ਦੇ ਇਲਾਵਾ ਗੱਡੀਆਂ ਦੇ ਸ਼ੀਸ਼ਿਆਂ 'ਤੇ ਕਾਲੀਆਂ ਫਿਲਮਾਂ ਤੇ ਪਰਦੇ ਲਗਾਉਣ ਦਾ ਸਿਲਸਿਲਾ ਜਾਰੀ ਹੈ। ਇਸ ਮਾਮਲੇ ਵਿਚ ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਜਿਨ੍ਹਾਂ ਅਧਿਕਾਰੀਆਂ ਨੇ ਕਾਇਦੇ ਕਾਨੂੰਨਾਂ ਦੀ ਪਾਲਣਾ ਕਰਵਾਉਣੀ ਹੁੰਦੀ ਹੈ ਉਨ੍ਹਾਂ ਵਿਚੋਂ ਕਈ ਅਧਿਕਾਰੀ ਹੁਣ ਖੁਦ ਹੀ ਆਪਣੇ ਵਾਹਨਾਂ 'ਤੇ ਨਾਜਾਇਜ਼ ਬੱਤੀਆਂ ਤੇ ਪਰਦੇ ਲਗਾ ਕੇ ਘੁੰਮ ਰਹੇ ਹਨ।

28 ਫਰਵਰੀ 2014 ਦੇ ਨੋਟੀਫਿਕੇਸ਼ਨ ਮੁਤਾਬਕ ਪੰਜਾਬ ਅੰਦਰ ਗਵਰਨਰ, ਮੁੱਖ ਮੰਤਰੀ, ਉਪ ਮੁੱਖ ਮੰਤਰੀ, ਕੈਬਨਿਟ ਮੰਤਰੀ, ਸਾਬਕਾ ਗਵਰਨਰ, ਸਾਬਕਾ ਮੁੱਖ ਮੰਤਰੀ, ਮਾਨਯੋਗ ਹਾਈਕੋਰਟ ਚੀਫ ਜਸਟਿਸ ਤੇ ਜੱਜ ਸਾਹਿਬਾਨ, ਵਿਧਾਨ ਸਭਾ ਦਾ ਸਪੀਕਰ, ਸਟੇਟ ਪਲੈਨਿੰਗ ਬੋਰਡ ਪੰਜਾਬ ਦੇ ਉਪ ਚੇਅਰਮੈਨ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ ਫਲੈਸ਼ਰ ਵਾਲੀ ਲਾਲ ਰੰਗ ਦੀ ਬੱਤੀ ਆਪਣੇ ਵਾਹਨ 'ਤੇ ਲਗਾ ਸਕਦਾ ਹੈ ਪਰ ਵੱਖ-ਵੱਖ ਹਲਕਿਆਂ ਅੰਦਰ ਸੱਤਾਧਾਰੀ ਗੱਠਜੋੜ ਦੇ ਹਾਰੇ ਹੋਏ ਕਈ ਆਗੂਆਂ/ਹਲਕਾ ਇੰਚਾਰਜਾਂ ਵੱਲੋਂ ਆਪਣੇ ਵਾਹਨਾਂ 'ਤੇ ਲਾਲ ਬੱਤੀਆਂ ਲਾਈਆਂ ਹੋਈਆਂ ਹਨ। ਇਥੋਂ ਤੱਕ ਕਿ ਇਨ੍ਹਾਂ ਦੇ ਕਰੀਬੀ ਰਿਸ਼ਤੇਦਾਰ ਵੀ ਬੇਖੌਫ਼ ਬੱਤੀਆਂ ਲਗਾ ਕੇ ਘੁੰਮਦੇ ਹਨ। ਇਸੇ ਤਰ੍ਹਾਂ ਵੱਖ-ਵੱਖ ਬੋਰਡਾਂ, ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਆਪਣੀਆਂ ਸਰਕਾਰੀ, ਗੈਰ ਸਰਕਾਰੀ ਗੱਡੀਆਂ 'ਤੇ ਬੱਤੀਆਂ ਲਗਾ ਕੇ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰ ਰਹੇ ਹਨ। ਜਿਨ੍ਹਾਂ ਨੂੰ ਰੋਕਣ ਲਈ ਨਾ ਤਾਂ ਕੋਈ ਅਧਿਕਾਰੀ ਹਿੰਮਤ ਕਰ ਰਿਹਾ ਹੈ ਤੇ ਨਾ ਹੀ ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਇਸ ਬਾਰੇ ਗੰਭੀਰ ਹਨ।

17 ਅਪ੍ਰੈਲ 2014 ਦੇ ਨੋਟੀਫਿਕੇਸ਼ਨ ਮੁਤਾਬਕ ਮੁੱਖ ਪਾਰਲੀਮਾਨੀ ਸਕੱਤਰ, ਏ.ਡੀ.ਜੀ.ਪੀ., ਜ਼ੋਨਲ ਆਈ.ਜੀ.ਪੀ, ਰੇਂਜ ਡੀ.ਆਈ.ਜੀ, ਡੀ.ਜੀ.ਪੀ. ਦੇ ਬਰਾਬਰ ਦੇ ਰੈਂਕ ਦੇ ਪੁਲਿਸ ਅਫ਼ਸਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਸਿਟੀ ਪੁਲਿਸ ਕਮਿਸ਼ਨਰ ਤੇ ਵੱਖ-ਵੱਖ ਪੁਲਿਸ ਜ਼ਿਲ੍ਹਿਆਂ ਦੇ ਮੁਖੀ ਆਪਣੇ ਵਾਹਨਾਂ 'ਤੇ ਸੰਤਰੀ ਰੰਗ ਦੀ ਬੱਤੀ ਲਗਾ ਸਕਦੇ ਹਨ ਪਰ ਸੰਤਰੀ ਬੱਤੀ ਦੀ ਵੀ ਕਈ ਜੂਨੀਅਰ ਅਧਿਕਾਰੀਆਂ ਵੱਲੋਂ ਦੁਰਵਰਤੋਂ ਕੀਤੀ ਜਾ ਰਹੀ ਹੈ। ਨੋਟੀਫਿਕੇਸ਼ਨ ਵਿਚ ਇਹ ਸਪੱਸ਼ਟ ਤੌਰ 'ਤੇ ਲਿਖਿਆ ਗਿਆ ਹੈ ਕਿ ਸਬੰਧਤ ਅਧਿਕਾਰੀ/ਵਿਅਕਤੀ ਦੇ ਗੱਡੀ ਵਿਚ ਸਵਾਰ ਨਾ ਹੋਣ ਕਾਰਨ ਇਸ ਬੱਤੀ ਨੂੰ ਢੱਕਣਾ ਜ਼ਰੂਰੀ ਹੈ ਪਰ ਇਸ ਦੇ ਉਲਟ ਸ਼ਾਇਦ ਹੀ ਕੋਈ ਆਗੂ/ਅਧਿਕਾਰੀ ਅਜਿਹਾ ਹੋਵੇਗਾ ਜਿਸ ਵੱਲੋਂ ਇਨ੍ਹਾਂ ਹੁਕਮਾਂ ਦੀ ਪਾਲਣਾ ਕੀਤੀ ਜਾਂਦੀ ਹੋਵੇ।

ਨੀਲੀ ਬੱਤੀ ਬਾਰੇ 12 ਅਪ੍ਰੈਲ 2006 ਦੇ ਨੋਟੀਫਿਕੇਸ਼ਨ ਮੁਤਾਬਕ ਵਧੀਕ ਜ਼ਿਲ੍ਹਾ ਮੈਜਿਸਟਰੇਟ, ਉਪ ਮੰਡਲ ਮੈਜਿਸਟਰੇਟ, ਐਗਜ਼ੀਕਿਉਟਿਵ ਮੈਜਿਸਟਰੇਟ ਤੇ ਮੈਜਿਸਟਰੇਟ ਦੀਆਂ ਸ਼ਕਤੀਆਂ ਵਾਲੇ ਹੋਰ ਅਧਿਕਾਰੀ, ਡੀ.ਐਸ.ਪੀ. ਤੇ ਇਸ ਤੋਂ ਉੱਪਰ ਦੇ ਪੁਲਿਸ ਅਧਿਕਾਰੀ, ਵੱਖ-ਵੱਖ ਥਾਣਿਆਂ ਦੇ ਮੁਖੀ, ਟਰਾਂਸਪੋਰਟ ਵਿਭਾਗ ਨਾਲ ਸਬੰਧਤ ਏ.ਡੀ.ਟੀ.ਓ. ਤੋਂ ਉੱਪਰ ਦੇ ਅਧਿਕਾਰੀ ਤੇ ਕਮਰਸ਼ੀਅਲ ਵਿੰਗ ਵਿਚ ਟਰੈਫਿਕ ਮੈਨੇਜਰ ਤੇ ਇਸ ਤੋਂ ਉੱਪਰ ਅਹੁਦੇ ਦੇ ਅਧਿਕਾਰੀ, ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਅੰਦਰ ਈ.ਟੀ.ਓ. ਦੇ ਅਹੁਦੇ ਤੋਂ ਉੱਪਰ ਦੇ ਅਧਿਕਾਰੀ ਤੇ ਡਿਸਟ੍ਰਿਕ ਫੂਡ ਸਪਲਾਈ ਕੰਟਰੋਲਰ ਆਦਿ ਆਪਣੇ ਵਾਹਨਾਂ 'ਤੇ ਨੀਲੀ ਬੱਤੀ ਲਗਾ ਸਕਦੇ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਵੱਖ-ਵੱਖ ਜ਼ਿਲ੍ਹਿਆਂ ਅੰਦਰ ਨੀਲੀ ਬੱਤੀ ਦੀ ਵਰਤੋਂ ਇੰਨੀ ਜ਼ਿਆਦਾ ਹੋ ਰਹੀ ਹੈ ਕਿ ਤਕਰੀਬਨ ਸਾਰੇ ਵਿਭਾਗਾਂ ਦੇ ਜ਼ਿਲ੍ਹਾ ਮੁਖੀਆਂ ਵੱਲੋਂ ਆਪਣੀਆਂ ਸਰਕਾਰੀ ਤੇ ਗੈਰ ਸਰਕਾਰੀ ਗੱਡੀਆਂ 'ਤੇ ਸ਼ਰੇਆਮ ਨੀਲੀ ਬੱਤੀ ਦੀ ਵਰਤੋਂ ਕੀਤੀ ਜਾ ਰਹੀ ਹੈ। ਜ਼ਿਲ੍ਹਾ ਗੁਰਦਾਸਪੁਰ ਅੰਦਰ ਸਰਕਾਰੀ ਗੱਡੀਆਂ 'ਤੇ ਵੱਡੇ ਪੱਧਰ 'ਤੇ ਨੀਲੀਆਂ ਬੱਤੀਆਂ ਤੇ ਚਿੱਟੇ ਪਰਦਿਆਂ ਦੀ ਵਰਤੋਂ ਬਾਰੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਅਭਿਨਵ ਤ੍ਰਿਖਾ ਨੇ ਕਿਹਾ ਕਿ ਇਹ ਬਿਲਕੁਲ ਗੈਰ ਕਾਨੂੰਨੀ ਰੁਝਾਨ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜ਼ਿਲ੍ਹਾ ਟਰਾਂਸਪੋਰਟ ਅਫਸਰ ਡਾ. ਜਗਵਿੰਦਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਉਹ ਪਹਿਲਾਂ ਹੀ ਅਜਿਹੇ ਰੁਝਾਨ ਖਿਲਾਫ਼ ਕਾਰਵਾਈ ਆਰੰਭ ਕਰ ਚੁੱਕੇ ਹਨ।

# ਝੂਠੇ ਮੁਕਾਬਲੇ ਦੇ ਕੇਸ ਵਿਚ ਚਾਰ ਪੁਲਿਸ ਵਾਲਿਆਂ ਨੂੰ ਉਮਰ ਕੈਦ



**ਪਟਿਆਲਾ:** ਪੰਜਾਬ ਪੁਲਿਸ ਦੀ ਮਦਦ ਨਾਲ ਫੜੇ ਜ਼ਿਲ੍ਹਾ ਲੁਧਿਆਣਾ ਦੇ ਹਰਜੀਤ ਸਿੰਘ ਨੂੰ ਯੂਪੀ ਪੁਲਿਸ ਵੱਲੋਂ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਖ਼ਿਲਾਫ਼ ਕੇਸ ਦਾ ਫ਼ੈਸਲਾ ਸੁਣਾਉਂਦਿਆਂ, ਸੀ.ਬੀ.ਆਈ. ਕੋਰਟ ਨੇ ਚਾਰ ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਵਿਚ ਤਿੰਨ ਅਧਿਕਾਰੀ ਯੂਪੀ ਪੁਲਿਸ ਦੇ ਹਨ, ਜਦੋਂਕਿ ਇਕ ਪੰਜਾਬ ਪੁਲਿਸ ਨਾਲ ਸਬੰਧਤ ਹੈ। ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵੱਲੋਂ ਸੁਣਾਈ ਸਜ਼ਾ ਦਾ ਸਾਹਮਣਾ ਕਰਨ ਵਾਲਿਆਂ ਵਿਚ ਯੂਪੀ ਦੇ ਐਸ.ਪੀ. ਰਵਿੰਦਰ ਕੁਮਾਰ ਸਿੰਘ, ਇੰਸਪੈਕਟਰ ਬ੍ਰਿਜ ਲਾਲ ਤੇ ਓਂਕਾਰ ਸਿੰਘ ਸਮੇਤ ਪੰਜਾਬ ਪੁਲਿਸ ਦੇ ਸੇਵਾਮੁਕਤ ਸਬ ਇੰਸਪੈਕਟਰ ਹਰਿੰਦਰ ਸਿੰਘ ਦਾ ਨਾਂ ਸ਼ਾਮਲ ਹੈ। ਇਨ੍ਹਾਂ ਨੂੰ ਉਮਰ ਕੈਦ ਦੇ ਨਾਲ ਜੁਰਮਾਨਾ ਵੀ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਚੌਕੀ ਮਲੌਦ ਦੇ ਉਸ ਵੇਲੇ ਦੇ ਏ.ਐਸ.ਆਈ. ਹਰਿੰਦਰ ਸਿੰਘ ਵੱਲੋਂ ਛੇ ਅਕਤੂਬਰ 1993 ਨੂੰ ਲੁਧਿਆਣਾ ਦੀ ਤਹਿਸੀਲ ਪਾਇਲ ਦੇ ਪਿੰਡ ਸਹਾਰਨ ਮਾਜਰਾ ਦੇ ਵਾਸੀ ਹਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਨੂੰ ਉਸਦੇ ਘਰੋਂ ਚੁੱਕਿਆ ਗਿਆ। ਇਸ ਤੋਂ ਬਾਅਦ ਉਸ ਨੂੰ ਯੂਪੀ ਪੁਲਿਸ ਦੇ ਇਨ੍ਹਾਂ ਅਧਿਕਾਰੀਆਂ ਹਵਾਲੇ ਕਰ ਦਿੱਤਾ ਗਿਆ। ਯੂਪੀ ਪੁਲਿਸ ਦਾ ਕਹਿਣਾ ਸੀ ਕਿ ਇਹ ਵਿਅਕਤੀ ਕਿਸੇ ਕੇਸ ਵਿਚ ਲੋੜੀਂਦਾ ਹੈ। ਹਰਜੀਤ ਨੂੰ 12-13 ਅਕਤੂਬਰ ਦੀ ਰਾਤ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਉਸਦੀ ਮੌਤ ਪੁਲਿਸ ਮੁਕਾਬਲੇ ਵਿਚ ਹੋਈ ਦੱਸੀ ਗਈ। ਹਰਜੀਤ ਸਿੰਘ ਦੇ ਮਾਪਿਆਂ ਵੱਲੋਂ ਇਨਸਾਫ਼ ਲਈ ਦੁਹਾਈ ਪਾਈ ਗਈ ਤੇ ਅਦਾਲਤ ਨੇ ਮਾਮਲਾ ਸੀ.ਬੀ.ਆਈ. ਨੂੰ ਸੌਂਪ ਦਿੱਤਾ। ਡੇਢ ਦਹਾਕੇ ਦੀ ਅਦਾਲਤੀ ਕਾਰਵਾਈ ਮਗਰੋਂ ਇਨ੍ਹਾਂ ਚਾਰਾਂ ਨੂੰ ਉਮਰ ਕੈਦ ਦੀ ਸਜ਼ਾ ਸਮੇਤ ਹਜ਼ਾਰਾਂ ਰੁਪਏ ਜੁਰਮਾਨਾ ਕੀਤਾ ਗਿਆ ਹੈ। ਸੀਬੀਆਈ ਵੱਲੋਂ ਕੇਸ ਦੀ ਪੈਰਵੀ ਕਰਨ ਵਾਲੇ ਐਡਵੋਕੇਟ ਐਸ.ਕੇ ਕਾਂਤੀਵਾਲ ਨੇ ਦੱਸਿਆ ਕਿ ਅਦਾਲਤ ਸੁਣਵਾਈ ਦੌਰਾਨ ਜਾਂਚ ਏਜੰਸੀ ਵੱਲੋਂ ਦੋਸ਼ੀਆਂ ਲਈ ਮੌਤ ਦੀ ਸਜ਼ਾ ਮੰਗੀ ਗਈ ਸੀ।

# ਜਦੋਂ ਬਾਦਲ ਨੂੰ ਆਪਣੇ ਪਿੰਡ 'ਚ ਝੱਲਣੀ ਪਈ ਨਮੋਸ਼ੀ

**ਬਾਦਲ (ਮੁਕਤਸਰ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ ਜੱਦੀ ਪਿੰਡ ਵਿਚ ਉਦੋਂ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਸੰਗਤ ਦਰਸ਼ਨ ਪ੍ਰੋਗਰਾਮ ਮੌਕੇ ਤਕਰੀਬਨ ਅੱਧੀਆਂ ਸੀਟਾਂ ਖਾਲੀ ਰਹੀਆਂ। ਮੁੱਖ ਮੰਤਰੀ ਵੱਡੀ ਗਿਣਤੀ ਅਫਸਰਾਂ, ਪੁਲਿਸ ਅਧਿਕਾਰੀਆਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਸੰਗਤ ਦਰਸ਼ਨ ਵਾਲੀ ਜਗ੍ਹਾ 'ਤੇ ਪੁੱਜੇ ਤਾਂ ਖਾਲੀ ਕੁਰਸੀਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ।

ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਤੱਟ-ਫੱਟ ਲੋਕਾਂ ਨੂੰ ਲਿਆ ਕੇ ਸੀਟਾਂ ਭਰਨ ਦੀ ਕੋਸ਼ਿਸ਼ ਕੀਤੀ ਪਰ ਫਿਰ ਵੀ ਪੂਰੀਆਂ ਸੀਟਾਂ ਨਾ ਭਰੀਆਂ ਜਾ ਸਕੀਆਂ। ਇਸ ਮੌਕੇ ਅਫ਼ਸਰਾਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਡੂੰਘੀਆਂ ਲਕੀਰਾਂ ਨਜ਼ਰ ਆਈਆਂ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇਸ ਸਥਿਤੀ ਦੇ ਲਈ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈ ਸਕਦਾ ਹੈ।



ਪਹਿਲੀ ਵਾਰ ਅਜਿਹਾ ਵਾਪਰਿਆ ਹੈ ਜਦੋਂ ਸ. ਬਾਦਲ ਨੂੰ ਆਪਣੇ ਜੱਦੀ ਪਿੰਡ ਵਿਚ ਇਸ ਕਿਸਮ ਦੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਹੈ ਤੇ ਖਾਸ ਕਰਕੇ ਉਦੋਂ ਜਦੋਂ ਉਹ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਦਾ ਹੱਲ ਕਰਨ ਲਈ ਆਏ ਸਨ। ਪਿੰਡ ਬਾਦਲ ਦੇ ਸਾਬਕਾ ਸਰਪੰਚ ਸੁਖਦੇਵ ਸਿੰਘ ਨੇ ਦੱਸਿਆ ਕਿ ਪੰਚਾਇਤ ਮੈਂਬਰਾਂ ਨੇ ਪਿੰਡ ਵਾਸੀਆਂ ਨੂੰ ਮੁੱਖ ਮੰਤਰੀ ਦੇ ਸੰਗਤ ਦਰਸ਼ਨ ਬਾਰੇ ਅਗਾਊਂ ਜਾਣਕਾਰੀ ਨਹੀਂ ਦਿੱਤੀ ਜਿਸ ਕਾਰਨ ਇਸ ਮੌਕੇ ਪਿੰਡ ਵਾਸੀਆਂ ਦੀ ਹਾਜ਼ਰੀ ਬਹੁਤ ਘੱਟ ਸੀ।

ਇਸ ਦੌਰਾਨ ਪਿੰਡ ਦੀ ਸਰਪੰਚ ਦੇ ਪਤੀ ਸੰਦੀਪ ਸਿੰਘ ਨੇ ਦੱਸਿਆ ਕਿ ਇਨ੍ਹੀਂ ਦਿਨੀਂ ਪਿੰਡ ਦੇ ਬਹੁਗਿਣਤੀ ਲੋਕ ਖੇਤੀ ਦੇ ਕੰਮ-ਧੰਦਿਆਂ ਵਿਚ ਬਹੁਤ ਰੁੱਝੇ ਹੋਏ ਹਨ। ਇਸ ਤੋਂ ਇਲਾਵਾ ਇਹ ਸੰਗਤ ਦਰਸ਼ਨ ਅਗਾਊਂ ਕਰਵਾ ਲਿਆ ਗਿਆ। ਭਾਵੇਂ ਇਸ ਬਾਰੇ ਸੂਚਨਾ ਦੇ ਦਿੱਤੀ ਗਈ ਸੀ ਪਰ ਫੇਰ ਵੀ ਬਹੁਤੇ ਲੋਕ ਸੰਗਤ ਦਰਸ਼ਨ ਵਿਚ ਨਹੀਂ ਪੁੱਜੇ। ਇਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਦਿਨ ਵਿਚ ਹੋਰ ਸੰਗਤ ਦਰਸ਼ਨਾਂ ਦੌਰਾਨ ਵੀ ਲੋਕਾਂ ਦੀ ਬਹੁਤੀ ਹਾਜ਼ਰੀ ਨਹੀਂ।

# ਕਤਲੇਆਮ 84 ਦੇ ਦੋਸ਼ੀ ਨੂੰ ਮਿਲੀ ਅੰਤਰਿਮ ਜ਼ਮਾਨਤ

**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਇਕ ਘਟਨਾ ਜਿਸ ਵਿਚ ਇਕ ਪਰਿਵਾਰ ਦੇ ਪੰਜ ਮੈਂਬਰ ਮਾਰੇ ਗਏ ਸਨ, ਦੇ ਦੋਸ਼ ਵਿਚ ਦੋ ਹੋਰਨਾਂ ਨਾਲ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਜਲ ਸੈਨਾ ਦੇ ਇਕ ਸੇਵਾ ਮੁਕਤ ਅਧਿਕਾਰੀ ਭਾਗਮਲ ਨੂੰ 45 ਦਿਨ ਦੀ ਅੰਤਰਿਮ ਜ਼ਮਾਨਤ ਦਿੱਤੀ ਹੈ। ਜਸਟਿਸ ਪ੍ਰਦੀਪ ਨੰਦਰਾਜੋਗ ਤੇ ਜਸਟਿਸ ਮੁਕਤਾ ਗੁਪਤਾ 'ਤੇ ਆਧਾਰਤ ਬੈਂਚ ਨੇ 50 ਹਜ਼ਾਰ ਦੇ ਨਿੱਜੀ ਮੁਚਲਕੇ ਤੇ ਇੰਨੀ ਹੀ ਰਕਮ ਦੀ ਜ਼ਾਮਨੀ ਦੀ ਸ਼ਰਤ 'ਤੇ ਦੋਸ਼ੀ ਦੀ ਅੰਤਰਿਮ ਜ਼ਮਾਨਤ ਮਨਜ਼ੂਰ ਕੀਤੀ ਹੈ। 86 ਸਾਲਾ ਭਾਗਮਲ ਨੇ ਇਹ ਕਹਿੰਦੇ ਹੋਏ ਤਿੰਨ ਮਹੀਨੇ ਦੀ ਅੰਤਰਿਮ ਜ਼ਮਾਨਤ ਦੀ ਮੰਗ ਕੀਤੀ ਸੀ ਕਿ ਉਸ ਨੂੰ ਪੇਟ ਦੇ ਕੈਂਸਰ ਦਾ ਆਪਰੇਸ਼ਨ ਕਰਵਾਉਣ ਦੀ ਲੋੜ ਹੈ।

# ਮਨੁੱਖੀ ਅਧਿਕਾਰ ਕਮਿਸ਼ਨ ਨੇ ਨਸ਼ਾ ਤਸਕਰੀ ਵਿਰੁਧ ਮੁਹਿੰਮ 'ਤੇ ਲਾਏ ਸਵਾਲੀਆ ਨਿਸ਼ਾਨ

**ਚੰਡੀਗੜ੍ਹ:** ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਬਾਰੇ ਸਪਸ਼ਟ ਕਿਹਾ ਗਿਆ ਹੈ ਕਿ ਬਣੇ ਹਾਲਾਤ ਦੇ ਮੱਦੇਨਜ਼ਰ ਇੰਝ ਫੜੋ-ਫੜੀਆਂ ਨਾਲ ਗੱਲ ਨਹੀਂ ਬਣਨੀ। ਸਰਕਾਰ ਨੂੰ ਚਾਹੀਦਾ ਹੈ ਕਿ ਦ੍ਰਿੜ੍ਹ ਨਿਸ਼ਚਾ ਕਰ ਪੰਜਾਬ ਦੇ ਅੰਦਰੋਂ-ਬਾਹਰੋਂ ਹੁੰਦੀ ਨਸ਼ਿਆਂ ਦੀ ਹਰ ਜਾਇਜ਼-ਨਾਜਾਇਜ਼ ਸਪਲਾਈ ਨੂੰ ਰੋਕਿਆ ਜਾਵੇ। ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਨਸ਼ੇੜੀਆਂ ਦੀ ਥਾਂ ਨਸ਼ੇ ਦੇ ਤਸਕਰਾਂ ਨੂੰ ਫੜਨ ਲਈ ਕਿਹਾ ਹੈ। ਕਮਿਸ਼ਨ ਨੇ ਕਿਹਾ ਹੈ ਕਿ ਨਸ਼ਿਆਂ ਦੇ ਦਰਿਆ ਨੂੰ ਰੋਕਣ ਲਈ ਗੰਭੀਰ ਯਤਨ ਕਰਨ ਦੀ ਲੋੜ ਹੈ ਤੇ ਨਸ਼ੇ ਦੀ ਸਪਲਾਈ ਦੇ ਸਰੋਤ ਪਹਿਲ ਦੇ ਆਧਾਰ 'ਤੇ ਬੰਦ ਕੀਤੇ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਨਸ਼ਿਆਂ ਦੀ ਸਮੱਸਿਆ ਬੁਰੀ ਤਰ੍ਹਾਂ ਆਪਣੀਆਂ ਜੜ੍ਹਾਂ ਪਸਾਰ ਚੁੱਕੀ ਹੈ, ਜਿਸ ਲਈ ਜ਼ਰੂਰੀ ਹੈ ਕਿ ਨਿੱਕੀਆਂ-ਮੋਟੀਆਂ ਗ੍ਰਿਫ਼ਤਾਰੀਆਂ, ਲੋਕਾਂ 'ਤੇ ਧੜਾਧੜ ਕੇਸ ਦਰਜ ਕਰਨ ਆਦਿ 'ਤੇ ਜ਼ੋਰ ਲਗਾਉਣ ਦੀ ਬਜਾਏ ਨਸ਼ਿਆਂ ਦੀ ਜੜ੍ਹ ਵਜੋਂ ਇਨ੍ਹਾਂ ਦੀ ਸਪਲਾਈ ਹਰ ਹਾਲ ਰੋਕਣ ਲਈ ਕਾਰਗਰ ਤੇ ਸਖ਼ਤ ਕਦਮ ਚੁੱਕੇ ਜਾਣ। ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੇ ਕੇਸਾਂ ਬਾਰੇ ਜਾਣਕਾਰੀ ਲੈਣ ਲਈ ਸੰਮਨ ਕੀਤਾ ਸੀ।

## ਵੱਡੀਆਂ ਮੱਛੀਆਂ ਨੂੰ ਹੱਥ ਪਾਉਣ ਦੀ ਸਲਾਹ



ਕਮਿਸ਼ਨ ਦੇ ਚੇਅਰਮੈਨ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਦੀ ਅਗਵਾਈ ਹੇਠ ਯੂਟੀ ਗੈਸਟ ਹਾਊਸ ਵਿਚ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਲਟਕਦੇ ਕੇਸਾਂ ਦੇ ਨਿਬੇੜੇ ਲਈ ਤਿੰਨ ਦਿਨਾਂ ਸੁਣਵਾਈ ਰੱਖੀ ਗਈ ਸੀ।

ਪੰਜਾਬ ਦੇ ਮੁੱਖ ਸਕੱਤਰ ਨੇ ਕਮਿਸ਼ਨ ਨੂੰ ਦੱਸਿਆ ਸੀ ਕਿ ਚਾਲੂ ਸਾਲ ਦੌਰਾਨ ਸੂਬੇ ਵਿਚ ਪੰਜ ਕੁਇੰਟਲ ਹੈਰੋਇਨ ਫੜੀ ਗਈ ਹੈ ਤੇ ਐਨ.ਡੀ.ਪੀ.ਐਸ. ਐਕਟ ਤਹਿਤ 1300 ਕੇਸ ਦਰਜ ਕੀਤੇ ਗਏ ਹਨ। ਸੂਬੇ ਦਾ ਪੱਖ ਸੁਣਨ ਤੋਂ ਬਾਅਦ ਕਮਿਸ਼ਨ ਨੇ ਸਰਕਾਰ ਨੂੰ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਸਪਲਾਈ ਜਾਲ ਤੋੜਨ ਦੀ ਹਦਾਇਤ ਕੀਤੀ ਹੈ। ਕਮਿਸ਼ਨ ਦੇ ਮੈਂਬਰ ਐਸ.ਸੀ. ਸਿਨਹਾ ਦਾ ਕਹਿਣਾ ਸੀ ਕਿ ਸਰਕਾਰ ਨਸ਼ਾ ਵਿਰੋਧੀ ਮੁਹਿੰਮ ਵਿਚ ਆਮ ਲੋਕਾਂ ਨੂੰ ਵੀ ਸ਼ਾਮਲ ਕਰੇ। ਇਸ ਸਮਾਜਿਕ ਬੁਰਾਈ ਨੂੰ ਖ਼ਤਮ ਕਰਨ ਲਈ ਮਾਪਿਆਂ ਤੇ ਅਧਿਆਪਕਾਂ ਸਮੇਤ ਪੂਰੇ ਸਮਾਜ ਦੀ ਜ਼ਿੰਮੇਵਾਰੀ ਬਣਦੀ ਹੈ। ਨਸ਼ਿਆਂ ਤੋਂ ਬਾਅਦ ਕਮਿਸ਼ਨ ਨੇ ਰਾਜ ਵਿਚ ਪੁਲਿਸ ਜ਼ਿਆਦਤੀ ਦੇ ਲਗਾਤਾਰ ਵਧ ਰਹੇ ਕੇਸਾਂ 'ਤੇ ਚਿੰਤਾ ਪ੍ਰਗਟ ਕੀਤੀ ਹੈ। ਕਮਿਸ਼ਨ ਨੇ ਪੁਲਿਸ ਨੂੰ ਸਪੱਸ਼ਟ ਕੀਤਾ ਹੈ ਕਿ ਪੁਲਿਸ ਕਾਨੂੰਨ ਦੀ ਪਾਲਣਾ ਕਰਨ ਦੀ ਖੁਦ ਵੀ ਪਾਬੰਦ ਹੈ ਤੇ ਇਸ ਦਾ ਕੰਮ ਸਿਰਫ 'ਡੰਡਾ ਚਲਾਉਣਾ' ਨਹੀਂ ਹੈ। ਕੌਮੀ ਕਮਿਸ਼ਨ ਕੋਲ ਪੁਲਿਸ ਵਧੀਕੀਆਂ ਦੇ ਵਧੇਰੇ ਕੇਸ ਪੰਜਾਬ ਤੋਂ ਆ ਰਹੇ ਹਨ। ਕਮਿਸ਼ਨ ਕੋਲ ਪੁਲਿਸ ਜ਼ਿਆਦਤੀਆਂ ਦੇ ਸਭ ਤੋਂ ਵੱਧ 63 ਕੇਸ ਆਏ ਹਨ ਜਦੋਂਕਿ ਹਰਿਆਣਾ ਦੇ ਕੇਸਾਂ ਦੀ ਗਿਣਤੀ 19 ਤੇ ਹਿਮਾਚਲ ਪ੍ਰਦੇਸ਼ ਤੋਂ 18 ਹੈ। ਜਸਟਿਸ ਬਾਲਾਕ੍ਰਿਸ਼ਨਨ ਨੇ ਦੱਸਿਆ ਕਿ ਸੁਣਵਾਈ ਮੌਕੇ ਮੌਜੂਦ ਪੁਲਿਸ ਅਧਿਕਾਰੀਆਂ ਨੇ ਹਾਂ-ਪੱਖੀ ਹੁੰਗਾਰਾ ਭਰਿਆ ਹੈ।

ਕਮਿਸ਼ਨ ਨੇ ਮਨਰੇਗਾ, ਮਿਡ ਡੇਅ ਮੀਲ, ਸਿੱਖਿਆ ਦੇ ਅਧਿਕਾਰ, ਪੀਣ ਵਾਲੇ ਪਾਣੀ ਤੇ ਸਕੂਲਾਂ ਵਿਚ ਮੁੱਢਲੇ ਆਧਾਰੀ ਢਾਂਚੇ ਵਿਚਲੀਆਂ ਖ਼ਾਮੀਆਂ ਨੂੰ ਦਰੁਸਤ ਕਰਨ ਲਈ ਵੀ ਕਿਹਾ ਹੈ। ਕਮਿਸ਼ਨ ਦੇ ਫੁੱਲ ਬੈਂਚ ਡਿਵੀਜ਼ਨ ਨੇ 17 ਹਿਰਾਸਤੀ ਮੌਤਾਂ ਤੇ ਪੁਲਿਸ ਮੁਕਾਬਲਿਆਂ ਦੇ ਲਮਕਦੇ ਕੇਸਾਂ ਦੀ ਸੁਣਵਾਈ ਵੀ ਕੀਤੀ ਹੈ। ਪੁਲਿਸ ਮੁਕਾਬਲੇ ਦੇ ਮ੍ਰਿਤਕਾਂ ਦੇ ਵਾਰਸਾਂ ਨੂੰ ਘੱਟੋ-ਘੱਟ ਦਸ ਦਸ ਲੱਖ ਰੁਪਏ ਮੁਆਵਜ਼ਾ ਦੇਣ ਦੀ ਸਿਫ਼ਾਰਸ਼ ਕੀਤੀ ਹੈ।

# ਪਾਕਿਸਤਾਨ ਤੋਂ ਆ ਰਿਹਾ ਹੈ ਨਸ਼ਾ: ਸੁਖਬੀਰ

**ਲੁਧਿਆਣਾ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਗੁਆਂਢੀ ਮੁਲਕ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਸੂਬੇ ਵਿਚ ਨਸ਼ੇ ਦੀ ਸਪਲਾਈ ਹੋਰ ਕਿਤੋਂ ਨਹੀਂ ਬਲਕਿ ਪਾਕਿਸਤਾਨ ਤੋਂ ਹੋ ਰਹੀ ਹੈ। ਪਾਕਿਸਤਾਨ ਤੋਂ ਨਸ਼ਾ ਪੰਜਾਬ ਵਿਚ ਆਉਂਦਾ ਹੈ, ਉਥੋਂ ਹੀ ਦਿੱਲੀ, ਮੁੰਬਈ ਤੇ ਗੋਆ ਵਿਚ ਜਾਂਦਾ ਹੈ। ਗੋਆ ਵਿਚ ਸਭ ਤੋਂ ਵੱਧ ਨਸ਼ਾ ਹੋਣ ਦੇ ਬਾਵਜੂਦ ਉਥੇ ਸਾਲ ਵਿਚ ਸਿਰਫ਼ 15 ਤੋਂ 20 ਕੇਸ ਹੀ ਦਰਜ ਹੁੰਦੇ ਹਨ ਪਰ ਸੂਬੇ ਵਿਚ ਪੁਲਿਸ ਨੇ ਹੁਣ ਤੱਕ 30 ਹਜ਼ਾਰ ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਡੱਕਿਆ ਹੈ।



ਸ. ਬਾਦਲ ਨੇ ਦਾਅਵਾ ਕੀਤਾ ਕਿ ਸੂਬੇ ਵਿਚ ਜੁਲਾਈ 2015 ਤੱਕ ਜਨਤਕ ਖੇਤਰ ਦੀਆਂ 249 ਸੇਵਾਵਾਂ ਆਨਲਾਈਨ ਕਰ ਦਿੱਤੀਆਂ ਜਾਣਗੀਆਂ ਤੇ ਇਨ੍ਹਾਂ ਸੇਵਾਵਾਂ ਨੂੰ ਦੇਣ ਲਈ ਪਿੰਡ, ਕਸਬਾ ਅਤੇ ਸ਼ਹਿਰ ਪੱਧਰ 'ਤੇ 2174 ਤੋਂ ਵਧੇਰੇ ਸੇਵਾ ਕੇਂਦਰ ਖੋਲ੍ਹੇ ਜਾਣਗੇ। ਇਹ ਸੇਵਾ ਕੇਂਦਰ ਖੁੱਲ੍ਹਣ ਤੋਂ ਬਾਅਦ ਕਿਸੇ ਵੀ ਵਿਅਕਤੀ ਨੂੰ ਆਪਣੇ ਕੰਮ ਕਰਾਉਣ ਲਈ ਸਰਕਾਰੀ ਦਫ਼ਤਰਾਂ ਵਿਚ ਨਹੀਂ ਜਾਣਾ ਪਵੇਗਾ।

# ਸਫਲ ਰਹੀ 1984 ਦੀ ਨਸਲਕੁਸ਼ੀ ਬਾਰੇ 'ਜਾਗੋ ਕਾਨਫਰੰਸ'



**ਯੂਨੀਅਨ ਸਿਟੀ (ਬਿਊਰੋ):** ਯੂਨੀਅਨ ਸਿਟੀ ਦੇ ਪਰਫਾਰਮਿੰਗ ਆਰਟਸ ਸੈਂਟਰ ਦੇ ਵੱਡੇ ਹਾਲ ਵਿਚ ਕਰਵਾਈ ਗਈ ਜਾਗੋ ਕਾਨਫਰੰਸ ਨੌਜਵਾਨ ਸਿੱਖ ਵਿਦਿਆਰਥੀਆਂ, ਨਵੇਂ ਖੋਜੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਇਕ ਮੰਚ ਉਤੇ ਇਕੱਠਾ ਕਰਕੇ ਸਿੱਖ ਗੁਲਾਮੀ-ਆਜ਼ਾਦੀ ਅਤੇ 1984 ਦੇ ਸਿੱਖ ਨਸਲਘਾਤ ਦੇ ਮੁੱਦੇ ਉਤੇ ਇਕੱਠਾ ਕਰਕੇ ਸਿੱਖ ਕੌਮ ਦੇ ਨਿਆਰੇਪਣ ਨੂੰ ਕਾਇਮ ਰੱਖਣ ਤੇ ਆਜ਼ਾਦੀ ਹਾਸਲ ਕਰਨ ਦੇ ਉਦੇਸ਼ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੀ। ਦੂਰੋਂ ਨੇੜਿਉਂ ਪਰਿਵਾਰਾਂ ਤੇ ਵੱਖ ਵੱਖ ਯੂਨੀਵਰਸਿਟੀਆਂ ਦੇ ਪੜ੍ਹਾਕੂਆਂ ਨੇ ਇਸ ਕਾਨਫਰੰਸ ਵਿਚ ਸ਼ਿਰਕਤ ਕਰਦਿਆਂ ਅੱਗੋ ਵੀ ਅਜਿਹੇ ਯਤਨ ਕਰਨ ਦਾ ਹੁੰਗਾਰਾ ਭਰਿਆ।

ਕਾਨਫਰੰਸ ਵਿਚ ਜਿਨ੍ਹਾਂ ਬੁਲਾਰਿਆਂ ਅਤੇ ਨਵੇਂ ਸਿੱਖ ਖੋਜੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਉਨ੍ਹਾਂ ਵਿਚ ਪ੍ਰਭਸ਼ਰਨਦੀਪ ਸਿੰਘ- ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਕੈਨੇਡਾ), ਜਾਸਮੀਨ ਕੌਰ -ਯੂਨੀਵਰਸਿਟੀ ਆਫ ਫਰੇਜ਼ਰ ਵੈਲੀ (ਕੈਨੇਡਾ), ਕਿਰਨ ਰਾਏ- ਸਿੱਖ ਐਕਟੀਵਿਸਟ ਨੈਟਵਰਕ (ਕੈਨੇਡਾ), ਰੂਪੀ ਕੌਰ- ਸਲੈਮ ਪੋਇਟ ਐਂਡ ਐਕਟੀਵਿਸਟ (ਕੈਨੇਡਾ), ਨੀਨਾ ਕੌਰ- ਕੈਲੀਫੋਰਨੀਆ ਸਕੂਲ ਆਫ ਪ੍ਰੋਫੈਸ਼ਨਲ ਸਾਈਕਾਲੋਜੀ (ਸੈਨ ਫਰਾਂਸਿਸਕੋ), ਦਮਨਜੀਤ ਸਿੰਘ- ਯੂਨੀਵਰਸਿਟੀ ਆਫ ਕੈਲੀਫੋਰਨੀਆ (ਸੈਂਟਾ ਕਰੂਜ਼), ਪੁਨੀਤ ਕੌਰ ਖਾਲਸਾ- ਯੂਨੀਵਰਸਿਟੀ ਆਫ ਕੈਲੀਫੋਰਨੀਆ (ਡੇਵਿਸ) ਅਤੇ ਇਨਸਾਫ, ਕੰਵਰਰੂਪ ਕੌਰ- ਯੂਨੀਵਰਸਿਟੀ ਆਫ ਕੈਲੀਫੋਰਨੀਆ (ਬਰਕਲੇ), ਭਾਈ ਤਜਿੰਦਰ ਸਿੰਘ- ਗੁਰੂ ਨਾਨਕ ਅਕੈਡਮੀ (ਕੈਨੇਡਾ) ਸ਼ਾਮਲ ਸਨ। ਇਸ ਮੌਕੇ ਕਵੀਸ਼ਰ ਭਾਈ ਸਰਵਣ ਸਿੰਘ, ਭਾਈ ਜਸਵਿੰਦਰ ਸਿੰਘ ਮਨਟੀਕਾ, ਢਾਡੀ ਜਥਾ ਭਾਈ ਸਰਬਜੀਤ ਸਿੰਘ ਸਾਜਨ ਤੇ ਨੌਜਵਾਨ ਕਵੀਸ਼ਰ ਭਾਈ ਸੁਬੇਗ ਸਿੰਘ, ਸ਼ਾਨ ਸਿੰਘ ਤੇ ਹਰਦੀਪ ਸਿੰਘ ਨੇ ਵੀ ਵਾਰਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ।





ਸਾਰੇ ਬੁਲਾਰਿਆਂ ਨੇ ਵਿਲੱਖਣ ਖੋਜ ਭਰੇ ਵਿਚਾਰ ਪੇਸ਼ ਕੀਤੇ, ਜਿਸ ਵਿਚ ਸਿੱਖ ਬੀਬੀਆਂ ਦਾ ਸਿੱਖ ਇਤਿਹਾਸ-ਗਦਰ ਮੂਵਮੈਂਟ ਵਿਚ ਯੋਗਦਾਨ; ਸਿੱਖ ਬੀਬੀਆਂ ਵਲੋਂ ਖਾਲਿਸਤਾਨ ਦੀ ਪ੍ਰਾਪਤੀ ਲਈ ਪਾਇਆ ਯੋਗਦਾਨ; ਪੰਜਾਬ ਦੀ ਖੁਸ਼ਹਾਲੀ ਨੂੰ ਖਤਮ ਕਰਨ ਲਈ ਸਰਕਾਰਾਂ ਵੱਲੋਂ ਜੀਵਨ ਦੇ ਹਰ ਖੇਤਰ ਵਿਚ ਘੋਲਿਆ ਜਾ ਰਿਹਾ ਜ਼ਹਿਰ ਤੇ ਧਰਤੀ ਦੇ ਇਸ ਅਮੀਰ ਖਿੱਤੇ ਨੂੰ ਸਦਾ ਲਈ ਗੁਲਾਮ ਬਣਾਉਣ ਲਈ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ; 1984 ਵਿਚ ਭਾਰਤ ਸਰਕਾਰ ਦੁਆਰਾ ਕੀਤੇ ਗਏ ਸਿੱਖ ਨਸਲਘਾਤ ਦੇ ਸਿੱਖ ਕੌਮ ਉਤੇ ਪਏ ਦੁੱਖਦਾਈ, ਮਾਨਸਿਕ ਸੰਤਾਪ ਤੇ ਅੰਤਾਂ ਦੀ ਪੀੜ ਵਾਲੇ ਗਹਿਰੇ ਅਸਰ; ਸਿੱਖੀ ਦੇ ਨਿਆਰੇਪਣ ਨੂੰ ਖਤਮ ਕਰਨ ਲਈ ਚੱਲ ਰਹੀਆਂ ਡੂੰਘੀਆਂ ਸਾਜ਼ਿਸ਼ਾਂ ਦੀ ਫੋਲਾ ਫਾਲੀ ਅਤੇ ਰਾਜ ਬਿਨਾ ਰੁਲ ਜਾਣ ਦੀ ਕਿਰਿਆ ਤੇ ਇਸ ਤੋਂ ਬਚਣ ਤੇ ਭਵਿੱਖ ਵੱਲ ਵਧਣ ਲਈ ਗੁਰਬਾਣੀ ਨਾਲ ਡੂੰਘੀ ਮੁਹਬੱਤ ਤੇ ਸਿੱਖ ਵਿਰਸੇ-ਸਿੱਖ ਇਤਿਹਾਸ ਨਾਲ ਜੁੜਨ ਦੇ ਮੁੱਦੇ; ਸਿੱਖ ਬੀਬੀਆਂ ਦੁਆਰਾ ਸਿੱਖ ਕਲਾ ਰਾਹੀਂ ਸਿੱਖ ਪਛਾਣ ਨੂੰ ਉਜਾਗਰ ਕਰਨ ਦੇ ਸਿਰਤੋੜ ਯਤਨ; ਸਿੱਖ ਕੌਮ ਦੇ ਬੁਨਿਆਦੀ ਹੱਕ ਸਿੱਖ ਪ੍ਰਭੂਸੱਤਾ-ਰਾਜ ਕਰੇਗਾ ਖਾਲਸਾ- ਖਾਲਿਸਤਾਨ ਲਈ ਤਾਂਘ ਰਖਦੇ ਖਾਲਸਾ ਪੰਥ ਨੂੰ ਭਾਰਤ ਵਿਚ ਮਾਰ ਮੁਕਾਉਣ ਦੇ ਯਤਨ ਤੇ ਸਿੱਖ ਨੌਜਵਾਨ ਪੀੜ੍ਹੀ ਵਲੋਂ ਸਿੱਖੀ, ਨਿਆਂ, ਇਨਸਾਫ ਤੇ ਰਾਜ ਕਰਨ ਦੇ ਨਿਸ਼ਾਨੇ ਪ੍ਰਤੀ ਦ੍ਰਿੜਤਾ; ਸਿੱਖ ਕੌਮ ਦੇ ਮਾਨਸਿਕ ਸੰਤਾਪ ਤੇ ਪੀੜ ਨੂੰ ਅੱਖਰਾਂ ਤੇ ਲਫਜ਼ਾਂ ਦੀ ਵਰਤੋਂ ਕਰਕੇ ਲਿਖਣ ਕਿਰਿਆ ਰਾਹੀਂ ਦੂਰ ਕਰਨ, ਘਟਾਉਣ ਤੇ ਸਿਰਜਣਾਤਮਕ ਮਾਹੌਲ ਪੈਦਾ ਕਰਨ ਦੇ ਮਾਨਸਿਕ ਤਰੀਕਿਆਂ ਨੂੰ ਉਤਸ਼ਾਹਿਤ ਕਰਨਾ; ਕਵੀਸ਼ਰੀ ਕਲਾ ਰਾਹੀਂ ਬਿਨਾ ਕਿਸੇ ਸੰਗੀਤ ਦੇ ਸਿੱਖ ਕੌਮ ਦੇ ਇਤਿਹਾਸ ਦੀ ਪੇਸ਼ਕਾਰੀ ਨੂੰ ਸੰਗੀਤਕ ਲੈਅ ਵਿਚ ਪੇਸ਼ ਕਰਨ ਦਾ ਨਿਰਾਲੇ ਢੰਗ ਤੇ ਢਾਡੀ ਵਾਰਾਂ ਨਾਲ ਸਿੱਖ ਕੌਮ ਦੇ ਅਮੀਰ ਵਿਰਸੇ ਨੂੰ ਸੰਗੀਤਕ ਸਾਜ਼ਾਂ ਨਾਲ ਗਾਉਣਾ ਵਰਗੀਆਂ ਪੇਸ਼ਕਾਰੀਆ ਹੋਈਆਂ। ਸਟੇਜ ਸਕੱਤਰ ਦੀ ਸੇਵਾ ਹਰਸਿਮਰਨ ਸੰਗਰਾਮ ਸਿੰਘ ਤੇ ਸੁਬੇਗ ਸਿੰਘ ਨੇ ਬਾਖੂਬੀ ਨਿਭਾਈ।

ਗੁਰਦੁਆਰਾ ਫਰੀਮਾਂਟ ਵਲੋਂ ਖਾਲਸਾ ਰਾਜ ਕਮੇਟੀ ਅਤੇ ਸੁਪਰੀਮ ਕੌਂਸਲ ਦੇ ਸਹਿਯੋਗ, ਯੂਨੀਵਰਸਿਟੀਆਂ ਦੇ ਸਿੱਖ ਸਟੂਡੈਂਟਸ, ਫੈਡਰੇਸ਼ਨ ਕੈਲੀਫੋਰਨੀਆ ਗਤਕਾ ਦਲ ਤੇ ਫਰੀਮਾਂਟ ਮਿਸਲ ਦੇ ਸਾਂਝੇ ਸਹਿਯੋਗ ਨਾਲ ਇਸ ਕਾਨਫਰੰਸ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿਚ ਮਾਡੈਸਟੋ-ਸੀਰੀਜ਼ ਤੇ ਸਟਾਕਟਨ ਇਲਾਕੇ ਦੇ ਸਿੱਖ ਆਗੂ ਭਾਈ ਹਰਸਿਮਰਨ ਸੰਗਰਾਮ ਸਿੰਘ ਨੌਜਵਾਨਾਂ ਦੀ ਇਕ ਬੱਸ ਭਰ ਕੇ ਲਿਆਏ। ਹਾਜ਼ਰੀਨ ਲਈ ਪੀਜ਼ਾ ਤੇ ਚਾਹ-ਪਾਣੀ ਦਾ ਪ੍ਰਬੰਧ ਸੀ। ਇਸ ਮੌਕੇ ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ ਸ਼ੁਰੂ ਕੀਤੇ ਸਿੰਘਾਂ ਦੀ ਰਿਹਾਈ ਦੇ ਸੰਘਰਸ਼ ਦੀ ਅਰਦਾਸ ਕਰਕੇ ਹਮਾਇਤ ਕਰਨ ਦੀ ਹਾਮੀ ਭਰੀ ਗਈ।










# ਮਿਲਪੀਟਸ ਵਿਚ 'ਸਿੱਖ ਨਸਲਕੁਸ਼ੀ' ਬਾਰੇ ਸੈਮੀਨਾਰ

**ਸੈਨ ਹੋਜ਼ੇ (ਬਿਊਰੋ):** "ਜੂਨ 1984 ਤੋਂ ਸ਼ੁਰੂ ਹੋਈ ਨਸਲਕੁਸ਼ੀ ਪਿੰਡੇ 'ਤੇ ਹੰਢਾਉਣ ਵਾਲੀ ਸਿੱਖ ਕੌਮ ਸਾਹਮਣੇ ਹੁਣ ਆਪਣੀ ਹੋਂਦ ਕਾਇਮ ਰੱਖਣ ਦਾ ਸਵਾਲ ਆ ਖੜ੍ਹਾ ਹੋਇਆ ਹੈ। ਸਿੱਖੀ ਅਤੇ ਸਿੱਖਾਂ ਨੂੰ ਮਲੀਆਮੇਟ ਕਰਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ। ਖਾਲਸਾ ਪੰਥ ਦੇ ਦਰਦੀਆਂ ਨੂੰ ਗੰਭੀਰ ਚਿੰਤਾ ਹੈ ਕਿ ਸਿੱਖਾਂ ਦਾ ਵਾਹ ਜਿਨ੍ਹਾਂ ਲੋਕਾਂ ਨਾਲ ਪੈ ਗਿਆ ਹੈ, ਇਨ੍ਹਾਂ ਦੀ ਸਮੁੱਚੀ ਸਮਾਜਿਕ ਤੇ ਰਾਜਨੀਤਕ ਵਿਵਸਥਾ ਮਨੂੰ ਸਿਮਰਤੀ ਅਤੇ ਚਾਣਕਿਆ ਨੀਤੀ ਉਤੇ ਆਧਾਰਤ ਹੈ।" ਇਹ ਵਿਚਾਰ ਪ੍ਰਸਿਧ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਲੰਘੀ 29 ਨਵੰਬਰ ਨੂੰ ਗੁਰਦੁਆਰਾ ਸਿੰਘ ਸਭਾ, ਮਿਲਪੀਟਸ ਵਿਖੇ ਹੋਏ ਸੈਮੀਨਾਰ ਦੌਰਾਨ ਪ੍ਰਗਟਾਏ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਸਿੱਖ ਨਸਲਕੁਸ਼ੀ' ਵਿਸ਼ੇ ਉਤੇ ਕਰਵਾਏ ਇਸ ਸੈਮੀਨਾਰ ਦੌਰਾਨ ਡਾ. ਢਿੱਲੋਂ ਨੇ ਸਿੱਖ ਪੰਥ ਨੂੰ ਦਰਪੇਸ਼ ਅਣਕਿਆਸੀਆਂ ਚੁਣੌਤੀਆਂ ਦਾ ਵੇਰਵਾ ਇਕੱਠ ਨਾਲ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਬਾਲ ਗੁਰੂ ਨਾਨਕ ਵਲੋਂ ਜਨੇਊ ਪਾਉਣ ਤੋਂ ਇਨਕਾਰ ਕਰਨ ਤੋਂ ਲੈ ਕੇ ਸੰਨ 1984 ਦੀ ਨਸਲਕੁਸ਼ੀ ਅਤੇ ਮੌਜੂਦਾ ਦੌਰ ਵਿਚ ਬਿਪਰ ਸ਼ਕਤੀਆਂ ਦੀ ਸਿੱਖ ਸੰਸਥਾਵਾਂ, ਸਿੱਖ ਅਦਾਰਿਆਂ ਅਤੇ ਡੇਰਿਆਂ ਵਿਚ ਘੁਸਪੈਠ ਬਾਰੇ ਬਾ-ਦਲੀਲ ਜਾਣਕਾਰੀ ਦਿੱਤੀ। ਆਰ ਐਸ ਐਸ ਦੇ ਆਖੇ, ਸਿੱਖ ਕੌਮ ਦੀ ਵਿੱਲਖਣਤਾ ਦੇ ਪ੍ਰਤੀਕ 2003 ਵਿਚ ਜਾਰੀ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਮਿਲਗੋਭਾ ਕੈਲੰਡਰ ਬਣਾਉਣ ਵਾਲੇ ਬਦਲ-ਦਲ ਨੂੰ ਬਿਪਰਵਾਦ ਦੇ ਕੁਹਾੜੇ ਦਾ ਦਸਤਾ ਗਰਦਾਨਦਿਆਂ ਡਾ. ਢਿੱਲੋਂ ਨੇ ਦੇਸ਼-ਵਿਦੇਸ਼ ਦੇ ਸਿੱਖਾਂ ਨੂੰ ਹਲੂਣਾ ਦਿੱਤਾ ਕਿ ਉਹ ਇਸ ਹਮਲੇ ਵਿਰੁਧ ਪੰਥਕ ਪਰੰਪਰਾਵਾਂ ਮੁਤਾਬਕ ਸੰਘਰਸ਼ ਵਿੱਢਣ ਲਈ ਲਾਮਬੰਦ ਹੋਣ।



ਸੈਮੀਨਾਰ ਦੌਰਾਨ ਲੰਦਨ ਤੋਂ ਆਏ ਇਸਲਾਮਿਕ ਸਕਾਲਰ ਡਾ. ਇਕਤਿਦਾਰ ਕਰਾਮਤ ਚੀਮਾ ਨੇ ਸਮੁੱਚੇ ਸਿੱਖ ਇਤਿਹਾਸ ਵਿਚੋਂ ਸ਼ਹੀਦੀਆਂ ਦੇ ਵੇਰਵੇ ਦਿੰਦਿਆਂ ਆਖਿਆ ਕਿ ਬੇਸ਼ਕ ਇਹ ਮੁਗਲ ਸਲਤਨਤ ਦੇ ਬਾਦਸ਼ਾਹਾਂ ਦੇ ਹੁਕਮਾਂ ਅਧੀਨ ਹੋਈਆਂ ਪਰ ਇਨ੍ਹਾਂ ਪਿਛੇ ਅਸਲ ਹੱਥ ਉਨ੍ਹਾਂ ਬਿਪਰ ਲੋਕਾਂ ਦਾ ਹੀ ਸਿੱਧ ਹੁੰਦਾ ਹੈ ਜਿਨ੍ਹਾਂ ਨੂੰ ਸਿੱਖ ਫਲਸਫਾ ਫੁੱਟੀ ਅੱਖ ਨਹੀਂ ਸੀ ਭਾਉਂਦਾ। ਮਿਸਾਲਾਂ ਦਿੰਦਿਆਂ ਉਨ੍ਹਾਂ ਬੀਰਬਲ, ਹਰਿਭਗਤ ਨਿਰੰਜਣੀਆ, ਲਖਪਤ ਤੇ ਜਸਪਤ ਰਾਏ, ਚੰਦੂ, ਗੰਗੂ, ਸੁੱਚਾ ਨੰਦ ਅਤੇ ਬਾਈਧਾਰ ਦੇ ਪਹਾੜੀ ਰਾਜਿਆਂ ਦੇ ਨਾਮ ਗਿਣਾਏ। ਡਾ. ਚੀਮਾ ਨੇ ਮੌਜੂਦਾ ਸਮੇਂ ਸਿੱਖ ਸਿਧਾਂਤ ਨਾਲ ਕੀਤੀਆਂ ਜਾ ਰਹੀਆਂ ਛੇੜਖਾਨੀਆਂ ਵਿਰੁਧ ਪਰਵਾਸੀ ਸਿੱਖਾਂ ਨੂੰ ਗਦਰੀ ਬਾਬਿਆਂ ਦੇ ਇਤਿਹਾਸ ਤੋਂ ਪ੍ਰੇਰਣਾ ਲੈਣ ਦਾ ਪੈਗਾਮ ਦਿੱਤਾ।

ਇਸ ਤੋਂ ਪਹਿਲਾਂ ਸੈਮੀਨਾਰ ਦਾ ਅਰੰਭ ਕਰਦਿਆਂ ਸਿੱਖ ਵਿਦਵਾਨ ਡਾ. ਅਮਰਜੀਤ ਸਿੰਘ ਨੇ ਸੈਮੀਨਾਰ ਵਿਚ ਵਿਚਾਰੇ ਜਾ ਰਹੇ ਵਿਸ਼ਿਆਂ 'ਤੇ ਸੰਕੋਚਵੇਂ ਪਰ ਪ੍ਰਭਾਵਸ਼ਾਲੀ ਵਿਖਿਆਨ ਦਿੱਤਾ। ਬਾਅਦ ਵਿਚ ਚੱਲੇ ਸਵਾਲ-ਜਵਾਬ ਦੇ ਸੈਸ਼ਨ ਵਿਚ ਸਰੋਤਿਆਂ ਵਲੋਂ ਗਹਿਰ ਗੰਭੀਰ ਸਵਾਲ ਵੀ ਕੀਤੇ ਗਏ ਜਿਨ੍ਹਾਂ ਦੇ ਜਵਾਬ ਬੁਲਾਰਿਆਂ ਨੇ ਸਹਿਜ ਅਤੇ ਠਰੰਮੇ ਨਾਲ ਦਿੱਤੇ। ਗੁਰਦੁਆਰਾ ਮਿਲਪੀਟਸ ਦੇ ਮੁੱਖ ਸੇਵਾਦਾਰ ਅਤੇ ਏ ਜੀ ਪੀ ਸੀ ਏ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਸਥਾਨਕ ਉਘੀਆਂ ਸੰਸਥਾਵਾਂ ਦੇ ਪ੍ਰਤੀਨਿਧਾਂ ਨਾਲ ਮਿਲ ਕੇ ਤਿੰਨਾਂ ਬੁਲਾਰਿਆਂ ਦਾ ਸਨਮਾਨ ਕੀਤਾ। ਕਈ ਰੇਡੀਓ ਸਟੇਸ਼ਨਾਂ ਸਮੇਤ ਗਲੋਬਲ ਪੰਜਾਬ ਟੀ.ਵੀ. ਚੈਨਲ ਤੋਂ ਸੈਮੀਨਾਰ ਦਾ ਸਿੱਧਾ ਪ੍ਰਸਾਰਣ ਕੀਤਾ ਗਿਆ।

# 'ਕਾਮਾਗਾਟਾ ਮਾਰੂ ਸ਼ਤਾਬਦੀ' ਸਮਾਗਮ ਲਈ ਤਿਆਰੀਆਂ ਮੁਕੰਮਲ

**ਸੈਕਰਾਮੈਂਟੋ (ਬਿਊਰੋ):** ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਵਲੋਂ ਕਰਵਾਏ ਜਾ ਰਹੇ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਦੀਆਂ ਤਿਆਰੀਆਂ ਸਬੰਧੀ ਇਕ ਮੀਟਿੰਗ ਪ੍ਰਧਾਨ ਸੁਰਜੀਤ ਸਿੰਘ ਅਟਵਾਲ ਅਤੇ ਮੀਤ ਪ੍ਰਧਾਨ ਸਤਬੀਰ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਲੰਘੀ 27 ਨਵੰਬਰ ਨੂੰ ਹੋਈ ਜਿਸ ਵਿਚ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ।



ਮੀਟਿੰਗ ਦੌਰਾਨ ਸਮਾਗਮ ਲਈ ਡਿਊਟੀਆਂ ਲਾਈਆਂ ਗਈਆਂ ਅਤੇ ਕਾਮਾਗਾਟਾ ਮਾਰੂ ਪ੍ਰਤੀ ਜਾਗਰੂਕ ਹੋਣ ਲਈ ਲੋਕਾਂ ਤੱਕ ਪਹੁੰਚ ਕਰਨ ਦਾ ਤਹੱਈਆ ਕੀਤਾ ਗਿਆ। ਇਸ ਸਮਾਗਮ ਲਈ ਗਦਰ ਲਹਿਰ ਦੇ ਸੰਘਰਸ਼ ਨੂੰ ਦਰਸਾਉਂਦੀਆਂ ਇਤਿਹਾਸਕ ਕਿਤਾਬਾਂ ਦਾ ਸਟਾਲ ਵੀ ਲਾਇਆ ਜਾਵੇਗਾ ਜੋ ਚਰਨ ਸਿੰਘ ਜੱਜ ਭਾਰਤ ਤੋਂ ਲੈ ਕੇ ਆਏ ਹਨ। ਸ੍ਰੀ ਜਗਜੀਤ ਸਿੰਘ ਕੰਦੋਲਾ ਨੇ ਕਿਹਾ ਕਿ ਕਾਮਾਗਾਟਾ ਮਾਰੂ ਮੁਸਾਫਰਾਂ ਦੀ ਤ੍ਰਾਸਦੀ ਬਿਆਨ ਕਰਦੇ ਨਾਟਕ 'ਕਾਮਾਗਾਟਾ ਮਾਰੂ ਸਫਰ ਜਾਰੀ ਹੈ' ਪ੍ਰਤੀ ਲੋਕਾਂ 'ਚ ਕਾਫ ਉਤਸ਼ਾਹ ਹੈ।

ਮੀਟਿੰਗ ਵਿਚ ਸੰਸਥਾ ਦੇ ਚੇਅਰਮੈਨ ਕੁਲਦੀਪ ਸਿੰਘ ਅਟਵਾਲ, ਮੀਤ ਚੇਅਰਮੈਨ ਯਾਦਵਿੰਦਰ ਸਿੰਘ ਗਿੱਲ, ਮੀਤ ਪ੍ਰਧਾਨ ਜਨਰੈਲ ਸਿੰਘ ਮੰਡੇਰ, ਖਜ਼ਾਨਚੀ ਹਰਪਾਲ ਸਿੰਘ ਮਾਨ ਤੇ ਸਤਿੰਦਰਪਾਲ ਸਿੰਘ ਸਰਹੱਦੀ ਤੋਂ ਇਲਾਵਾ ਬੋਰਡ ਆਫ ਡਾਇਰੈਕਟਰਜ਼- ਬਲਬੀਰ ਸਿੰਘ ਗਿੱਲ, ਬਲਦੇਵ ਸਿੰਘ ਬੋਲੀਨਾ, ਅਮਰੀਕ ਸਿੰਘ ਸਹੋਤਾ, ਗਗਨਦੀਪ ਸਿੰਘ ਬਾਵਾ ਅਤੇ ਰਵਿੰਦਰ ਸਿੰਘ ਰਵੀ ਸ਼ਾਮਲ ਹੋਏ। ਹੋਰ ਜਾਣਕਾਰੀ ਲਈ ਕੁਲਦੀਪ ਸਿੰਘ ਅਟਵਾਲ (209-769-4784), ਸਤਵੀਰ ਸਿੰਘ ਬਾਜਵਾ (916-616-7200), ਜਰਨੈਲ ਸਿੰਘ ਮੰਡੇਰ (916-698-4245) ਜਾਂ ਜਗਜੀਤ ਸਿੰਘ ਕੰਦੋਲਾ (916-968-0901) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਔਰਤਾਂ ਨਾਲ ਮਾੜੇ ਵਤੀਰੇ ਪੱਖੋਂ ਪਾਕਿਸਤਾਨ ਦੁਨੀਆਂ ਵਿਚ ਦੂਜੇ ਨੰਬਰ 'ਤੇ

**ਵਾਸ਼ਿੰਗਟਨ:** ਸਰਵੇਖਣ ਮੁਤਾਬਕ ਪਾਕਿਸਤਾਨ ਔਰਤਾਂ ਨਾਲ ਮਾੜੇ ਵਤੀਰੇ ਦੇ ਮਾਮਲੇ ਵਿਚ ਦੁਨੀਆਂ ਵਿਚ ਦੂਜੇ ਨੰਬਰ 'ਤੇ ਆਉਂਦਾ ਹੈ। ਔਰਤਾਂ ਨਾਲ ਖ਼ਰਾਬ ਵਤੀਰੇ ਦੇ ਮਾਮਲੇ ਵਿਚ ਯਮਨ ਨੂੰ ਪਹਿਲਾ ਦਰਜਾ ਮਿਲਿਆ ਹੈ। 24/7 ਵਾਲ ਸਟਰੀਟ ਜਨਰਲ ਮੁਤਾਬਕ ਵਿਸ਼ਵ ਆਰਥਿਕ ਫੋਰਮ ਦੀ ਤਾਜ਼ਾ ਰਿਪੋਰਟ ਵਿਚ ਖ਼ੁਲਾਸਾ ਕੀਤਾ ਗਿਆ ਹੈ ਕਿ ਦੁਨੀਆਂ ਦਾ ਕੋਈ ਅਜਿਹਾ ਮੁਲਕ ਨਹੀਂ ਹੈ, ਜਿਥੇ ਔਰਤਾਂ ਤੇ ਪੁਰਸ਼ਾਂ ਵਿਚਾਲੇ ਪਾੜੇ ਨੂੰ ਸਫ਼ਲਤਾਪੂਰਵਕ ਖ਼ਤਮ ਕਰ ਦਿੱਤਾ ਗਿਆ ਹੋਵੇ।

ਰਿਪੋਰਟ ਵਿਚ 142 ਮੁਲਕਾਂ ਦੇ ਮਰਦਾਂ ਤੇ ਔਰਤਾਂ ਵਿਚਕਾਰ ਆਰਥਿਕ ਅਤੇ ਸਮਾਜਿਕ ਨਾ ਬਰਾਬਰੀ ਨੂੰ ਆਧਾਰ ਬਣਾਇਆ ਗਿਆ ਹੈ। ਰਿਪੋਰਟ ਮੁਤਾਬਕ ਜ਼ਿਆਦਾਤਰ ਮੁਲਕਾਂ ਵਿਚ ਆਰਥਿਕ ਤੇ ਸਿੱਖਿਆ ਦੇ ਮੌਕਿਆਂ ਸਮੇਤ ਸਿਆਸੀ ਨੁਮਾਇੰਦਗੀ ਤੇ ਸਿਹਤ ਦੇ ਮਾਮਲਿਆਂ ਵਿਚ ਔਰਤਾਂ ਦੀ ਹਾਲਤ ਮਰਦਾਂ ਨਾਲੋਂ ਕਿਤੇ ਬਦਤਰ ਹੈ।


Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ

24 ਘੰਟੇ ਖੁੱਲ੍ਹਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available



Sant Attar Singh Ji
(1866 – 1927)






Sant Teja Singh Ji
(1877 – 1965)

# ਅਕਾਲ ਯੂਨੀਵਰਸਿਟੀ – ਗੁਰੂ ਕੀ ਕਾਸ਼ੀ ਦਮਦਮਾ ਸਾਹਿਬ

# ਐਜੂਕੇਸ਼ਨਲ ਸੈਮੀਨਾਰ

# Akal University - Guru Ki Kahsi Damdama Sahib Educational Seminars

WWW.BARUSAHIB.ORG

**Chaired by Baba Iqbal Singh Ji**

**Wednesday 3 December 2014**
*5:00 PM Onwards*
Flamingo Banquet Hall
3495 East Flamingo Rd.,
Las Vegas, NV 89121

**Saturday 6 December 2014**
*5:00 PM Onwards*
Venus Banquet Hall
20825 Sherman Way,
Winnetka, CA 91306

**Sunday 7 December 2014**
*5:00 PM Onwards*
Peacock Garden
23347 E. Golden Springs Dr.,
Diamond Bar, CA 91765

**Saturday 13 December 2014**
*5:00 PM Onwards*
Taj Mahal Cuisine of India
5416 California Ave.,
Bakersfield, CA 93309

**Sunday 14 December 2014**
*5:00 PM Onwards*
India's Oven
3035 W. Ashlan Ave.,
Fresno, CA 93722

**Saturday 20 December 2014**
*5:00 PM Onwards*
Sikh Gurudwara San Jose
3636 Murillo Ave.,
San Jose, CA 95148

**Sunday 21 December 2014**
*5:00 PM Onwards*
Raja Sweets
1275 Winton Ave.,
Hayward, CA 94545

**Friday 26 December 2014**
*5:00 PM Onwards*
Mirage Banquet Hall
2159 El Camino Ave.,
Sacramento, CA 95821


**Sunday 28 December 2014**
*5:00 PM Onwards*
The Taj Fine Indian Cuisine
1400 Whyler Rd.,
Yuba City, CA 95993

**Sunday 4 January 2014**
*11:30 PM Onwards*
Gurdwara Sahib Stockton
1930 South Sikh Temple Street,
Stockton, CA 95206

#BaruSahibHP

**For Registration, Please Text: Ravideep Kaur Mukta 972-693-1077**
**Email: mukta@barusahib.org**
**No Registration Fees, Complimentary Dinner.**

@kalgidhartrust




THE KALGIDHAR SOCIETY - BARU SAHIB

# ਦਰਦਾਂ ਦੇ ਰੰਗ ਸਿਆਹ

## ਅਰਪਨਾ ਕੌਰ ਦੀ ਪੇਂਟਿੰਗ: ਜ਼ਖ਼ਮ 84



ਕਲਾ ਪਰਿਕਰਮਾ

ਚਿੱਤਰਕਾਰ ਅਰਪਨਾ ਕੌਰ ਦਾ ਚਿੱਤਰ 'ਵੂੰਡਸ ਆਫ 1984' ਉਸ ਨੇ 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖਾਂ ਦੇ ਕਤਲੇਆਮ ਦੇ ਪ੍ਰਸੰਗ ਵਿਚ ਬਣਾਇਆ ਸੀ। ਉਂਜ, ਇਸ ਪੇਂਟਿੰਗ ਵਿਚ ਭਰਿਆ ਸਿਆਹ ਰੰਗ ਇਤਨਾ ਜ਼ੋਰਦਾਰ ਹੋ ਕੇ ਉਭਰਿਆ ਕਿ ਇਸ ਤਰ੍ਹਾਂ ਦੇ ਹਰ ਦਰਦ ਨਾਲ ਇਸ ਦਾ ਨਾਤਾ ਸਦਾ-ਸਦਾ ਲਈ ਜੁੜ ਗਿਆ। ਹੁਣ ਇਹ ਪੇਂਟਿੰਗ ਇਕੱਲੇ ਸਿੱਖ ਕਤਲੇਆਮ ਦਾ ਦਰਦ ਹੀ ਬਿਆਨ ਨਹੀਂ ਕਰਦੀ, ਸਗੋਂ ਸੰਸਾਰ ਭਰ ਵਿਚ ਹੋਈਆਂ ਅਜਿਹੀ ਘਟਨਾਵਾਂ ਦੀ ਚੀਸ ਦਰਸ਼ਕ ਦੇ ਸੀਨੇ ਵਿਚ ਉਭਾਰਦੀ ਹੈ। ਤ੍ਰਾਸਦੀ ਦੀ ਮਾਰ ਹੇਠ ਆਏ ਹਰ ਸੰਵੇਦਨਸ਼ੀਲ ਬੰਦੇ ਨੂੰ ਇਹ ਪੇਂਟਿੰਗ ਅਪੀਲ ਕਰਦੀ ਹੈ। ਇਸੇ ਕਰ ਕੇ ਇਸ ਪੇਂਟਿੰਗ ਦਾ ਮੁੱਲ, ਅਮੁੱਲ ਹੋ ਨਿਬੜਿਆ ਹੈ। ਇਸ ਤਰ੍ਹਾਂ ਦਾ ਮਾਣ-ਸਤਿਕਾਰ ਕਿਸੇ-ਕਿਸੇ ਦੀ ਕਿਰਤ ਦੇ ਹਿੱਸੇ ਆਉਂਦਾ ਹੈ। ਅਰਪਨਾ ਕੌਰ ਨੇ ਇਸ ਚਿੱਤਰ ਵਿਚ ਸੱਚ-ਮੁੱਚ ਦਰਦ ਨੂੰ ਜ਼ੁਬਾਨ ਦਿੱਤੀ ਹੈ।

ਅਰਪਨਾ ਕੌਰ ਨੇ ਵੱਖ-ਵੱਖ ਸਮਿਆਂ ਦੌਰਾਨ ਪੇਂਟਿੰਗ ਵਿਚ ਕਈ ਤਰ੍ਹਾਂ ਤੇ ਤਜਰਬੇ ਕੀਤੇ ਹਨ। ਉਹਦੀ ਮਾਂ ਅਜੀਤ ਕੌਰ ਪੰਜਾਬੀ ਦੀ ਚੋਟੀ ਦੀ ਲੇਖਕ ਹੈ, ਇਸ ਲਈ ਉਹਨੂੰ ਆਪਣੇ ਬਚਪਨ ਵਿਚ ਅਜਿਹੀਆਂ ਕਲਾਤਮਕ ਉਡਾਣਾਂ ਨਾਲ ਜੁੜਨ ਦਾ ਮੌਕਾ ਮਿਲਿਆ। ਫਿਰ ਉਸ ਲਈ ਚਿੱਤਰਕਾਰੀ ਦਾ ਰਾਹ ਖੁੱਲ੍ਹ ਗਿਆ। ਬਚਪਨ ਉਸ ਦਾ ਸ਼ਿਮਲਾ ਵਿਚ ਬੀਤਿਆ ਅਤੇ ਉਥੇ ਹੀ ਉਸ ਨੇ ਮੁੱਢਲੀ ਪੜ੍ਹਾਈ ਕੀਤੀ। ਸਿੱਟੇ ਵਜੋਂ ਕੁਦਰਤ ਦਾ ਵਰੋਸਾਇਆ ਆਲਾ-ਦੁਆਲਾ ਹੌਲੀ-ਹੌਲੀ ਉਸ ਦੇ ਜ਼ਿਹਨ ਵਿਚ ਉਤਰਦਾ



ਅਰਪਨਾ ਕੌਰ

ਗਿਆ ਅਤੇ ਉਹ ਰੰਗਾਂ ਵੱਲ ਖਿੱਚੀਂਦੀ ਚਲੀ ਗਈ। ਉਹ ਉਦੋਂ ਮਹਿਜ਼ 9 ਸਾਲ ਦੀ ਸੀ ਜਦੋਂ ਉਸ ਨੇ 'ਮਾਂ ਅਤੇ ਧੀ' ਨਾਮ ਦਾ ਚਿੱਤਰ ਬਣਾਇਆ। ਇਹ ਚਿੱਤਰ ਉਸ ਨੇ ਮਸ਼ਹੂਰ ਚਿੱਤਰਕਾਰਾ ਅੰਮ੍ਰਿਤਾ ਸ਼ੇਰਗਿੱਲ ਤੋਂ ਪ੍ਰਭਾਵਿਤ ਹੋ ਕੇ ਬਣਾਇਆ ਸੀ। ਇਸ ਤੋਂ ਬਾਅਦ ਉਸ ਦਾ ਰੰਗਾਂ ਨਾਲ ਅਜਿਹਾ ਰਿਸ਼ਤਾ ਬਣਿਆ ਕਿ ਰੰਗ ਹੀ ਉਸ ਦੀ ਜ਼ਿੰਦਗੀ ਦੇ ਅਰਥ ਹੋ ਨਿਬੜੇ। ਪਹਿਲਾਂ-ਪਹਿਲ ਜਦੋਂ ਉਹ ਰੰਗਾਂ ਦੀ ਦੁਨੀਆਂ ਅੰਦਰ ਦਾਖਲ ਹੋਈ ਸੀ, ਤਾਂ ਮਨ ਵਿਚ ਕਿਤੇ ਜਕ ਜਿਹੀ ਸੀ, ਉਸ ਦਾ ਭਰੋਸਾ ਨਹੀਂ ਸੀ ਬਣ ਰਿਹਾ, ਪਰ ਉਸ ਨੇ ਆਪਣਾ ਸਫਰ ਜਾਰੀ ਰੱਖਿਆ। ਫਿਰ 1974 ਵਿਚ ਜਦੋਂ ਦਿੱਲੀ ਵਿਚ ਉਸ ਨੇ ਜਰਮਨ ਸਫਾਰਤਖਾਨੇ ਵਜੋਂ ਲਾਈ ਨੁਮਾਇਸ਼ ਵੇਖੀ ਤਾਂ ਉਸ ਲਈ ਰਾਹ ਖੁੱਲ੍ਹ ਗਿਆ। ਇਸ ਨੁਮਾਇਸ਼ ਵਿਚ ਮਕਬੂਲ ਫਿਦਾ ਹੁਸੈਨ, ਜੇ. ਸਵਾਮੀਨਾਥਨ, ਪਰਮਜੀਤ ਸਿੰਘ ਅਤੇ ਕਈ ਹੋਰ ਚਿੱਤਰਕਾਰਾਂ ਦੇ ਚਿੱਤਰ ਰੱਖੇ ਗਏ ਸਨ। ਫਿਰ ਉਸ ਨੇ 1995 ਵਿਚ ਆਪਣੇ ਚਿੱਤਰਾਂ ਦੀ ਨੁਮਾਇਸ਼ ਲਾਈ। ਇਸ ਨੁਮਾਇਸ਼ ਵਿਚ ਵੱਡਾ ਯੋਗਦਾਨ ਪਰਿਵਾਰ ਦੇ ਜਾਣੂ ਭਵੇਸ਼ 'ਦਾ' (ਸਾਨਿਆਲ) ਨੇ ਪਾਇਆ।

ਅਰਪਨਾ ਕੌਰ ਦੇ ਚਿੱਤਰਾਂ ਵਿਚ ਕੈਂਚੀ ਇਕ ਤਕੜੇ ਪ੍ਰਤੀਕ ਵਜੋਂ ਉਭਰਦਾ ਹੈ। ਇਹ ਪ੍ਰਤੀਕ ਉਸ ਨੇ ਆਪਣੇ ਚਿੱਤਰਾਂ ਵਿਚ 1988 ਤੋਂ ਬਾਅਦ ਵਰਤਣਾ ਸ਼ੁਰੂ ਕੀਤਾ ਸੀ। ਇਸ ਪ੍ਰਤੀਕ ਦੀ ਇੰਨੀ ਜ਼ਿਆਦਾ ਚਰਚਾ ਹੋਈ ਕਿ ਚਿੱਤਰਕਾਰ ਸਤੀਸ਼ ਗੁਜਰਾਲ ਨੇ ਉਸ ਨੂੰ ਕੈਂਚੀ ਕਹਿਣਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਬੁੱਧ, ਨਾਨਕ ਅਤੇ ਕਬੀਰ ਤੋਂ ਪ੍ਰੇਰਿਤ ਹੋ ਕੇ ਪੇਂਟਿੰਗਾਂ ਬਣਾਈਆਂ। ਉਸ ਨੇ ਆਪਣੇ ਦਾਦੇ ਦੀ ਯਾਦ ਵਿਚ ਇਕ ਪੇਂਟਿੰਗ ਬਣਾਈ ਜੋ 1947 ਦੀ ਵੰਡ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰ ਉਤੇ ਸਜਾ ਕੇ ਤੁਰ ਰਿਹਾ ਹੈ। ਇਸ ਚਿੱਤਰ ਵਿਚ ਦਾਦੇ ਦੇ ਪਿੱਛੇ ਇਕ ਮਗਰੀ ਵੀ ਲੱਗੀ ਹੋਈ ਹੈ ਜਿਸ ਵਿਚ ਉਸ ਦੌਰ ਦੀਆਂ ਯਾਦਾਂ ਵੀ ਨਾਲੋ-ਨਾਲ ਤੁਰ ਰਹੀਆਂ ਜਾਪਦੀਆਂ ਹਨ।

*-ਗੁਰਬਖਸ਼ ਸਿੰਘ ਸੋਢੀ*

## ਬੁਰਸ਼ ਦੀ ਛੋਹ

*ਅਰਪਨਾ ਕੌਰ ਦੀਆਂ ਪੇਂਟਿੰਗਜ਼ ਵਿਚ ਉਤਰੇ ਗੂੜ੍ਹੇ ਰੰਗ, ਮਨੁੱਖ ਦੀ ਜ਼ਿੰਦਗੀ ਦੀਆਂ ਬਹੁ-ਪਰਤਾਂ ਪੇਸ਼ ਕਰਦੇ ਹਨ। ਇਨ੍ਹਾਂ ਪੇਂਟਿੰਗਜ਼ ਵਿਚ ਲਕੀਰਾਂ ਵਾਂਗ ਉਭਰਦੇ ਰੰਗ ਅਸਲ ਵਿਚ ਉਨ੍ਹਾਂ ਪੈਂਡਿਆਂ ਉਤੇ ਪਏ ਪੈਰਾਂ ਦੇ ਨਿਸ਼ਾਨ ਲਗਦੇ ਹਨ ਜਿਹੜੇ ਸਦਾ ਸਫਰ ਵਿਚ ਹੀ ਰਹਿੰਦੇ ਹਨ। ਅਰਪਨਾ ਅਤੇ ਉਹਦੀ ਚਿੱਤਰਕਾਰੀ ਵੀ ਸਦਾ ਸਫਰ ਦੀ ਕੋਈ ਕਥਾ ਹੈ।*



ਕੈਨਵਸ ਉਤੇ ਰੰਗਾਂ ਨਾਲ ਅਰਥ ਭਰ ਰਹੀ ਚਿੱਤਰਕਾਰ ਅਰਪਨਾ ਕੌਰ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਦਸੰਬਰ 2014 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-146



*ਇਨ੍ਹਾਂ ਇੱਟਾਂ ਨਾਲ ਬਣਾਏ ਉਚੇ ਮਹਿਲ ਮੁਨਾਰੇ।*
*ਪਰ ਸਾਡੇ ਨੇ ਹਿੱਸੇ ਆਏ ਧੁਰ ਤੋਂ ਕੱਚੇ ਢਾਰੇ।*
*ਕਿਉਂ ਨਹੀਂ ਜਾਂਦੀ ਮੈਂ ਸਕੂਲੇ, ਪੁੱਛਦਾਂ ਏ ਸਰਦਾਰਾ।*
*ਬਾਪੂ ਪਿਆ ਏ ਮੰਜੇ ਉਤੇ, ਹੈ ਨਹੀਂ ਕੋਈ ਚਾਰਾ।*
*ਥੱਪ ਕੇ ਇੱਟਾਂ ਮੈਂ ਤੇ ਬੇਬੇ, ਪਾਲੀਏ ਟੱਬਰ ਸਾਰਾ।*

### ਕੈਪਸ਼ਨ ਮੁਕਾਬਲਾ-144



ਸਾਨੂੰ ਵੋਟਾਂ ਪਾਇਓ ਭਾਈ,
ਥੋਨੂੰ ਐਸ਼ ਕਰਾਵਾਂਗੇ ।
ਸੇਵਾ ਦੇ ਵਿਚ ਰਹਾਂਗੇ ਹਾਜ਼ਰ,
ਦੂਰ ਨਾ ਭੋਰਾ ਜਾਵਾਂਗੇ।
ਹਰ ਹਰਕਤ 'ਤੇ ਨਜ਼ਰ ਰੱਖਾਂਗੇ
ਪੂਰਾ ਫਰਜ਼ ਨਿਭਾਵਾਂਗੇ
ਹੱਕ ਮੰਗਣ ਜੇ ਆਊ ਕੋਈ,
ਉਹਨੂੰ ਸਬਕ ਸਿਖਾਵਾਂਗੇ।
ਔਰਤ ਮਰਦ 'ਚ ਭੇਦ ਨਾ ਹੋਊ,
ਆਖੇ ਬੋਲ ਪੁਗਾਵਾਂਗੇ।

*-ਜਗਮੀਤ ਸਿੰਘ ਪੰਧੇਰ*

---

ਦਹਿਸ਼ਤਗਰਦ ਕੋੜਮਾ
ਆਕਾਸ਼ੀ ਇੱਲਾਂ ਵਾਂਗ।
ਲੋਚਦਾ, ਭਾਲਦਾ ਮੁਰਦਾਰਾਂ ਨੂੰ
ਆਪਣੇ ਆਪਣੇ ਤਰੀਕੇ ਢੰਗ।
ਤਸ਼ੱਦਦ ਖਾਸਾ ਇਕ ਹੀ
ਨੋਚ ਨੋਚ ਮਾਸ ਨੂੰ ਖਾਣਾ।
ਦਮਨਕਾਰੀ ਕਾਨੂੰਨ ਲਾਗੂ ਦੇ ਲਈ
ਪਰ ਅਕਸ ਕਦੇ ਨਾ ਮਰਦਾ।
ਉਠਦਾ ਰਹਿੰਦਾ, ਬੁਲੰਦ ਰਹਿੰਦੀ ਸੋਚ
ਵੱਖਰੇ ਵੱਖਰੇ ਰੰਗਾਂ ਸੰਗ।

*-ਦਰਸ਼ਨਪਾਲ ਦੋਸਾਂਝ*

---

ਪੁਲਿਸ ਜਨਤਾ ਦੀ ਸੱਚੀ ਸੇਵਕ
ਆਖੇ ਸਾਡਾ ਪੰਜਾਬ ਹੈ ਸਾਰਾ।
ਸਾਡੀ ਸਰਕਾਰ ਭਾਵੇਂ ਮੰਗਾਂ ਮੰਨੇ
ਭਾਵੇਂ ਲਾਵੇ ਝੂਠਾ ਲਾਰਾ।
ਸਦਾ ਹਾਕਮਾਂ ਦੀ ਗੱਲ ਅਸੀਂ
ਗਿੱਚੀਓਂ ਫੜ੍ਹ ਸਮਝਾਂਦੇ ਹਾਂ।
ਲੋਕਾਂ ਦੇ ਖਾਨੇ ਨਾ ਪਵੇ ਤਾਂ
ਫਿਰ ਲਾਠੀ ਨਾਲ ਮਨਾਉਂਦੇ ਹਾਂ।

*-ਸੇਵਾ ਸਿੰਘ ਨੂਰਪੁਰੀ*

---

ਜਿਨ੍ਹਾਂ ਨੇ ਚੁੱਕੀ ਹੈ ਇਹ ਅੱਤ
ਉਨ੍ਹਾਂ ਦੀ ਵੀ ਕਦੇ ਰੁਲੇਗੀ ਪੱਤ।
ਲੋਕ ਰੋਹ ਜਾਗੇਗਾ ਜਿਸ ਦਿਨ
ਉਦੋਂ ਆਏਗੀ ਇਨ੍ਹਾਂ ਨੂੰ ਮੱਤ।

*-ਇੰਦਰਜੀਤ ਮੰਗਾ ਪਿਟਸਬਰਗ*

---

ਪਾ ਕੇ ਵੋਟਾਂ ਜਿਤਾ ਦਿਓ ਸਾਨੂੰ
ਨਹੀਂ ਕਰਾਂਗੇ ਰਾਜ,
ਕਰਾਂਗੇ ਹਰ ਇਕ ਦੀ ਸੇਵਾ।
ਇਹ ਫੋਟੋ ਦੇਖ ਲੱਗਦਾ
ਜਿੱਤਣ ਪਿਛੋਂ ਇਹ ਨੇਤਾ
ਵਾਕਿਆ ਕਰਾਉਂਦੇ 'ਸੇਵਾ'।

*-ਗੋਰਾ ਪ੍ਰਜਾਪਤ, ਨਿਊ ਯਾਰਕ*

---

ਸਰਕਾਰੀ ਦਹਿਸ਼ਤਗਰਦੀ ਵਿਰੁਧ
ਆਵਾਜ਼ ਉਠਾਉਣੀ ਪਊ।
ਭਲੀਏ ਜਨਤਾ ਰਲ ਕੇ ਆਪਾਂ ਨੂੰ
ਨੱਥ ਇਹਨੂੰ ਪਾਉਣੀ ਪਊ।

*-ਪਰਸ਼ੋਤਮ ਸਿੰਘ ਯੂਬਾ ਸਿਟੀ*

# ਇਰਾਕ ਵਿਚ ਬੰਦੀ ਪੰਜਾਬੀਆਂ ਦੀ ਹੋਣੀ ਬਾਰੇ ਭੰਬਲਭੂਸਾ ਬਰਕਰਾਰ

**ਚੰਡੀਗੜ੍ਹ:** ਇਰਾਕ ਦੇ ਮੌਸੂਲ ਸ਼ਹਿਰ ਵਿਚ ਲੰਘੇ ਜੂਨ ਮਹੀਨੇ ਆਈ.ਐਸ.ਆਈ.ਐਸ. ਅਤਿਵਾਦੀਆਂ ਵੱਲੋਂ ਅਗਵਾ ਕੀਤੇ ਪੰਜਾਬੀ ਕਾਮਿਆਂ ਦੀ ਹੋਣੀ ਬਾਰੇ ਭੰਬਲਭੂਸਾ ਬਰਕਰਾਰ ਹੈ। ਭਾਰਤ ਸਰਕਾਰ ਜਿਥੇ ਇਨ੍ਹਾਂ ਕਾਮਿਆਂ ਬਾਰੇ ਕੋਈ ਪੁਖਤਾ ਜਾਣਕਾਰੀ ਨਾ ਹੋਣ ਬਾਰੇ ਕਹਿ ਕੇ ਪੱਲਾ ਝਾੜ ਰਹੀ ਹੈ ਉਥੇ ਇਕ ਕੌਮੀ ਟੀ.ਵੀ. ਚੈਨਲ ਵੱਲੋਂ ਇਨ੍ਹਾਂ ਵਿਚੋਂ ਇਕ ਨੂੰ ਛੱਡ ਕੇ ਬਾਕੀ 39 ਵਿਅਕਤੀਆਂ ਦੇ ਮਾਰੇ ਜਾਣ ਦੀ ਖ਼ਬਰ ਨਾਲ ਨਾ ਸਿਰਫ ਇਨ੍ਹਾਂ ਦੇ ਪਰਿਵਾਰਾਂ ਵਿਚ ਹੀ ਚਿੰਤਾ ਤੇ ਸਹਿਮ ਛਾ ਗਿਆ ਸਗੋਂ ਕੌਮੀ ਪੱਧਰ 'ਤੇ ਵੀ ਇਹ ਮਾਮਲਾ ਇਕ ਵਾਰ ਮੁੜ ਗਰਮਾ ਗਿਆ ਹੈ।

ਇਰਾਕ ਵਿਚ ਇਕ ਬੰਗਲਾਦੇਸ਼ੀ ਵੱਲੋਂ ਕੀਤੇ ਗਏ ਖ਼ੁਲਾਸੇ ਦੇ ਹਵਾਲੇ ਨਾਲ ਚੈਨਲ ਨੇ ਇਹ ਖ਼ਬਰ ਨਸ਼ਰ ਕੀਤੀ ਹੈ। ਇਹ ਦਾਅਵਾ ਵੀ ਕੀਤਾ ਜਾ ਰਿਹਾ ਹੈ ਕਿ ਇਹ ਬੰਗਲਾਦੇਸ਼ੀ ਵੀ ਉਨ੍ਹਾਂ ਪੰਜਾਬੀਆਂ ਦੇ ਨਾਲ ਹੀ ਕੰਮ ਕਰਦਾ ਸੀ। ਚੈਨਲ ਮੁਤਾਬਕ ਬੰਗਲਾਦੇਸ਼ੀ ਨੂੰ ਇਕ ਨੌਜਵਾਨ ਹਰਜੀਤ ਸਿੰਘ ਨੇ ਇਹ ਜਾਣਕਾਰੀ ਦਿੱਤੀ ਸੀ। ਹਾਲਾਂਕਿ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਕਹਿਣਾ ਹੈ ਕਿ ਭਾਵੇਂ ਸਰਕਾਰ ਕੋਲ ਅਜੇ ਤੱਕ ਇਨ੍ਹਾਂ ਵਿਅਕਤੀਆਂ ਦੇ ਜ਼ਿੰਦਾ ਹੋਣ ਜਾਂ ਨਾ ਹੋਣ ਬਾਰੇ ਪੁਖ਼ਤਾ ਸਬੂਤ ਤਾਂ ਨਹੀਂ ਪਰ ਫਿਰ ਵੀ ਟੀ.ਵੀ. ਚੈਨਲ ਦੀ ਰਿਪੋਰਟ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਸ ਰਿਪੋਰਟ ਵਿਚ ਕਈ ਤੱਥ ਸਵੈ-ਵਿਰੋਧੀ ਹਨ। ਬੰਦੀਆਂ ਬਾਰੇ ਵਿਦੇਸ਼ ਮੰਤਰੀ ਦੇ ਬਿਆਨ ਤੋਂ ਪੀੜਤ ਪਰਿਵਾਰਾਂ ਨੂੰ ਕੋਈ ਰਾਹਤ ਨਹੀਂ ਮਿਲੀ। ਪਿਛਲੇ ਤਕਰੀਬਨ ਪੰਜ ਮਹੀਨਿਆਂ ਤੋਂ ਸਰਕਾਰ ਵੱਲ ਝਾਕ ਰਹੇ ਇਨ੍ਹਾਂ ਪਰਿਵਾਰਾਂ ਦੀ ਮੰਗ ਹੈ ਕਿ ਸਰਕਾਰ ਸਥਿਤੀ ਛੇਤੀ ਸਪਸ਼ਟ ਕਰੇ।

### ਟੀ.ਵੀ. ਚੈਨਲ ਦੇ ਖੁਲਾਸੇ ਪਿੱਛੋਂ ਪੀੜਤ ਪਰਿਵਾਰਾਂ 'ਚ ਸਹਿਮ



ਦੂਜੇ ਪਾਸੇ ਮੰਤਰੀ ਨੇ ਸਪਸ਼ਟ ਕੀਤਾ ਹੈ ਕਿ ਸਰਕਾਰ ਉਸੇ ਦਿਨ ਤੋਂ ਹੀ ਇਨ੍ਹਾਂ ਭਾਰਤੀ ਕਾਮਿਆਂ ਦੀ ਜਾਨ ਦੀ ਰਖਵਾਲੀ ਤੇ ਸੰਪਰਕ ਕਰਨ ਲਈ ਸਿਰਤੋੜ ਯਤਨ ਕਰ ਰਹੀ ਹੈ।

ਸਰਕਾਰ ਨੇ ਇਨ੍ਹਾਂ ਦਾ ਪਤਾ ਲਗਾਉਣ ਲਈ ਇਕ ਵਿਸ਼ੇਸ਼ ਅਧਿਕਾਰੀ ਵੀ ਇਰਾਕ ਭੇਜਿਆ ਸੀ ਜਿਸ ਨੇ ਇਨ੍ਹਾਂ ਦੇ ਜਿਊਂਦੇ ਹੋਣ ਬਾਰੇ ਸੰਦੇਸ਼ ਦਿੱਤਾ ਸੀ। ਟੀ.ਵੀ ਚੈਨਲ ਤੇ ਸਰਕਾਰ ਦੇ ਵਿਰੋਧਾਭਾਸੀ ਦਾਅਵਿਆਂ ਦੇ ਦਰਮਿਆਨ ਠੋਸ ਸਬੂਤਾਂ ਦੀ ਘਾਟ ਕਾਰਨ ਨਿਸ਼ਚੇ ਨਾਲ ਇਨ੍ਹਾਂ ਅਗਵਾ ਵਿਅਕਤੀਆਂ ਬਾਰੇ ਹਾਲੇ ਕੁਝ ਵੀ ਕਹਿਣਾ ਮੁਸ਼ਕਿਲ ਹੋ ਗਿਆ ਹੈ। ਟੀ.ਵੀ. ਚੈਨਲ ਵੱਲੋਂ ਇਕ ਵਿਅਕਤੀ ਵਿਸ਼ੇਸ਼ ਦੇ ਬਿਆਨ ਦੇ ਆਧਾਰ 'ਤੇ ਨਸ਼ਰ ਕੀਤੀ ਗਈ ਖ਼ਬਰ ਨੇ ਅਗਵਾ ਵਿਅਕਤੀਆਂ ਦੇ ਘਰਾਂ ਵਿਚ ਸੋਗ ਦੀ ਲਹਿਰ ਪੈਦਾ ਕਰ ਦਿੱਤੀ ਹੈ, ਜਦੋਂਕਿ ਬਿਆਨਕਰਤਾ ਦੀ ਅਸਲੀਅਤ ਬਾਰੇ ਯਕੀਨੀ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਛੇ ਮਹੀਨੇ ਬੀਤਣ ਦੇ ਬਾਵਜੂਦ ਇਨ੍ਹਾਂ ਅਗਵਾ ਕੀਤੇ ਗਏ ਭਾਰਤੀਆਂ ਦੀ ਰਿਹਾਈ ਤਾਂ ਕੀ, ਉਨ੍ਹਾਂ ਪ੍ਰਤੀ ਠੋਸ ਜਾਣਕਾਰੀ ਵੀ ਪ੍ਰਾਪਤ ਨਾ ਕਰ ਸਕਣ ਲਈ ਕੇਂਦਰ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ।

## ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਸਵਾਲਾਂ ਦੇ ਘੇਰੇ ਵਿਚ

ਇਰਾਕੀ ਅਤਿਵਾਦੀਆਂ ਵੱਲੋਂ ਬੰਦੀ ਬਣਾਏ ਗਏ ਇਨ੍ਹਾਂ 40 ਵਿਅਕਤੀਆਂ ਵਿਚੋਂ ਬਹੁਤੇ ਪੰਜਾਬੀ ਹੋਣ ਦੇ ਬਾਵਜੂਦ ਸੂਬਾ ਸਰਕਾਰ ਨੇ ਵੀ ਇਨ੍ਹਾਂ ਪ੍ਰਤੀ ਖ਼ਾਮੋਸ਼ੀ ਧਾਰੀ ਹੋਈ ਹੈ। ਗ਼ੌਰਤਲਬ ਹੈ ਕਿ ਜਿਸ ਸਮੇਂ ਭਾਰਤੀ ਕਾਮਿਆਂ ਨੂੰ ਅਤਿਵਾਦੀਆਂ ਨੇ ਅਗਵਾ ਕੀਤਾ ਸੀ, ਉਸੇ ਸਮੇਂ ਹੀ ਉਨ੍ਹਾਂ ਕੇਰਲਾ ਦੀਆਂ ਕੁਝ ਨਰਸਾਂ ਨੂੰ ਵੀ ਅਗਵਾ ਕੀਤਾ ਸੀ ਪਰ ਉਥੋਂ ਦੀ ਸਰਕਾਰ ਨੇ ਆਪਣੇ ਯਤਨਾਂ ਨਾਲ ਤੇ ਕੇਂਦਰ ਸਰਕਾਰ 'ਤੇ ਦਬਾਅ ਪਾ ਕੇ ਨਾ ਸਿਰਫ ਇਨ੍ਹਾਂ ਨਰਸਾਂ ਨੂੰ ਸਹੀ ਸਲਾਮਤ ਵਤਨ ਵਾਪਸ ਹੀ ਲਿਆਂਦਾ, ਬਲਕਿ ਉਨ੍ਹਾਂ ਨੂੰ ਰੁਜ਼ਗਾਰ ਵੀ ਮੁਹੱਈਆ ਕਰਵਾਇਆ। ਪੰਜਾਬ ਸਰਕਾਰ ਇਸ ਪੱਖੋਂ ਅਸਫ਼ਲ ਰਹੀ ਹੈ ਕਿਉਂਕਿ ਉਹ ਛੇ ਮਹੀਨੇ ਦਾ ਸਮਾਂ ਬੀਤਣ ਦੇ ਬਾਵਜੂਦ ਇਰਾਕ ਵਿਚ ਅਤਿਵਾਦੀਆਂ ਵੱਲੋਂ ਅਗਵਾ ਕੀਤੇ ਗਏ ਆਪਣੇ ਵਿਅਕਤੀਆਂ ਨੂੰ ਵਾਪਸ ਤਾਂ ਕੀ; ਉਨ੍ਹਾਂ ਦੀ ਹੋਣੀ ਬਾਰੇ ਸਪਸ਼ਟ ਤੇ ਠੋਸ ਸੂਚਨਾ ਵੀ ਪ੍ਰਾਪਤ ਨਹੀਂ ਕਰ ਸਕੀ। ਪਿੰਡ ਛਾਉਣੀ ਕਲਾਂ ਦਾ ਕਮਲਜੀਤ ਸਿੰਘ ਤੇ ਜੈਤਪੁਰ ਦਾ ਗੁਰਦੀਪ ਸਿੰਘ, ਉਨ੍ਹਾਂ ਭਾਰਤੀਆਂ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ 15 ਜੂਨ ਨੂੰ ਮੌਸੂਲ ਤੋਂ ਬੰਦੀ ਬਣਾ ਲਿਆ ਗਿਆ ਸੀ। ਇਸ ਪਿੱਛੋਂ ਇਨ੍ਹਾਂ ਦੀ ਪਰਿਵਾਰ ਨਾਲ ਕੋਈ ਗੱਲ ਨਹੀਂ ਹੋਈ। ਕਮਲਜੀਤ ਦੇ ਭਰਾ ਪਰਵਿੰਦਰ ਨੇ ਕਿਹਾ ਕਿ ਸਰਕਾਰ ਇਸ ਮਾਮਲੇ ਵਿਚ ਪੂਰੀ ਸੱਚਾਈ ਨਹੀਂ ਦੱਸ ਰਹੀ। ਉਸ ਨੇ ਦੱਸਿਆ ਕਿ ਜਦੋਂ ਇਕ ਟੀ.ਵੀ.ਚੈਨਲ 'ਤੇ ਬੰਦੀ ਬਣਾਏ ਭਾਰਤੀਆਂ ਦੇ ਮਾਰੇ ਜਾਣ ਦੀ ਸ਼ੰਕਾ ਪ੍ਰਗਟਾਈ ਗਈ ਤਾਂ ਉਸ ਪਿੱਛੋਂ ਵਿਦੇਸ਼ ਮੰਤਰਾਲਾ ਹਰਕਤ ਵਿਚ ਆਇਆ ਤੇ ਰਾਤ ਡੇਢ ਵਜੇ ਉਸ ਨੂੰ ਫ਼ੋਨ 'ਤੇ ਭਰੋਸਾ ਦਿੱਤਾ ਗਿਆ ਕਿ ਉਸ ਦਾ ਭਰਾ ਤੇ ਹੋਰ ਭਾਰਤੀ ਸਹੀ-ਸਲਾਮਤ ਹਨ। ਕਮਲਜੀਤ ਦੇ ਪਿਤਾ ਪ੍ਰੇਮ ਸਿੰਘ ਨੇ ਮੰਗ ਕੀਤੀ ਕਿ ਸਰਕਾਰ ਸਥਿਤੀ ਸਪਸ਼ਟ ਕਰੇ। ਪਿੰਡ ਜੈਤਪੁਰ ਦੇ ਗੁਰਦੀਪ ਸਿੰਘ ਦੇ ਪਰਿਵਾਰ ਦੀਆਂ ਵੀ ਨੀਂਦਾਂ ਉੱਡ ਗਈਆਂ ਹਨ। ਗੁਰਦੀਪ ਦੀ ਪਤਨੀ ਅਨੀਤਾ ਰਾਣੀ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਸੀ ਕਿ ਸਰਕਾਰ ਦੇ ਕਹੇ ਅਨੁਸਾਰ ਉਨ੍ਹਾਂ ਦੇ ਕਰੀਬੀ ਠੀਕ ਹੋਣਗੇ ਪਰ ਰਾਤ ਟੀ.ਵੀ. ਦੀ ਖ਼ਬਰ ਨੇ ਉਨ੍ਹਾਂ ਦਾ ਫ਼ਿਕਰ ਵਧਾ ਦਿੱਤਾ। ਉਸਨੇ ਮੰਗ ਕੀਤੀ ਕਿ ਸਰਕਾਰ ਛੇਤੀ ਤੋਂ ਛੇਤੀ ਸਬੂਤ ਪੇਸ਼ ਕਰੇ ਕਿ ਸਾਰੇ ਬੰਦੀ ਸਹੀ-ਸਲਾਮਤ ਹਨ।

### ਪੰਜਾਬੀਆਂ ਦੀ ਰਿਹਾਈ ਲਈ ਦ੍ਰਿੜ੍ਹ ਹਾਂ: ਬਾਦਲ



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਉਹ ਇਰਾਕ ਵਿਚ ਫਸੇ 39 ਪੰਜਾਬੀਆਂ ਦੀ ਸੁਰੱਖਿਅਤ ਰਿਹਾਈ ਕਰਵਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹਨ। ਉਹ ਇਕ ਵਾਰੀ ਫਿਰ ਕੇਂਦਰ ਸਰਕਾਰ ਨਾਲ ਇਸ ਮੁੱਦੇ 'ਤੇ ਗੱਲ ਕਰਨਗੇ। ਪਿਛਲੇ ਕੁਝ ਮਹੀਨਿਆਂ ਤੋਂ ਰਾਜ ਸਰਕਾਰ ਵਿਦੇਸ਼ ਮੰਤਰਾਲੇ ਕੋਲ ਲਗਾਤਾਰ ਇਹ ਮੁੱਦਾ ਉਠਾ ਰਹੀ ਹੈ। ਹੁਣ ਫੇਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਹੋਰ ਅਕਾਲੀ ਮੰਤਰੀਆਂ ਨੂੰ ਆਖਿਆ ਹੈ ਕਿ ਉਹ ਇਸ ਮਾਮਲੇ 'ਤੇ ਕੇਂਦਰ ਸਰਕਾਰ ਨਾਲ ਲਗਾਤਾਰ ਸੰਪਰਕ ਰੱਖਣ ਅਤੇ ਬੰਦੀਆਂ ਦੀ ਰਿਹਾਈ ਲਈ ਹਰ ਸੰਭਵ ਕੋਸ਼ਿਸ਼ ਕਰਨ।

### ਬੰਦੀਆਂ ਬਾਰੇ ਸਰਕਾਰ ਸਪਸ਼ਟੀਕਰਨ ਦੇਵੇ: ਕੈਪਟਨ



**ਅੰਮ੍ਰਿਤਸਰ:** ਲੋਕ ਸਭਾ ਵਿਚ ਕਾਂਗਰਸ ਧਿਰ ਦੇ ਉਪ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਇਰਾਕ ਵਿਚ ਇਸਲਾਮਿਕ ਸਟੇਟ ਵੱਖਵਾਦੀਆਂ ਵੱਲੋਂ ਬੰਧਕ ਬਣਾਏ ਭਾਰਤੀਆਂ ਦੇ ਮਾਮਲੇ ਵਿਚ ਸਰਕਾਰ ਨੂੰ ਸਪੱਸ਼ਟੀਕਰਨ ਦੇਣ ਲਈ ਕਿਹਾ ਹੈ। ਕੈਪਟਨ ਨੇ ਕਿਹਾ ਹੈ ਕਿ ਪੀੜਤ ਪਰਿਵਾਰਾਂ ਵੱਲੋਂ ਅਜਿਹੀਆਂ ਰਿਪੋਰਟਾਂ ਤੋਂ ਉਭਰ ਪਾਉਣਾ ਬਹੁਤ ਮੁਸ਼ਕਿਲ ਤੇ ਦਰਦ ਭਰਿਆ ਹੈ। ਸਾਬਕਾ ਮੁੱਖ ਮੰਤਰੀ ਨੇ ਮਹੀਨਿਆਂ ਤੋਂ ਮਾਮਲੇ ਨੂੰ ਲੈ ਕੇ ਸਰਕਾਰ ਵੱਲੋਂ ਵਰਤੀ ਜਾ ਰਹੀ ਲਾਪਰਵਾਹੀ ਦੀ ਨਿੰਦਾ ਕੀਤੀ ਹੈ। ਹੈਰਾਨੀਜਨਕ ਹੈ ਕਿ ਅਸੀਂ ਬੰਧਕਾਂ ਦੀ ਹਾਲਤ ਬਾਰੇ ਜਾਣਕਾਰੀ ਲੈਣ ਲਈ ਹਾਲੇ ਵੀ ਮੀਡੀਆ ਰਿਪੋਰਟਾਂ 'ਤੇ ਨਿਰਭਰ ਹਾਂ, ਜਦਕਿ ਸਾਡੀ ਸਰਕਾਰ ਪੂਰੀ ਤਰ੍ਹਾਂ ਅਨਜਾਣ ਬਣੀ ਹੋਈ ਹੈ।

## ਚੀਨ ਵਿਚ ਛਪੇ ਪਾਵਨ ਸਰੂਪਾਂ 'ਤੇ ਮੁਕੰਮਲ ਪਾਬੰਦੀ ਲੱਗੀ

**ਅੰਮ੍ਰਿਤਸਰ:** ਵਿਸ਼ਵ ਵਿਚ ਆਪਣੇ ਜਾਅਲੀ ਮਾਲ ਲਈ ਮਸ਼ਹੂਰ ਚੀਨ ਦੇ ਕਿਸੇ ਖਿੱਤੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ ਕਰਕੇ ਹੋਰਨਾਂ ਮੁਲਕਾਂ ਵਿਚ ਮੁਹੱਈਆ ਕਰਵਾਉਣ ਦੇ ਆਨ ਲਾਈਨ ਆਰਡਰ ਮੰਗਣ ਵਾਲੀ ਕੰਪਨੀ ਬਾਰੇ ਚਰਚਾ ਵਿਚ ਆਏ ਮਾਮਲੇ ਨੂੰ ਬੇਹੱਦ ਗੰਭੀਰ ਵਿਸ਼ਾ ਦੱਸਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵਿਸ਼ਵ ਭਰ ਦੀਆਂ ਸਿੱਖ ਸੰਗਤਾਂ ਨੂੰ ਆਦੇਸ਼ ਦਿੰਦਿਆਂ ਚੀਨ ਦੇ ਛਪੇ ਸਰੂਪਾਂ 'ਤੇ ਮੁਕੰਮਲ ਪਾਬੰਦੀ ਲਾਈ ਹੈ।

ਸਿੰਘ ਸਾਹਿਬ ਨੇ ਕਿਹਾ ਕਿ ਕਿਸੇ ਸੰਸਥਾ ਜਾਂ ਵਿਅਕਤੀ ਵੱਲੋਂ ਜਾਰੀ ਅਜਿਹੀਆਂ ਕੋਝੀਆਂ ਹਰਕਤਾਂ ਬਖਸ਼ਣਯੋਗ ਨਹੀਂ ਹਨ। ਉਨ੍ਹਾਂ ਕਿਹਾ ਕਿ ਮਰਆਦਾ ਦੀ ਬਹਾਲੀ ਲਈ ਪਾਵਨ ਸਰੂਪ ਛਾਪਣ ਤੇ ਹੋਰਨਾਂ ਥਾਵਾਂ 'ਤੇ ਭੇਜਣ ਦਾ ਅਖਤਿਆਰ ਸਿਰਫ ਸ਼੍ਰੋਮਣੀ ਕਮੇਟੀ ਕੋਲ ਹੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਅਜਿਹੀ ਸੰਸਥਾ ਦਾ ਭੇਦ ਪਤਾ ਕਰਦਿਆਂ ਮਾਮਲੇ ਦੀ ਤਹਿ ਤੱਕ ਜਾ ਕੇ ਪਾਵਨ ਸਰੂਪਾਂ ਦੀ ਬੇਅਦਬੀ ਰੋਕਣ ਲਈ ਨਿਰਦੇਸ਼ ਦਿੱਤੇ ਹਨ।

ਉਨ੍ਹਾਂ ਸੰਗਤ ਨੂੰ ਵੀ ਸੁਚੇਤ ਕੀਤਾ ਕਿ ਅਜਿਹੇ ਮਾਮਲੇ ਵਿਚ ਵਿਸ਼ੇਸ਼ ਚੌਕਸੀ ਰੱਖੀ ਜਾਵੇ ਤੇ ਹੋਰਨਾਂ ਥਾਵਾਂ 'ਤੇ ਛਾਪੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਪ੍ਰਾਪਤ ਨਾ ਕੀਤੇ ਜਾਣ।

### ਪੀੜਤ ਪਰਿਵਾਰਾਂ ਨੂੰ ਪੁਖਤਾ ਜਾਣਕਾਰੀ ਦੇਵੇ ਕੇਂਦਰ: ਅਵਤਾਰ ਸਿੰਘ ਮੱਕੜ

**ਅੰਮ੍ਰਿਤਸਰ:** ਇਰਾਕ ਵਿਚ ਫਸੇ ਪੰਜਾਬੀਆਂ ਨੂੰ ਵੱਖਵਾਦੀਆਂ ਵੱਲੋਂ ਅਗਵਾ ਕਰਕੇ ਮੌਤ ਦੇ ਘਾਟ ਉਤਾਰ ਦੇਣ ਦੇ ਸ਼ੱਕ ਬਾਰੇ ਨਸ਼ਰ ਖਬਰਾਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪ੍ਰਧਾਨ ਸ਼੍ਰੋਮਣੀ ਕਮੇਟੀ ਜਥੇਦਾਰ ਅਵਤਾਰ ਸਿੰਘ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਸਰਕਾਰ ਤੁਰੰਤ ਇਨ੍ਹਾਂ ਭਾਰਤੀਆਂ ਬਾਰੇ ਪੁਖਤਾ ਜਾਣਕਾਰੀ ਮੁਹੱਈਆ ਕਰਵਾਏ।

ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਤੇ ਉੱਪ-ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਕੇਂਦਰ ਨਾਲ ਰਾਬਤਾ ਕਾਇਮ ਕਰਕੇ ਪੰਜਾਬੀਆਂ ਦਾ ਪਤਾ ਲਗਵਾਇਆ ਜਾਵੇ।

# ਨਵਜੋਤ ਸਿੱਧੂ ਵਿਰੁਧ ਪੰਥਕ ਕਾਰਵਾਈ ਦੀ ਮੰਗ ਤੋਂ ਛਿੜਿਆ ਵਿਵਾਦ

**ਅੰਮ੍ਰਿਤਸਰ:** ਭਾਜਪਾ ਦੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੂੰ ਗੁਰਬਾਣੀ ਦੀਆਂ ਤੁਕਾਂ ਨੂੰ ਤੋੜਣ ਮਰੋੜਣ ਦੇ ਦੋਸ਼ ਹੇਠ ਅਕਾਲ ਤਖ਼ਤ 'ਤੇ ਤਲਬ ਕਰਨ ਤੇ ਉਸ ਖ਼ਿਲਾਫ਼ ਪੰਥਕ ਕਾਰਵਾਈ ਦੀ ਮੰਗ ਤੋਂ ਵਿਵਾਦ ਖੜਾ ਹੋ ਗਿਆ ਹੈ। ਇਸ ਮਾਮਲੇ ਵਿਚ ਸਿੱਖ ਧਾਰਮਿਕ ਆਗੂਆਂ ਦਾ ਮਤ ਹੈ ਕਿ ਕਿਸੇ ਵੀ ਪਤਿਤ ਸਿੱਖ ਨੂੰ ਅਕਾਲ ਤਖ਼ਤ 'ਤੇ ਨਹੀਂ ਸੱਦਿਆ ਜਾ ਸਕਦਾ। ਜੇਕਰ ਅਜਿਹਾ ਕੀਤਾ ਗਿਆ ਤਾਂ ਇਹ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਹੋਵੇਗੀ। ਦੂਜੇ ਪਾਸੇ ਸਹਿਜਧਾਰੀ ਸਿੱਖ ਪਾਰਟੀ ਦੇ ਮੁਖੀ ਡਾ. ਪਰਮਜੀਤ ਸਿੰਘ ਰਾਣੂੰ ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਜੇਕਰ ਸ੍ਰੀ ਸਿੱਧੂ ਨੂੰ ਸਿੱਖ ਮੰਨ ਕੇ ਤਲਬ ਕੀਤਾ ਜਾਂਦਾ ਹੈ ਤਾਂ ਇਸ ਨਾਲ ਸਹਿਜਧਾਰੀ ਸਿੱਖਾਂ ਨੂੰ ਮਾਨਤਾ ਮਿਲੇਗੀ। ਉਨ੍ਹਾਂ ਆਖਿਆ ਕਿ ਸਿੱਧੂ ਸਿੱਖ ਪਰਿਵਾਰ ਵਿਚ ਪੈਦਾ ਹੋਏ ਹਨ ਪਰ ਉਨ੍ਹਾਂ ਅੰਮ੍ਰਿਤਪਾਨ ਨਹੀਂ ਕੀਤਾ ਹੈ, ਇਸ ਲਈ ਉਹ ਸਹਿਜਧਾਰੀ ਸਿੱਖ ਹਨ ਤੇ ਸਹਿਜਧਾਰੀ ਸਿੱਖ ਕਦੇ ਪਤਿਤ ਨਹੀਂ ਹੁੰਦਾ।

ਸ੍ਰੀ ਅਕਾਲ ਤਖ਼ਤ ਵੱਲੋਂ ਪ੍ਰਵਾਨਿਤ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਿਆਦਾ ਦੀ ਧਾਰਾ ਤਿੰਨ ਵਿਚ ਇਹ ਸਪੱਸ਼ਟ ਕਿਹਾ ਗਿਆ ਹੈ ਕਿ ਅਕਾਲ ਤਖ਼ਤ ਵਿਖੇ ਕਿਸੇ ਪਤਿਤ ਜਾਂ ਤਨਖਾਹੀਆ ਸਿੱਖ ਦੀ ਅਰਦਾਸ ਨਹੀਂ ਕੀਤੀ ਜਾ ਸਕਦੀ। ਇਥੇ ਸਿਰਫ ਸਿੱਖ ਵਿਅਕਤੀ ਦੀ ਹੀ ਅਰਦਾਸ ਹੋ ਸਕਦੀ ਹੈ। ਇਸੇ ਤਰ੍ਹਾਂ ਅਕਾਲ ਤਖ਼ਤ ਤੋਂ ਤਨਖਾਹ ਸੁਣਾਏ ਗਏ ਵਿਅਕਤੀ ਬਾਰੇ ਦਰਜ ਹੈ ਕਿ ਉਸ ਦੀ ਖਿਮਾ ਯਾਚਨਾ ਦੀ ਅਰਦਾਸ ਮਗਰੋਂ ਹੀ ਉਹ ਸੁਰਖਰੂ ਹੋ ਸਕਦਾ ਹੈ। ਸਿੱਖ ਵਿਦਵਾਨਾਂ ਦਾ ਕਹਿਣਾ ਕਿ ਜੇਕਰ ਪਤਿਤ ਸਿੱਖ ਅਰਦਾਸ ਨਹੀਂ ਕਰਵਾ ਸਕਦਾ ਤਾਂ ਤਨਖਾਹ ਲਾਉਣ ਮਗਰੋਂ ਉਸ ਦੀ ਖਿਮਾ ਯਾਚਨਾ ਦੀ ਅਰਦਾਸ ਕਿਵੇਂ ਹੋਵੇਗੀ। ਇਸ ਲਈ ਮੁੱਢਲੇ ਤੌਰ 'ਤੇ ਪਤਿਤ ਸਿੱਖ ਨੂੰ ਅਕਾਲ ਤਖ਼ਤ ਵਿਖੇ ਨਾ ਤਲਬ ਕੀਤਾ ਜਾ ਸਕਦਾ ਹੈ ਤੇ ਨਾ ਹੀ ਤਨਖਾਹ ਲਾਈ ਜਾ ਸਕਦੀ ਹੈ।

### ਪਤਿਤ ਸਿੱਖ ਨੂੰ ਤਲਬ ਕਰਨ ਬਾਰੇ ਸਿੱਖ ਵਿਦਵਾਨਾਂ ਦੇ ਮਤ ਵੱਖੋ-ਵੱਖਰੇ



ਇਸ ਬਾਰੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਕਿਹਾ ਕਿ ਕਿਸੇ ਵੀ ਪਤਿਤ ਸਿੱਖ ਨੂੰ ਕਾਰਵਾਈ ਲਈ ਅਕਾਲ ਤਖ਼ਤ ਸਾਹਿਬ 'ਤੇ ਨਹੀਂ ਸੱਦਿਆ ਜਾ ਸਕਦਾ। ਉਨ੍ਹਾਂ ਆਖਿਆ ਕਿ ਜੇਕਰ ਕਿਸੇ ਪਤਿਤ ਵਿਅਕਤੀ ਨੂੰ ਪੰਥਕ ਕਾਰਵਾਈ ਦੀ ਸੁਣਵਾਈ ਹੇਠ ਸੱਦ ਲਿਆ ਜਾਵੇ ਤੇ ਉਹ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬ ਨੂੰ ਮੰਨਣ ਤੋਂ ਇਨਕਾਰੀ ਹੋਵੇ ਤਾਂ ਇਸ ਨਾਲ ਤਖ਼ਤ ਦੀ ਸਥਿਤੀ ਹਾਸੋਹੀਣੀ ਬਣ ਜਾਵੇਗੀ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਆਖਿਆ ਕਿ ਨਵਜੋਤ ਸਿੰਘ ਸਿੱਧੂ ਮਾਮਲੇ ਦੀ ਸਿੱਖ ਵਿਦਵਾਨਾਂ ਦੀ ਕਮੇਟੀ ਬਣਾ ਕੇ ਜਾਂਚ ਕਰਾਉਣੀ ਚਾਹੀਦੀ ਹੈ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਆਖਿਆ ਕਿ ਜੇਕਰ ਕੋਈ ਵਿਅਕਤੀ ਦਸਤਾਰਧਾਰੀ ਹੈ, ਆਪਣੇ ਆਪ ਨੂੰ ਸਿੱਖ ਅਖਵਾਉਂਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਸਮੇਤ 10 ਗੁਰੂਆਂ ਵਿਚ ਵਿਸ਼ਵਾਸ ਰੱਖਦਾ ਹੈ ਤਾਂ ਅਜਿਹੇ ਵਿਅਕਤੀ ਨੂੰ ਅਕਾਲ ਤਖ਼ਤ 'ਤੇ ਤਲਬ ਕਰਕੇ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਪਤਿਤ ਦੀ ਪਰਿਭਾਸ਼ਾ ਬਾਰੇ ਆਖਿਆ ਕਿ ਜੋ ਵਿਅਕਤੀ ਅੰਮ੍ਰਿਤਪਾਨ ਕਰਕੇ ਭੰਗ ਕਰਦਾ ਹੈ ਉਹ ਪਤਿਤ ਹੈ। ਇਸ ਦੌਰਾਨ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਵੀ ਆਖਿਆ ਕਿ ਜੇਕਰ ਅਕਾਲ ਤਖ਼ਤ ਵੱਲੋਂ ਸ੍ਰੀ ਸਿੱਧੂ ਨੂੰ ਤਲਬ ਕੀਤਾ ਜਾਂਦਾ ਹੈ ਤਾਂ ਇਹ ਪਤਿਤ ਵਿਅਕਤੀਆਂ ਨੂੰ ਮਾਨਤਾ ਦੇਣ ਬਰਾਬਰ ਕਾਰਵਾਈ ਹੋਵੇਗੀ।

### ਅਕਾਲੀਆਂ ਹੱਥ ਆਇਆ ਸਿੱਧੂ ਨੂੰ ਘੇਰਨ ਦਾ ਮੌਕਾ

**ਚੰਡੀਗੜ੍ਹ:** ਨਵਜੋਤ ਸਿੰਘ ਸਿੱਧੂ ਦੇ ਮੂੰਹੋਂ ਗੁਰਬਾਣੀ ਦੇ ਗਲਤ ਉਚਾਰਨ ਦੇ ਮਾਮਲੇ ਨਾਲ ਅਕਾਲੀਆਂ ਨੂੰ ਕੁਝ ਸਮੇਂ ਲਈ ਸੁੱਖ ਦਾ ਸਾਹ ਮਿਲਿਆ ਹੈ। ਭਾਵੇਂ ਕਿਸੇ ਵੇਲੇ ਖੁਦ ਇਹ ਗ਼ਲਤੀ ਕਰਕੇ ਭੋਗ ਚੁੱਕੇ ਅਕਾਲੀ ਇਸ ਮੁੱਦੇ ਨੂੰ ਸਿੱਧਾ ਨਹੀਂ ਚੁੱਕ ਰਹੇ ਪਰ ਆਮ ਸਿੱਖਾਂ ਵੱਲੋਂ ਸਿੱਧੂ ਦੀ ਅਲੋਚਨਾ 'ਤੇ ਕੱਛਾਂ ਜ਼ਰੂਰ ਵਜਾ ਰਹੇ ਹਨ। ਦੂਸਰੀ ਕਤਾਰ ਦੇ ਆਗੂ ਨਵਜੋਤ ਸਿੱਧੂ ਵਿਰੁੱਧ ਕਾਰਵਾਈ ਕਰਨ ਦੇ ਖੁੱਲ੍ਹੇਆਮ ਬਿਆਨ ਦਾਗ਼ ਰਹੇ ਹਨ। ਚੰਡੀਗੜ੍ਹ ਅਧਾਰਿਤ ਵਕੀਲਾਂ ਦੀ ਜਥੇਬੰਦੀ 'ਲਾਇਰਜ਼ ਫਾਰ ਹਿਊਮੈਨਟੀ' ਵੱਲੋਂ ਆਪਣੇ ਪ੍ਰਧਾਨ ਰਵਿੰਦਰ ਸਿੰਘ ਜੋਲੀ ਰਾਹੀਂ ਸਥਾਨਕ ਅਦਾਲਤ ਵਿਚ ਪਟੀਸ਼ਨ ਦਾਇਰ ਕਰਦਿਆਂ ਸਿੱਧੂ ਖ਼ਿਲਾਫ਼ ਭਾਰਤੀ ਦੰਡਾਵਲੀ ਦੀ ਧਾਰਾ 295ਏ ਤੇ 298 ਤਹਿਤ ਕੇਸ ਦਰਜ ਕਰ ਉਨ੍ਹਾਂ ਨੂੰ ਜਾਣਬੁੱਝ ਕੇ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਏ ਜਾਣ ਦੇ ਦੋਸ਼ਾਂ ਤਹਿਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

### ਨਿਮਾਣੇ ਸਿੱਖ ਵਜੋਂ ਪੇਸ਼ ਹੋ ਕੇ ਭੁੱਲ ਬਖ਼ਸ਼ਾਵਾਂਗੇ: ਸਿੱਧੂ

**ਅੰਮ੍ਰਿਤਸਰ:** ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਆਖਿਆ ਕਿ ਉਹ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬਾਨ ਵਿਚ ਪੂਰਾ ਵਿਸ਼ਵਾਸ ਰੱਖਦੇ ਹਨ ਤੇ ਸਿੱਖ ਹਨ। ਜੇ ਉਨ੍ਹਾਂ ਦੇ ਪਤੀ ਦੇ ਸ਼ਬਦਾਂ ਨਾਲ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਅਕਾਲ ਤਖ਼ਤ ਵੱਲੋਂ ਸੱਦੇ ਜਾਣ 'ਤੇ ਉਹ ਨਿਮਾਣੇ ਸਿੱਖ ਵਜੋਂ ਪੇਸ਼ ਹੋ ਕੇ ਭੁੱਲ ਬਖ਼ਸ਼ਾਉਣਗੇ। ਉਨ੍ਹਾਂ ਆਖਿਆ ਕਿ ਉਹ ਸਿੱਖ ਹਨ ਤੇ ਸਿੱਖ ਧਰਮ ਦਾ ਪੂਰਾ ਮਾਣ ਸਤਿਕਾਰ ਕਰਦੇ ਹਨ। ਜੇ ਕਿਤੇ ਬੋਲਦੇ ਸਮੇਂ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤਾਂ ਉਹ ਭੁੱਲ ਬਖ਼ਸ਼ਾਉਣ ਲਈ ਤਿਆਰ ਹਨ।

# ਸਰਕਾਰ ਨੂੰ ਖਰੀਦਿਆ ਝੋਨਾ ਵੀ ਸਾਂਭਣਾ ਔਖਾ ਹੋਇਆ

**ਜਲੰਧਰ:** ਸਰਕਾਰੀ ਵਿਭਾਗਾਂ ਦੀ ਨਲਾਇਕੀ ਕਾਰਨ ਇਸ ਸੀਜ਼ਨ ਖਰੀਦਿਆ ਝੋਨਾ ਅਜੇ ਵੀ ਖੁੱਲ੍ਹੇ ਆਸਮਾਨ ਥੱਲੇ ਰੁਲ ਰਿਹਾ ਹੈ। ਝੋਨੇ ਦੇ ਖਰਾਬ ਹੋਣ ਜਾਂ ਭਾਰ ਘਟਣ ਦੀ ਸਾਰੀ ਚੱਟੀ ਆੜ੍ਹਤੀਆਂ ਨੂੰ ਭਰਨੀ ਪਵੇਗੀ। ਸਰਕਾਰੀ ਅਧਿਕਾਰੀ ਭਾਵੇਂ ਕੰਮ ਮੁਕਾ ਕੇ ਵੇਹਲੇ ਹੋ ਗਏ ਹਨ ਪਰ ਗੱਲਾ ਮਜ਼ਦੂਰ ਤੇ ਆੜ੍ਹਤੀਏ ਝੋਨੇ ਦੀ ਰਾਖੀ ਬੈਠੇ ਹਨ। ਦੂਜੇ ਪਾਸੇ ਪੰਜਾਬ ਦੇ ਮੰਡੀਕਰਨ ਬੋਰਡ ਦੀਆਂ ਬੰਦ ਅੱਖਾਂ ਨੇ ਮੁਫ਼ਤ ਵਿਚ ਹੋਣ ਵਾਲੀ ਮਾਰਕੀਟ ਕਮੇਟੀ ਦੀ ਲੱਖਾਂ ਰੁਪਏ ਦੀ ਕਮਾਈ ਵੀ ਸੈਂਸਰ ਕੀਤੀ ਹੋਈ ਹੈ।

ਮਿਲੀ ਜਾਣਕਾਰੀ ਮੁਤਾਬਕ ਮਾਰਕੀਟ ਕਮੇਟੀ ਜਗਰਾਉਂ, ਸਿੱਧਵਾਂ ਬੇਟ ਤੇ ਹਠੂਰ ਅਧੀਨ ਆਉਂਦੀ ਅਨਾਜ ਮੰਡੀਆਂ ਵਿਚ ਝੋਨੇ ਦਾ ਸੀਜ਼ਨ ਖਤਮ ਹੋਣ ਦੇ ਬਾਵਜੂਦ ਦੋ ਲੱਖ ਤੋਂ ਵੱਧ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਖਰੀਦੀ ਬੋਰੀ ਲਿਫ਼ਟਿੰਗ ਨਾ ਹੋਣ ਕਾਰਨ ਖੁੱਲ੍ਹੇ ਅਸਮਾਨ ਹੇਠ ਰੁਲ ਰਹੀ ਹੈ, ਜੋ ਕਿ ਆੜ੍ਹਤੀਆਂ ਤੇ ਮਜ਼ਦੂਰ ਚੌਧਰੀਆਂ ਦੇ ਗਲੇ ਦੀ ਹੱਡੀ ਬਣ ਚੁੱਕੀ ਹਨ, ਕਿਉਂਕਿ ਮੰਡੀਕਰਨ ਬੋਰਡ ਦੇ ਨਿਯਮ ਅਨੁਸਾਰ ਸਰਕਾਰੀ ਏਜੰਸੀਆਂ ਵੱਲੋਂ ਖਰੀਦੇ ਝੋਨੇ ਨੂੰ ਨਹੀਂ ਚੁੱਕਿਆ ਗਿਆ, ਜਦੋਂ ਕਿ ਮੰਡੀ ਵਿਚੋਂ ਖਰੀਦੀ ਫ਼ਸਲ ਨੂੰ ਸਬੰਧਤ ਏਜੰਸੀ ਨੇ 48 ਘੰਟੇ ਦੇ ਅੰਦਰ-ਅੰਦਰ ਚੁੱਕਣਾ ਜ਼ਰੂਰੀ ਹੁੰਦਾ ਹੈ। ਜੇਕਰ ਉਕਤ ਸਮੇਂ ਵਿਚ ਮੰਡੀ ਵਿਚੋਂ ਲਿਫ਼ਟਿੰਗ ਨਹੀਂ ਹੁੰਦੀ ਤਾਂ ਪ੍ਰਤੀ ਦਿਨ ਸਬੰਧਤ ਏਜੰਸੀਆਂ ਨੂੰ ਪ੍ਰਤੀ ਬੋਰੀ ਦੇ ਹਿਸਾਬ ਨਾਲ ਮਾਰਕੀਟ ਕਮੇਟੀ ਨੂੰ ਜੁਰਮਾਨਾ (ਕਿਰਾਇਆ) ਦੇਣਾ ਪੈਂਦਾ ਹੈ ਪਰ ਦੂਜੇ ਪਾਸੇ

**ਮੰਡੀਆਂ ਵਿਚ ਆੜ੍ਹਤੀ ਕਰ ਰਹੇ ਨੇ ਝੋਨੇ ਦੀ ਰਾਖੀ**



ਮੰਡੀਆਂ ਵਿਚ 24-24 ਦਿਨ ਪਹਿਲਾਂ ਖਰੀਦੀਆਂ ਬੋਰੀਆਂ ਨੂੰ ਨਹੀਂ ਚੁੱਕਿਆ ਗਿਆ ਪਰ ਜਗਰਾਉਂ ਸਮੇਤ ਦੂਜੀਆਂ ਮਾਰਕੀਟ ਕਮੇਟੀਆਂ ਨੇ ਕਿਸੇ ਵੀ ਖਰੀਦ ਏਜੰਸੀ ਨੂੰ ਕੋਈ ਇਕ ਪੈਸੇ ਦਾ ਜੁਰਮਾਨਾ ਨਹੀਂ ਕੀਤਾ ਗਿਆ, ਜਿਸ ਨਾਲ ਰੋਜ਼ਾਨਾ ਮਾਰਕੀਟ ਕਮੇਟੀਆਂ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਦੂਜੇ ਪਾਸੇ ਮੰਡੀਆਂ ਵਿਚੋਂ ਸਹੀ ਸਮੇਂ ਦੌਰਾਨ ਲਿਫ਼ਟਿੰਗ ਦਾ ਹਰਜਾਨਾ ਆੜ੍ਹਤੀਆਂ ਤੇ ਗੱਲਾ ਮਜ਼ਦੂਰਾਂ ਨੂੰ ਭੁਗਤਣਾ ਪੈ ਰਿਹਾ ਹੈ, ਕਿਉਂਕਿ ਮੰਡੀਆਂ ਵਿਚ ਖੁੱਲ੍ਹੇ ਅਸਮਾਨ ਹੇਠ ਪਈਆਂ ਝੋਨੇ ਦੀਆਂ ਬੋਰੀਆਂ ਦਾ ਵਜ਼ਨ ਦੋ ਤੋਂ ਤਿੰਨ ਕਿੱਲੋ ਤੱਕ ਘਟ ਚੁੱਕਾ ਹੈ। ਖਰੀਦ ਦੌਰਾਨ ਸਰਕਾਰੀ ਏਜੰਸੀਆਂ ਵੱਲੋਂ 19 ਫ਼ੀਸਦੀ ਨਮੀ ਵਾਲੇ ਝੋਨੇ ਨੂੰ ਖਰੀਦਿਆ ਗਿਆ ਸੀ, ਜਿਸ ਦੀ ਨਮੀ ਹੁਣ 14 ਫ਼ੀਸਦੀ ਤੱਕ ਰਹਿ ਗਈ ਹੈ, ਜੋ ਕਿ ਆੜ੍ਹਤੀਆਂ ਤੇ ਮਜ਼ਦੂਰ ਚੌਧਰੀਆਂ ਦੇ ਜ਼ਿੰਮੇ ਪੈ ਗਈ।

ਸ਼ੈਲਰ ਮਾਲਕਾਂ ਵੱਲੋਂ ਪ੍ਰਤੀ ਟਰੱਕ ਆੜ੍ਹਤੀਆਂ ਕੋਲੋ ਸੱਤ ਤੋਂ 12 ਤੱਕ ਵਾਧੂ ਝੋਨੇ ਦੀਆਂ ਬੋਰੀਆਂ ਦੀ ਸ਼ਾਰਟੇਜ ਦੇ ਨਾਂ 'ਤੇ ਮੰਗ ਕੀਤੀ ਜਾ ਰਹੀ ਹੈ, ਜਿਸ ਦਾ ਆੜ੍ਹਤੀਆਂ ਤੇ ਸ਼ੈਲਰ ਵਾਲਿਆਂ ਵਿਚਕਾਰ ਟਕਰਾ ਚੱਲ ਰਿਹਾ ਹੈ। ਆੜ੍ਹਤੀਆਂ ਦੇ ਨਾਲ ਸਰਕਾਰੀ ਏਜੰਸੀਆਂ ਦੀ ਨਲਾਇਕੀ ਦਾ ਖਮਿਆਜ਼ਾ ਮਜ਼ਦੂਰਾਂ ਨੂੰ ਵੀ ਬਰਾਬਰ ਭੁਗਤਣਾ ਪੈ ਰਿਹਾ ਹੈ। ਸਭ ਤੋਂ ਅਹਿਮ ਕੇਂਦਰ ਸਰਕਾਰ ਵੱਲੋਂ ਝੋਨੇ ਦੇ ਖਰੀਦ ਵਾਲੀ ਪੰਜਾਬ ਦੀ ਰੋਕ ਰੱਖੀ 3100 ਕਰੋੜ ਦੀ ਅਦਾਇਗੀ ਵੀ ਜ਼ਿਆਦਾ ਡੇਢ ਮਹੀਨਾ ਮੰਡੀਆਂ ਵਿਚ ਮਜ਼ਦੂਰੀ ਕਰਨ ਵਾਲੇ ਗਰੀਬ ਮਜ਼ਦੂਰਾਂ ਦੀ ਦੱਸੀ ਜਾ ਰਹੀ ਹੈ।

ਅੰਕੜਿਆਂ ਅਨੁਸਾਰ ਏਸੀਆਂ ਦੀ ਦੂਜੀ ਅਨਾਜ ਮੰਡੀ ਜਗਰਾਉਂ, ਪੇਡੂ ਮੰਡੀ ਬੁਜਰਗ, ਲੋਧੀਵਾਲ, ਦੇਹੜਕਾ, ਰਸੂਲਪੁਰ, ਪੱਬੀਆਂ, ਭੈਣੀ ਅਰਾਈਆਂ, ਗਾਲਿਬ ਸਮੇਤ ਕਈ ਮੰਡੀਆਂ ਵਿਚ ਝੋਨੇ ਦੀਆਂ ਲੱਖਾਂ ਬੋਰੀਆਂ ਜਿਥੇ ਰੁਲਣ ਦੇ ਨਾਲ ਗਲ ਰਹੀਆਂ ਹਨ ਪਰ ਸੂਬੇ ਦੀਆਂ ਸਰਕਾਰੀ ਏਜੰਸੀਆਂ ਮੰਡੀਆਂ ਵਿਚੋਂ ਖਰੀਦੇ ਝੋਨੇ ਦੀਆ ਬੋਰੀਆਂ ਚੁੱਕਣ ਲਈ ਆਪੋ-ਆਪਣੇ ਵਿਭਾਗਾਂ ਦੀਆਂ ਰਾਹਦਾਰੀਆਂ ਉਡੀਕ ਰਹੀਆਂ ਹਨ। ਇਸ ਬਾਰੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸ਼ੈਲਰ ਦੀ ਅਲਾਟਮੈਂਟ ਅਨੁਸਾਰ ਜਿਨ੍ਹਾਂ ਮੰਡੀਆਂ ਵਿਚੋਂ ਸ਼ੈਲਰਾਂ ਨੂੰ ਝੋਨਾ ਲਾਉਣ ਦਾ ਹੁਕਮ ਸੀ, ਉਨ੍ਹਾਂ ਸ਼ੈਲਰਾਂ ਵਿਚ ਲੱਗ ਚੁੱਕਾ ਹੈ ਪਰ ਜੋ ਝੋਨਾ ਸ਼ੈਲਰਾਂ ਦੀ ਵੰਡ ਨਾਲੋਂ ਮੰਡੀਆਂ ਵਿਚੋਂ ਵੱਧ ਖਰੀਦਿਆ ਗਿਆ, ਉਹ ਮੰਡੀਆਂ ਵਿਚ ਪਿਆ ਹੈ, ਜੋ ਦੂਜੇ ਸਟੇਸ਼ਨਾਂ 'ਤੇ ਵਿਭਾਗ ਵੱਲੋਂ ਰਾਹਦਾਰੀਆਂ ਮਿਲਣ ਤੋਂ ਬਾਅਦ ਹੀ ਚੁੱਕਿਆ ਜਾਵੇਗਾ।

## ਹਰਸਿਮਰਤ ਨੇ ਚੋਣ ਖਰਚੇ ਦੱਸਣ ਲਈ ਹੋਰ ਸਮਾਂ ਮੰਗਿਆ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕੇਂਦਰੀ ਕੈਬਨਿਟ ਮੰਤਰੀ ਤੇ ਬਠਿੰਡਾ ਤੋਂ ਐਮ.ਪੀ. ਹਰਸਿਮਰਤ ਕੌਰ ਬਾਦਲ ਵੱਲੋਂ ਇਕ ਵਾਰ ਆਪਣੇ ਵਕੀਲਾਂ ਦੀ ਮਾਰਫ਼ਤ



ਆਪਣੇ 'ਤੇ ਲੱਗੇ ਲੋਕ ਪ੍ਰਤੀਨਿਧਤਾ ਐਕਟ ਦੀ ਉਲੰਘਣਾ ਤੇ ਚੋਣ ਖ਼ਰਚਿਆਂ ਦੀ ਹੱਦ ਟੱਪਣ ਬਾਰੇ ਦੋਸ਼ਾਂ 'ਤੇ ਆਪਣਾ ਜਵਾਬ ਦਾਇਰ ਕਰਨ ਹਿਤ ਹਾਈਕੋਰਟ ਕੋਲੋਂ 10 ਦਿਨਾਂ ਦੀ ਮੰਗ ਕੀਤੀ ਗਈ। ਜਸਟਿਸ ਮਹੇਸ਼ ਗਰੋਵਰ ਵਾਲੇ ਇਕਹਿਰੇ ਵਿਸ਼ੇਸ਼ ਚੋਣ ਬੈਂਚ ਵੱਲੋਂ ਬੀਬੀ ਹਰਸਿਮਰਤ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੋਹਨ ਲਾਲ ਸੱਗੜ ਦੀ ਅਪੀਲ ਨੂੰ ਪਟੀਸ਼ਨਰ ਧਿਰ ਦੀ ਰਜ਼ਾਮੰਦੀ ਨਾਲ ਮਨਜ਼ੂਰ ਕਰਦਿਆਂ ਕੇਸ ਦੀ ਸੁਣਵਾਈ ਆਉਂਦੀ 10 ਦਸੰਬਰ ਲਈ ਤੈਅ ਕਰ ਦਿੱਤੀ। ਸ੍ਰੀ ਸੱਗੜ ਨੇ ਦੱਸਿਆ ਕਿ ਹਰਸਿਮਰਤ ਵੱਲੋਂ ਹਾਈਕੋਰਟ ਨੂੰ ਦਿੱਤਾ ਜਾਣ ਵਾਲਾ ਜਵਾਬ ਤਕਰੀਬਨ ਤਿਆਰ ਹੈ ਪਰ ਐਨ ਵਿਚਾਲੇ ਸੰਸਦ ਦੇ ਸਰਦ ਰੁੱਤ ਇਜਲਾਸ ਦੇ ਰੁਝੇਵੇਂ ਆ ਜਾਣ ਕਾਰਨ ਮੁਕੰਮਲ ਰੂਪ ਨਹੀਂ ਦਿੱਤਾ ਸਕਿਆ। ਉਨ੍ਹਾਂ ਅਗਲੀ ਤਰੀਕ ਤਾਈਂ ਇਹ ਜਵਾਬ ਦਾਇਰ ਕੀਤਾ ਜਾ ਰਿਹਾ ਹੋਣ ਦਾ ਭਰੋਸਾ ਦਿੱਤਾ।

## ਜਾਅਲੀ ਮੁਖਤਾਰਨਾਮੇ 'ਤੇ ਪਰਵਾਸੀ ਭਾਰਤੀ ਦਾ ਮਕਾਨ ਵੇਚਿਆ

**ਤਰਨਤਾਰਨ:** ਪੁਲਿਸ ਨੇ ਇਕ ਪਰਵਾਸੀ ਭਾਰਤੀ ਨਾਲ ਧੋਖਾਧੜੀ ਦੇ ਦੋ ਮਾਮਲਿਆਂ ਵਿਚੋਂ ਅੱਠ ਜਣਿਆਂ ਖ਼ਿਲਾਫ਼ ਕਾਰਵਾਈ ਸ਼ੁਰੂ ਕੀਤੀ ਹੈ। ਮੁਲਜ਼ਮਾਂ ਵਿਚ ਚਾਰ ਔਰਤਾਂ ਸ਼ਾਮਲ ਹਨ। ਮੁਲਜ਼ਮਾਂ ਖ਼ਿਲਾਫ਼ ਇਹ ਸ਼ਿਕਾਇਤ ਉਨ੍ਹਾਂ ਦੇ ਆਪਣੇ ਹੀ ਇਕ ਰਿਸ਼ਤੇਦਾਰ ਹਰਭਜਨ ਸਿੰਘ ਨੇ ਦਰਜ ਕਰਵਾਈ ਸੀ। ਹਰਭਜਨ ਸਿੰਘ ਨੇ ਦੋਸ਼ ਲਾਇਆ ਕਿ ਮੁਲਜ਼ਮ ਨੇ ਇਕ ਜਾਅਲੀ ਮੁਖਤਾਰਨਾਮਾ ਤਿਆਰ ਕਰਕੇ ਉਸ ਦੇ ਪਲਾਟ ਵਿਚ ਬਣੇ ਮਕਾਨ ਨੂੰ ਅੱਗੇ ਵੇਚ ਦਿੱਤਾ।




ਹਰਭਜਨ ਸਿੰਘ, ਜੋ ਇਕ ਸੇਵਾਮੁਕਤ ਕਰਮਚਾਰੀ ਤੇ ਪਰਵਾਸੀ ਭਾਰਤੀ ਹੈ, ਨੂੰ ਮੁਲਜ਼ਮਾਂ ਖ਼ਿਲਾਫ਼ ਕਰਵਾਈ ਕਰਾਉਣ ਲਈ ਤਕਰੀਬਨ ਚਾਰ ਸਾਲਾਂ ਦਾ ਸਮਾ ਲੱਗ ਗਿਆ। ਉਸ ਨੇ ਦੋਸ਼ ਲਾਇਆ ਕਿ ਪੁਲਿਸ ਦੇ ਇਕ ਅਧਿਕਾਰੀ ਨੇ ਮੁਲਜ਼ਮਾਂ ਨਾਲ ਮਿਲੀਭੁਗਤ ਕਰਕੇ ਉਨ੍ਹਾਂ ਨੂੰ ਨਿਆਂ ਲੈਣ ਵਿਚ ਰੁਕਾਵਟਾਂ ਖੜ੍ਹੀਆਂ ਕੀਤੀਆਂ। ਸਿਟੀ ਪੁਲਿਸ ਨੇ ਪਿੰਡ ਭੈਣੀ ਮੀਆਂਪੁਰ (ਗੁਰਦਾਸਪੁਰ) ਵਾਸੀ ਸਤਵੰਤ ਕੌਰ ਤੋਂ ਇਲਾਵਾ ਇਥੋਂ ਨਜ਼ਦੀਕੀ ਪਿੰਡ ਬਦੜੇ ਦੇ ਵਾਸੀ ਬੂਟਾ ਸਿੰਘ, ਉਸ ਦੇ ਲੜਕੇ ਨਿਰਵੈਲ ਤੇ ਸੁਬੇਗ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਦੂਜੇ ਮਾਮਲੇ 'ਚ ਥਾਣਾ ਸਿਟੀ ਦੀ ਪੁਲਿਸ ਨੇ ਪਿੰਡ ਰੂੜੇਆਸਲ ਦੀ ਭਜਨ ਕੌਰ ਤੋਂ ਇਲਾਵਾ ਉਸ ਦੀਆਂ ਦੋ ਲੜਕੀਆਂ ਗੁਰਮੀਤ ਕੌਰ ਤੇ ਇੰਦਰਜੀਤ ਕੌਰ ਤੇ ਲੜਕੇ ਗੁਲਜ਼ਾਰ ਸਿੰਘ ਵਿਰੁੱਧ ਕੇਸ ਦਰਜ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮਾਂ ਨੇ ਆਪਣੀ ਝਗੜੇ ਵਾਲੀ ਜ਼ਮੀਨ ਵੇਚਣ ਲਈ ਰਾਮਪੁਰ ਝੀਤੇ ਪਿੰਡ ਦੇ ਵਾਸੀ ਅਮਰ ਸਿੰਘ ਨਾਲ ਸੌਦਾ ਕੀਤਾ, ਜਿਸ ਤਹਿਤ ਉਨ੍ਹਾਂ ਉਸ ਪਾਸੋਂ ਤਿੰਨ ਸਾਲ ਪਹਿਲਾਂ ਪੰਜ ਲੱਖ ਰੁਪਏ ਪੇਸ਼ਗੀ ਵਜੋਂ ਲਏ ਪਰ ਜਦੋਂ ਅਮਰ ਸਿੰਘ ਨੂੰ ਜ਼ਮੀਨ ਦੇ ਝਗੜੇ (ਵਿਵਾਦ) ਬਾਰੇ ਜਾਣਕਾਰੀ ਮਿਲੀ ਤਾਂ ਉਸ ਨੇ ਦਿੱਤੀ ਰਕਮ ਵਾਪਸ ਲੈਣ ਲਈ ਦਬਾਅ ਪਾਇਆ ਪਰ ਮੁਲਜ਼ਮ ਨੇ ਰਕਮ ਨਾ ਮੋੜੀ।

## ਪੰਜਾਬੀਆਂ ਨੂੰ ਵੀ ਮੋਟਾਪੇ ਨੇ ਘੇਰਾ ਪਾਇਆ

**ਚੰਡੀਗੜ੍ਹ:** ਵਧੇਰੇ ਮਿਹਨਤ ਸਦਕਾ ਸਰੀਰਕ ਤੌਰ 'ਤੇ ਫਿੱਟ ਰਹਿਣ ਵਾਲੇ ਪੰਜਾਬੀ ਵੀ ਹੁਣ ਮੋਟਾਪੇ ਦਾ ਸ਼ਿਕਾਰ ਹੋਣ ਲੱਗੇ ਹਨ। ਮੋਟਾਪੇ ਬਾਰੇ ਹਾਲ ਹੀ ਵਿਚ ਛਪੀ ਇਕ ਰਿਪੋਰਟ ਵਿਚ ਪੰਜਾਬ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਜਿਸ ਬਾਰੇ ਅੰਕੜੇ ਹੈਰਾਨੀਜਨਕ ਹਨ। ਰਾਸ਼ਟਰੀ ਸਿਹਤ ਤੇ ਪਰਿਵਾਰ ਸਰਵੇਖਣ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ 30.3 ਫੀਸਦੀ ਪੁਰਸ਼ ਤੇ 37.5 ਫੀਸਦੀ ਔਰਤਾਂ ਮੋਟਾਪੇ ਦਾ ਸ਼ਿਕਾਰ ਹਨ ਤੇ ਪੰਜਾਬ ਵਿਚ ਨੌਜਵਾਨ ਤੇ ਬੱਚੇ ਵੀ ਇਸ ਬਿਮਾਰੀ ਦੀ ਜਕੜ ਵਿਚ ਆ ਰਹੇ ਹਨ। ਕੁਪੋਸ਼ਣ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਦੇਸ਼ ਵਿਚ ਕਾਫ਼ੀ ਵੱਡੀ ਦੱਸੀ ਜਾਂਦੀ ਹੈ ਪਰ ਫਿਰ ਵੀ ਭਾਰਤੀ ਲਗਾਤਾਰ ਜ਼ਿਆਦਾ ਭਾਰ, ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ ਤੇ ਇਸ ਦੇ ਮਾੜੇ ਪ੍ਰਭਾਵ ਨੂੰ ਵੀ ਝੱਲ ਰਹੇ ਹਨ।

ਅੰਕੜਿਆਂ ਮੁਤਾਬਕ ਪੰਜਾਬ ਵਿਚ ਕਾਫ਼ੀ ਜ਼ਿਆਦਾ ਭਾਰ ਤੇ ਮੋਟਾਪੇ ਦਾ ਸ਼ਿਕਾਰ ਮਹਿਲਾਵਾਂ ਦੀ ਗਿਣਤੀ ਔਸਤ 30 ਫ਼ੀਸਦੀ ਤੋਂ ਵੀ ਜ਼ਿਆਦਾ ਹੈ। ਪੇਂਡੂ ਖੇਤਰਾਂ ਦੀਆਂ ਔਰਤਾਂ ਨਾਲੋਂ ਸ਼ਹਿਰੀ ਖੇਤਰਾਂ ਦੀਆਂ ਔਰਤਾਂ ਵਿਚ ਮੋਟਾਪਾ ਜ਼ਿਆਦਾ ਪਾਇਆ ਜਾ ਰਿਹਾ ਹੈ। ਰਿਪੋਰਟ ਮੁਤਾਬਕ ਭਾਰਤ



ਦੁਨੀਆ ਵਿਚ ਮੋਟਾਪੇ ਦਾ ਸ਼ਿਕਾਰ ਤੀਜਾ ਸਭ ਤੋਂ ਵੱਡਾ ਦੇਸ਼ ਹੈ ਤੇ ਇਹ ਸਿਰਫ਼ ਅਮਰੀਕਾ ਤੇ ਚੀਨ ਤੋਂ ਹੀ ਪਿੱਛੇ ਹੈ। ਭਾਰਤ ਵਿਚ ਮੋਟਾਪੇ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ ਤੇ ਅਜਿਹੇ ਦੇਸ਼ ਲਈ ਇਹ ਹੋਰ ਵੀ ਹੈਰਾਨੀਜਨਕ ਹੈ ਜਿਸ ਵਿਚ 27 ਕਰੋੜ ਤੋਂ ਜ਼ਿਆਦਾ ਲੋਕ ਹੁਣ ਵੀ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ ਪਰ ਦੇਸ਼ ਮੋਟਾਪੇ ਦੇ ਮਾਮਲੇ ਵਿਚ ਨਿਰੰਤਰ ਤਰੱਕੀ ਕਰ ਰਿਹਾ ਹੈ। ਡਾ. ਐਨ.ਐਮ. ਗੁਪਤਾ, ਪ੍ਰਿੰਸੀਪਲ ਕੰਸਲਟੈਂਟ ਮੈਕਸ ਹਸਪਤਾਲ ਦਾ ਕਹਿਣਾ ਹੈ ਕਿ ਲੋਕਾਂ ਦੀ ਨਿਰੰਤਰ ਬਦਲ ਰਹੀ ਜੀਵਨ ਸ਼ੈਲੀ ਕਾਰਨ ਵੱਡੀ ਗਿਣਤੀ ਵਿਚ ਲੋਕ ਵੱਧ ਭਾਰ ਤੇ ਮੋਟਾਪੇ ਦੇ ਸ਼ਿਕਾਰ ਹੋ ਰਹੇ ਹਨ ਜਿਸ ਮਗਰੋਂ ਉਹ ਹੋਰ ਵੀ ਗੰਭੀਰ ਬਿਮਾਰੀਆਂ ਦੀ ਜਕੜ ਵਿਚ ਆ ਜਾਂਦੇ ਹਨ। ਨੌਜਵਾਨਾਂ ਵਿਚ ਵੀ ਹੁਣ ਮੋਟਾਪੇ ਦੇ ਕਾਰਨ ਹੀ ਜੋੜਾਂ ਦਾ ਦਰਦ ਤੇ ਗੋਡਿਆਂ ਵਿਚ ਦਰਦ ਦੀ ਸ਼ਿਕਾਇਤ ਹੋਣ ਲੱਗੀ ਹੈ ਤੇ ਸਰੀਰ ਦਾ ਵਾਧੂ ਭਾਰ ਸਿਹਤ ਬਾਰੇ ਕਈ ਸਮੱਸਿਆਵਾਂ ਨੂੰ ਸੱਦਾ ਦਿੰਦਾ ਹੈ, ਜਿਨ੍ਹਾਂ ਵਿਚ ਬੀ.ਪੀ., ਸ਼ੂਗਰ, ਕਾਰਡਿਓਵਸਕੂਰਲਰ ਖ਼ਤਰੇ ਤੇ ਗਠੀਆ ਆਦਿ ਪ੍ਰਮੁੱਖ ਰੋਗ ਵੀ ਸ਼ਾਮਲ ਹਨ। ਸ਼ਹਿਰੀ ਖੇਤਰ ਵਿਚ ਮੋਟਾਪੇ ਦੀ ਮੌਜੂਦਗੀ ਕਾਫ਼ੀ ਜ਼ਿਆਦਾ ਹੈ ਤੇ ਪੁਰਸ਼ਾਂ ਦੇ ਮੁਕਾਬਲੇ ਮਹਿਲਾਵਾਂ ਇਸ ਨਾਲ ਕਾਫ਼ੀ ਜ਼ਿਆਦਾ ਪ੍ਰਭਾਵਿਤ ਹਨ। ਦੇਸ਼ ਭਰ ਦੇ ਚੋਟੀ ਦੇ 25 ਸਾਇੰਸਦਾਨਾ ਵੱਲੋਂ ਕੀਤੇ ਸਰਵੇਖਣ ਵਿਚ ਸਾਹਮਣੇ ਆਇਆ ਹੈ ਕੀ ਮੋਟਾਪੇ ਦਾ ਸਭ ਤੋ ਵੱਡਾ ਕਰਨ ਜੀਵਨ ਸ਼ੈਲੀ ਵਿਚ ਵੱਡੀ ਤਬਦੀਲੀ ਹੈ ਤੇ ਪਿਛਲੇ ਤਕਰੀਬਨ 11 ਸਾਲਾਂ ਦੌਰਾਨ ਇਲੈਕਟ੍ਰਾਨਿਕ ਉਪਕਰਨਾਂ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਵਿਚ 80 ਫ਼ੀਸਦੀ ਤੋਂ ਜ਼ਿਆਦਾ ਵਾਧਾ ਦਰਜ ਕੀਤਾ ਹੈ। ਮੋਟਾਪੇ ਨੂੰ ਮੁਸ਼ਲੇ ਪੱਧਰ ਤੇ ਜੰਕ ਫੂਡ ਤੇ ਇਲੈਕਟ੍ਰਾਨਿਕ ਉਪਕਰਨਾਂ ਦੀ ਵਰਤੋਂ ਘਟਾਉਣ ਤੇ ਸਰੀਰਕ ਗਤੀਵਿਧੀਆਂ ਵਧਾਉਣ ਨਾਲ ਕਾਬੂ ਕੀਤਾ ਜਾ ਸਕਦਾ ਹੈ।

## ਪਾਵਰਕਾਮ ਵਲੋਂ ਹੁਣ ਵਾਧੂ ਬਿਜਲੀ ਵੇਚਣ ਲਈ ਹਾੜ੍ਹੇ

**ਪਟਿਆਲਾ:** ਪਾਵਰਕਾਮ ਵੱਲੋਂ ਵਾਧੂ ਬਿਜਲੀ ਬਾਹਰ ਵੇਚਣ ਲਈ ਹੁਣ ਤਰਲੇ ਲਏ ਜਾ ਰਹੇ ਹਨ ਪਰ ਓਪਨ ਮੰਡੀ ਵਿਚੋਂ ਗਾਹਕ ਨਹੀਂ ਲੱਭ ਰਿਹਾ। ਪਾਵਰਕਾਮ ਨੇ ਵਾਧੂ ਬਿਜਲੀ ਵੇਚਣ ਵਾਸਤੇ ਪਿਛਲੇ ਮਹੀਨੇ ਟੈਂਡਰ ਮੰਗੇ ਸਨ ਪਰ ਕੋਈ ਰਾਜ ਖਰੀਦਣ ਲਈ ਅੱਗੇ ਨਹੀਂ ਆਇਆ। ਦੱਸਣਯੋਗ ਹੈ ਕਿ ਸਰਦੀ ਵਿਚ ਹਿਮਾਚਲ ਪ੍ਰਦੇਸ਼, ਉੱਤਰਾਖੰਡ ਤੇ ਜੰਮੂ ਕਸ਼ਮੀਰ ਸਮੇਤ ਕੁਝ ਹੋਰ ਰਾਜਾਂ ਨੂੰ ਬਿਜਲੀ ਦੀ ਕਾਫ਼ੀ ਲੋੜ ਰਹਿੰਦੀ ਹੈ। ਪਾਵਰਕਾਮ ਨੂੰ ਆਸ ਸੀ ਕਿ ਕੋਈ ਪਹਾੜੀ ਰਾਜ ਬਿਜਲੀ ਦਾ ਗਾਹਕ ਬਣ ਜਾਵੇਗਾ ਪਰ ਟੈਂਡਰਾਂ ਵਿਚ ਕੋਈ ਧਿਰ ਨਹੀਂ ਨਿੱਤਰੀ।

ਪਾਵਰਕਾਮ ਦੇ ਡਾਇਰੈਕਟਰ (ਵੰਡ) ਇੰਜ. ਕੇ.ਐਲ. ਸ਼ਰਮਾ ਮੁਤਾਬਕ ਬਿਜਲੀ ਦੀ ਖਰੀਦ ਵਾਸਤੇ ਮੁੜ ਟੈਂਡਰ ਕੱਢਣ ਬਾਰੇ ਵਿਚਾਰ ਕਰਨ ਲੱਗਿਆ ਹੈ। ਪਾਵਰਕਾਮ ਨੇ 800 ਤੋਂ ਲੈਕੇ 1200 ਮੈਗਾਵਾਟ ਰੋਜ਼ਾਨਾ ਬਿਜਲੀ ਵੇਚਣ ਲਈ ਟੈਂਡਰ ਲਾਏ ਸਨ ਪਰ ਹੁਣ ਨਵੇਂ ਸਮੀਕਰਨ ਤਹਿਮ ਪਾਵਰਕੌਮ 1500 ਮੈਗਾਵਾਟ ਤੋਂ ਵੀ ਵੱਧ ਬਿਜਲੀ ਵੇਚਣ ਦੀ ਹੈਸੀਅਤ ਵਿਚ ਹੈ।

ਪਾਵਰਕਾਮ ਆਪਣੇ ਥਰਮਲ ਪਲਾਂਟ ਤੋਂ ਤਕਰੀਬਨ 181 ਲੱਖ ਯੂਨਿਟ ਬਿਜਲੀ ਉਤਪਾਦਨ



ਕਰ ਰਿਹਾ ਹੈ ਜਦਕਿ ਹਾਈਡਲ ਵੱਲੋਂ 80 ਲੱਖ ਯੂਨਿਟ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਂਜ ਕੇਂਦਰੀ ਸੈਕਟਰ ਅਲਾਟਮੈਂਟ ਤਹਿਤ ਪਾਵਰਕੌਮ 478 ਲੱਖ ਯੂਨਿਟ ਦੀ ਖਰੀਦ ਵੀ ਕਰ ਰਿਹਾ ਹੈ ਪਰ ਇਹ ਖਰੀਦ ਪਾਵਰਕਾਮ ਨੂੰ ਬੜੀ ਸਸਤੀ ਪੈ ਰਹੀ ਹੈ ਤੇ ਕੇਂਦਰੀ ਸਮਝੌਤੇ ਦੀ ਮੱਦ ਹੇਠ ਲੰਬੀ ਅਵਧੀ ਵਾਲੀ ਇਹ ਬਿਜਲੀ ਖਰੀਦਣੀ ਹੀ ਪੈਣੀ ਹੈ। ਦੂਜੇ ਪਾਸੇ ਪਾਵਰਕਾਮ ਵੱਲੋਂ ਤਕਰੀਬਨ 112 ਲੱਖ ਯੂਨਿਟ ਬਿਜਲੀ ਬੈਂਕਿੰਗ ਖੇਤਰ ਵਿਚ ਡਿਪਾਜ਼ਿਟ ਵੀ ਕਰਵਾਈ ਜਾ ਰਹੀ ਹੈ। ਪਾਵਰਕਾਮ ਦੇ ਡਾਇਰੈਕਟਰ (ਵੰਡ) ਇੰਜੀ. ਕੇ.ਐਲ. ਸ਼ਰਮਾ ਨੇ ਦੱਸਿਆ ਕਿ ਮੰਗ ਘਟਣ ਕਾਰਨ ਪਾਵਰਕਾਮ ਨੇ ਆਪਣੇ ਥਰਮਲ ਦੇ ਵਧੇਰੇ ਯੂਨਿਟਾਂ ਨੂੰ ਬੰਦ ਕੀਤਾ ਹੋਇਆ ਹੈ।

### ਬਿਜਲੀ ਘਾਟਾ 3500 ਕਰੋੜ ਤੱਕ ਪੁੱਜਾ

**ਜਲੰਧਰ:** ਮਹਿੰਗੀ ਬਿਜਲੀ ਦੀ ਖ਼ਰੀਦ ਤੇ ਹੋਰ ਖ਼ਰਚਿਆਂ ਕਰ ਕੇ ਪਾਵਰਕਾਮ ਨੂੰ 2013-14 ਵਿਚ 3500 ਕਰੋੜ ਦਾ ਘਾਟਾ ਪਿਆ। ਪਾਵਰਕਾਮ ਨੇ ਇਹ ਘਾਟਾ ਪੂਰਾ ਕਰਨ ਲਈ ਅਗਲੇ ਸਾਲ ਬਿਜਲੀ ਦਰਾਂ ਵਿਚ ਵਾਧੇ ਵਾਲੀ ਪਟੀਸ਼ਨ ਤਿਆਰ ਕਰ ਲਈ ਹੈ। ਅਗਲੇ ਸਾਲ ਪਹਿਲੀ ਅਪਰੈਲ ਤੋਂ ਬਿਜਲੀ ਦਰਾਂ ਵਿਚ ਵਾਧਾ ਕਰਨ ਲਈ ਪਾਵਰਕਾਮ ਨੂੰ ਪਟੀਸ਼ਨ ਦਾਖਲ ਕਰਨੀ ਪੈਂਦੀ ਹੈ ਤੇ ਕਮਿਸ਼ਨ ਇਸ ਪ੍ਰਕਿਰਿਆ ਦੇ ਦਾਖਲ ਹੋਣ ਤੋਂ ਬਾਅਦ ਬਿਜਲੀ ਦਰਾਂ ਵਧਾਉਣ ਦੇ ਮਾਮਲੇ ਵਿਚ ਪ੍ਰਕਿਰਿਆ ਸ਼ੁਰੂ ਕਰਦਾ ਹੈ। ਇਸ ਵਿਚ ਲੋਕਾਂ ਦੇ ਸੁਝਾਅ ਵੀ ਲੈਣੇ ਹੁੰਦੇ ਹਨ ਅਤੇ 31 ਮਾਰਚ ਤੱਕ ਬਿਜਲੀ ਦਰਾਂ ਵਧਾਉਣ ਦੀ ਪਾਵਰਕਾਮ ਨੂੰ ਮਨਜ਼ੂਰੀ ਦੇਣੀ ਹੁੰਦੀ ਹੈ। ਪਾਵਰਕਾਮ ਨੇ 3500 ਕਰੋੜ ਦਾ ਘਾਟਾ ਦਿਖਾਇਆ ਹੈ। ਇਸ ਹਿਸਾਬ ਨਾਲ ਬਿਜਲੀ ਦਰਾਂ 20 ਫ਼ੀਸਦੀ ਤੋਂ ਜ਼ਿਆਦਾ ਵਧਾਉਣ ਦੀ ਮੰਗ ਕੀਤੀ ਜਾ ਸਕਦੀ ਹੈ।

## ਨਸ਼ਾ ਤਸਕਰੀ ਦੇ ਦੋਸ਼ ਵਿਚ ਯੂਥ ਅਕਾਲੀ ਆਗੂ ਸਣੇ ਦੋ ਨੂੰ ਕੈਦ

**ਅੰਮ੍ਰਿਤਸਰ:** ਜਲੰਧਰ ਨਾਲ ਸਬੰਧਤ ਤੇ ਯੂਥ ਅਕਾਲੀ ਦਲ ਦੇ ਇਕ ਸਾਬਕਾ ਆਗੂ ਸਮੇਤ ਦੋ ਨੂੰ ਹੈਰੋਇਨ ਦੀ ਤਸਕਰੀ ਦੇ ਇਕ ਚਰਚਿਤ ਮਾਮਲੇ ਵਿਚ ਇਥੇ ਅਦਾਲਤ ਵੱਲੋਂ 12-12 ਸਾਲ ਕੈਦ ਤੇ ਇਕ-ਇਕ ਲੱਖ ਰੁਪਿਆ ਜੁਰਮਾਨਾ ਕੀਤਾ ਗਿਆ।

ਯਾਦ ਰਹੇ ਕਿ ਇਹ ਮਾਮਲਾ 2008 ਦਾ ਹੈ, ਜਦੋਂ ਕਿ ਡਾਇਰੈਕਟੋਰੇਟ ਆਫ਼ ਰੈਵਿਨਿਊ ਇੰਟੈਲੀਜੈਂਸ ਦੀ ਟੀਮ ਨੇ ਸਥਾਨਕ ਮੀਰਾਂਕੋਟ ਚੌਕ ਨੇੜਿਓਂ ਸਾਢੇ 22 ਕਿਲੋਗ੍ਰਾਮ ਹੈਰੋਇਨ ਸਮੇਤ ਉਕਤ ਦੋਹਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਸ਼ਨਾਖਤ ਪ੍ਰਸ਼ੋਤਮ ਲਾਲ ਸੋਧੀ ਵਾਸੀ ਅਰਜਨ ਨਗਰ, ਸੁਰਿੰਦਰ ਸਿੰਘ ਉਰਫ਼ ਬਿੱਟੂ ਵਾਸੀ ਪਿੰਡ ਸੰਨੀ ਦੋਵੇਂ ਜਿਲ੍ਹਾ ਜਲੰਧਰ ਵਜੋਂ ਹੋਈ ਸੀ। ਉਕਤ ਵਿਅਕਤੀਆਂ ਵਿਚੋਂ ਇਕ ਅਕਾਲੀ ਦਲ ਦਾ ਆਗੂ ਵੀ ਰਹਿ ਚੁੱਕਾ ਹੈ।

# ਗੁਰਬਖਸ਼ ਸਿੰਘ ਦੇ ਘੋਲ ਬਾਰੇ ਸ਼੍ਰੋਮਣੀ ਕਮੇਟੀ ਨੇ ਵੀ ਰੁਖ ਬਦਲਿਆ

**ਚੰਡੀਗੜ੍ਹ:** ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਬੈਠੇ ਭਾਈ ਗੁਰਬਖ਼ਸ਼ ਸਿੰਘ ਨੂੰ ਗੈਰ ਸਿੱਖ ਜਥੇਬੰਦੀਆਂ ਦੀ ਹਮਾਇਤ ਮਿਲਣ ਪਿੱਛੋਂ ਸ਼੍ਰੋਮਣੀ ਕਮੇਟੀ ਨੇ ਵੀ ਆਪਣਾ ਰੁਖ਼ ਬਦਲ ਲਿਆ ਹੈ। ਸ਼੍ਰੋਮਣੀ ਕਮੇਟੀ ਨੇ ਗੁਰਬਖ਼ਸ਼ ਸਿੰਘ ਨੂੰ ਪੰਜਾਬ ਦੇ ਕਿਸੇ ਵੀ ਗੁਰਦੁਆਰੇ ਵਿਚ ਭੁੱਖ ਹੜਤਾਲ 'ਤੇ ਬੈਠਣ ਦੀ ਇਜਾਜ਼ਤ ਹੀ ਨਹੀਂ ਦਿੱਤੀ ਪਰ ਹੁਣ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਹੈ ਕਿ ਮਸਲੇ ਦੇ ਹੱਲ ਲਈ ਕੇਂਦਰ ਸਰਕਾਰ ਕੋਲ ਪਹੁੰਚ ਕੀਤੀ ਜਾ ਰਹੀ ਹੈ। ਉਧਰ ਭਾਜਪਾ ਵੱਲੋਂ ਗੁਰਬਖਸ਼ ਸਿੰਘ ਦੇ ਸੰਘਰਸ਼ ਨੂੰ ਖੁੱਲੀ ਹਮਾਇਤ ਪਿੱਛੋਂ ਅਕਾਲੀ ਅਜੇ ਦੁਬਿਧਾ ਵਿਚ ਹਨ।

ਭਾਜਪਾ ਦੀ ਸੱਤਾ ਵਾਲੇ ਹਰਿਆਣਾ ਸੂਬੇ ਵਿਚ ਇਸ ਸਿੱਖ ਆਗੂ ਦਾ ਰੋਸ ਪ੍ਰਦਰਸ਼ਨ ਪਿਛਲੇ ਕਈ ਦਿਨਾਂ ਤੋਂ ਚੱਲ ਰਿਹਾ ਹੈ। ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਕਮਲ ਸ਼ਰਮਾ ਭੁੱਖ ਹੜਤਾਲੀ ਸਿੱਖ ਆਗੂ ਨੂੰ ਮਿਲ ਚੁੱਕੇ ਹਨ। ਉਸ ਤੋਂ ਬਾਅਦ ਭਾਜਪਾ ਦੇ ਇਕ ਹੋਰ ਆਗੂ ਸੁਖਮਿੰਦਰ ਗਰੇਵਾਲ ਨੇ ਵੀ ਇਸ ਸਿੱਖ ਆਗੂ ਨਾਲ ਮੁਲਾਕਾਤ ਕੀਤੀ। ਸੂਤਰਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸਿੱਖ ਆਗੂ ਨੂੰ ਪੰਜਾਬ ਦੇ ਕਿਸੇ ਗੁਰਦੁਆਰੇ ਵਿਚ ਭੁੱਖ ਹੜਤਾਲ 'ਤੇ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਸੀ, ਕਿਉਂਕਿ ਸੂਬਾ ਸਰਕਾਰ ਨੂੰ ਪੰਜਾਬ ਪੁਲਿਸ ਦੇ ਸੀਆਈਡੀ ਵਿੰਗ ਨੇ ਭੁੱਖ ਹੜਤਾਲ ਕਾਰਨ ਇਸ ਸਿੱਖ ਆਗੂ ਦੀ ਹਾਲਤ ਖ਼ਰਾਬ ਹੋਣ ਦੀ ਚੇਤਾਵਨੀ ਦਿੱਤੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਦਾ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਿਸੇ ਆਗੂ ਨੂੰ ਭਾਈ ਗੁਰਬਖ਼ਸ਼ ਸਿੰਘ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ। ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੰਦੀ ਸਿੱਖਾਂ ਦੀ ਰਿਹਾਈ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਭੇਜਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਉਮੀਦ ਪ੍ਰਗਟਾਈ ਕਿ ਛੇਤੀ ਹੀ ਦੇਸ਼ ਦੀ ਸਰਕਾਰ ਇਸ ਪਾਸੇ ਕੋਈ ਸਾਰਥਕ ਕਦਮ ਚੁੱਕੇਗੀ। ਇਸ ਮੌਕੇ ਉਨ੍ਹਾਂ ਨਾਲ ਆਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਤੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਵੀ ਹਾਜ਼ਰ ਸਨ।

ਭਾਜਪਾ ਦੀ ਹਮਾਇਤ ਪਿੱਛੋਂ ਅਕਾਲੀ ਜਕੋ-ਤਕੀ ਵਿਚ



ਜਥੇਦਾਰ ਮੱਕੜ ਨੇ ਕਿਹਾ ਕਿ ਬੇਸ਼ੱਕ ਭਾਈ ਗੁਰਬਖ਼ਸ਼ ਸਿੰਘ ਖਾਲਸਾ ਨੇ ਭੁੱਖ ਹੜਤਾਲ ਸ਼ੁਰੂ ਕੀਤੀ ਹੋਈ ਹੈ ਪਰ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਵੇਲੇ ਸਿੱਖ ਕੌਮ ਦੇ ਮਸਲਿਆਂ ਪ੍ਰਤੀ ਪੂਰੀ ਗੰਭੀਰ ਰਹਿੰਦੀ ਹੈ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਯੂਪੀਏ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲ ਵੀ ਇਹ ਮਸਲਾ ਚੁੱਕਿਆ ਗਿਆ ਸੀ ਤੇ ਹੁਣ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਵੀ ਪੱਤਰ ਭੇਜ ਕੇ ਬੇਨਤੀ ਕੀਤੀ ਹੈ ਕਿ ਜੋ ਬੰਦੀ ਸਿੱਖ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਨ੍ਹਾਂ ਨੂੰ ਬਿਨਾਂ ਦੇਰੀ ਰਿਹਾਅ ਕੀਤਾ ਜਾਵੇ। ਭੁੱਖ ਹੜਤਾਲ ਉੱਪਰ ਬੈਠੇ ਭਾਈ ਗੁਰਬਖਸ਼ ਸਿੰਘ ਖ਼ਾਲਸਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਸੱਤ ਸਿੰਘਾਂ ਦੀ ਰਿਹਾਈ ਲਈ ਆਵਾਜ਼ ਉਠਾ ਰਹੇ ਹਨ, ਜਿਨ੍ਹਾਂ ਨੂੰ ਪੂਰੀ ਉਮਰ ਕੈਦ ਕੱਟਣ ਤੋਂ ਬਾਅਦ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਵੱਲੋਂ ਦੱਸੀ ਗਈ ਸੂਚੀ ਵਿਚਲੇ ਸੱਤ ਵਿਅਕਤੀਆਂ ਵਿਚੋਂ ਗੁਰਮੀਤ ਸਿੰਘ, ਲਖਵਿੰਦਰ ਸਿੰਘ ਤੇ ਸ਼ਮਸ਼ੇਰ ਸਿੰਘ ਇਸ ਵੇਲੇ ਬੁੜੈਲ ਜੇਲ੍ਹ ਚੰਡੀਗੜ੍ਹ ਵਿਚ ਬੰਦ ਹਨ, ਜਦਕਿ ਲਾਲ ਸਿੰਘ ਨੂੰ ਅਹਿਮਦਾਬਾਦ ਵਿਚ ਉਮਰ ਕੈਦ ਦੀ ਸਜ਼ਾ ਹੋਈ ਸੀ ਤੇ ਉਹ ਇਸ ਵੇਲੇ ਨਾਭਾ ਜੇਲ੍ਹ ਵਿਚ ਬੰਦ ਹੈ। ਇਸੇ ਤਰ੍ਹਾਂ ਵਰਿਆਮ ਸਿੰਘ ਉੱਤਰ ਪ੍ਰਦੇਸ਼ ਦੀ ਬਰੇਲੀ ਜੇਲ੍ਹ ਵਿਚ 1990 ਤੋਂ ਬੰਦ ਹਨ। 1990 ਤੋਂ ਹੀ ਗੁਰਦੀਪ ਸਿੰਘ ਕਰਨਾਟਕ ਦੀ ਗੁਲਬਰਗ ਜੇਲ੍ਹ ਵਿਚ ਹਨ। ਪ੍ਰੋ. ਦੇਵਿੰਦਰਪਾਲ ਸਿੰਘ ਭੁੱਲਰ ਇਸ ਸਮੇਂ ਤਿਹਾੜ ਜੇਲ੍ਹ ਦਿੱਲੀ ਵਿਚ ਹਨ। ਪ੍ਰੋ. ਭੁੱਲਰ ਨੂੰ ਦਿੱਲੀ ਦੀ ਇਕ ਅਦਾਲਤ ਨੇ ਸਜ਼ਾ ਸੁਣਾਈ ਸੀ। ਭਾਈ ਖ਼ਾਲਸਾ ਦਾ ਕਹਿਣਾ ਹੈ ਕਿ ਇਹ ਸਾਰੇ ਵਿਅਕਤੀ ਆਪਣੀ ਬਣਦੀ ਉਮਰ ਕੈਦ ਦੀ ਸਜ਼ਾ ਪਹਿਲਾਂ ਹੀ ਕੱਟ ਚੁੱਕੇ ਹਨ ਪਰ ਸਰਕਾਰਾਂ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀਆਂ।

## ਬੰਦੀਆਂ ਦੀ ਰਿਹਾਈ ਲਈ ਆਸਟਰੇਲੀਆ ਵਿਚ ਵੀ ਭੁੱਖ ਹੜਤਾਲ

**ਸਿਡਨੀ:** ਇਥੇ ਵਸਦੇ ਸਿੱਖ ਭਾਈਚਾਰੇ ਨੇ ਆਸਟਰੇਲੀਆ ਸਰਕਾਰ ਅੱਗੇ ਗੁਹਾਰ ਲਗਾਈ ਹੈ ਕਿ ਭਾਰਤ ਵਿਚ ਵੱਖ-ਵੱਖ ਜੇਲ੍ਹਾਂ ਅੰਦਰ ਸਜ਼ਾ ਭੁਗਤ ਚੁੱਕੇ ਸਿੱਖ ਕੈਦੀਆਂ ਨੂੰ ਰਿਹਾਅ ਕਰਵਾਉਣ ਲਈ ਯਤਨ ਕੀਤੇ ਜਾਣ। ਸਿੱਖ ਭਾਈਚਾਰੇ ਨੇ ਭਾਈ ਗੁਰਬਖਸ਼ ਸਿੰਘ ਖਾਲਸਾ ਵੱਲੋਂ ਹਰਿਆਣਾ ਅੰਦਰ ਰੱਖੀ ਭੁੱਖ ਹੜਤਾਲ ਨੂੰ ਵੀ ਪੂਰਨ ਸਮਰਥਨ ਦਿੱਤਾ ਹੈ।

ਇਥੇ ਰਿਵਸਬੀ ਗੁਰਦੁਆਰੇ ਵਿਚ ਅਰਦਾਸ ਕਰਕੇ ਦੋ ਨੌਜਵਾਨ ਸਿੱਖ ਗੁਰਵਿੰਦਰ ਸਿੰਘ ਪਠਾਨਕੋਟ ਤੇ ਰਾਜਵਿੰਦਰ ਸਿੰਘ ਪਟਿਆਲਾ ਨੇ ਲੜੀਵਾਰ ਭੁੱਖ ਹੜਤਾਲ ਆਰੰਭ ਕਰ ਦਿੱਤੀ। ਗੁਰਦੁਆਰਾ ਕਮੇਟੀ ਦੇ ਕੁਝ ਪ੍ਰਬੰਧਕ, ਪੰਜਾਬੀ ਸਿੱਖ ਆਗੂ ਤੇ ਆਮ ਲੋਕ ਵੀ ਮੌਜੂਦ ਸਨ।

## ਜਥੇਦਾਰ ਨੂੰ ਵਾਅਦਾ ਚੇਤੇ ਕਰਵਾਇਆ

**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਦੁਆਰਾ ਲਖਨੌਰ ਸਾਹਿਬ ਹਰਿਆਣਾ ਵਿਖੇ ਭੁੱਖ ਹੜਤਾਲ 'ਤੇ ਬੈਠੇ ਭਾਈ ਗੁਰਬਖਸ਼ ਸਿੰਘ ਖਾਲਸਾ ਦੇ ਹਮਾਇਤੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਨਾਂ ਮੰਗ ਪੱਤਰ ਸੌਂਪਿਆ ਗਿਆ ਜਿਸ ਨੂੰ ਉਨ੍ਹਾਂ ਦੇ ਪੀ.ਏ. ਭੁਪਿੰਦਰ ਸਿੰਘ ਨੇ ਪ੍ਰਾਪਤ ਕੀਤਾ। ਬੁਲਾਰਿਆਂ ਨੇ ਦੱਸਿਆ ਕਿ ਭਾਈ ਗੁਰਬਖਸ਼ ਸਿੰਘ ਵੱਲੋਂ 27 ਦਸੰਬਰ 2013 ਨੂੰ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਗੁਰਦੁਆਰਾ ਅੰਬ ਸਾਹਿਬ ਮੁਹਾਲੀ ਵਿਖੇ ਭੁੱਖ ਹੜਤਾਲ 'ਤੇ ਬੈਠੇ ਸਨ ਤਾਂ ਉਸ ਵਕਤ ਗਿਆਨੀ ਗੁਰਬਚਨ ਸਿੰਘ ਨੇ ਰਿਹਾਈ ਦਾ ਵਾਅਦਾ ਕਰ ਕੇ ਭੁੱਖ ਹੜਤਾਲ ਸਮਾਪਤ ਕਰਵਾ ਦਿੱਤੀ ਸੀ। 11 ਮਹੀਨੇ ਬੀਤਣ ਉਪਰੰਤ ਵੀ ਜਥੇਦਾਰ ਵੱਲੋਂ ਕੀਤਾ ਵਾਅਦਾ ਨਹੀਂ ਨਿਭਾਇਆ। ਪਿਛਲੇ 16 ਦਿਨਾਂ ਤੋਂ ਮੁੜ ਭੁੱਖ ਹੜਤਾਲ 'ਤੇ ਬੈਠੇ ਭਾਈ ਖਾਲਸਾ ਦੀ ਤਬੀਅਤ ਵਿਗੜ ਰਹੀ ਹੈ।

# ਇਟਲੀ ਵਿਚ ਸਿੱਖਾਂ ਨੂੰ ਕਿਰਪਾਨ ਪਾਉਣ ਦੀ ਖੁੱਲ੍ਹ ਮਿਲੀ

**ਅੰਮ੍ਰਿਤਸਰ**: ਇਟਲੀ ਦੀ ਇਕ ਅਦਾਲਤ ਵੱਲੋਂ ਅੰਮ੍ਰਿਤਧਾਰੀ ਸਿੱਖਾਂ ਨੂੰ ਉਥੇ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਦੇ ਦਿੱਤੀ ਹੈ। ਇਟਲੀ ਦੇ ਜ਼ਿਲ੍ਹਾ ਪਿਆਚੈਂਸਾ ਦੀ ਇਕ ਅਦਾਲਤ ਵਿਚ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ, ਇਟਲੀ ਦੇ ਪ੍ਰਧਾਨ ਤਲਵਿੰਦਰ ਸਿੰਘ ਵਡਾਲੀ ਨੇ ਚੱਲ ਰਹੇ ਕੇਸ ਵਿਚ ਜਿੱਤ ਹਾਸਲ ਕੀਤੀ ਤੇ ਅਦਾਲਤ ਨੇ ਉਨ੍ਹਾਂ ਨੂੰ ਸ੍ਰੀ ਸਾਹਿਬ ਪਾ ਕੇ ਕੰਮ ਕਰਨ ਦੀ ਇਜਾਜ਼ਤ ਦੇ ਦਿੱਤੀ।

ਵਰਨਣਯੋਗ ਹੈ ਕਿ ਤਲਵਿੰਦਰ ਸਿੰਘ ਵਡਾਲੀ ਨੂੰ ਜੁਲਾਈ 2013 ਵਿਚ ਇਟਾਲੀਅਨ ਪੁਲਿਸ ਵੱਲੋਂ ਕੰਮ 'ਤੇ ਜਾਂਦੇ ਸਮੇਂ ਰੋਕਿਆ ਗਿਆ ਸੀ ਤੇ ਉਨ੍ਹਾਂ ਵੱਲੋਂ ਪਹਿਨੀ ਗਈ ਸ੍ਰੀ ਸਾਹਿਬ ਨੂੰ ਇਕ ਹਥਿਆਰ ਦੱਸ ਕੇ ਆਰਮੀ ਐਕਟ ਤਹਿਤ ਉਨ੍ਹਾਂ 'ਤੇ ਮੁਕੱਦਮਾ ਕੀਤਾ ਗਿਆ ਸੀ।

ਉਪਰੰਤ ਵਡਾਲੀ ਵੱਲੋਂ ਇਟਲੀ ਦੇ ਸਮੂਹ ਗੁਰਦੁਆਰਿਆਂ ਦੀ ਸਾਂਝੀ ਨੈਸ਼ਨਲ ਧਰਮ ਪ੍ਰਚਾਰ ਕਮੇਟੀ, ਇਟਲੀ ਦੇ ਸਹਿਯੋਗ ਨਾਲ ਵਕੀਲ ਕਰਕੇ ਇਸ ਕੇਸ ਨੂੰ ਬਹੁਤ ਹੀ ਸੂਝ-ਬੂਝ ਨਾਲ ਲੜਿਆ ਗਿਆ। ਆਪਣੇ ਵਕੀਲ ਰਾਹੀਂ ਉਨ੍ਹਾਂ ਅਦਾਲਤ ਨੂੰ ਇੰਗਲੈਂਡ, ਕੈਨੇਡਾ ਤੇ ਅਮਰੀਕਾ ਵਿਚ ਸਿੱਖਾਂ ਨੂੰ ਧਾਰਮਿਕ ਚਿੰਨ੍ਹ ਪਹਿਨ ਕੇ ਜਨਤਕ ਥਾਵਾਂ 'ਤੇ ਜਾਣ ਦੀ ਇਜਾਜ਼ਤ ਤੋਂ ਜਾਣੂ ਕਰਵਾਇਆ, ਜਿਸ ਉਪਰੰਤ ਅਦਾਲਤ ਨੇ ਸਿੱਖ ਧਰਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਸ੍ਰੀ ਸਾਹਿਬ ਪਹਿਨਣ ਦੀ ਇਜਾਜ਼ਤ ਦਿੱਤੀ। ਵਡਾਲੀ ਨੇ ਆਪਣੀ ਜਿੱਤ ਨੂੰ ਸਮੂਹ ਸਿੱਖ ਭਾਈਚਾਰੇ ਦੀ ਜਿੱਤ ਦੱਸਿਆ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਦੇ ਫ਼ੈਸਲੇ ਉਪਰੰਤ ਉਨ੍ਹਾਂ ਨੂੰ ਆਪਣੀ ਸ੍ਰੀ ਸਾਹਿਬ ਵੀ ਬਹੁਤ ਜਲਦੀ ਵਾਪਸ ਮਿਲ ਜਾਵੇਗੀ, ਜੋ ਕਿ ਇਟਾਲੀਅਨ ਪੁਲਿਸ ਨੇ ਜ਼ਬਤ ਕਰ ਲਈ ਸੀ।

## ਜਥੇਦਾਰ ਵੱਲੋਂ ਫੈਸਲੇ ਦਾ ਸਵਾਗਤ

**ਅੰਮ੍ਰਿਤਸਰ:** ਇਟਲੀ ਦੀ ਇਕ ਅਦਾਲਤ ਵੱਲੋਂ ਅੰਮ੍ਰਿਤਧਾਰੀ ਸਿੱਖਾਂ ਨੂੰ ਉਥੇ ਸ੍ਰੀ ਸਾਹਿਬ ਪਹਿਨਣ ਦੀ ਆਗਿਆ ਦਿੱਤੇ ਜਾਣ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵਿਦੇਸ਼ਾਂ ਵਿਚ ਵੱਸਦੀ ਸਿੱਖ ਸੰਗਤ ਨੂੰ ਆਖਿਆ ਕਿ ਜਿਸ ਵੀ ਮੁਲਕ ਵਿਚ ਕਕਾਰਾਂ ਦੇ ਪਹਿਨਣ ਬਾਰੇ ਰੋਕ ਲੱਗੀ ਹੋਈ ਹੈ, ਉਥੇ ਇਸ ਫੈਸਲੇ ਦੀ ਰੌਸ਼ਨੀ ਵਿਚ ਕਾਨੂੰਨੀ ਚਾਰਾਜੋਈ ਕੀਤੀ ਜਾਵੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਇਸ ਫੈਸਲੇ ਨੂੰ ਸਵਾਗਤਯੋਗ ਦੱਸਿਆ ਗਿਆ ਹੈ। ਇਸ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਕ ਬਿਆਨ ਰਾਹੀਂ ਸਵਾਗਤ ਕੀਤਾ ਹੈ। ਉਨ੍ਹਾਂ ਨੇ ਹੋਰਨਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਅਜਿਹੇ ਸਿੱਖ ਮਸਲਿਆਂ ਬਾਰੇ ਖੁੱਲ੍ਹਦਿਲੀ ਨਾਲ ਵਿਚਾਰ ਕੀਤਾ ਜਾਵੇ।

## ਸਿੱਖ ਬੀਬੀਆਂ ਨੂੰ ਹੈਲਮਟ ਦੀ ਛੋਟ ਬਾਰੇ ਪਟੀਸ਼ਨ 'ਤੇ ਫੈਸਲਾ ਰਾਖਵਾਂ


**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ ਰਾਜਧਾਨੀ ਵਿਚ ਦੋ-ਪਹੀਆ ਵਾਹਨਾਂ ਦੇ ਪਿੱਛੇ ਬੈਠਣ ਵਾਲੀਆਂ ਸਿੱਖ ਬੀਬੀਆਂ ਨੂੰ ਹੈਲਮਟ ਤੋਂ ਛੋਟ ਦੇਣ ਲਈ ਦਿੱਲੀ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਫੈਸਲਾ ਸੁਰੱਖਿਅਤ ਰੱਖ ਲਿਆ ਗਿਆ ਹੈ। ਇਸ ਮਾਮਲੇ ਵਿਚ ਹੋਈ ਸੁਣਵਾਈ ਦੌਰਾਨ ਦਿੱਲੀ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਸਿੱਖ ਮਹਿਲਾਵਾਂ ਨੂੰ ਹੈਲਮਟ ਪਾਉਣ ਤੋਂ ਛੋਟ ਦਿੱਤੀ ਗਈ ਹੈ ਤੇ ਉਹ ਖੁਦ ਤੈਅ ਕਰ ਸਕਦੀਆਂ ਹਨ ਕਿ ਹੈਲਮਟ ਪਾਉਣਾ ਹੈ ਜਾਂ ਨਹੀਂ। ਚੰਡੀਗੜ੍ਹ ਪ੍ਰਸ਼ਾਸਨ ਨੇ ਵੀ ਸਿੱਖ ਬੀਬੀਆਂ ਨੂੰ ਅਜਿਹੀ ਛੋਟ ਦਿੱਤੀ ਹੋਈ ਹੈ।

# ਜਥੇਦਾਰਾਂ ਦੀ ਅੜੀ ਬਣੀ ਕੈਲੰਡਰ ਵਿਵਾਦ ਨਿਬੇੜਨ ਦੇ ਰਾਹ ਵਿਚ ਰੋੜਾ

**ਅੰਮ੍ਰਿਤਸਰ:** ਮੌਜੂਦਾ ਸਮੇਂ ਵਿਚ ਕੁਝ ਧਿਰਾਂ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਵਿਰੋਧ ਕਾਰਨ ਇਸ ਮਸਲੇ ਨੇ ਅੰਦਰੂਨੀ ਵਿਵਾਦ ਦਾ ਰੂਪ ਲੈ ਲਿਆ ਹੈ, ਜਿਸ ਦੇ ਅਸਥਾਈ ਹੱਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਦਿਹਾੜਿਆਂ ਦੀਆਂ ਬਦਲੀਆਂ ਤਰੀਕਾਂ ਨੇ ਪੈਦਾ ਕੀਤੀ ਭੰਬਲਭੂਸੇ ਵਾਲੀ ਸਥਿਤੀ ਮਗਰੋਂ ਮਾਮਲੇ ਦੇ ਤਰਕਪੂਰਨ ਨਬੇੜੇ ਦੀ ਥਾਂ ਸਮੂਹ ਧਿਰਾਂ ਆਪੋ ਆਪਣੇ ਪੱਖ 'ਤੇ ਅੜੀਆਂ ਹਨ। ਸਿੱਖ ਕੌਮ ਦੀ ਅਗਵਾਈ ਕਰਦੇ ਪੰਜ ਤਖਤ ਸਹਿਬਾਨ ਦੇ ਜਥੇਦਾਰ ਸਾਹਿਬ ਵੀ ਮੁੱਦੇ ਬਾਰੇ ਇਕਮਤ ਨਹੀਂ ਹਨ, ਜਿਨ੍ਹਾਂ ਵਿਚੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਮੂਲ ਨਾਨਕਸ਼ਾਹੀ ਕੈਲੰਡਰ, ਸ੍ਰੀ ਅਕਾਲ ਤਖਤ ਸਾਹਿਬ ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸੋਧੇ ਹੋਏ ਜਦਕਿ ਤਖਤ ਸ੍ਰੀ ਪਟਨਾ ਸਾਹਿਬ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਦੇਸੀ ਕੈਲੰਡਰ ਦੀ ਹਮਾਇਤ ਕਰ ਰਹੇ ਹਨ।

ਅਜਿਹੇ ਵਿਚ ਪਈ ਦਰਾਰ ਤੋਂ ਰੋਸਜ਼ਦਾ ਸਿੱਖਾਂ ਦੀ ਨਜ਼ਰ ਮਾਮਲੇ ਵਿਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਭੂਮਿਕਾ ਵੱਲ ਲੱਗੀ ਹੋਈ ਹੈ, ਤਾਂ ਜੋ ਸਿੱਖਾਂ ਦੀ ਇਕਮੁੱਠਤਾ ਲਈ ਤਰਕ ਭਰਪੂਰ ਫੈਸਲਾ ਕੀਤਾ ਜਾ ਸਕੇ। ਜਿਸ ਲਈ ਜਿਥੇ ਪੰਜਾਬੋਂ ਬਾਹਰਲੇ ਤਖਤ ਸਹਿਬਾਨ ਦੇ ਸੰਪਰਕ ਵਾਲੀ ਸੰਗਤ ਨੂੰ ਚੰਦਰਮਾ ਚਾਲ ਨਾਲ ਜੁੜੇ ਕੈਲੰਡਰ ਦੀਆਂ ਖਾਮੀਆਂ ਸਮਝਾ ਕੇ ਕੌਮ ਦੇ ਹਿੱਤ ਵਿਚ ਫੈਸਲਾ ਲੈਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ ਉਥੇ ਇਸ ਮੁੱਦੇ ਨੂੰ ਵਿਵਾਦ ਬਨਾਉਣ ਵਾਲੀਆਂ ਧਿਰਾਂ ਨੂੰ ਸੰਜਮ ਵਾਲੀ ਭਾਸ਼ਾ ਵਰਤਦਿਆਂ ਢੁਕਵੇਂ ਹੱਲ 'ਤੇ ਕੇਂਦਰਤ ਹੋਣਾ ਚਾਹੀਦਾ ਹੈ। ਇਸ ਮਾਮਲੇ ਵਿਚ ਕੈਲੰਡਰ ਲਾਗੂ ਕਰਨ ਮਗਰੋਂ 'ਵਿਸਾਰ' ਦਿੱਤੇ ਗਏ ਇਸਦੇ ਰਚੇਤਾ ਪਾਲ ਸਿੰਘ ਪੁਰੇਵਾਲ ਨੂੰ ਸ਼ਾਮਲ ਕਰਨ ਦੀ ਜ਼ਰੂਰਤ ਹੈ ਤਾਂ ਜੋ ਕੈਲੰਡਰ ਦਾ ਵਿਰੋਧ ਕਰਨ ਵਾਲੇ ਸਿੱਖਾਂ ਨੂੰ ਤਰਕ ਪੂਰਨ ਜੁਆਬ ਦਿੱਤੇ ਜਾ ਸਕਣ।

ਸਿੱਖਾਂ ਵੱਲੋਂ ਪੁਰਾਤਨ ਵੇਲੇ ਤੋਂ ਮਨਾਏ ਜਾਂਦੇ ਪਾਵਨ ਦਿਹਾੜਿਆਂ ਦੀ ਮਿਥ ਪੁਰਾਣੇ ਬਿਕਰਮੀ (ਦੇਸੀ) ਕੈਲੰਡਰ ਮੁਤਾਬਕ ਹੀ ਗਿਣੀ ਜਾਂਦੀ ਸੀ ਤੇ ਚੰਦਰਮਾ ਦੀ ਚਾਲ ਨਾਲ ਜੁੜੇ ਦੇਸੀ ਕੈਲੰਡਰ ਅਨੁਸਾਰ ਹਰ ਵਾਰ ਧਾਰਮਿਕ ਦਿਹਾੜੇ ਮਨਾਉਣ ਵੇਲੇ ਤਰੀਕਾਂ ਬਦਲ ਜਾਂਦੀਆਂ ਸਨ। ਮਾਹਿਰਾਂ ਮੁਤਾਬਕ ਇਸਦਾ ਕਾਰਨ ਦੇਸੀ 12 ਮਹੀਨਿਆਂ ਦੀ ਮਿਣਤੀ 354 ਦਿਨਾਂ ਵਿਚ ਪੂਰੀ ਹੋ ਜਾਣਾ ਸੀ, ਜਦਕਿ ਸਾਲ ਵਿਚ 365 ਦਿਨ ਛੇ ਘੰਟੇ ਹੁੰਦੇ ਹਨ, ਅਜਿਹੇ ਵਿਚ ਬਿਕਰਮੀ ਕੈਲੰਡਰ ਦੇ ਧਾਰਨੀ ਕੁਝ ਫਿਰਕੇ ਤਿੰਨ ਸਾਲ ਬਾਅਦ 13ਵੇਂ ਮਹੀਨੇ ਲਈ 'ਤਾਰਾ ਡੋਬਕੇ' ਗੈਰ ਵਿਗਿਆਣਕ ਢੰਗ ਨਾਲ ਸਮਾਂ ਪੂਰਾ ਕਰ ਲੈਂਦੇ ਸਨ, ਪਰ ਇਸਦਾ ਸਿੱਖਾਂ ਦੇ ਧਾਰਮਿਕ ਦਿਹਾੜਿਆਂ 'ਤੇ ਪ੍ਰਭਾਵ ਅਨੋਖੀ ਉਲਝਣ




ਖੜੀ ਕਰ ਦਿੰਦਾ ਸੀ। ਇਸੇ ਸਮੱਸਿਆ ਦੇ ਨਬੇੜੇ ਲਈ ਉਘੇ ਸਿੱਖ ਖਗੋਲ ਮਾਹਿਰ ਪਾਲ ਸਿੰਘ ਪੁਰੇਵਾਲ ਨੇ ਨਾਨਕਸ਼ਾਹੀ ਕੈਲੰਡਰ ਸੂਰਜੀ ਚਾਲ ਨਾਲ ਬਣਾਇਆ, ਜਿਸ ਵਿਚ ਦੇਸੀ ਨਾਂ ਦੇਕੇ ਪਹਿਲੇ ਪੰਜ ਮਹੀਨੇ 31 ਤੇ ਮਗਰਲੇ ਸੱਤ ਮਹੀਨੇ 30 ਦਿਨਾਂ ਦੇ ਨਿਰਧਾਰਤ ਕਰ ਦਿੱਤੇ, ਜਦਕਿ ਰੋਮਨ ਕੈਲੰਡਰ ਵਾਂਗ ਲੀਫ ਦੇ ਵਰ੍ਹੇ ਆਖਰੀ ਮਹੀਨੇ ਫੱਗਣ ਨੂੰ ਵੀ 31 ਦਿਨ ਦਾ ਨਿਰਧਾਰਤ ਕਰ ਦਿੱਤਾ।


ਇਸ ਕੈਲੰਡਰ ਦੀ ਸਥਾਪਨਾ ਪਿਛਲਾ ਤਰਕ ਧਾਰਮਿਕ ਦਿਹਾੜੇ ਮਨਾਉਣ ਮੌਕੇ ਪੈਦਾ ਹੁੰਦੀ ਦੁਬਿਧਾ ਭਰੀ ਸਥਿਤੀ ਨੂੰ ਖਤਮ ਕਰਨਾ ਸੀ ਤੇ ਇਸਦਾ ਸਬੰਧ ਧਾਰਮਿਕ ਦੇ ਨਾਲ ਸਮਾਜਿਕ ਤੇ ਵਿਗਿਆਨਕ ਪੱਖਾਂ ਦੀ ਪੂਰਤੀ ਵੀ ਸੀ ਪਰ ਇਸ ਕੈਲੰਡਰ ਦੀ ਸਥਾਪਤੀ ਮੌਕੇ ਹੋਰਨਾਂ ਫਿਰਕਿਆਂ ਨਾਲ ਜੁੜੇ ਕੁਝ ਤਿਉਹਾਰਾਂ ਜਿਵੇਂ ਦੀਵਾਲੀ ਤੇ ਹੋਲੀ ਨਾਲ ਮਿਥੇ ਜਾਂਦੇ ਸਿੱਖਾਂ ਦੇ ਬੰਦੀ ਛੋੜ ਦਿਵਸ, ਹੋਲਾ ਮਹੱਲਾ ਆਦਿ ਪੁਰਾਣੇ ਹੀ ਰਹਿਣ ਦਿੱਤੇ ਗਏ ਤੇ ਪਹਿਲੀ ਪਾਤਸ਼ਾਹੀ ਦਾ ਪ੍ਰਕਾਸ਼ ਪੁਰਬ ਵੀ ਪੁਰਾਣੀ ਪ੍ਰੰਪਰਾ ਅਨੁਸਾਰ ਕੱਤਕ ਮਹੀਨੇ ਦੀ ਪੂਰਨਮਾਸ਼ੀ ਦਾ ਹੀ ਰਹਿਣ ਦਿੱਤਾ ਗਿਆ, ਜੋ ਮੁੜ ਚੰਦਰ ਚਾਲ ਨਾਲ ਹੀ ਜੁੜਿਆ ਰਿਹਾ। ਸੰਨ 2003 ਵਿਚ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਵੇਲੇ ਪੰਥ ਦੀਆਂ ਸਿਰਮੌਰ ਹਸਤੀਆਂ ਨੇ ਇਸਦੀ ਉਸਤਤ ਕੀਤੀ ਤੇ ਤਕਰੀਬਨ ਸੱਤ ਸਾਲ ਇਹ ਕੈਲੰਡਰ ਸਿੱਖ ਜਗਤ ਦੇ ਵੱਡੇ ਹਿੱਸੇ ਵਿਚ ਮੰਨਿਆਂ ਜਾਂਦਾ ਰਿਹਾ, ਪਰ ਇਸ ਦੌਰਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਨਾਲ ਜੁੜੇ ਸਿੱਖ ਪੁਰਾਤਨ ਦੇਸੀ ਕੈਲੰਡਰ ਅਨੁਸਾਰ ਹੀ ਧਾਰਮਿਕ ਦਿਹਾੜੇ ਮਨਾਉਂਦੇ ਰਹੇ ਤੇ ਇਸ ਵਿਚ ਦਮਦਮੀ ਟਕਸਾਲ ਵੱਲੋਂ ਵੀ ਪੁਰਾਣੀ ਮਿਥ ਦਾ ਸਾਥ ਦਿੱਤਾ ਗਿਆ।

## ਜਥੇਦਾਰ ਵੇਦਾਂਤੀ ਵੱਲੋਂ ਮੂਲ ਕੈਲੰਡਰ ਦੀ ਪੈਰਵੀ

**ਅੰਮ੍ਰਿਤਸਰ:** ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਕਿਹਾ ਕਿ ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਮੂਲ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਦੀ ਵਿਲੱਖਣ ਹੋਂਦ ਦਾ ਪ੍ਰਤੀਕ ਹੈ ਪਰ ਅਫਸੋਸ ਕਿ ਇਸ ਨੂੰ ਖਤਮ ਕਰਨ ਲਈ ਯਤਨਸ਼ੀਲ ਲੋਕ ਅਕਾਲ ਤਖਤ ਦੀ ਸਰਵਉਚਤਾ ਨੂੰ ਢਾਹ ਲਾਉਣ ਦੀ ਭੁੱਲ ਕਰ ਰਹੇ ਹਨ। ਗਿਆਨੀ ਵੇਦਾਂਤੀ ਨੇ ਦੱਸਿਆ ਕਿ ਸਾਲ 2010 ਵਿਚ ਸੋਧਾਂ ਦੇ ਨਾਂ 'ਤੇ ਕੈਲੰਡਰ ਦੀ ਰੂਹ ਦਾ ਕਤਲ ਕੀਤਾ ਗਿਆ, ਭਾਵੇਂ ਸਾਲ 2003 ਤੋਂ 2010 ਤੱਕ ਉਸਨੇ ਕੌਮ ਦਾ ਕੋਈ ਵੀ ਧਾਰਮਿਕ, ਸਿਧਾਂਤਕ ਜਾਂ ਰਾਜਨੀਤਕ ਨੁਕਸਾਨ ਨਹੀਂ ਕੀਤਾ ਸੀ। ਜਥੇਦਾਰ ਵੇਦਾਂਤੀ ਨੇ ਕਿਹਾ ਕਿ ਜੇਕਰ ਕੈਲੰਡਰ ਵਿਚ ਕੋਈ ਕਮੀ ਸੀ ਤਾਂ ਇਸ ਲਈ ਮਾਹਿਰ ਪੁਰੇਵਾਲ ਦੀ ਸਲਾਹ ਲੈਣੀ ਲਾਜ਼ਮੀ ਬਣਦੀ ਸੀ।

# ਵਰਲਡ ਕੱਬਡੀ ਲੀਗ: ਇਕ ਸਫਲ-ਅਸਫਲ ਤਜਰਬਾ

ਵਰਲਡ ਕਬੱਡੀ ਲੀਗ ਨੇ ਮਿੱਟੀ ਦੀ ਖੇਡ ਕਬੱਡੀ ਨੂੰ ਮੈਟ ਦੀ ਖੇਡ ਬਣਾ ਕੇ ਟੀ.ਵੀ. ਦਾ ਸ਼ਿੰਗਾਰ ਬਣਾ ਦਿੱਤਾ ਹੈ। ਲੀਗ ਕਮਿਸ਼ਨਰ ਪਰਗਟ ਸਿੰਘ ਦੇ ਦੱਸਣ ਅਨੁਸਾਰ ਇਸ ਦੇ ਨਜ਼ਾਰੇ ਚਾਰ ਕਰੋੜ ਲੋਕਾਂ ਨੇ ਭਾਰਤ ਵਿਚ ਤੇ ਦੋ ਕਰੋੜ ਲੋਕਾਂ ਨੇ ਵਿਦੇਸ਼ਾਂ ਵਿਚ ਵੇਖੇ। ਕੌਡੀਆਂ ਦੀ ਕਬੱਡੀ ਹੁਣ ਕਰੋੜਾਂ ਦੀ ਹੋ ਗਈ ਹੈ। ਵਾਹਣਾਂ ਦੀ ਖੇਡ ਵਿਸ਼ਵ ਦੇ ਬਹੁਮੰਤਵੀ ਇਨਡੋਰ ਭਵਨਾਂ ਦੀ ਖੇਡ ਬਣ ਗਈ ਹੈ। ਮੈਟ ਉਤੇ ਕਬੱਡੀ ਪਹਿਲੀ ਵਾਰ 1995 ਵਿਚ ਕੈਨੇਡਾ ਦੇ ਕੌਪਿਸ ਕੋਲੀਜ਼ੀਅਮ ਇਨਡੋਰ ਸਟੇਡੀਅਮ ਵਿਚ ਖੇਡੀ ਗਈ ਸੀ। ਮੈਂ ਉਸ ਮੈਟ 'ਤੇ ਤੁਰ ਕੇ ਵੇਖਿਆ ਤਾਂ ਗਲੀਚੇ ਉਤੇ ਤੁਰਨ ਵਰਗਾ ਅਹਿਸਾਸ ਹੋਇਆ



ਪ੍ਰਿੰ. ਸਰਵਣ ਸਿੰਘ, ਕੈਨੇਡਾ
ਫੋਨ: 905-799-1661

ਸੀ। ਉਥੇ ਮੈਂ ਮੈਚਾਂ ਦੀ ਕੁਮੈਂਟਰੀ ਕਰਨ ਗਿਆ ਸਾਂ। ਪਹਿਲੀ ਵਾਰ ਮੈਟ ਉਤੇ ਖੇਡਦਿਆਂ ਭਾਰਤੀ ਖਿਡਾਰੀਆਂ ਨਾਲੋਂ ਪਾਕਿਸਤਾਨੀ ਖਿਡਾਰੀ ਵਧੇਰੇ ਕੰਡਮ ਹੋਏ ਸਨ।

2009 ਵਿਚ ਕਬੱਡੀ ਟੋਰਾਂਟੋ ਦੇ ਸਕਾਈਡੋਮ ਵਿਚ ਪਹੁੰਚੀ ਜਿਸ ਦਾ ਇਕ ਦਿਨ ਦਾ ਕਿਰਾਇਆ ਇਕ ਕਰੋੜ ਰੁਪਏ ਸੀ। ਸਕਾਈਡੋਮ ਦੀ ਛੱਤ ਮੌਸਮ ਮੁਤਾਬਿਕ ਖੋਲ੍ਹੀ ਤੇ ਬੰਦ ਕਰ ਦਿੱਤੀ ਜਾਂਦੀ ਹੈ। ਉਥੇ ਕਬੱਡੀ ਮਸਨੂਈ ਘਾਹ ਉਤੇ ਖੇਡੀ ਗਈ। 9 ਅਗਸਤ 2014 ਨੂੰ ਵੇਵ ਵਰਲਡ ਕਬੱਡੀ ਲੀਗ ਦਾ ਆਗਾਜ਼ ਲੰਡਨ ਦੇ ਆਲੀਸ਼ਾਨ ਓ ਟੂ ਇਰੀਨਾ ਵਿਚ ਹੋਇਆ ਜੀਹਦੀ ਇਕ ਦਿਨ ਦੀ ਟਿਕਟ 40, 80, 110, 125 ਯੂਰੋ ਸੀ ਪਰ ਟਿਕਟਾਂ ਨਾਂਮਾਤਰ ਹੀ ਵਿਕੀਆਂ। ਅਕਸ਼ੈ ਕੁਮਾਰ, ਸੋਨਾਕਸ਼ੀ ਤੇ ਹੋਰ ਕਲਾਕਾਰ ਵੀ ਦਰਸ਼ਕਾਂ ਨੂੰ ਨਾ ਖਿੱਚ ਸਕੇ। ਲੰਡਨ ਤੋਂ ਬਰਮਿੰਘਮ ਦੇ ਐਲ ਜੀ ਇਰੀਨਾ ਵਿਚ ਹੁੰਦੀ ਹੋਈ ਇਹ ਲੀਗ ਦਿੱਲੀ ਦੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿਚ ਪਹੁੰਚੀ। ਸਕੂਲੀ ਵਿਦਿਆਰਥੀ ਲਿਆ ਕੇ ਦਰਸ਼ਕ ਵਧਾਏ ਗਏ। ਫਿਰ ਇਸ ਦੇ ਮੈਚ ਲੁਧਿਆਣੇ, ਬਠਿੰਡੇ, ਜਲੰਧਰ, ਅੰਮ੍ਰਿਤਸਰ, ਭੂਪਾਲ ਤੇ ਮੋਹਾਲੀ ਦੇ ਲਾਈਟਾਂ ਵਾਲੇ ਹਾਕੀ ਸਟੇਡੀਅਮਾਂ ਵਿਚ ਹੁੰਦੇ ਗਏ। ਪਰ ਉਹ ਸਟੇਡੀਅਮ ਕਦੇ ਵੀ ਭਰ ਨਾ ਸਕੇ। ਲੀਗ ਦੌਰਾਨ ਕਈ ਤਲਖਖ ਤਜਰਬੇ ਹੋਏ, ਕਈ ਪ੍ਰੋਗਰਾਮ ਬਦਲੇ, ਕਈ ਸਮੱਸਿਆਵਾਂ ਆਈਆਂ, ਕਈ ਵਾਰ ਤਿਲ੍ਹਕਣਬਾਜ਼ੀ ਹੋਈ ਪਰ ਆਖਰ ਇਹ ਸਿਰੇ ਲੱਗ ਗਈ।

ਮੈਂ ਇਹ ਲੀਗ ਅਰੰਭ ਤੋਂ ਅੰਤ ਤਕ ਦੇਖੀ ਤੇ ਦੇਖੀ ਵੀ ਦੂਰਬੀਨ 'ਚੋਂ। ਦੂਰਬੀਨ ਯਾਨਿ ਟੀ.ਵੀ. ਤੋਂ ਸਾਰਾ ਕੁਝ ਤਾਂ ਨਹੀਂ ਦਿਸਦਾ ਪਰ ਜੋ ਦਿਸਦਾ ਉਹ ਚੰਗੀ ਤਰ੍ਹਾਂ ਦਿਸਦੈ। ਦੇਖਣਯੋਗ ਦ੍ਰਿਸ਼ ਦੂਹਰੀ ਤੀਹਰੀ ਵਾਰ ਦਿਖਾ ਦਿੱਤੇ ਜਾਂਦੇ ਹਨ। ਸਟੇਡੀਅਮ ਵਿਚ ਬੈਠਿਆਂ ਨੂੰ ਦਿਸੇ ਨਾ ਦਿਸੇ ਪਰ ਟੀ.ਵੀ. ਤੋਂ ਵੇਖਣ ਵਾਲਿਆਂ ਨੂੰ ਬੜਾ ਨੇੜਿਓਂ ਦਿਸੀ ਜਾਂਦੈ। ਇਸ ਲੀਗ ਨੇ ਪਿੰਡਾਂ ਦੀ ਖੇਡ ਕਬੱਡੀ ਨੂੰ ਖੁੱਲ੍ਹੇ ਮੈਦਾਨਾਂ ਦੀ ਥਾਂ ਘਰਾਂ 'ਚ ਟੀ.ਵੀ. ਦੀ ਪਟਰਾਣੀ ਬਣਾ ਦਿੱਤੈ। ਇਹੋ ਕਾਰਨ ਹੈ ਕਿ ਦਰਸ਼ਕ ਦਾਇਰੇ ਦੁਆਲੇ ਖੜ੍ਹ ਕੇ ਖੇਡ ਵੇਖਣ ਦੀ ਥਾਂ ਟੀ.ਵੀ. ਤੋਂ ਮੈਚ ਵੇਖਦੇ ਰਹੇ। ਮੈਦਾਨ ਵਿਚ ਕਬੱਡੀ ਦਰਸ਼ਕਾਂ ਦੀ ਘਾਟ ਪਹਿਲੀ ਵਾਰ ਰੜਕੀ। ਪਿੰਡਵਾਰ ਖੇਡੀ ਜਾਂਦੀ ਕਬੱਡੀ, ਜ਼ਿਲ੍ਹੇਵਾਰ, ਕਲੱਬਵਾਰ ਤੇ ਮੁਲਕਵਾਰ ਹੁੰਦੀ ਹੋਈ ਵਰਲਡ ਲੀਗ ਤਕ ਪੁੱਜ ਗਈ। ਟੀ.ਵੀ. 'ਤੇ ਇਸ ਨੇ ਕਰੋੜਾਂ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ।

ਪਹਿਲੀ ਲੀਗ ਹੋਣ ਕਾਰਨ ਇਹ ਤਜਰਬਿਆਂ 'ਚੋਂ ਲੰਘੀ। ਫਾਈਨਲ ਮੈਚ ਮੈਟ 'ਤੇ ਪਈ ਤ੍ਰੇਲ 'ਚ ਤਿਲ੍ਹਕਦਾ ਰਿਹਾ। ਖਿਡਾਰੀ ਡਿੱਗਦੇ ਢਹਿੰਦੇ ਰਹੇ। ਸਿਖਰਲੇ ਮੈਚ ਵਿਚ ਕਬੱਡੀਆਂ ਨਿਸਬਤਨ ਘੱਟ ਪਈਆਂ। ਮੈਚ ਹੇਠਾਂ ਉਤੇ ਹੁੰਦਾ ਰਿਹਾ। ਖਾਲਸਾ ਵਾਰੀਅਰਜ਼ ਬਨਾਮ ਯੂਨਾਈਟਿਡ ਸਿੰਘਜ਼ ਦੇ ਅੰਕ, 7-1, 18-11, 29-27, 36-36, 52-48, 53-53, 55-58 ਹੋਏ ਜਿਨ੍ਹਾਂ ਨਾਲ ਪਹਿਲਾਂ ਹਾਰ ਰਹੀ ਟੀਮ ਯੂਨਾਈਟਿਡ ਸਿੰਘਜ਼ ਅਖੀਰ ਵਿਚ ਜਿੱਤ ਗਈ। ਤਿਲ੍ਹਕਣ ਦਾ ਜਾਫੀਆਂ ਨੂੰ ਵਧੇਰੇ ਫਾਇਦਾ ਹੋਇਆ। ਮੈਚ ਦੀਆਂ 113 ਰੇਡਾਂ ਵਿਚ 33 ਜੱਫੇ ਲੱਗੇ। ਮਨਜੋਤ ਗਿੱਲ ਲੀਗ ਦਾ ਸਰਵੋਤਮ ਧਾਵੀ ਤੇ ਸੰਦੀਪ ਸੰਧੂ ਬੈਸਟ ਜਾਫੀ ਸਿੱਧ ਹੋਇਆ। ਮਨਜੋਤ ਦੀਆਂ 90.53% ਰੇਡਾਂ ਸਫਲ ਰਹੀਆਂ ਜਦ ਕਿ ਸੰਦੀਪ ਦੇ 32.15% ਜੱਫੇ ਕਾਮਯਾਬ ਰਹੇ।

ਮੈਟ ਦੀ ਤਿਲ੍ਹਕਣਬਾਜ਼ੀ ਤੇ ਸਿੰਥੈਟਿਕ ਰਗੜਾਂ ਕਾਰਨ ਖਿਡਾਰੀ ਵੱਡੀ ਗਿਣਤੀ ਵਿਚ ਕੰਡਮ ਹੋਏ। ਪੈਰਾਂ, ਗਿੱਟਿਆਂ, ਗੁੱਟਾਂ, ਕੂਹਣੀਆਂ, ਮੋਢਿਆਂ ਤੇ ਗੋਡਿਆਂ 'ਤੇ ਬੰਨ੍ਹੀਆਂ ਪੱਟੀਆਂ ਨਾਲ ਇਓਂ ਲੱਗਦੇ ਰਹੇ ਜਿਵੇਂ ਜੰਗੇ ਮੈਦਾਨ ਦੇ ਘਾਇਲ ਜੁਆਨ ਹੋਣ! ਲੀਗ ਦੇ ਵੀਨੂੰ ਬਦਲੇ ਗਏ, ਤਰੀਕਾਂ ਬਦਲੀਆਂ, ਮੈਚ ਬਦਲੇ ਤੇ ਹੋਰ ਵੀ ਬਹੁਤ ਕੁਝ ਬਦਲਦਾ ਰਿਹਾ। ਕਮੀਆਂ ਪੇਸ਼ੀਆਂ ਦਾ ਪਤਾ ਲੱਗਦਾ ਗਿਆ। ਸੁਧਾਰ ਦੀ ਕੋਸ਼ਿਸ਼ ਕੀਤੀ ਗਈ। ਸਾਢੇ ਤਿੰਨ ਮਹੀਨੇ ਚੱਲੀ ਲੀਗ 22 ਨਵੰਬਰ ਨੂੰ ਮੁੱਕੀ ਤਾਂ ਪ੍ਰਬੰਧਕਾਂ ਨੇ ਸੁਖ ਦਾ ਸਾਹ ਲਿਆ। ਤਜਰਬਾ ਕੁਛ ਕਾਮਯਾਬ ਰਿਹਾ, ਕੁਛ ਨਾਕਾਮਯਾਬ।

ਇਸ ਲੀਗ ਨੇ ਕਬੱਡੀ ਦਾ ਕਾਫੀ ਕੁਝ ਸੁਆਰਿਆ ਪਰ ਅਜੇ ਹੋਰ ਬਹੁਤ ਕੁਝ ਸੁਆਰਨਾ ਬਾਕੀ ਹੈ। ਲੀਗ ਦਾ ਸਭ ਤੋਂ ਵੱਡਾ ਸੁਧਾਰ ਕਬੱਡੀ ਨੂੰ ਲਿਖਤੀ ਨਿਯਮਾਂ ਦੀ ਖੇਡ ਬਣਾਉਣਾ ਤੇ ਡਰੱਗ ਮੁਕਤ ਕਰਨ ਵੱਲ ਕਦਮ ਪੁੱਟਣਾ ਹੈ। ਪਹਿਲਾਂ ਵਰਲਡ ਕਬੱਡੀ ਕੱਪ ਤੇ ਹੁਣ ਵਰਲਡ ਕਬੱਡੀ ਲੀਗ ਵਿਚ ਡੋਪ ਟੈਸਟ ਕਰਾਉਣ ਤੇ ਡੋਪੀਆਂ ਨੂੰ ਬੈਨ ਕਰਨ ਨਾਲ ਸੁਖਬੀਰ ਸਿੰਘ ਬਾਦਲ ਤੇ ਪਰਗਟ ਸਿੰਘ ਹੋਰਾਂ ਨੇ ਕਬੱਡੀ ਦੇ ਖਰੇ ਖਿਡਾਰੀਆਂ 'ਤੇ ਵੱਡਾ ਉਪਕਾਰ ਕੀਤਾ ਹੈ। ਜਿਨ੍ਹਾਂ ਨੂੰ ਡੋਪ ਟੈਸਟਾਂ ਵਿਚ ਫਸ ਜਾਣ ਦਾ ਡਰ ਸੀ ਉਹ ਲੀਗ ਵਿਚ ਖੇਡੇ ਹੀ ਨਹੀਂ। ਕਈਆਂ ਨੂੰ ਡਰੱਗੀ ਹੋਣ



*ਕਬੱਡੀ ਲੀਗ ਦੌਰਾਨ ਮੈਟ ਉਤੇ ਹੋਏ ਕਬੱਡੀ ਮੈਚ ਦਾ ਇਕ ਦ੍ਰਿਸ਼*

ਕਰਕੇ ਨਹੀਂ ਖਿਡਾਇਆ ਗਿਆ। ਡੋਪ ਟੈਸਟਾਂ ਵਿਚ 23 ਖਿਡਾਰੀ ਡਰੱਗੀ ਨਿਕਲੇ, ਸੰਭਵ ਹੈ ਕੁਝ ਹੋਰ ਵੀ ਨਿਕਲਣ।

ਲੀਗ ਸ਼ੁਰੂ ਕਰਨ ਵੇਲੇ ਇਸ ਦੀ ਵੈਬਸਾਈਟ 'ਤੇ ਪ੍ਰਚਾਰਿਆ ਗਿਆ ਕਿ ਖਿਡਾਰੀਆਂ ਨੂੰ 15 ਕਰੋੜ ਰੁਪਏ ਫੀਸ ਦੇ ਮਿਲਣਗੇ। 4 ਕਰੋੜ ਦੇ ਇਨਾਮ ਹੋਣਗੇ। 4 ਮਹਾਂਦੀਪਾਂ ਦੇ 7 ਮੁਲਕਾਂ ਵਿਚ 94 ਮੈਚ ਖੇਡੇ ਜਾਣਗੇ। ਉਨ੍ਹਾਂ ਮੁਲਕਾਂ ਵਿਚ ਇੰਗਲੈਂਡ, ਬੈਲਜੀਅਮ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਪਾਕਿਸਤਾਨ ਤੇ ਭਾਰਤ ਸ਼ਾਮਲ ਸਨ। ਮੈਚ ਕਰਾਉਣ ਵਾਲੇ ਸ਼ਹਿਰਾਂ ਵਿਚ ਨਿਊ ਯਾਰਕ, ਟੋਰਾਂਟੋ, ਲੰਡਨ, ਸਿਡਨੀ ਤੇ ਲਾਹੌਰ ਆਦਿ 14 ਸ਼ਹਿਰ ਸਨ। ਪਰ ਉਸ 'ਤੇ ਪੂਰਾ ਅਮਲ ਨਹੀਂ ਹੋ ਸਕਿਆ। ਲੀਗ ਦਾ ਕਾਰਪੋਰੇਟ ਦਫਤਰ ਗੁੜਗਾਓਂ ਤੇ ਰਜਿਸਟਰਡ ਦਫਤਰ ਚੰਡੀਗੜ੍ਹ ਵਿਚ ਸੀ। ਖਿਡਾਰੀਆਂ, ਕਬੱਡੀ ਕਲੱਬਾਂ ਤੇ ਅਕੈਡਮੀਆਂ ਨੂੰ ਉਨ੍ਹਾਂ ਦਫਤਰਾਂ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਸੀ। ਟਰਾਇਲ ਹੋਏ, ਡੋਪ ਟੈਸਟਾਂ ਲਈ ਖਿਡਾਰੀਆਂ ਨੇ ਫੀਸਾਂ ਭਰੀਆਂ, ਫਿਰ ਫੀਸਾਂ ਮੁੜਾਉਣ ਦੇ ਰੌਲੇ ਪਏ। ਭਗਵੰਤ ਮਾਨ ਵਰਗਿਆਂ ਨੂੰ ਦਖਲ ਦੇਣਾ ਪਿਆ।

ਮੇਰਾ ਸੁਝਾਅ ਸੀ, ਸਟੇਡੀਅਮ ਵਿਚਲੇ ਸਾਈਨ ਬੋਰਡਾਂ, ਬੈਨਰਾਂ ਤੇ ਹੋਰਡਿੰਗਾਂ ਉਤੇ ਪੰਜਾਬੀ ਅੱਖਰਾਂ ਨੂੰ ਯੋਗ ਥਾਂ ਦੇਣੀ ਚਾਹੀਦੀ ਹੈ। ਵਰਲਡ ਲੀਗ ਵਿਚ ਪੰਜਾਬੀ ਕਿਤੇ ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਦੇ ਗਲਬੇ ਹੇਠ ਨਾ ਦੱਬੀ ਜਾਵੇ। ਮੈਚਾਂ ਦੀ ਕੁਮੈਂਟਰੀ ਪੰਜਾਬੀ, ਹਿੰਦੀ ਤੇ ਅੰਗਰੇਜ਼ੀ-ਤ੍ਰੈਭਾਸ਼ੀ ਹੋਵੇ। ਕਬੱਡੀ ਦੇ ਦਾਇਰੇ ਵਿਚ ਘੜਮੱਸ ਘਟਾਉਣ ਲਈ ਚਾਰ ਚਾਰ ਜਾਫੀ ਹੀ ਖੜ੍ਹਨ। 40 ਮਿੰਟ ਦੇ ਮੈਚ ਦੀ ਥਾਂ 40 ਮਿੰਟ ਦਾ ਪਲੇਇੰਗ ਟਾਈਮ ਗਿਣਿਆ ਜਾਵੇ। ਰੈਫਰਲ ਸੀਮਤ ਹੋਣ ਤੇ ਘੱਟੋ ਘੱਟ 5 ਰੇਡਰਾਂ ਤੋਂ ਦੋ ਦੋ ਰੇਡਾਂ ਲਾਜ਼ਮੀ ਪੁਆਈਆਂ ਜਾਣ।

ਲੀਗ ਮੈਚਾਂ ਤੋਂ ਸਿੱਧ ਹੋ ਗਿਆ ਹੈ ਕਿ ਇਕ ਮੈਚ ਵਿਚ ਔਸਤਨ 60-60 ਰੇਡਾਂ ਪੈਂਦੀਆਂ ਹਨ। ਰੇਡ ਦਾ ਔਸਤ ਸਮਾਂ 20 ਸੈਕੰਡ ਆਇਆ ਹੈ। ਅਗਲੀ ਲੀਗ ਵਿਚ ਮੈਚਾਂ ਦੀਆਂ ਰੇਡਾਂ ਹੀ 60-60 ਕਰ ਦੇਣੀਆਂ ਚਾਹੀਦੀਆਂ ਹਨ ਤੇ ਰੇਡ ਦਾ ਸਮਾਂ 30 ਸੈਕੰਡ ਦੀ ਥਾਂ 25 ਸੈਕੰਡ ਕਰ ਦੇਣਾ ਚਾਹੀਦੈ। ਖਿਡਾਰੀ ਪਾਲੇ ਕੋਲ ਆ ਕੇ ਸਮਾਂ ਨਸ਼ਟ ਨਾ ਕਰਨ। ਚੇਨ ਟੁੱਟਣ, ਬੁਨੈਣ 'ਚ ਸਹਿਵਨ ਉਂਗਲ ਅੜਕਣ ਤੇ ਢੇਰੀ ਉਪਰ ਦੀ ਹਵਾ ਵਿਚ ਲੰਘਣ ਦੇ ਨਿਯਮਾਂ ਨੂੰ ਹੋਰ ਸਪੱਸ਼ਟ ਕਰਨ ਦੀ ਲੋੜ ਹੈ। ਬੁਨੈਣਾਂ ਅੱਧੇ ਬਾਜੂ ਵਾਲੀਆਂ ਤੇ ਪੈਰੀਂ ਫਲੀਟ ਪਾਏ ਜਾਣ। ਕਬੱਡੀ ਨੈਸ਼ਨਲ ਸਟਾਈਲ ਵਿਚ ਪਹਿਲਾਂ ਹੀ ਫਲੀਟ ਪੈ ਚੁੱਕੇ ਹਨ। ਇਹਦੇ ਨਾਲ ਸਿੰਥੈਟਿਕ ਮੈਟ ਦੀਆਂ ਰਗੜਾਂ ਤੋਂ ਬਚਾਅ ਰਹੇਗਾ।

ਕਬੱਡੀ ਦੇ ਵਿਸ਼ਵ ਕੱਪਾਂ ਵਿਚ ਕਬੱਡੀ ਦੀ ਮਲਾਈ ਅਕਸ਼ੈ ਕੁਮਾਰ, ਸ਼ਾਹਰੁਖ਼ ਖਾਨ, ਪ੍ਰਿਯੰਕਾ ਚੋਪੜਾ, ਕੈਟਰੀਨਾ ਕੈਫ ਤੇ ਕੁਝ ਹੋਰ ਫਿਲਮੀ ਸਿਤਾਰਿਆਂ ਦੇ ਹਿੱਸੇ ਆਈ ਸੀ। ਬਠਿੰਡੇ ਤੇ ਲੁਧਿਆਣੇ ਦੇ ਗੁਰੂ ਨਾਨਕ ਸਟੇਡੀਅਮ ਵਿਚ ਨਾਚੀਆਂ ਵੱਲੋਂ ਵਿਖਾਏ ਅਰਧ ਨਗਨ ਨਾਚਾਂ ਦੀ ਨੁਕਤਾਚੀਨੀ ਵੀ ਹੋਈ ਸੀ। ਜਥੇਦਾਰਾਂ ਨੇ ਘੁਸਰ-ਮੁਸਰ ਕੀਤੀ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਬਜ਼ੁਰਗੀ ਦਾ ਵੀ ਖਿਆਲ ਨਹੀਂ ਰੱਖਿਆ ਗਿਆ!

ਮੇਰਾ ਕਹਿਣਾ ਸੀ, ਲੀਗ ਦੇ ਪ੍ਰਬੰਧਕ ਪੰਜਾਬ ਦੀ ਨਰੋਈ ਖੇਡ ਨਾਲ ਪੰਜਾਬ ਦੇ ਨਰੋਏ ਸਭਿਆਚਾਰ ਨੂੰ ਪੇਸ਼ ਕਰਨਗੇ ਤਾਂ ਪੰਜਾਬੀਆਂ ਦੀ ਵਧਾਈ ਦੇ ਪਾਤਰ ਹੋਣਗੇ। ਜੇ ਮਨੋਰੰਜਨ ਦੇ ਬਹਾਨੇ ਕਬੱਡੀ ਨਾਲ ਅਸ਼ਲੀਲ ਨਾਚ ਗਾਣਿਆਂ ਦਾ ਪ੍ਰਦਰਸ਼ਨ ਕਰਨਗੇ ਤਾਂ ਦੂਰ ਦੂਰ ਕਰਵਾਉਣਗੇ।

ਕਬੱਡੀ ਮੈਚ ਨਿਊ ਯਾਰਕ, ਟੋਰਾਂਟੋ ਤੇ ਡੁਬਈ ਵਿਚ ਵੀ ਹੋਣੇ ਸਨ ਜੋ ਕੱਟ ਦਿੱਤੇ ਗਏ। ਫਿਰ ਸਟਾਕਟਨ ਤੇ ਸੈਕਰਾਮੈਂਟੋ ਦੇ ਮੈਚਾਂ 'ਤੇ ਵੀ ਲੀਕ ਫੇਰ ਦਿੱਤੀ। ਵੈਨਕੂਵਰ ਲਾਗੇ ਐਬਟਸਫੋਰਡ ਦੇ ਮੈਚ ਤਾਂ ਖੜ੍ਹੇ ਪੈਰ ਰੱਦ ਕੀਤੇ। ਮੈਂ ਖ਼ੁਦ ਟੋਰਾਂਟੋ ਤੋਂ ਵੈਨਕੂਵਰ ਪਹੁੰਚ ਗਿਆ ਸਾਂ। ਇਨਡੋਰ ਸਟੇਡੀਅਮ ਬੁੱਕ ਕਰਾਉਣ, ਮਸ਼ਹੂਰੀ ਕਰਨ ਤੇ ਹੋਰ ਕਈ ਤਰ੍ਹਾਂ ਦੇ ਖਰਚੇ ਡੇਢ ਲੱਖ ਡਾਲਰ ਤਕ ਪਹੁੰਚ ਗਏ ਸਨ। ਵੈਨਕੂਵਰ ਲਾਇਨਜ਼ ਦੇ ਪੁਰੇਵਾਲ ਭਰਾ ਅਤੇ ਸੰਗੀ ਸਾਥੀਆਂ ਨੂੰ ਡੇਢ ਲੱਖ ਡਾਲਰ ਦਾ ਰਗੜਾ ਲੱਗ ਗਿਆ। ਅਗਲੀ ਲੀਗ ਲਈ ਵੀਜ਼ਿਆਂ ਦੇ ਮਸਲੇ ਦਾ ਹੱਲ ਪਹਿਲਾਂ ਹੀ ਕਰ ਲੈਣਾ ਚਾਹੀਦੈ।

ਸੋਨੀ ਸਿਕਸ ਚੈਨਲ ਦੀ ਕੁਮੈਂਟਰੀ ਵਿਚ ਪੰਜਾਬੀ ਨੂੰ ਲਾਂਭੇ ਕਰਨਾ ਵਿਸਾਹਘਾਤ ਸੀ। ਕਬੱਡੀ ਖੇਡਣ ਵਾਲੇ ਪੰਜਾਬੀ ਹੋਣ, ਖਿਡਾਉਣ ਵਾਲੇ ਪੰਜਾਬੀ ਹੋਣ ਤੇ ਸਕਰੀਨ ਉਤੇ ਪੰਜਾਬੀ ਦਾ ਨਾਂ ਥੇਹ ਨਾ ਹੋਵੇ ਇਹ ਕੈਸੀ ਲੀਗ ਸੀ? ਮਾਰਕੀਟਿੰਗ ਲਈ ਹਿੰਦੀ ਜੰਮ ਜੰਮ ਵਰਤ ਲੈਂਦੇ, ਅੰਗਰੇਜ਼ੀ ਵੀ ਵਰਤ ਲੈਂਦੇ ਪਰ ਪੰਜਾਬੀਆਂ ਦੀ ਮਾਂ ਬੋਲੀ ਤੇ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਦੇ ਹੱਕ ਉਤੇ ਤਾਂ ਛਾਪਾ ਨਾ ਮਾਰਦੇ!

ਅੱਠਾਂ ਟੀਮਾਂ ਦੇ 180 ਖਿਡਾਰੀਆਂ ਵਿਚ ਮਾਈਕਲ ਲਤੀਫ ਨੂੰ ਛੱਡ ਕੇ ਸਾਰੇ ਖਿਡਾਰੀ ਪੰਜਾਬੀ ਸਨ। ਟੀਮਾਂ ਦੇ ਮਾਲਕ ਵੀ ਪੰਜਾਬੀ ਤੇ ਲੀਗ ਕਰਾਉਣ ਵਾਲੇ ਵੀ ਪੰਜਾਬੀ। ਵਧੇਰੇ ਮੈਚ ਵੀ ਲੁਧਿਆਣੇ, ਜਲੰਧਰ, ਅੰਮ੍ਰਿਤਸਰ, ਬਠਿੰਡੇ ਤੇ ਮੁਹਾਲੀ ਵਿਚ ਹੋਏ। ਪੰਜਾਬੀ ਜਿਹੜੀ ਸੌ ਤੋਂ ਵੱਧ ਦੇਸ਼ਾਂ ਵਿਚ ਵਸਦੇ ਚੌਦਾਂ ਕਰੋੜ ਪੰਜਾਬੀਆਂ ਦੀ ਮਾਂ ਬੋਲੀ ਹੈ, ਜੋ ਪੰਜਾਬ ਸਰਕਾਰ ਦੀ ਰਾਜ ਭਾਸ਼ਾ ਹੈ, ਉਹ ਵੇਵ ਕਬੱਡੀ ਲੀਗ ਵਿਚੋਂ ਅਲੋਪ ਕਿਉਂ ਹੋਈ? ਅਜਿਹਾ 'ਪੰਜਾਬੀ ਸੂਬੇ' 'ਚ ਹੋਇਆ। ਪੰਜਾਬੀ ਮਰੇਗੀ ਨਹੀਂ ਤਾਂ ਹੋਰ ਕੀ ਕਰੇਗੀ?

---

# ਵਿਰਾਸਤ -ਏ-ਖਾਲਸਾ ਭਾਗ ਦੂਜਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬ ਦੇ ਸੈਰ-ਸਪਾਟਾ ਤੇ ਸਭਿਆਚਾਰ ਮੰਤਰੀ ਸੋਹਣ ਸਿੰਘ ਠੰਡਲ ਨੇ ਆਨੰਦਪੁਰ ਸਾਹਿਬ ਵਾਲੀ ਵਿਰਾਸਤ-ਏ-ਖਾਲਸਾ ਦੇ ਤਿੰਨ ਸਾਲ ਪੂਰੇ ਹੋਣ 'ਤੇ ਇਸ ਦੇ ਦੂਜੇ ਭਾਗ ਦੀ ਉਸਾਰੀ ਦਾ ਐਲਾਨ ਕੀਤਾ ਹੈ। ਇਸ ਤੋਂ ਮਸਾਂ ਦੋ ਸਪਤਾਹ ਪਹਿਲਾਂ ਮੈਂ ਪਹਿਲੇ ਭਾਗ ਨੂੰ ਬੜੇ ਧਿਆਨ ਨਾਲ ਵੇਖ ਕੇ ਆਇਆ ਸਾਂ। ਮੇਰੇ ਵਿਚਾਰ ਅਨੁਸਾਰ ਇਥੇ ਲਿਖਤੀ ਸ਼ਬਦਾਂ ਦੀ ਭਰਮਾਰ ਲੋੜ ਤੋਂ ਵੱਧ ਹੈ। ਅਜਿਹੀਆਂ ਯਾਦਗਾਰਾਂ ਵਿਚ ਤਸਵੀਰਾਂ ਨੂੰ ਖੁਦ ਬੋਲਣਾ ਚਾਹੀਦਾ ਹੈ। ਜੇ ਦੂਜੇ ਭਾਗ ਵਿਚ ਸ਼ਬਦਾਂ ਦੀ ਥਾਂ ਤਸਵੀਰਾਂ ਵਲ ਵਧੇਰੇ ਧਿਆਨ ਦਿੱਤਾ ਜਾਵੇ ਤਾਂ ਚੰਗਾ ਹੈ। ਇਲੈਕਟ੍ਰਾਨਿਕ ਮੀਡੀਆ ਦੀ ਵਰਤੋਂ ਰਾਹੀਂ ਆਪਣਾ ਸੰਦੇਸ਼ ਉਜਾਗਰ ਕਰਨਾ ਹੋਰ ਵੀ ਚੰਗਾ ਰਹੇਗਾ।

ਸ. ਠੰਡਲ ਦੇ ਦੱਸਣ ਅਨੁਸਾਰ ਇਥੇ ਹਰ ਰੋਜ਼ ਲਗਭਗ 7 ਹਜ਼ਾਰ ਦਰਸ਼ਕ ਆਉਂਦੇ ਹਨ ਅਤੇ ਤਿੰਨ ਸਾਲਾਂ ਵਿਚ 51 ਲੱਖ ਸੈਲਾਨੀਆਂ ਦੇ ਆਉਣ ਸਦਕਾ ਇਹ ਦੁਨੀਆਂ ਦੀਆਂ ਨਾਮੀ ਸੈਰ-ਸਪਾਟਾ ਥਾਂਵਾਂ ਵਿਚ ਸ਼ਾਮਲ ਹੋ ਗਈ ਹੈ। ਆਪਣੀ ਫੇਰੀ ਸਮੇਂ ਮੈਂ ਨੋਟ ਕੀਤਾ ਸੀ ਕਿ ਇਥੇ ਕੋਈ ਪਰਵੇਸ਼ ਟਿਕਟ ਨਹੀਂ ਲਗਦੀ। ਚੰਡੀਗੜ੍ਹ ਦੇ ਰਾਕ ਗਾਰਡਨ ਜਿੰਨੀ ਵੀ ਨਹੀਂ। ਦੂਜੇ ਭਾਗ ਦੀ ਉਸਾਰੀ ਦਾ ਕੰਮ ਵਿੱਢਣ ਤੋਂ ਪਹਿਲਾਂ ਇਸ ਵਿਰਾਸਤ ਨੂੰ ਵੇਖਣ ਵਾਲਿਆਂ ਲਈ ਦਾਖਲਾ ਟਿਕਟ ਲਾਉਣ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਬੱਸਾਂ ਗੱਡੀਆਂ ਦਾ ਕਿਰਾਇਆ ਭਰ ਕੇ ਅਤੇ ਆਪਣੀਆਂ ਕਾਰਾਂ ਦਾ ਪੈਟਰੋਲ ਫੂਕ ਕੇ ਇਥੇ ਪਹੁੰਚਣ ਵਾਲਿਆਂ ਨੂੰ ਦਾਖਲਾ ਟਿਕਟ ਲੈਣਾ ਕੋਈ ਔਖਾ ਨਹੀਂ। ਇਸ ਤਰ੍ਹਾਂ ਪ੍ਰਾਪਤ ਹੋਈ ਪੂੰਜੀ ਕੱਲ ਬਜ਼ੁਰਗਾਂ ਲਈ ਚਲ-ਕੁਰਸੀਆਂ ਦੀ ਸੁਵਿਧਾ ਅਤੇ ਪੇਸ਼ਾਬ ਘਰਾਂ ਦੀ ਸਾਂਭ ਸੰਭਾਲ ਉਤੇ ਲਗ ਸਕਦੀ ਹੈ। ਜੇ ਹੋਰ ਨਹੀਂ ਤਾਂ ਟਿਕਟਾਂ ਦੇ ਪੈਸੇ ਨਾਲ ਸੂਝਵਾਨ ਗਾਈਡਾਂ ਦੀ ਗਿਣਤੀ ਵਧਾ ਕੇ ਸੈਲਾਨੀਆਂ ਨੂੰ ਸਿੱਖ ਇਤਿਹਾਸ ਬਾਰੇ ਚੰਗੇਰੀ ਜਾਣਕਾਰੀ ਦਿੱਤੀ ਜਾ ਸਕਦੀ ਹੈ। ਨਿਸਚੇ ਹੀ ਗਾਈਡਾਂ ਦੇ ਬੋਲ ਲਿਖੇ ਹੋਏ ਸ਼ਬਦਾਂ ਨੂੰ ਵਧੇਰੇ ਸਪਸ਼ਟ ਕਰ ਸਕਦੇ ਹਨ।

**ਖੱਬੀਆਂ ਪਾਰਟੀਆਂ ਦੀ ਇਕਜੁਟਤਾ ਸਮੇਂ ਦੀ ਲੋੜ:** ਪਿਛਲੇ ਕੁਝ ਸਾਲਾਂ ਤੋਂ ਭਾਰਤ ਦੀ ਲੋਕਰਾਜੀ ਧਾਰਨਾ ਕਾਫੀ ਡਾਵਾਂਡੋਲ ਰਹੀ ਹੈ। ਇਸ ਖੋਰੇ ਦੀ ਜ਼ਿੰਮੇਵਾਰੀ ਸਭ ਤੋਂ ਵੱਧ ਇਥੋਂ ਦੇ ਭਾਂਤ-ਸੁਭਾਂਤੇ ਹਿੰਦੂ ਸੰਗਠਨਾਂ ਦੇ ਸਿਰ ਪੈਂਦੀ ਹੈ। ਹੁਣ ਜਿਸ ਤਰ੍ਹਾਂ ਦਾ ਏਜੰਡਾ ਮੋਦੀ ਸਰਕਾਰ ਅਪਨਾ ਰਹੀ ਹੈ ਇਸ ਨਾਲ ਇਹ ਮਸਲੇ ਹੋਰ ਵੀ ਫਿਰਕੂ ਰੰਗਤ ਫੜਦੇ ਜਾਪਦੇ ਹਨ। ਅੱਜ ਜਿਹੜੀ ਤੇਜ਼ੀ ਨਾਲ ਵਿਦੇਸ਼ੀ ਪੂੰਜੀ ਲਈ ਦਰਵਾਜ਼ੇ ਖੋਲ੍ਹੇ ਜਾ ਰਹੇ ਹਨ, ਉਸ ਤੋਂ ਜਾਪਦਾ ਹੈ ਕਿ ਕੇਂਦਰ ਦੀ ਸਰਕਾਰ ਮਸਾਂ ਮਸਾਂ ਹੱਥ ਲੱਗੀ ਸੋਨੇ ਦੀ ਇਸ ਚਿੜੀਆ ਨੂੰ ਗਹਿਣੇ ਧਰਨ ਦੇ ਰਾਹ ਤੁਰ ਪਈ ਹੈ। ਕੇਂਦਰ ਦੀ ਇਸ ਧੱਕੇਸ਼ਾਹੀ ਨੇ ਦੇਸ਼ ਦੀਆਂ ਖੱਬੀਆਂ ਪਾਰਟੀਆਂ ਨੂੰ ਇਕ ਜੁੱਟ ਹੋਣ ਵਲ ਤੋਰਿਆ ਹੈ। ਜਿਸ ਕਿਸਮ ਦੇ ਹਾਲਾਤ ਹੁੰਦੇ ਜਾ ਰਹੇ ਹਨ ,ਕਾਂਗਰਸ ਪਾਰਟੀ ਨੂੰ ਵੀ ਆਪਣੀ ਚੌਧਰ ਤਿਆਗ ਕੇ ਖੱਬੀ ਸੋਚ ਵਾਲੀਆਂ ਪਾਰਟੀਆਂ ਦੇ ਮੋਢੇ ਨਾਲ ਮੋਢਾ ਡਾਹ ਕੇ ਹਾਂ-ਪੱਖੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਸਾਡੇ ਦੇਸ਼ ਦੀਆਂ ਨੀਂਹਾਂ ਧਰਮ ਨਿਰਪਖਤਾ ਨੇ ਮਜ਼ਬੂਤ ਕੀਤੀਆਂ ਹਨ। ਅਗਾਂਹ ਵਧੂ ਸੋਚ ਵਾਲੇ ਜਿੰਨੀ ਛੇਤੀ ਇਕ ਜੁਟ ਹੋਣਗੇ ਦੇਸ਼ ਦੀ ਸੁਰੱਖਿਆ ਤੇ ਵਿਕਾਸ ਲਈ ਓਨਾ ਹੀ ਚੰਗਾ ਹੈ।

ਵੇਖਣ ਨੂੰ ਜਾਪਦਾ ਹੈ ਕਿ ਫਿਰਕੂ ਦੈਂਤ ਦਾ ਸੁਹਾਗਾ ਬੜਾ ਭਾਰੀ ਹੈ। ਇਸ ਨੂੰ ਨੱਥ ਪਾਉਣੀ ਅਤਿਅੰਤ ਜ਼ਰੂਰੀ ਹੈ। ਲਵੀਂ ਜਾਗ੍ਰਤੀ ਨੂੰ ਸ਼ਕਤੀ ਦੇਣ ਵਿਚ ਕਿਸਾਨ ਜਥੇਬੰਦੀਆਂ ਦਾ ਭਰਵਾਂ ਯੋਗਦਾਨ ਮਿਲ ਸਕੇ ਤਾਂ ਹੋਰ ਵੀ ਚੰਗੀ ਗੱਲ ਹੈ। ਫਿਰਕੂ ਸੁਹਾਗੇ ਨੂੰ ਠੱਲ੍ਹ ਪਾਉਣ ਲਈ ਇਕ ਨਹੀਂ, ਅਨੇਕ ਜਥੇਬੰਦੀਆਂ ਦਾ ਇੱਕ ਜੁੱਟ ਹੋਣਾ ਸਮੇਂ ਦੀ ਲੋੜ ਹੈ।

**ਨਕਲੀ ਡੇਰੇ ਤੇ ਆਸ਼ਰਮ:** ਸੰਤ ਰਾਮਪਾਲ ਦੇ ਸਤਲੋਕ ਆਸ਼ਰਮ, ਬਰਵਾਲਾ ਵਿਚੋਂ ਬੇਹਿਸਾਬੇ ਅਸਲੇ ਤੇ ਮਾੜੇ ਕੰਮਾਂ ਨਾਲ ਸਬੰਧਤ ਹੋਰ ਸਮਗਰੀ ਤੋਂ ਆਮ ਜਨਤਾ ਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਅਜਿਹੇ ਆਸ਼ਰਮ ਭੋਲੇ-ਭਾਲੇ ਲੋਕਾਂ ਨੂੰ ਕਿਵੇਂ ਭੁਚਲਾ ਰਹੇ ਹਨ। ਰਾਮਪਾਲ ਨੇ ਖੁਦ ਵੀ ਇਥੇ ਗਲਤ ਕੰਮਾਂ ਦੀ ਹੋਂਦ ਮੰਨੀ ਹੈ ਭਾਵੇਂ ਇਸ ਦਾ ਭਾਂਡਾ ਆਪਣੇ ਸੇਵਾਦਾਰਾਂ ਤੇ ਕਮੇਟੀ ਮੈਂਬਰਾਂ ਦੇ ਸਿਰ ਭੰਨਿਆ ਹੈ।

ਜਿੱਥੋਂ ਤੱਕ ਗਲਤ ਕੰਮਾਂ ਦਾ ਸਬੰਧ ਹੈ, ਬਾਪੂ ਆਸਾ ਰਾਮ ਵਜੋਂ ਜਾਣਿਆ ਜਾਂਦਾ ਸਾਧ ਵੀ ਚਰਚਾ ਵਿਚ ਹੈ। ਇਹ ਸਭ ਕੁਝ ਕਾਨੂੰਨ ਦੇ ਘੇਰੇ ਵਿਚ ਆਉਂਦਿਆਂ ਦੇਰ ਲੱਗ ਸਕਦੀ ਹੈ। ਤਰਕਸ਼ੀਲਾਂ ਨੂੰ ਚਾਹੀਦਾ ਹੈ ਕਿ ਇਸ ਦਾ ਵੱਧ ਤੋਂ ਵੱਧ ਲਾਭ ਉਠਾ ਕੇ ਭੋਲੀ-ਭਾਲੀ ਜਨਤਾ ਨੂੰ ਸੁਚੇਤ ਕਰਨ। ਯੋਗ ਤੇ ਸਮਝਦਾਰ ਬੁੱਧੀਜੀਵੀਆਂ ਨੂੰ ਵੀ ਅਜਿਹੀਆਂ ਗੁੰਝਲਾਂ ਖੋਲ੍ਹਣ ਵਿਚ ਸਹਾਈ ਹੋਣਾ ਚਾਹੀਦਾ ਹੈ।

**ਸੱਚੋ ਸੱਚ ਨਿਤਾਰਨ ਦੀ ਲੋੜ:** ਪਿਛਲੇ ਕੁਝ ਸਮੇਂ ਤੋਂ ਵੱਡੇ ਘਰਾਂ ਵਿਚ ਕੰਮ ਕਰਨ ਵਾਲੀਆਂ ਕੁੜੀਆਂ, ਪਰਾਏ ਘਰ ਵਿਆਹ ਕੇ ਵਸੀਆਂ ਧੀਆਂ ਅਤੇ ਬਲਾਤਕਾਰ ਦਾ ਸ਼ਿਕਾਰ ਹੋਈਆਂ ਨਿਕਰਮਣ ਜਿੰਦਾਂ ਦੇ ਕਿੱਸੇ ਪੜ੍ਹ ਕੇ ਸਮਝ ਨਹੀਂ ਆਉਂਦੀ ਕਿ ਜ਼ਮਾਨਾ ਕਿਧਰ ਨੂੰ ਜਾ ਰਿਹਾ ਹੈ। ਮਾੜੀ ਗੱਲ ਇਹ ਕਿ ਸਾਡੀ ਜਨਤਾ ਉਨ੍ਹਾਂ ਦੇ ਭਲੇ ਲਈ ਘੜੇ ਕਾਨੂੰਨਾਂ ਵਿਚ ਵੀ ਚੋਰ ਮੋਰੀਆਂ ਲਭ ਲੈਂਦੀ ਹੈ। ਜਦੋਂ ਅਜਿਹੇ ਘਿਨਾਉਣੇ ਦੋਸ਼ਾਂ ਨਾਲ ਛੇਤੀ ਨਿਪਟਣ ਲਈ ਕਾਨੂੰਨ ਵਿਚ ਇਹ ਧਾਰਾ ਦਰਜ ਕੀਤੀ ਗਈ ਕਿ ਮਹਿਲਾ ਨੂੰ ਅਜਿਹਾ ਕੇਸ ਪਾਉਂਦੇ ਸਮੇਂ ਕਿਸੇ ਗਵਾਹੀ ਦੀ ਲੋੜ ਨਹੀਂ ਤਾਂ ਇਸ ਧਾਰਾ ਦੀ ਦੁਰਵਰਤੋਂ ਕਰਦਿਆਂ ਵੀ ਦੇਰ ਨਹੀਂ ਲੱਗੀ।

ਦਿੱਲੀ ਦੀ ਇਕ ਕਚਹਿਰੀ ਵਿਚ ਅਜਿਹਾ ਕੇਸ ਵੀ ਆਇਆ ਜਿੱਥੇ ਇਕ ਮਹਿਲਾ ਨੇ ਬਲਾਤਕਾਰ ਦਾ ਝੂਠਾ ਕੇਸ ਦਰਜ ਕਰਵਾ ਕੇ ਮਾਣਯੋਗ ਜੱਜ ਵਰਿੰਦਰ ਭੱਟ ਨੂੰ ਇਸ ਕੇਸ ਦੀ ਤਹਿ ਤੱਕ ਪਹੁੰਚਣ ਲਈ ਮਜਬੂਰ ਕਰ ਦਿੱਤਾ। ਬਲਾਤਕਾਰ ਦੀ ਸ਼ਿਕਾਰ ਮਹਿਲਾ ਦੇ ਮਾਣ ਸਨਮਾਨ ਦਾ ਪੂਰਾ ਧਿਆਨ ਰਖਦਿਆਂ ਮਾਣਯੋਗ ਜੱਜ ਨੂੰ ਇਹ ਫੈਸਲਾ ਦੇਣਾ ਪਿਆ ਕਿ ਝੂਠਾ ਕੇਸ ਪਾਉਣ ਵਾਲੀ ਮਹਿਲਾ ਉਤੇ ਵੀ ਕੇਸ ਜਾਰੀ ਰਹਿਣਾ ਚਾਹੀਦਾ ਹੈ। ਜੱਜ ਦੀ ਦਲੀਲ ਸੀ ਕਿ ਫੋਕੀ ਸ਼ਿਕਾਇਤ ਸਦਕਾ ਨਵੇਂ ਕਾਨੂੰਨ ਦੀ ਉਹ ਧਾਰਾ ਪਤਲੀ ਪੈ ਜਾਂਦੀ ਹੈ ਜਿਸ ਵਿਚ ਮਹਿਲਾ ਵਲੋਂ ਲਾਏ ਦੋਸ਼ ਨੂੰ ਕਿਸੇ ਪ੍ਰਕਾਰ ਦੀ ਗਵਾਹੀ ਤੋਂ ਬਿਨਾਂ ਵੀ ਮੰਨੇ ਜਾਣ ਦੇ ਆਦੇਸ਼ ਹਨ। ਜੱਜ ਨੇ ਆਪਣੇ ਫੈਸਲੇ ਵਿਚ ਠੋਕ ਕੇ ਕਿਹਾ ਹੈ ਕਿ ਇਸ ਤਰ੍ਹਾਂ ਦਾ ਝੂਠਾ ਦੋਸ਼ ਲਾਉਣ ਵਾਲੀਆਂ ਮਹਿਲਾਵਾਂ ਉਨ੍ਹਾਂ ਅਨੇਕਾਂ ਮਹਿਲਾਵਾਂ ਦੇ ਕੇਸਾਂ ਨੂੰ ਕਮਜ਼ੋਰ ਕਰ ਰਹੀਆਂ ਹਨ ਜਿਹੜੀਆਂ ਅਭੋਲ ਹੀ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਜੱਜ ਦੇ ਇਸ ਫੈਸਲੇ ਨਾਲ ਝੂਠਾ ਕੇਸ ਪਾਉਣ ਵਾਲੀਆਂ ਮਹਿਲਾਵਾਂ ਨੂੰ ਕੰਨ ਹੋ ਜਾਣੇ ਚਾਹੀਦੇ ਹਨ।

**ਅੰਤਿਕਾ:** (ਟੀ ਐਨ ਰਾਜ਼)
ਯੋਗ ਆਸਨ ਔਰ
ਪ੍ਰਾਣਾਯਾਮ ਹੀ ਕੇ ਜ਼ੋਰ ਪਰ
ਭਗਤਨੋ ਕੋ ਲੇ ਕੇ ਸਵਾਮੀ
ਏਕ ਦਿਨ ਉੜ ਜਾਏਂਗੇ।
ਮੁਫਲਸੀ, ਬੇਰੋਜ਼ਗਾਰੀ,
ਰੇਪ, ਰਿਸ਼ਵਤ ਕਤਲ ਸਭ
ਵਕਤ-ਏ-ਆਖਿਰ ਨਾਮ ਤੇਰੇ
ਐ ਵਤਨ ਲਿਖ ਜਾਏਂਗੇ।

# ਰੱਬ ਗਰੀਬਾਂ ਨੂੰ ਧੀਆਂ ਵੀ ਦਿੰਦੈ, ਲਾਚਾਰੀ ਵੀ!

*ਗਲਤੀਆਂ ਹੋ ਜਾਂਦੀਆਂ ਨੇ, ਇਹ ਹੋ ਵੀ ਰਹੀਆਂ ਨੇ, ਤੇ ਹੁੰਦੀਆਂ ਵੀ ਰਹਿਣਗੀਆਂ; ਪਰ ਜਦੋਂ ਦਾ ਹੁਕਮਰਾਨਾਂ ਨੇ ਰਾਜਨੀਤੀ ਦੇ ਅਲਜਬਰੇ ਨਾਲ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗਲਤੀਆਂ ਕਰ ਕੇ ਮੰਨੀਦੀਆਂ ਨਹੀਂ, ਕਿਉਂਕਿ ਇਉਂ ਸਿਆਣੇ ਲੋਕਾਂ ਨੇ ਕਰਨਾ ਹੁੰਦਾ ਹੈ; ਉਦੋਂ ਦੇ ਦੇਸ਼ ਟੁੱਟਣ ਲੱਗ ਪਏ ਨੇ। ਗੱਲ ਇਥੇ ਮੁੱਕ ਜਾਂਦੀ ਤਾਂ ਕੁਝ ਬਚਿਆ ਵੀ ਰਹਿੰਦਾ, ਪਰ ਇਨ੍ਹਾਂ ਨੇ 'ਸੇਵਾ' ਦੇ ਨਾਂ ਹੇਠ ਜਦੋਂ ਦੇ ਬਦਮਾਸ਼ ਪਾਲ ਲਏ ਨੇ, ਤੇ ਲੋਕ ਇਕ-ਦੂਜੇ ਦੇ ਗਲ ਲੱਗ ਕੇ ਰੋਂਦੇ ਰਹਿ ਜਾਂਦੇ ਨੇ। ਹਾਲਾਤ ਜੇ ਇੱਦਾਂ ਦੇ ਹੀ ਬਣੇ ਰਹੇ, ਤਾਂ ਸਮਾਜ ਖੱਖੜੀਆਂ ਹੋ ਜਾਵੇਗਾ। ਸਿਆਣੇ ਆਖਦੇ ਹੁੰਦੇ ਸਨ, ਗਲਤੀਆਂ+ਜ਼ਿੰਦਗੀ ਦਾ ਕੁੱਲ ਜੋੜ ਤਜਰਬਾ ਹੁੰਦਾ ਹੈ, ਪਰ ਲਗਦਾ ਨਹੀਂ ਕਿ ਹੁਣ ਤਾਂ ਨਿਊਟਨ ਦੇ ਸਿਧਾਂਤ ਤੱਕ ਉਖੜ ਗਏ ਹਨ; ਤੇ ਹੁਣ ਕਿਹਾ ਜਾ ਸਕਦਾ ਹੈ ਕਿ 'ਨੇਤਾ+ਗਲਤੀਆਂ=ਰਾਜ' ਹੁੰਦਾ ਹੈ। ਜੇ ਜਵਾਨੀ ਕੁਰਾਹੇ ਪੈਣ ਤੋਂ ਕੋਈ ਰੋਕ ਨਹੀਂ ਸਕਿਆ, ਤਾਂ ਇਸ ਦੇ ਮੋਟੇ ਅਰਥ ਹਨ ਕਿ ਜਾਤਾਂ ਦੀ ਹਉਮੈ ਮੁੱਕੀ ਨਹੀਂ। ਵੱਡੇ ਘਰਾਂ ਦੇ ਕਾਕਿਆਂ ਕੋਲ ਇੱਜ਼ਤ ਨਾਲ ਖੇਡਣ ਦੀ ਰਾਜਨੀਤਕ ਛਤਰੀ ਹੈ।...ਤੇ ਸਹੀ ਅਰਥਾਂ ਵਿਚ ਗਰੀਬ ਦੀ ਧੀ ਗਊ ਹੁਣ ਬਣੀ ਹੈ, ਤੇ ਸਾਨ੍ਹ ਡੰਗਰ ਹਸਪਤਾਲਾਂ ਵਿਚ ਨਾ ਵੀ ਰਹੇ ਹੋਣ, ਇਹ ਨਵੇਂ ਰੂਪ ਵਿਚ ਸੜਕਾਂ 'ਤੇ ਭੂਤਰੇ ਫਿਰਨ ਲੱਗੇ ਹੋਏ ਹਨ। ਚਲੋ ਜੌੜੇ ਬੱਚਿਆਂ ਅੰਦਰ ਕਈ ਸਮਾਨਤਾਵਾਂ ਤਾਂ ਹੁੰਦੀਆਂ ਹਨ, ਪਰ ਯੁੱਗ ਅਜਿਹਾ ਆ ਗਿਆ ਹੈ ਕਿ ਪਿਉ ਤੇ ਪੁੱਤਰ ਇਕੱਠਿਆਂ ਨੂੰ ਹੀ ਇਸ਼ਕ ਦਾ ਤਾਪ ਚੜ੍ਹਨ ਲੱਗ ਪਿਆ ਹੈ। ਵਕਤ ਇਹ ਆਖ ਰਿਹਾ ਹੈ ਕਿ ਸਾਧ ਜਤੀ ਤਾਂ ਚਲੋ ਨਾ ਰਹਿੰਦੇ, ਹੁਣ ਤਾਂ ਹਲਕ ਗਏ ਹਨ। ਪਹਿਲਾਂ ਭਲਵਾਨ ਕੱਪੜੇ ਉਤਾਰ ਕੇ ਅਤੇ ਬਾਦਸ਼ਾਹ ਪਹਿਨ ਕੇ ਖੁਸ਼ ਹੁੰਦਾ ਸੀ। ਹੁਣ ਗੰਗਾ ਪਹੋਏ ਦੀ ਥਾਂ ਨਵਾਂ ਰਾਹ ਲੱਭਣ ਦੇ ਰੌਂਅ ਵਿਚ ਹੈ। ਅਰਸਤੂ ਆਖਦਾ ਸੀ ਕਿ ਜੇ ਧਰਤੀ 'ਤੇ ਸਾਰਿਆਂ ਕੋਲ ਸਭ ਕੁਝ ਹੁੰਦਾ, ਤਾਂ ਹਰ ਬੰਦੇ ਦਾ ਨਾਂ ਰੱਬ ਹੀ ਹੋਣਾ ਸੀ, ਤੇ ਜਿਨ੍ਹਾਂ ਨੂੰ ਪਹਿਲਾਂ ਲਾਈਨ ਵਿਚ ਲੱਗ ਕੇ ਵੋਟਾਂ ਪਾਈਆਂ, ਫਿਰ ਉਨ੍ਹਾਂ ਅੱਗੇ ਕਤਾਰ ਵਿਚ ਖੜ੍ਹ ਕੇ ਫਰਿਆਦਾਂ ਤੇ ਤਰਲੇ ਕੀਤੇ, ਉਹ ਰੱਬ ਦੇ ਨਾਂ ਦਾ ਹੀ ਇੰਤਕਾਲ ਕਰਵਾ ਰਹੇ ਸਨ। ਔਰਤ ਲਈ ਸੁਖਾਲਾ ਯੁੱਧ ਕੋਈ ਵੀ ਨਹੀਂ ਰਿਹਾ, ਪਰ ਧੀਆਂ ਇਸ ਯੁੱਗ ਨੇ ਧਾਹੀਂ ਰੁਆਈਆਂ ਹਨ। ਦਰੋਪਤੀ ਦਾ ਚੀਰ-ਹਰਨ ਰੋਜ਼ ਹੋ ਰਿਹਾ ਹੈ, ਪਰ ਦੁੱਖ ਹੈ ਕਿ ਕ੍ਰਿਸ਼ਨ ਰੋਜ਼ ਭਗਵਾਨ ਬਣ ਕੇ ਨਹੀਂ ਆ ਰਿਹਾ। ਇਸੇ ਲਈ ਰਾਣੋ ਦਾ ਇਹ ਰੋਣਾ ਸੱਚੀਂ ਵਿਧਵਾ ਦੇ ਸਿਆਪੇ ਨਾਲੋਂ ਵੱਡਾ ਹੈ।*

## ਨੋਕ-ਝੋਕ



**ਐਸ. ਅਸ਼ੋਕ ਭੌਰਾ**

ਸਮਾਜ ਇਸ ਗੱਲ ਨੂੰ ਸਵੀਕਾਰ ਕਰੇ ਜਾਂ ਨਾ, ਪਰ ਇਕਲੌਤੀਆਂ ਧੀਆਂ, ਪੁੱਤਾਂ ਨਾਲੋਂ ਕਿਤੇ ਵੱਧ ਪਿਆਰੀਆਂ ਹੁੰਦੀਆਂ ਹਨ। ਹਾਲਾਤ ਵੱਖਰੇ ਇਹ ਹੋ ਸਕਦੇ ਹਨ ਕਿ ਧੀ ਅਮੀਰ ਘਰ ਵਿਚ ਜੰਮੀ ਹੈ, ਜਾਂ ਗਰੀਬੀ ਦੀ ਉਡਦੀ ਧੁੱਧਲ ਵਿਚ। ਸਿਆਣੇ ਲੋਕ ਮੰਨਦੇ ਹਨ ਕਿ ਗਰੀਬ ਘਰਾਂ ਵਿਚ ਸਨੁੱਖੀ ਧੀ ਦਾ ਜੰਮਣਾ ਅਕਸਰ ਸੰਤਾਪ ਹੀ ਹੁੰਦਾ ਹੈ। ਜੇ ਕਿਤੇ ਬਾਪੂ ਦੀ ਪੱਗ ਤੇ ਲੱਜ ਦਾ ਧੀਆਂ ਨੂੰ ਫਿਕਰ ਨਾ ਹੁੰਦਾ, ਤਾਂ ਇਨ੍ਹਾਂ ਸਾਰੀਆਂ ਨੇ ਸ਼ੀਹਣੀਆਂ ਬਣਨਾ ਸੀ, ਤੇ ਮਰਦ ਦੀ ਪ੍ਰਧਾਨਗੀ ਦਾ ਭੋਗ ਬਹੁਤ ਚਿਰ ਪਹਿਲਾਂ ਪੈ ਗਿਆ ਹੁੰਦਾ। ਇਹ ਦੁੱਖ ਰਹੇਗਾ ਹੀ ਕਿ ਜੇ ਸਦੀਆਂ ਬੀਤ ਜਾਣ 'ਤੇ ਵੀ ਸ਼ੇਰ ਮਾਸ ਖਾਣ ਦੀ ਆਦਤ ਨਹੀਂ ਛੱਡ ਸਕਿਆ, ਕਾਂ ਨੂੰ ਹੰਸ ਦਾ ਰੂਪ ਨਹੀਂ ਚੜ੍ਹ ਸਕਿਆ, ਲੋਕ ਰਾਜ ਦੀ ਮੁਨਿਆਦੀ ਕਰਵਾ ਕੇ ਹਾਕਮ ਲੋਕਾਂ ਦੇ ਨਹੀਂ ਬਣ ਸਕੇ, ਚੁਗਲ ਤੇ ਨਾਰਦ ਮੁਨੀ ਨਹੀਂ ਮੁੱਕੇ, ਸਭਿਅਕ ਯੁੱਗ ਵਿਚ ਆਦਰਸ਼ਾਂ ਦੀਆਂ ਟਾਹਰਾਂ ਮਾਰਨ ਵਾਲਾ ਮਨੁੱਖ ਬਲਾਤਕਾਰੀ ਵਧੇਰੇ ਹੋ ਗਿਆ ਹੈ, ਤਾਂ ਲਾਚਾਰੀ ਤੇ ਬੇਵਸੀ ਵਿਚੋਂ ਗੁਜ਼ਰਨਾ ਔਰਤ ਦੀ ਮਜਬੂਰੀ ਰਹੇਗਾ ਹੀ। ਵਿਗਿਆਨ ਦੀ ਤਰੱਕੀ ਦਾ ਗਰੀਬ ਨੂੰ ਲਾਭ ਘੱਟ ਤੇ ਨੁਕਸਾਨ ਵਧੇਰੇ ਹੋਇਆ ਹੈ। ਕਹਾਣੀ 'ਇਕ ਰਾਜਾ ਹੁੰਦਾ ਸੀ ਤੇ ਇਕ ਰਾਣੀ' ਨਾਲ ਸ਼ੁਰੂ ਕਰਨ ਦਾ ਵੇਲਾ ਹੁਣ ਲੰਘ ਗਿਆ ਹੈ। ਇਸੇ ਲਈ ਮੈਂ ਬਿਨਾਂ ਹੁੰਗਾਰੇ ਵਾਲੀ ਬਾਤ ਇਉਂ ਅਰੰਭ ਕਰਨ ਲੱਗਾ ਹਾਂ ਕਿ 'ਇਕ ਗਰੀਬ ਹੁੰਦਾ ਸੀ ਤੇ ਇਕ ਗਰੀਬ ਦੀ ਧੀ...।'

...ਭਾਨੋ ਨੇ ਉਹਨੂੰ ਬਾਹੋਂ ਫੜ ਕੇ ਕਿਹਾ, "ਸਿਰ ਦਿਆ ਸਾਈਆਂ, ਮਾਇਆ ਦੇ ਯੁੱਗ ਵਿਚ ਗਰੀਬ ਦੇ ਨਾਂਵਾਂ ਨੂੰ ਫਰਕ ਨਹੀਂ ਪੈਣਾ ਹੁੰਦਾ, ਮਾਂ-ਬਾਪ ਨੇ ਚੌਕੀਦਾਰ ਕੋਲ ਤੇਰਾ ਨਾਂ ਤਾਂ ਪਰਸ ਰਾਮ ਲਿਖਾਇਆ ਸੀ ਪਰ ਤੂੰ ਸਾਰੀ ਉਮਰ ਪਰਸਾ ਹੀ ਰਹੇਂਗਾ।"

"ਰੱਬ ਨੇ ਯਾਰੀਆਂ ਕਦੇ ਕਮਜ਼ੋਰ ਨਾਲ ਪਾਈਆਂ ਹੀ ਨਹੀਂ, ਪਰ ਕੀਤਾ ਵੀ ਤਾਂ ਕੁਝ ਨਹੀਂ ਜਾ ਸਕਦਾ!"

"ਕੀਤਾ ਜਾ ਸਕਦਾ ਸੀ, ਪਰ 'ਡੂਮਣੀ ਵਕਤੋਂ ਖੁੰਝ ਗਈ'।"

"ਭਾਨੋ ਤੇਰੀ ਗੱਲ ਮੇਰੇ ਖਾਨੇ ਨਹੀਂ ਪੈ ਰਹੀ।"

"ਪਵੇਗੀ ਵੀ ਨਹੀਂ ਪਰਸਿਆ, ਖਾਨਾ ਬਚਿਆ ਹੀ ਕਿਥੇ ਹੈ? ਤੇਰੇ ਤਰਲੇ-ਮਿੰਨਤਾਂ ਕੀਤੀਆਂ, ਹੱਥ ਜੋੜੇ...ਰੱਬ ਦਿਆ ਬੰਦਿਆ! ਕਰਦੇ ਰਾਣੋ ਦੇ ਹੱਥ ਪੀਲੇ...ਮੇਰੀ ਇਕ ਨਾ ਮੰਨੀ...ਅਖੇ, ਮੈਂ ਜੱਜ ਬਣਾਉਣੀ ਆ...ਬਣਾ ਲੈ ਹੁਣ! ਕਚਹਿਰੀਆਂ ਵਿਚ ਤਾਂ ਕੀ, ਘਰੋਂ ਬਾਹਰ ਮੂੰਹ ਕੱਢਣ ਜੋਗੀ ਵੀ ਨਾ ਰਹੀ।"

"ਭਾਨੋ ਤੂੰ ਤਾਂ ਮੈਨੂੰ ਹੋਰ ਦੁਖੀ ਨਾ ਕਰ। ਮੇਰੇ ਨਾਲ ਖੜ੍ਹੀ ਹੋ। ਲੰਗੜੇ ਦੀਆਂ ਵੈਸਾਖੀਆਂ ਨਹੀਂ ਖੋਹੀਦੀਆਂ।"

"ਮੈਂ ਕਿਤੇ ਲਾਲ ਕਿਲ੍ਹੇ 'ਤੇ ਚੜ੍ਹਨ ਲੱਗੀ ਆਂ, ਤੇਰੇ ਨਾਲ ਹੀ ਮਰੂੰ। ਨਾਲੇ ਅੱਜ ਉਹ ਭੇਤ ਖੋਲ੍ਹਾਂ?"

"ਕਿਹੜਾ?"

"ਜਿੱਦਣ ਮੈਂ ਵਿਆਹੀ ਆਈ ਸੀ, ਗਲੀ ਮੁਹੱਲਾ ਨ੍ਹੀਂ...ਸਾਰਾ ਪਿੰਡ ਗੱਲਾਂ ਕਰਦਾ ਸੀ ਕਿ ਅੱਖਾਂ ਤੋਂ ਬਿੱਲੀ ਪਰੀਆਂ ਵਰਗੀ ਭਾਨੋ ਚਾਹ ਵੇਚਣ ਵਾਲੇ ਬੱਤ ਤੋਂ ਲੰਘੇ ਨਾਲ ਕਿਉਂ ਵਿਆਹ 'ਤੀ। ਥੂ-ਥੂ ਕਰਦੇ ਸਮਾਜ 'ਤੇ ਥੁੱਕ ਕੇ ਬਾਪ ਨੇ ਆਪਣੀ ਪੱਗ ਬਚਾ ਲਈ ਸੀ...।"

"ਉਦੋਂ ਭਾਨੋ ਜ਼ਮਾਨਾ ਹੋਰ ਸੀ।"

"ਰੱਬ ਦਿਆ ਬੰਦਿਆ, ਇਹ ਤੈਨੂੰ ਭਰਮ ਸੀ। ਗਰੀਬਾਂ ਦੇ ਜ਼ਮਾਨੇ ਨਾ ਬਦਲੇ ਆ, ਨਾ ਬਦਲਣੇ ਆਂ...ਪੜ੍ਹਾ ਕੇ ਰਾਣੋ ਨੂੰ ਚੜ੍ਹਦਾ ਵੇਖ ਲਿਆ ਦਾਗੀ ਚੰਦ?"

"ਸਿਵਿਆਂ ਵਿਚ ਖੜ੍ਹ ਕੇ ਸੰਖ ਨ੍ਹੀਂ ਵਜਾਈਦੇ ਭਾਨੋ। ਹੁਣ ਵੇਲੇ ਦਾ ਰਾਗ ਗਾ। ਪਰਸੋਂ ਨੂੰ ਤਰੀਕ ਹੈ, ਤੇਰੇ ਸੋਨੇ ਦੇ ਬਚਦੇ ਦੋ ਤਵੀਤ ਪਿਛਲੀ ਤਾਰੀਕ 'ਤੇ ਵੇਚ ਲਏ ਸੀ, ਕੰਮ ਬੰਦ ਹੋਏ ਨੂੰ ਸਾਲ ਹੋ ਚੱਲਿਆ...ਨਾਲੇ ਸੁਣ, ਵਕੀਲ ਆਂਹਦਾ ਸੀ ਹੁਣ ਸਰਕਾਰ ਇਨ੍ਹਾਂ ਕੇਸਾਂ ਵਿਚ ਚਾਰ ਲੱਖ ਦਊ।"

"...ਗਿਣ ਲਈਂ ਚਾਨਣੀ ਵਿਚ ਬਹਿ ਕੇ ਚਾਰ ਲੱਖ...ਛਾਹ ਵੇਲਾ ਮਿਲਿਆ ਨ੍ਹੀਂ, ਰਾਤ ਦੀ ਰੋਟੀ ਦਾ ਫਿਕਰ ਕਰੀ ਜਾਂਦਾ। ਇੰਨਾ ਰੱਬ ਮੰਨ, ਪਈ ਜਖ਼ਮ ਭਰ ਗਏ ਰਾਣੋ ਦੇ। ਹੁਣ ਕੀਹਤੋਂ ਮੰਗਣੇ ਆਂ...ਖਾਲੀ ਹੱਥੀਂ ਜਾ ਕੇ ਨ੍ਹੀਂ ਸਰਨਾ। ਪਹਿਲਾਂ ਮੁਣਸ਼ੀ ਕੰਜਰ ਛਿੱਲ ਲਾਹੂ, ਤੇ ਫਿਰ ਢਿੱਡਲ ਜਿਹਾ ਵਕੀਲ ਮੂੰਹ ਅੱਡੂ।"

"ਭਾਨੋ ਆਏ ਕਰਦੇ ਆਂ...ਤੇਰੇ ਪਿੰਡ ਆਲਾ ਜ਼ੈਲਦਾਰ ਸੱਚਾ ਸਿੰਹੁ ਬਾਪੂ ਦੇ ਸੋਲ੍ਹੇ 'ਤੇ ਟੱਕਰਿਆ ਸੀ, ਪਈ ਕੁੜੀ ਤੇਰੀ ਪੜ੍ਹਦੀ ਐ...ਕੋਈ ਮਦਦ ਚਾਹੀਦੀ ਹੋਈ ਤਾਂ ਦੱਸੀਂ।"

"ਗਰੇਜ਼ਾਂ ਦੇ ਟੁੱਕੜ-ਬੋਚ, ਲੁੱਚਿਆਂ ਦਾ ਟੱਬਰ ਸਾਰਾ। ਕਿਤੇ ਡਿਗਰੀਆਂ ਲੈ ਕੇ ਬਣੇ ਆ ਜ਼ੈਲਦਾਰ, ਗੱਦਾਰ, ਟੌਟ। ਨਾਂ ਨਾ ਲੈ ਉਸ ਕੰਜਰ ਦਾ। ਮਰਦੀ ਮਰ ਜੂ, ਵਿਚੇ ਭਾਵੇਂ ਰਾਣੋ ਹੋਰ ਲੂਹ ਹੋ ਜਾਏ, ਉਹਦੇ ਅੱਗੇ ਨ੍ਹੀਂ ਹੱਥ ਅੱਡਦੀ।"

"ਭਾਨੋ ਕੀ ਗੱਲਾਂ ਕਰਦੀ ਆਂ...ਬੀਬਾ ਬੰਦਾ ਸੁੱਚਾ ਸਿਹੁੰ...ਨਾਲੇ ਜਦੋਂ ਅੱਗ ਲੱਗੀ ਹੋਵੇ ਤਾਂ ਜੁੱਤੀ ਲਗਦੀ ਨ੍ਹੀਂ ਦੇਖੀਦੀ...ਚਾਰ ਦਮੜੇ ਲੈ ਵੀ ਲਏ ਤਾਂ ਕੀ ਹਰਜ ਐ।"

"ਕੰਨ ਵਿਚ ਉਂਗਲੀ ਫੇਰ ਕੇ ਸੁਣ ਪਰਸਿਆ...ਉਹ ਬਦਮਾਸ਼ ਸੁੱਚਾ ਮੇਰੇ ਮਗਰ ਲੱਗਿਆ ਹੋਇਆ ਸੀ। ਉਸ ਤੋਂ ਡਰਦੇ ਮੇਰੇ ਬਾਪ ਨੇ ਮੈਨੂੰ ਸੋਲ੍ਹਵਾਂ ਨ੍ਹੀਂ ਪੂਰਾ ਹੋਣ ਦਿੱਤਾ ਜਦ ਵਿਆਹ 'ਤੀ। ਤੂੰ ਸੋਚਦਾ ਹੋਣਾਂ, ਤੇਰੀ ਧੀ ਨਾਲ ਹੁਣ ਹੋਈ ਹੈ। ਭੋਲਿਆ ਪੰਛੀਆ! ਗਰੀਬ ਨਾਲ ਪਹਿਲਾਂ ਤੋਂ ਹੀ ਇੱਦਾਂ ਹੁੰਦੀ ਆਈ ਐ।"

"ਬੱਸ ਚੁੱਪ ਕਰ ਭਾਨੋ, ਹੁਣ ਨਾ ਬੋਲੀਂ...ਦਿਲ ਫੇਲ੍ਹ ਹੋ ਜੂ, ਹੁਣ ਨ੍ਹੀਂ ਸੁਣ ਹੁੰਦਾ ਹੋਰ ਕੁਛ...ਚੱਲ ਚੁੱਕ ਲਿਆ ਝੋਲਾ...ਭਰਾ ਹੁੰਦਾ ਤਾਂ ਬਾਂਹ ਫੜਦਾ, ਉਹ ਵੀ ਪਿਛਲੇ ਸਾਲ ਤੁਰ ਗਿਆ...ਉਹਦਾ ਸਾਲਾ ਆਇਆ ਦੁਬਈ ਤੋਂ, ਉਹਨੂੰ ਬਾਂਹ ਫੜਾ ਕੇ ਵੇਖਦੇ ਆਂ।"

...ਤੇ ਹਉਕਿਆਂ ਦੇ ਤੰਦ ਪਾਉਂਦੇ ਉਹ ਦੋਵੇਂ ਤਾਂ ਪਿੰਡ ਦੇ ਬੱਸ ਅੱਡੇ ਵੱਲ ਤੁਰ ਪਏ, ਪਰ ਕੌਲੇ ਨਾਲ ਲੱਗ ਕੇ ਸੁਣਦੀ ਰਾਣੋ ਨੇ ਅੰਦਰ ਜਾ ਕੇ ਧਾਹਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ- ਰੱਬ ਗਰੀਬਾਂ ਦੇ ਮਾਮਲੇ ਵਿਚ ਬੋਲਾ ਹੀ ਹੁੰਦਾ, ਕਿਹੜਾ ਕੁਝ ਸੁਣਨਾ...।

ਦੁਪਹਿਰਾ ਵੀ ਢਲਣ ਉਤੇ ਆ ਗਿਆ ਸੀ, ਅੰਦਰ ਪਈ ਰਾਣੋ ਨੇ ਕੁਝ ਨਾ ਖਾਧਾ। ਰੋਂਦੀ ਦਾ ਤਾਲੂਆ ਸੁੱਕ ਗਿਆ। ਭੁੱਖ ਨਾਲ ਆਂਦਰਾਂ ਸੁੰਗੜ ਗਈਆਂ। ਜਦ ਨੂੰ ਬਾਹਰਲਾ ਬੂਹਾ ਖੜਕ ਪਿਆ।

ਬੂਹਾ ਖੋਲ੍ਹਦਿਆਂ ਹੀ ਪਿੱਠ ਕਰ ਕੇ ਰਾਣੋ ਨੇ ਪੁੱਛਿਆ, "ਤੁਸੀਂ ਕੌਣ ਹੋ, ਕਿੱਥੋਂ ਆਏ ਹੋ?"

"ਨੀ ਧੀਏ ਤੂੰ ਨ੍ਹੀਂ ਸਿਆਣਦੀ ਹੋਣੀ ਮੈਨੂੰ। ਮੈਂ ਸੱਬੇ ਹੋਰਾਂ ਦੀ ਵੱਡੀ ਭੈਣ ਆਂ ਜਿਹੜੇ ਪਿੰਡ ਛੱਡ ਕੇ ਸ਼ਹਿਰ ਚਲੇ ਗਏ ਨੇ। ਵਲੈਤੋਂ ਆਈ ਸੀ ਥੋੜ੍ਹੇ ਦਿਨਾਂ ਲਈ। ਤੇਰਾ ਪਤਾ ਲੱਗਾ ਕਿ ਲੰਬੜਦਾਰਾਂ ਦੇ ਹਲਕੇ ਕੁੱਤੇ ਕੁੱਕੀ ਨੇ ਪਿੰਡ ਦੀ ਧੀ-ਭੈਣ ਦਾ ਖਿਆਲ ਵੀ ਨਾ ਕੀਤਾ। ਸੁੱਖ ਨਾਲ ਸੱਬੇ ਹੋਰਾਂ ਦਾ ਬੜਾ ਪਿਆਰ ਐ ਪਰਸੇ ਨਾਲ...ਕਿੱਥੇ ਗਏ ਨੇ ਪਰਸਾ ਤੇ ਭਾਨੋ।"

"ਭੂਆ ਸ਼ਹਿਰ ਨੂੰ ਹੀ ਗਏ ਹੋਏ ਆ...ਆ ਜਾਣਗੇ।"

"ਧੀਏ ਤੂੰ ਮੂੰਹ ਉਤੇ ਪੱਲਾ ਕਿਉਂ ਲਿਆ ਹੋਇਐ...ਮੂੰਹ ਤਾਂ ਨੰਗਾ ਕਰ...ਦੇਖਾਂ ਤਾਂ ਸਹੀ ਤੇਰਾ ਰੰਗ-ਰੂਪ। ਆਂਹਦੇ ਸੀ ਰਾਣੋ ਮਾਂ ਵਰਗੀ ਰੱਜ ਕੇ ਸੁਨੱਖੀ ਆ...ਅੱਖਾਂ ਤੋਂ ਬਿੱਲੀ।"

"ਭੂਆ ਦਵਾਈ ਜਿਹੀ ਲਾਈ ਆ...ਮੈਂ ਚਾਹ ਬਣਾਵਾਂ?"

"ਨਾ ਚਾਹ-ਚੂਹ ਛੱਡ, ਗੱਲ ਕੀ ਹੋਈ ਸੀ ਕੁੱਕੀ ਨਾਲ?"

"ਮਾੜੀਆਂ-ਮੋਟੀਆਂ ਹੁੰਦੀਆਂ ਹੀ ਰਹਿੰਨੀਆਂ ਮਾੜੇ ਨਾਲ।"



*ਇਸ ਕੁੜੀ ਦਾ ਨਾਂ ਹੈ ਤਾਂ ਰਾਣੋ ਹੈ, ਪਰ ਇਹ ਇਸ ਕਹਾਣੀ ਵਿਚਲੀ ਪਾਤਰ ਰਾਣੋ ਨਹੀਂ। ਉਂਜ ਪੀੜ ਇਕੋ ਹੈ।*

"ਲਿਆ ਤਾਂ ਦੇਖਾਂ ਮੂੰਹ।"

ਰਾਣੋ ਨੇ ਪਰ੍ਹਾਂ ਨੂੰ ਹੋ ਕੇ ਪੱਲਾ ਹੋਰ ਨੀਵਾਂ ਕਰ ਲਿਆ, ਜਿਵੇਂ ਦਰੋਪਦੀ ਦਾ ਕੋਈ ਚੀਰ-ਹਰਨ ਕਰਨ ਲੱਗਾ ਹੋਵੇ।

"ਭੂਆ ਜ਼ਰੂਰ ਸੁਣਨਾ?...ਤੈਨੂੰ ਪਤਾ, ਦਰਦ ਸਹਿਣ ਨਾਲੋਂ ਦੱਸਣਾ ਔਖਾ ਹੁੰਦਾ?"

"ਤੂੰ ਖੋਲ੍ਹ ਕੇ ਦੱਸ, ਮੈਂ ਲੀਰਾਂ ਲਾਵਾਂ ਇਨ੍ਹਾਂ ਲੜੇ-ਲੰਬੜਦਾਰਾਂ ਦੀਆਂ। ਜੇ ਕੁੱਕੀ ਸੀਖਾਂ ਤੋਂ ਬਾਹਰ ਵੀ ਆ ਗਿਆ ਤਾਂ ਆਖੀਂ।"

"ਭੂਆ ਤੈਨੂੰ ਪਤਾ ਈ ਹੋਣਾਂ, ਮੈਂ 'ਕੱਲੀ-ਕਹਿਰੀ ਧੀ ਸੀ। ਬਾਪੂ ਸ਼ਹਿਰ ਬੱਸ ਅੱਡੇ ਦੇ ਸਾਹਮਣੇ ਖੋਖੇ ਉਤੇ ਚਾਹ ਵੇਚਦਾ ਸੀ। ਮੈਂ ਚਾਹੁੰਦੀ ਸੀ ਕਿ ਮੈਂ ਇੰਨਾ ਪੜ੍ਹ ਲਿਖ ਜਾਵਾਂ ਕਿ ਬਾਪੂ ਨੂੰ ਨੌਕਰ-ਚਾਕਰ ਚਾਹ ਬਣਾ-ਬਣਾ ਕੇ ਪਿਆਇਆ ਕਰਨ।"

"ਫਿਰ?"

"ਮੈਂ ਬੀ.ਏ. ਕਰ ਲਈ, ਤੇ ਕਾਨੂੰਨ ਦੀ ਪੜ੍ਹਾਈ ਲਈ ਹੋਰ ਵੱਡੇ ਸ਼ਹਿਰ ਵਿਚ ਜਾਣ ਲੱਗ ਪਈ। ਮੈਂ ਕਦੀ ਬਾਪੂ ਨੂੰ ਤੰਗ ਨਾ ਕੀਤਾ, ਪਰ ਮੈਨੂੰ ਨਹੀਂ ਪਤਾ ਸੀ ਕਿ ਅੱਜ ਦੇ ਜ਼ਮਾਨੇ ਵਿਚ ਕੁੜੀ ਲਈ ਸੋਹਣਾ ਹੋਣਾ ਕਿੱਡਾ ਵੱਡਾ ਸਰਾਪ ਹੁੰਦਾ।"

"ਇਹ ਕੁੱਕੀ ਨਾਲ ਕੀ ਗੱਲ ਹੋਈ ਸੀ?"

"ਭੂਆ ਹੁਣ ਜਾਂ ਤਾਂ ਦਮਯੰਤੀ ਦੀ ਸਾਰੀ ਕਹਾਣੀ ਧਿਆਨ ਨਾਲ ਸੁਣ, ਜਾਂ ਰਹਿਣ ਦੇ ਮੇਰਾ ਦੁੱਖ...।"

"ਚੱਲ ਦੱਸ ਧੀਏ।"

"ਮਾੜਾ ਮੋਟਾ ਤਾਂ ਇਹ ਜ਼ਮਾਨਾ ਅੱਖਾਂ ਪਾੜ-ਪਾੜ ਗਰੀਬ ਦੀਆਂ ਧੀਆਂ ਵੱਲ ਵੇਖਦਾ ਹੀ ਰਹਿੰਦਾ; ਕਾਲਜ ਵਿਚ, ਬੱਸਾਂ-ਗੱਡੀਆਂ ਵਿਚ ਮੁੰਡੀਰ ਊਲ-ਜਲੂਲ ਬੋਲਦੀ ਪਰ ਮੈਂ ਅਣਸੁਣੀ ਕਰ ਦਿੰਦੀ। ਬਾਪ ਦੀ ਮਿਹਨਤ ਦਾ ਮੁੱਲ ਮੁੜਨ ਦੀ ਆਸ ਵਿਚ ਅੱਗੇ ਵਧਦੀ ਰਹੀ। ਕੋਈ ਮੈਨੂੰ ਸਾਹਿਬਾਂ ਕਹਿੰਦਾ, ਕੋਈ ਹੀਰ ਤੇ ਕੋਈ ਸ਼ੀਰੀਂ। ਦੋ ਕੁ ਸਾਲ ਪਹਿਲਾਂ ਇਸੇ ਕੁੱਕੀ ਨੇ ਨੱਥੂ ਲੁਹਾਰ ਦੀ ਧੀ ਨੂੰ ਹੱਥ ਪਾ ਲਿਆ। ਪੰਚਾਇਤ ਬੱਸ ਅੱਡੇ ਕੋਲ ਪਿੱਪਲ ਹੇਠਾਂ ਜੁੜੀ ਹੋਈ ਸੀ। ਮੈਂ ਬੱਸ ਵਿਚੋਂ ਉਤਰ ਕੇ ਦੋ ਪਲ ਉਥੇ ਰੁਕ ਕੇ ਸਾਰੀ ਗੱਲਬਾਤ ਸੁਣਨ ਲੱਗ ਪਈ। ਸਰਪੰਚ ਹਰੀ ਸਿੰਘ, ਲੰਬੜਦਾਰ ਹਰੀ ਸਿੰਘ ਦਾ ਪੱਖ ਲੈ ਰਿਹਾ ਸੀ, ਪਈ ਚਲੋ ਮਾਰੋ ਸਾਲੇ ਕੁੱਕੀ ਦੇ ਦੋ ਜੁੱਤੀਆਂ...'ਗਾਹਾਂ ਨੂੰ ਨਾ ਕਰੇ ਕੁਛ। ਲੰਬੜਦਾਰ ਜਦੋਂ ਬੋਲਿਆ ਤਾਂ ਮੈਨੂੰ ਗੁੱਸਾ ਚੜ੍ਹ ਗਿਆ।"

"ਉਹ ਕੀ ਆਂਹਦਾ ਸੀ ਲੁੱਚਾ।"

"ਆਖਣ ਲੱਗਾ...ਸਰਪੰਚ ਸਾਹਿਬ, ਵੱਡੇ ਘਰਾਂ ਦਾ ਮੁੰਡਾ ਸੱਥ ਵਿਚ ਦੋਸ਼ੀ ਬਣ ਕੇ ਬੈਠਾ ਹੋਵੇ, ਇੰਨਾ ਥੋੜ੍ਹਾ! ਜੁੱਤੀਆਂ ਦੀ ਕੀ ਕਸਰ ਰਹਿ ਗਈ?...ਮੈਥੋਂ ਰਿਹਾ ਨਾ ਗਿਆ, ਮੈਂ ਬੋਲ ਪਈ- 'ਇਹਨੂੰ ਕਰੋ ਥਾਣੇ ਬੰਦ, ਫਿਰ ਪਤਾ ਲੱਗੂ ਮਾੜੇ ਦੀ ਧੀ ਨੂੰ ਹੱਥ ਕਿਵੇਂ ਪਾਈਦਾ।'...ਬੱਸ ਇਸ ਗੱਲ ਤੋਂ ਹੀ ਮੇਰਾ ਦੁਸ਼ਮਣ ਬਣ ਗਿਆ ਕੁੱਕੀ।"

"ਤੈਂ ਕਾਹਨੂੰ ਧੀਏ ਖੱਖਰ ਵਿਚ ਹੱਥ ਪਾਉਣਾ ਸੀ?"

"ਮੈਨੂੰ ਨਹੀਂ ਸੀ ਪਤਾ ਕਿ ਮੁਗਲਾਂ ਦਾ ਰਾਜ ਹਾਲੇ ਮੁੱਕਿਆ ਨਹੀਂ। ਗੱਲ ਦਾ ਤਾਂ ਉਥੇ ਨਿਬੇੜਾ ਹੋ ਗਿਆ, ਪਰ ਭੂਤਰਿਆ ਸਾਨ੍ਹ ਮੇਰੇ ਰਾਹਾਂ ਵਿਚ ਘੁੰਮਣ ਲੱਗ ਪਿਆ।"

"ਕੀ ਕਹਿੰਦਾ ਸੀ?"

"ਬੱਸ ਜਦੋਂ ਮੈਂ ਪੰਦਰਾਂ-ਵੀਹਾਂ ਦਿਨਾਂ ਬਾਅਦ ਪਿੰਡ ਆਉਣਾ, ਇਸ ਕੁੱਤੇ ਨੇ ਮੇਰਾ ਪਿੱਛਾ ਕਰਨਾ। ਜੋ ਮੂੰਹ ਆਉਣਾ, ਉਹ ਬੋਲਣਾ। ਮੈਂ ਆਪਣੇ ਮਾਂ-ਬਾਪ ਨੂੰ ਕਦੇ ਵੀ ਨਹੀਂ ਦੱਸਿਆ ਸੀ ਕੁਝ।"

"ਅੱਛਾ।"

"ਭੂਆ, ਇਕ ਦਿਨ ਮੈਂ ਪਿੰਡੋਂ ਬੱਸ ਚੜ੍ਹੀ, ਤਾਂ ਭੀੜ ਬਹੁਤ ਸੀ। ਇਹਨੇ ਕਾਗਜ਼ ਉਤੇ ਕੁਝ ਲਿਖ ਕੇ ਮੇਰੀ ਗੁੱਤ ਨਾਲ ਟੰਗ'ਤਾ। ਮੈਂ ਤਾਂ ਸਬਰ ਦਾ ਘੁੱਟ ਭਰ ਲਿਆ, ਪਰ ਉਸੇ ਬੱਸ ਵਿਚ ਸਾਡੇ ਗੁਆਂਢੀਆਂ ਦਾ ਮੁੰਡਾ ਸੀ ਕੈਲੇ ਦਾ ਦੀਪਾ। ਉਹ ਕਿਤੇ ਸ਼ਹਿਰ ਬਾਪੂ ਦੀ ਦੁਕਾਨ ਉਤੇ ਚਾਹ ਦਾ ਘੁੱਟ ਪੀਂਦਿਆਂ ਬਾਪੂ ਨੂੰ ਦੱਸ ਬੈਠਾ ਕਿ ਅੱਜ ਲੰਬੜਦਾਰਾਂ ਦੇ ਕੁੱਕੀ ਨੇ ਆਹ ਹਰਕਤ ਕੀਤੀ ਸੀ।"

"ਪਰਸਾ ਗੁੱਸੇ ਤਾਂ ਨ੍ਹੀਂ ਹੋਇਆ?"

"ਬਾਪ ਗਰੀਬ ਵੀ ਹੋਵੇ, ਧੀ ਤਾਂ ਧੀ ਹੁੰਦੀ ਐ...ਉਹ ਮਾੜੀ ਕਿਸਮਤ ਨੂੰ ਸ਼ਾਮੀਂ ਲੰਬੜਾਂ ਦੇ ਘਰੇ ਉਲਾਂਭਾ ਦੇਣ ਚਲੇ ਗਿਆ। ਸਾਹਮਣੇ ਮੰਜੇ 'ਤੇ ਹੋਰ ਲੁੱਚਿਆਂ ਨਾਲ ਬੈਠਾ ਹਰੀ ਸਿੰਘ ਦਾਰੂ ਪੀਵੇ।...ਅਖੇ, ਕਿਵੇਂ ਆਇਆਂ ਪਰਸਿਆ ਅੱਜ? ਲਾਉਣੀ ਘੁੱਟ?...ਬਾਪੂ ਸਰੀਫ...ਆਂਹਦਾ, ਮੈਂ ਤਾਂ ਪੀਂਦਾ ਨਹੀਂ, ਪਰ ਇਕ ਫਰਿਆਦ ਲੈ ਕੇ ਆਇਆਂ। ਉਹ ਹਿੜ-ਹਿੜ ਕਰਦਾ ਪੁੱਛਣ ਲੱਗਾ...ਦੱਸ?...ਉਹਨੇ ਦੱਸਿਆ, ਥੋਡਾ ਕੁੱਕੀ ਮੇਰੀ ਧੀ ਰਾਣੋ ਨੂੰ ਤੰਗ-ਪ੍ਰੇਸ਼ਾਨ ਕਰਦਾ।"

"ਕੀ ਬੋਲਿਆ ਫਿਰ ਹਰੀ ਸਿੰਘ?"

"ਬੋਲਿਆ ਕਾਹਨੂੰ, ਭੌਂਕਿਆ। ਆਖਣ ਲੱਗਾ- ਜੁਆਨੀ ਆ, ਮੁੰਡੇ-ਖੁੰਡੇ ਆ, ਚਿਤ ਡੋਲ ਹੀ ਜਾਂਦਾ ਸੋਹਣੀਆਂ ਚੀਜ਼ਾਂ ਦੇਖ ਕੇ। ਨਾਲੇ ਵਿਆਹ ਦੇ ਉਹਨੂੰ, ਬੜਾ ਚੀਕਦੀ ਸੀ ਉਦਣ ਪੰਚਾਇਤ ਵਿਚ, ਥਾਣੇ ਦੇ ਡਰਾਵੇ ਦਿੰਦੀ ਸੀ...ਸਾਨੂੰ ਤਾਂ ਤੇਰੀ ਭਾਨੋ ਵੀ ਬੜੀ ਜਚਦੀ ਆ।...ਤੇ ਉਧਰੋਂ ਕੁੱਕੀ ਨਸ਼ੇ ਵਿਚ ਆ ਗਿਆ ਬਾਹਰੋਂ...ਭੂਆ, ਬਹੁਤ ਜ਼ਲੀਲ ਕਰ ਕੇ ਘਰੋਂ ਕੱਢਿਆ ਮੇਰੇ ਬਾਪ ਨੂੰ।"

"ਕਾਹਨੂੰ ਜਾਣਾ ਸੀ ਹੱਡਾ-ਰੋੜੀ ਦੇ ਕੁੱਤਿਆਂ ਕੋਲ?"

"ਮੈਂ ਬਥੇਰਾ ਖਿਝੀ ਬਾਪੂ ਨੂੰ, ਕਿ ਤੈਨੂੰ ਧੀ ਦੀ ਰਾਖੀ ਕਰਨ ਗਏ ਥਾਣੇਦਾਰ ਦੀ ਛਲਣੀ ਹੋਈ ਛਾਤੀ ਨਹੀਂ ਚੇਤੇ। ਗਰੀਬ ਲਈ ਤਾਂ ਹਰ ਯੁੱਗ ਵਿਚ ਇਕ ਪਲੜੇ ਵਾਲੀ ਹੀ ਇਨਸਾਫ ਦੀ ਤੱਕੜੀ ਹੁੰਦੀ ਐ। ਸਾਲ-ਛੇ ਮਹੀਨੇ ਇੰਤਜ਼ਾਰ ਕਰ ਲੈਂਦਾ, ਮੈਂ ਜੱਜ ਲੱਗ ਹੀ ਜਾਣਾ ਸੀ। ਫਿਰ ਦੱਸਦੀ, ਕਿ ਗਰੀਬ ਦੀ ਜ਼ੋਰੂ ਸਾਰਿਆਂ ਦੀ ਭਾਬੀ ਨਹੀਂ ਹੁੰਦੀ।"

"ਫਿਰ?"

"ਬੱਸ ਵਿਚ ਇਹ ਮੇਰੇ ਪਿੱਛੇ ਚੜ੍ਹ ਗਿਆ। ਪਿੰਡੋਂ ਹੀ ਧੁਰ ਤੱਕ ਮੇਰੇ ਨਾਲ ਗਿਆ। ਜਦੋਂ ਯੂਨੀਵਰਸਿਟੀ ਦੇ ਗੇਟ ਅੱਗੇ ਮੈਂ ਉਤਰਨ ਲੱਗੀ, ਤਾਂ ਮੇਰੀ ਛਾਤੀ ਉਤੇ ਹੱਥ ਮਾਰ ਕੇ ਕਹਿੰਦਾ- ਕਿੰਨਾ ਕੁ ਚਿਰ ਮਿਰਗਣੀ ਦਾ ਸ਼ਿਕਾਰ ਕਰਨ ਨੂੰ ਹੋਰ ਲੱਗ ਜੂ?"

"ਮਾਰਦੀ ਸਿਰ ਵਿਚ ਚੁੱਕ ਕੇ ਕੁਝ...ਪਿੰਡ ਦੀਆਂ ਧੀਆਂ ਭੈਣਾਂ ਲਗਦੀਆਂ ਹੁੰਦੀਆਂ।"

"ਭੂਆ ਮੈਨੂੰ ਚੜ੍ਹ ਗਿਆ ਗੁੱਸਾ, ਮੈਂ ਮਾਰੀਆਂ ਕਿਤਾਬਾਂ ਵਗਾਹ ਕੇ। ਚੁਪੇੜਾਂ ਨਾਲ ਮੂੰਹ ਭੰਨ'ਤਾ, ਤੇ ਉਤੋਂ ਆ ਗਏ ਮੇਰੇ ਕੁਝ ਜਮਾਤੀ। ਉਨ੍ਹਾਂ ਕੀਤੀ ਫਿਰ ਛਿੱਤਰ ਪਰੇਡ ਪੂਰੀ।"

"ਚੰਗਾ ਕੀਤਾ।"

"ਕਾਹਨੂੰ ਭੂਆ! ਜਦੋਂ ਮੈਂ ਦਸ ਕੁ ਦਿਨਾਂ ਪਿੱਛੋਂ ਆਈ, ਸ਼ਹਿਰ ਬੱਸ ਉਤਰੀ...ਕੰਜਰ ਪਹਿਲਾਂ ਹੀ ਕਿਸੇ ਹੋਰ ਮੁੰਡੇ ਨਾਲ ਇੰਤਜ਼ਾਰ ਕਰ ਰਿਹਾ ਸੀ...।"

ਭੁੱਬਾਂ ਮਾਰਦੀ ਰਾਣੋ ਅੰਦਰੋਂ ਅੰਗੀਠੀ ਤੋਂ ਆਪਣੀ ਕਾਲਜ ਦੀ ਫੋਟੋ ਭੂਆ ਹੱਥ ਫੜਾ ਕੇ ਆਖਣ ਲੱਗੀ- "ਆਹ ਸੀ ਉਹ ਰਾਣੋ ਸੁਨੱਖੀ ਜੋ ਜੱਜ ਬਣਨਾ ਚਾਹੁੰਦੀ ਸੀ...ਤੇ ਜਦੋਂ ਮੇਰੇ ਮੂੰਹ 'ਤੇ ਤੇਜ਼ਾਬ ਸੁੱਟ ਕੇ ਦੌੜਿਆ ਤਾਂ ਆਹ ਵੇਖ ਮੇਰਾ ਚਿਹਰਾ ਜਿਹੜਾ ਵੇਖਣ ਲਈ ਤੂੰ ਕਾਹਲੀ ਸੀ।"

...ਤੇ ਜਿਉਂ ਹੀ ਭੂਆ ਨੇ ਤਸਵੀਰ ਵੇਖ ਕੇ ਰਾਣੋ ਦੇ ਅਸਲੀ ਚਿਹਰੇ ਉਤੇ ਨਿਗ੍ਹਾ ਮਾਰੀ, ਉਹ ਬੇਹੋਸ਼ ਹੋ ਕੇ ਹੇਠਾਂ ਜਾ ਪਈ ਸੀ।

## ਗੱਲ ਬਣੀ ਕਿ ਨਹੀਂ

### ਸਾਨ੍ਹ ਨਾਲ ਗਾਂ

ਜਿਹਦੇ ਕਰਕੇ ਹੋਏ ਸੀ ਕਦੇ ਨੰਦੋ ਦੇ ਨੰਦ,<br>
ਉਹੀ ਆਖੇ ਠਹਿਰ ਜਾਹ ਵੇਖੀਂ ਚੜ੍ਹਦਾ ਚੰਦ।<br>
ਕਿਥੇ ਪਾਉਗੇ ਕਾਠੀਆਂ ਘੋੜੇ ਸਾਡੇ ਹੇਠ,<br>
ਘੁੰਡ ਭਾਬੋ ਨੇ ਚੱਕ'ਤਾ ਭੂਤਰਿਆ ਜੇਠ।<br>
ਜੜੀਆਂ-ਜੀਨਾਂ ਦਾ ਮੁੱਕ ਜੂ ਛੇਤੀ ਹੁਣ ਰਿਵਾਜ,<br>
ਵੱਜੂ ਭਗਵਿਆਂ ਹੇਠ ਹੀ ਬੇਸੁਰਾ ਜਿਹਾ ਸਾਜ਼।<br>
'ਯੋਗੇ' ਰਾਮ ਦੇਵ ਦੇ ਲੱਗੇ ਵੜਨ ਸਕੂਲ,<br>
ਠੋਕੀ ਏਦਾਂ ਜਾਂਵਦੀ ਹੁਣ ਮੰਜੇ ਦੀ ਚੂਲ।<br>
ਗੁਆਂਢਣ ਵਿਹੜੇ ਆ ਵੜੀ ਮਾਲਕ ਛੱਡੇ ਝੱਗ,<br>
ਹੋ ਦੇਹਲੀਓਂ ਬਾਹਰ ਤੂੰ ਸਿਰ 'ਚ ਮਾਰਨੀ ਅੱਗ।<br>
ਕਰਜ਼ੇ ਹੇਠਾਂ ਦੱਬਿਆ ਸਹਿੰਦਾ ਸੀਨੇ ਚੋਟ,<br>
ਬਚਣਾ ਹੁਣ ਪੰਜਾਬ ਤਾਂ ਸਾਨੂੰ ਪਾਵੋ ਵੋਟ।<br>
ਨਾ ਖੋਲ੍ਹੋ ਤਾਂ ਠੀਕ ਹੈ ਢਕੇ ਰਹਿਣ ਦਿਓ ਪਾਜ,<br>
ਫੇਰ ਦੱਸਾਂਗੇ ਮਿੱਤਰੋ ਏਦਾਂ ਲਈਦਾ ਰਾਜ।<br>
ਹੰਸ ਜਾ ਚੜ੍ਹਿਆ ਢੇਰ 'ਤੇ ਮੋਤੀ ਚੁਗਦਾ ਕਾਂ,<br>
'ਭੌਰੇ' ਮੇਲੇ ਜਾਊਗੀ ਨਾਲ ਸਾਨ੍ਹ ਦੇ ਗਾਂ।

**-ਐਸ. ਅਸ਼ੋਕ ਭੌਰਾ**

## ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

# ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ

ਗੁਰਮਤਿ ਦਰਸ਼ਨ ਵਿਚ ਪਰਮਾਤਮ-ਭਗਤੀ ਲਈ ਸੰਗਤੀ ਮਾਡਲ ਦਿੱਤਾ ਗਿਆ ਹੈ ਜਿਸ ਅਨੁਸਾਰ ਉਸ ਦੇ ਨਾਮ ਦਾ ਸਿਮਰਨ ਕਰਨ ਲਈ ਏਕਾਂਤ ਵਿਚ ਵਾਸ ਕਰਨ ਜਾਂ ਜੰਗਲਾਂ/ਗੁਫਾਵਾਂ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ। ਮਨੁੱਖੀ ਭਾਈਚਾਰਕ-ਸਾਂਝ ਅਤੇ ਪਰਮਾਤਮਾ ਨਾਲ ਸਾਂਝ ਪੈਦਾ ਕਰਨ ਲਈ ਸੰਗਤੀ ਰੂਪ ਵਿਚ ਮਿਲ ਬੈਠ ਕੇ ਨਾਮ ਸਿਮਰਨ ਕਰਨਾ ਸਭ ਤੋਂ ਸਮਰੱਥ ਸਾਧਨ ਹੈ। ਅਗਲੀ ਅਲਾਹਣੀ ਵਿਚ ਗੁਰੂ ਨਾਨਕ ਸਾਹਿਬ ਸਤਸੰਗੀ ਸੱਜਣਾਂ ਨੂੰ ਸੰਬੋਧਨ ਕਰਦੇ ਹਨ ਕਿ ਆਉ ਸਾਰੇ ਮਿਲ ਬੈਠ ਕੇ ਸੰਗਤੀ-ਰੂਪ ਵਿਚ ਉਸ ਅਕਾਲ ਪੁਰਖ, ਜੋ ਇੱਕ ਸਦੀਵੀ ਅਤੇ ਕੇਵਲ ਤੇ ਕੇਵਲ ਇੱਕੋ-ਇੱਕ ਹਸਤੀ ਹੈ, ਦੇ ਨਾਮ ਦਾ ਸਿਮਰਨ ਕਰੀਏ। ਆਓ! ਪਰਮਾਤਮਾ ਨਾਲੋਂ ਆਪਣੇ ਵਿਛੜੇ ਹੋਣ ਦਾ ਝੋਰਾ ਵਾਰ ਵਾਰ ਯਾਦ ਕਰੀਏ ਅਤੇ ਇਸ ਬਿਰਹਾ ਨੂੰ ਦੂਰ ਕਰਨ ਲਈ ਅਰਥਾਤ ਉਸ ਨਾਲ ਮਿਲਾਪ ਲਈ ਉਸ ਦੇ ਨਾਮ ਦਾ ਸਿਮਰਨ ਕਰੀਏ, ਉਸ ਅਕਾਲ ਪੁਰਖ ਨੂੰ ਯਾਦ ਕਰੀਏ। ਆਓ ਉਸ ਮਾਲਕ ਅਕਾਲ ਪੁਰਖ ਨੂੰ ਆਪਣੇ ਅੰਦਰ ਅਨੁਭਵ ਕਰੀਏ, ਉਸ ਨੂੰ ਆਪਣੇ ਹਿਰਦੇ ਵਿਚ ਵਸਾਈਏ ਅਤੇ ਉਸ ਰਸਤੇ ਨੂੰ ਤੱਕੀਏ, ਉਸ ਰਸਤੇ ਦਾ ਅਹਿਸਾਸ ਕਰੀਏ ਜਿਸ ਰਸਤੇ 'ਤੇ ਸਾਰੇ ਜਾ ਰਹੇ ਹਨ। ਹਰ ਮਨੁੱਖ ਨੇ ਆਖਰਕਾਰ ਉਸ ਰਸਤੇ 'ਤੇ ਹੀ ਜਾਣਾ ਹੈ, ਉਸ ਪਰਲੋਕ ਵਿਚ ਜਾਣਾ ਹੈ ਜਿੱਥੇ ਪਹਿਲਾਂ ਅਨੇਕ ਲੋਕ ਜਾ ਚੁੱਕੇ ਹਨ। ਗੁਰੂ ਨਾਨਕ ਸਾਹਿਬ ਪ੍ਰਾਣੀਆਂ ਨੂੰ ਸਮਝਾਉਂਦੇ ਹਨ ਕਿ ਜਿਸ ਅਕਾਲ ਪੁਰਖ ਨੇ ਇਸ ਪ੍ਰਾਣੀ ਨੂੰ ਪੈਦਾ ਕੀਤਾ ਹੋਇਆ ਸੀ, ਉਸ ਨੇ ਹੀ ਇਸ ਦੇ ਪ੍ਰਾਣ ਵਾਪਸ ਲੈ ਲਏ ਹਨ, ਸਭ ਕੁਝ ਉਸੇ ਦੀ ਰਜ਼ਾ ਅਨੁਸਾਰ ਹੋਇਆ ਹੈ। ਇਥੇ ਸੰਸਾਰ ਵਿਚ ਰਹਿੰਦਿਆਂ ਜੀਵ ਜੋ ਕਰਮ ਕਰਦਾ ਹੈ, ਉਹ ਹੀ ਉਸ ਅੱਗੇ ਆ ਜਾਂਦੇ ਹਨ। ਇਸ ਰਜ਼ਾ ਦੇ ਅੱਗੇ ਮਨੁੱਖ ਦਾ ਕੋਈ ਜ਼ੋਰ ਨਹੀਂ ਚੱਲ ਸਕਦਾ। ਇਸ ਲਈ ਆਓ ਸਾਰੇ ਮਿਲ ਕੇ ਉਸ ਦੇ ਨਾਮ ਦਾ ਸਿਮਰਨ ਕਰੀਏ,

ਆਵਹੁ ਮਿਲਹੁ ਸਹੇਲੀਹੋ
ਸਚੜਾ ਨਾਮੁ ਲਏਹਾਂ॥
ਰੋਵਹ ਬਿਰਹਾ ਤਨ ਕਾ
ਆਪਣਾ ਸਾਹਿਬੁ ਸੰਮ੍ਾਲੇਹਾਂ॥
ਸਾਹਿਬੁ ਸਮ੍ਾਲਿਹ ਪੰਥੁ ਨਿਹਾਲਿਹ
ਅਸਾ ਭਿ ਓਥੈ ਜਾਣਾ॥
ਜਿਸ ਕਾ ਕੀਆ ਤਿਨ ਹੀ ਲੀਆ
ਹੋਆ ਤਿਸੈ ਕਾ ਭਾਣਾ॥
ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ
ਅਸੀ ਕਿ ਹੁਕਮੁ ਕਰੇਹਾ॥
ਆਵਹੁ ਮਿਲਹੁ ਸਹੇਲੀਹੋ
ਸਚੜਾ ਨਾਮੁ ਲਏਹਾ॥੧॥ (ਪੰਨਾ ੫੭੯)

ਇਸ ਤੋਂ ਅੱਗੇ ਮਰਣ ਦਾ ਅਰਥ ਸਮਝਾਉਂਦੇ ਹੋਏ ਗੁਰੂ ਸਾਹਿਬ ਦੱਸਦੇ ਹਨ ਕਿ ਮੌਤ ਨੂੰ ਬੁਰਾ ਨਾ ਆਖੋ, ਮੌਤ ਚੰਗੀ ਹੈ ਪਰ ਤਾਂ ਹੀ ਜੇ ਕਰ ਕੋਈ ਮਨੁੱਖ ਉਸ ਤਰੀਕੇ ਨਾਲ ਜਿਉਂ ਕੇ ਮਰਨਾ ਜਾਣਦਾ ਹੋਵੇ। ਉਹ ਤਰੀਕਾ ਜਾਂ ਢੰਗ ਕੀ ਹੈ? ਉਹ ਜੀਵਨ-ਜਾਚ ਹੈ- ਉਸ ਸਰਬ-ਕਲਾ ਸਮਰੱਥ ਅਕਾਲ ਪੁਰਖ ਨੂੰ ਸਿਮਰਨਾ ਜਿਸ ਨਾਲ ਇਹ ਜੀਵਨ ਦਾ ਰਸਤਾ ਸੌਖਾ ਹੋ ਜਾਵੇ। ਜੇ ਉਸ ਅਕਾਲ ਪੁਰਖ ਦਾ ਸਿਮਰਨ ਕਰਦਿਆਂ ਮਨੁੱਖ ਇਸ ਸੌਖੇ ਜੀਵਨ ਰਸਤੇ 'ਤੇ ਤੁਰੇਗਾ ਤਾਂ ਉਸ ਨੂੰ ਇਸ ਦਾ ਫਲ ਵੀ ਪ੍ਰਾਪਤ ਹੋਵੇਗਾ ਅਤੇ ਅਕਾਲ ਪੁਰਖ ਦੀ ਹਜ਼ੂਰੀ ਵਿਚ ਵਡਿਆਈ ਮਿਲੇਗੀ। ਅਕਾਲ ਪੁਰਖ ਦੇ ਦਰ 'ਤੇ ਸਥਾਨ ਪ੍ਰਾਪਤ ਹੋਵੇਗਾ। ਜੇ ਅਕਾਲ ਪੁਰਖ ਦੇ ਨਾਮ ਦੀ ਭੇਟਾ ਲੈ ਕੇ ਮਨੁੱਖ ਇਥੋਂ ਰੁਖਸਤ ਹੋਵੇਗਾ, ਉਹ ਉਸ ਅਕਾਲ ਪੁਰਖ ਨਾਲ ਇੱਕ-ਰੂਪ ਹੋ ਜਾਵੇਗਾ ਅਰਥਾਤ ਉਸ ਵਿਚ ਸਮਾ ਜਾਵੇਗਾ। ਇਥੇ ਕੀਤੇ ਕਰਮਾਂ ਦਾ ਹਿਸਾਬ ਹੋਣ ਵੇਲੇ ਸ਼ੋਭਾ ਮਿਲੇਗੀ ਅਤੇ ਪਰਮਾਤਮਾ ਦੀ ਹਜ਼ੂਰੀ ਵਿਚ ਥਾਂ ਮਿਲੇਗੀ, ਉਸ ਅਕਾਲ ਪੁਰਖ ਨੂੰ ਮਨੁੱਖ ਚੰਗਾ ਲੱਗੇਗਾ। ਅਜਿਹਾ ਜੀਵ ਪਰਮਾਤਮ-ਮੇਲ ਵਿਚ ਆਤਮਕ ਅਨੰਦ ਮਾਣਦਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਮੌਤ ਨੂੰ ਬੁਰਾ ਨਾ ਆਖੋ, ਸਿਰਫ ਤੇ ਸਿਰਫ ਮਨੁੱਖ ਇਸ ਤਰ੍ਹਾਂ ਨਾਲ ਜਿਉਂ ਕਿ ਮਰਨਾ ਜਾਣਦਾ ਹੋਵੇ,

ਮਰਣੁ ਨ ਮੰਦਾ ਲੋਕਾ ਆਖੀਐ
ਜੇ ਮਰਿ ਜਾਣੈ ਐਸਾ ਕੋਇ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ
ਪੰਥੁ ਸੁਹੇਲਾ ਆਗੈ ਹੋਇ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ
ਆਗੈ ਮਿਲੈ ਵਡਾਈ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ
ਤਾਂ ਪਤਿ ਲੇਖੈ ਪਾਈ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ
ਰੰਗ ਸਿਉ ਰਲੀਆ ਮਾਣੈ॥
ਮਰਣੁ ਨ ਮੰਦਾ ਲੋਕਾ ਆਖੀਐ
ਜੇ ਕੋਈ ਮਰਿ ਜਾਣੈ॥੨॥ (ਪੰਨਾ ੫੭੯)

ਗੁਰੂ ਨਾਨਕ ਸਾਹਿਬ ਸਮਝਾਉਂਦੇ ਹਨ ਕਿ ਮਰਨਾ ਬਹਾਦਰ ਮਨੁੱਖਾਂ, ਸੂਰਮਿਆਂ ਦਾ ਹੱਕ ਹੈ ਜੇਕਰ ਇਹ ਮਰਨਾ ਅਕਾਲ ਪੁਰਖ ਨੂੰ ਪ੍ਰਵਾਨ ਹੁੰਦਾ ਹੈ, ਮਨਜ਼ੂਰ ਹੁੰਦਾ ਹੈ। ਇਥੇ ਮਨਜ਼ੂਰ ਹੋਣ ਤੋਂ ਭਾਵ ਉਪਰ ਬਿਆਨ ਕੀਤੀ ਜੀਵਨ-ਜਾਚ ਹੈ। ਗੁਰਮਤਿ ਅਨੁਸਾਰ ਸੂਰਮੇ ਜਾਂ ਬਹਾਦਰ ਕੌਣ ਹਨ? ਅਗਲੀ ਦਰਗਾਹ ਅਰਥਾਤ ਅਕਾਲ ਪੁਰਖ ਦੀ ਹਜ਼ੂਰੀ ਵਿਚ ਸੂਰਮੇ ਜਾਂ ਬਹਾਦਰ ਉਹ ਹਨ ਜਿਹੜੇ ਉਸ ਦਾ ਨਾਮ ਸਿਮਰਨ ਕਰਦਿਆਂ ਇਸ ਜੀਵਨ ਵਿਚ ਉਸ ਨੂੰ ਕਬੂਲ ਹੋ ਕੇ ਜਾਂਦੇ ਹਨ ਅਤੇ ਉਹ ਮਨੁੱਖ ਉਸ ਦੇ ਦਰਬਾਰ ਵਿਚ ਸੱਚੀ ਇੱਜ਼ਤ ਪ੍ਰਾਪਤ ਕਰਦੇ ਹਨ। ਉਹ ਅਕਾਲ ਪੁਰਖ ਦੇ ਦਰਬਾਰ ਵਿਚ ਇੱਜ਼ਤ ਪਾਉਂਦੇ ਹਨ, ਇਸ ਸੰਸਾਰ ਤੋਂ ਇੱਜ਼ਤ ਨਾਲ ਜਾਂਦੇ ਹਨ ਅਤੇ ਅੱਗੇ ਪਰਲੋਕ ਵਿਚ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਮਿਲਦਾ। ਅਜਿਹੇ ਬੰਦੇ ਅਕਾਲ ਪੁਰਖ ਦੀ ਸਰਬਵਿਆਪਕਤਾ ਨੂੰ ਜਾਣ ਕੇ ਉਸ ਦਾ ਸਿਮਰਨ ਕਰਦੇ ਹਨ, ਉਸ ਅਕਾਲ ਪੁਰਖ ਦੇ ਦਰ ਤੋਂ ਫਲ ਪ੍ਰਾਪਤ ਕਰਦੇ ਹਨ ਜਿਸ ਦਾ ਸਿਮਰਨ ਕੀਤਿਆਂ ਹਰ ਇੱਕ ਕਿਸਮ ਦਾ ਭੈ ਦੂਰ ਹੋ ਜਾਂਦਾ ਹੈ। ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ ਕਿ ਮਨੁੱਖ ਨੂੰ ਹਉਮੈ ਦਾ ਬੋਲ ਨਹੀਂ ਬੋਲਣਾ ਚਾਹੀਦਾ, ਖੁਦ ਨੂੰ ਸੰਜਮ ਵਿਚ ਰੱਖਣਾ ਚਾਹੀਦਾ ਹੈ। ਉਹ ਅਕਾਲ ਪੁਰਖ ਜਾਣੀਜਾਣ ਹੈ। ਜਿਹੜੇ ਮਨੁੱਖ ਜੀਵਨ ਬਸਰ ਕਰਦਿਆਂ ਹੀ ਉਸ ਦੀਆਂ ਨਜ਼ਰਾਂ ਵਿਚ ਮਨਜ਼ੂਰ ਹੋ ਜਾਂਦੇ ਹਨ, ਉਨ੍ਹਾਂ ਦੇ ਮਰਨ ਦੀ ਲੋਕ ਪਰਲੋਕ ਵਿਚ ਵਡਿਆਈ ਹੁੰਦੀ ਹੈ,

ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ
ਦਰਗਹ ਪਾਵੈ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ
ਆਗੈ ਦੂਖੁ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ
ਜਿਤੁ ਸੇਵਿਐ ਭਉ ਭਾਗੈ॥
ਊਚਾ ਨਹੀ ਕਹਣਾ ਮਨ ਮਹਿ ਰਹਣਾ
ਆਪੇ ਜਾਣੈ ਜਾਣੋ॥
ਮਰਣੁ ਮੁਣਸਾਂ ਸੂਰਿਆ ਹਕੁ ਹੈ
ਜੋ ਹੋਇ ਮਰਹਿ ਪਰਵਾਣੋ॥੩॥
(ਪੰਨਾ ੫੭੯-੫੮੦)

ਗੁਰੂ ਨਾਨਕ ਸਾਹਿਬ ਮੌਤ ਸਬੰਧੀ ਮਨੁੱਖ ਨੂੰ ਆਗਾਹ ਕਰਦੇ ਹਨ ਕਿ ਇਹ ਸੰਸਾਰ ਇੱਕ ਖੇਡ ਦੀ ਤਰ੍ਹਾਂ ਹੈ, ਇੱਕ ਬਾਜੀ ਹੈ ਜੋ ਬਣਦੀ ਰਹਿੰਦੀ ਹੈ ਅਤੇ ਢਹਿੰਦੀ ਰਹਿੰਦੀ ਹੈ (ਬਾਣੀ ਵਿਚ ਕਈ ਹੋਰ ਥਾਂਈਂ ਇਸ ਸੰਸਾਰ ਦੀ ਤੁਲਨਾ ਬਾਜੀਗਰ ਵੱਲੋਂ ਪਾਈ ਗਈ ਬਾਜੀ ਨਾਲ ਕੀਤੀ ਗਈ ਹੈ) ਇਸ ਲਈ ਮੌਤ 'ਤੇ ਰੋਣਾ ਬੇਕਾਰ ਹੈ। ਉਹ ਕਾਦਰ ਆਪ ਇਸ ਕੁਦਰਤਿ ਨੂੰ ਰਚਦਾ ਹੈ, ਸੰਸਾਰ ਦੀ ਰਚਨਾ ਕਰਦਾ ਹੈ ਅਤੇ ਆਪਣੀ ਰਚਨਾ ਦਾ ਆਪ ਹੀ ਧਿਆਨ ਰੱਖਦਾ ਹੈ। ਅਕਾਲ ਪੁਰਖ ਆਪਣੀ ਰਚਨਾ ਦਾ ਧਿਆਨ ਰੱਖਦਾ ਹੈ, ਇਸ ਨੂੰ ਆਸਰਾ ਦਿੰਦਾ ਹੈ ਅਤੇ ਆਪਣੀ ਰਚੀ ਦੁਨੀਆਂ ਦੀਆਂ ਜ਼ਰੂਰਤਾਂ ਬਾਰੇ ਜਾਣਦਾ ਹੈ। ਅਕਾਲ ਪੁਰਖ ਆਪ ਹੀ ਸਭ ਦੇ ਕੀਤੇ ਕਰਮਾਂ ਨੂੰ ਦੇਖਦਾ ਹੈ, ਸਭ ਦੇ ਦਿਲਾਂ ਦੀਆਂ ਜਾਣਦਾ ਅਤੇ ਸਮਝਦਾ ਹੈ ਅਤੇ ਆਪਣੇ ਹੁਕਮ ਨੂੰ ਪਛਾਣਦਾ ਹੈ (ਇਹ ਸਭ ਕੁਝ ਉਸ ਦੇ ਹੁਕਮ ਅਨੁਸਾਰ ਵਾਪਰ ਰਿਹਾ ਹੈ)। ਉਹ ਜਿਸ ਨੇ ਇਹ ਸਭ ਕੁਝ ਬਣਾਇਆ ਹੈ, ਉਹ ਹੀ ਇਸ ਸਭ ਕੁਝ ਬਾਰੇ ਜਾਣਦਾ ਹੈ ਅਤੇ ਉਸ ਬੇਅੰਤ ਦਾ ਪਾਰ ਨਹੀਂ ਪਾਇਆ ਜਾ ਸਕਦਾ। ਗੁਰੂ ਸਾਹਿਬ ਨਸੀਹਤ ਦਿੰਦੇ ਹਨ ਕਿ ਹੇ ਭਾਈ! ਇਹ ਸੰਸਾਰ ਇੱਕ ਖੇਡ ਹੈ ਇਸ ਲਈ ਕਿਸੇ ਦੇ ਮਰਨ 'ਤੇ ਰੋਣਾ ਬੇਅਰਥ ਹੈ,

ਨਾਨਕ ਕਿਸ ਨੋ ਬਾਬਾ ਰੋਈਐ
ਬਾਜੀ ਹੈ ਇਹੁ ਸੰਸਾਰੋ॥
ਕੀਤਾ ਵੇਖੈ ਸਾਹਿਬੁ ਆਪਣਾ
ਕੁਦਰਤਿ ਕਰੇ ਬੀਚਾਰੋ॥
ਕੁਦਰਤਿ ਬੀਚਾਰੇ ਧਾਰਣ ਧਾਰੇ
ਜਿਨਿ ਕੀਆ ਸੋ ਜਾਣੈ॥
ਆਪੇ ਵੇਖੈ ਆਪੇ ਬੂਝੈ
ਆਪੇ ਹੁਕਮੁ ਪਛਾਣੈ॥
ਜਿਨਿ ਕਿਛੁ ਕੀਆ ਸੋਈ ਜਾਣੈ
ਤਾ ਕਾ ਰੂਪੁ ਅਪਾਰੋ॥
ਨਾਨਕ ਕਿਸ ਨੋ ਬਾਬਾ ਰੋਈਐ
ਬਾਜੀ ਹੈ ਇਹੁ ਸੰਸਾਰੋ॥੪॥੨॥
(ਪੰਨਾ ੫੮੦)

ਵਡਹੰਸੁ ਦਖਣੀ ਰਾਗੁ ਵਿਚ ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਇਹ ਵਿਸ਼ਵਾਸ ਕਰਨ ਲਈ ਕਿਹਾ ਹੈ ਕਿ ਇਸ ਸੰਸਾਰ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਹੀ ਸਦੀਵੀ ਹਸਤੀ ਹੈ, ਸਦਾ ਸਥਿਰ ਰਹਿਣ ਵਾਲਾ ਹੈ। ਉਹ ਹੀ ਪ੍ਰਾਣੀਆਂ ਦਾ ਪਾਲਣਹਾਰ ਹੈ, ਜਿਸ ਸਦੀਵੀ ਹੋਂਦ ਨੇ ਇਸ ਦੁਨੀਆਂ ਦੀ ਰਚਨਾ ਕੀਤੀ ਹੈ, ਆਪਣੇ ਆਪ ਨੂੰ ਆਪਣੀ ਕੁਦਰਤਿ ਰਾਹੀਂ ਪਰਗਟ ਕੀਤਾ ਹੋਇਆ ਪਰ ਆਪ ਉਹ ਅਦ੍ਰਿਸ਼ਟ ਹੈ। ਧਰਤੀ ਅਤੇ ਅਕਾਸ਼ ਪਰਮ ਪੁਰਖ ਵਲੋਂ ਰਚੇ ਹੋਏ ਦੋ ਪੁੜ ਹਨ ਜਿਨ੍ਹਾਂ ਨੂੰ ਜੋੜ ਕੇ ਅਕਾਲ ਪੁਰਖ ਨੇ ਜਗਤ-ਰਚਨਾ ਕੀਤੀ ਹੈ ਅਤੇ ਜੀਵਾਂ ਨੂੰ ਆਪ ਹੀ ਮਾਇਆ ਦੇ ਮੋਹ ਵਿਚ ਪਾ ਕੇ ਆਪਣੇ ਤੋਂ ਵਿਛੋੜ ਦਿੱਤਾ ਹੈ। ਗੁਰੂ ਤੋਂ ਬਿਨਾਂ ਇਹ ਸੰਸਾਰ ਘੋਰ-ਅੰਧਾਰ ਹੈ ਅਰਥਾਤ ਮਾਇਆ ਦੇ ਮੋਹ ਵਿਚ ਫਸਿਆ ਹੈ ਅਤੇ ਗੁਰੂ ਤੋਂ ਬਿਨਾਂ ਇਸ ਅੰਧੇਰੇ ਵਿਚੋਂ ਨਿਕਲਣ ਦਾ ਰਸਤਾ ਪਤਾ ਨਹੀਂ ਲੱਗਦਾ। ਉਸ ਕਰਤਾ ਪੁਰਖ ਨੇ ਹੀ ਸੂਰਜ ਅਤੇ ਚੰਦਰਮਾ ਦੀ ਰਚਨਾ ਕੀਤੀ ਹੈ- ਦਿਨ ਅਤੇ ਰਾਤ ਸਿਰਜ ਕੇ ਸੰਸਾਰਕ ਖੇਡ ਬਣਾਈ ਹੈ। ਗੁਰੂ ਸਾਹਿਬ ਮਨੁੱਖ ਨੂੰ ਇਹ ਤੱਥ ਚੇਤੇ ਰੱਖਣ ਦਾ ਅਦੇਸ਼ ਕਰਦੇ ਹਨ ਕਿ ਇਸ ਸੰਸਾਰ ਦੀ ਖੇਡ ਅਕਾਲ ਪੁਰਖ ਨੇ ਹੀ ਬਣਾਈ ਹੈ,

ਸਚੁ ਸਿਰੰਦਾ ਸਚਾ ਜਾਣੀਐ
ਸਚੜਾ ਪਰਵਦਗਾਰੋ॥
ਜਿਨਿ ਆਪੀਨੈ ਆਪੁ ਸਾਜਿਆ
ਸਚੜਾ ਅਲਖ ਅਪਾਰੋ॥
ਦੁਇ ਪੁੜ ਜੋੜਿ ਵਿਛੋੜਿਅਨੁ
ਗੁਰ ਬਿਨੁ ਘੋਰੁ ਅੰਧਾਰੋ॥
ਸੂਰਜੁ ਚੰਦੁ ਸਿਰਜਿਅਨੁ
ਅਹਿਨਿਸਿ ਚਲਤ ਵੀਚਾਰੋ॥੧॥
(ਪੰਨਾ ੫੮੦)

ਸੱਚ ਦਾ ਅਰਥ ਹੈ- ਜਿਸ ਦੀ ਹੋਂਦ ਸਦੀਵੀ ਹੈ, ਸਦਾ ਥਿਰ ਰਹਿਣ ਵਾਲਾ ਹੈ। ਗੁਰੂ ਨਾਨਕ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਅਕਾਲ ਪੁਰਖ ਦੀ ਹੋਂਦ ਸਦੀਵੀ ਹੈ, ਉਹ ਸਦਾ ਕਾਇਮ ਰਹਿਣ ਵਾਲੀ ਹਸਤੀ ਅਤੇ ਸਭ ਦਾ ਰਖਵਾਲਾ ਹੈ। ਉਹ ਆਪਣੇ ਸਿਰਜੇ ਪ੍ਰਾਣੀਆਂ ਲਈ ਆਪਣੇ ਪ੍ਰੇਮ ਦੀ ਦਾਤਿ ਬਖਸ਼ਿਸ਼ ਕਰਦਾ ਹੈ ਅਤੇ ਉਸ ਦਾ ਪ੍ਰੇਮ ਵੀ ਸਦਾ ਕਾਇਮ ਰਹਿਣ ਵਾਲਾ ਹੈ। ਉਸ ਸਿਰਜਣਹਾਰ ਨੇ ਹੀ ਇਸ ਬ੍ਰਹਿਮੰਡ ਦੀ ਰਚਨਾ ਕੀਤੀ ਅਤੇ ਪ੍ਰਾਣੀ-ਮਾਤਰ ਨੂੰ ਸੁੱਖ ਅਤੇ ਦੁੱਖ ਦੇਣ ਵਾਲਾ ਵੀ ਉਹ ਆਪ ਹੀ ਹੈ। ਸ੍ਰਿਸ਼ਟੀ ਵਿਚ ਇਸਤਰੀਆਂ ਅਤੇ ਪੁਰਸ਼ ਵੀ ਉਸ ਨੇ ਆਪ ਹੀ ਬਣਾਏ ਹਨ ਅਤੇ ਦੁਨਿਆਵੀ ਮੋਹ ਮਾਇਆ ਦਾ ਪਿਆਰ ਰੂਪੀ ਵਿਸ਼ ਵੀ ਉਸ ਨੇ ਹੀ ਬਣਾਇਆ ਹੈ। ਉਸ ਅਕਾਲ ਪੁਰਖ ਨੇ ਹੀ ਜੀਵਾਂ ਦੀਆਂ ਵੱਖ ਵੱਖ ਕਿਸਮਾਂ ਅਤੇ ਬਾਣੀਆਂ (ਵੱਖ ਵੱਖ ਜੀਵਾਂ ਦੀਆਂ ਬੋਲੀਆਂ) ਦੀ ਰਚਨਾ ਕੀਤੀ ਹੈ। ਉਹ ਪਰਵਦਗਾਰ ਹੀ ਸਾਰੇ ਪ੍ਰਾਣੀਆਂ ਨੂੰ ਆਸਰਾ ਦਿੰਦਾ ਹੈ। ਉਸ ਕਰਤਾਰ ਨੇ ਹੀ ਇਹ ਸ੍ਰਿਸ਼ਟੀ-ਰੂਪੀ ਤਖਤ ਦੀ ਰਚਨਾ ਆਪਣੇ ਬੈਠਣ ਲਈ ਕੀਤੀ ਹੈ ਅਤੇ ਆਪਣੇ ਸਦੀਵੀ ਕਾਇਮ ਰਹਿਣ ਵਾਲੇ ਨਾਮ 'ਚ ਜੀਵਾਂ ਨੂੰ ਜੋੜ ਕੇ ਉਨ੍ਹਾਂ ਦੇ ਕਰਮਾਂ ਦਾ ਲੇਖਾ ਮੁਕਾਉਣ ਵਾਲਾ ਵੀ ਉਹ ਆਪ ਹੀ ਹੈ,

ਸਚੜਾ ਸਾਹਿਬੁ ਸਚੁ ਤੂ
ਸਚੜਾ ਦੇਹਿ ਪਿਆਰੋ॥ਰਹਾਉ॥
ਤੁਧੁ ਸਿਰਜੀ ਮੇਦਨੀ
ਦੁਖੁ ਸੁਖੁ ਦੇਵਣਹਾਰੋ॥
ਨਾਰੀ ਪੁਰਖ ਸਿਰਜਿਐ
ਬਿਖੁ ਮਾਇਆ ਮੋਹੁ ਪਿਆਰੋ॥
ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ॥
ਕੁਦਰਤਿ ਤਖਤੁ ਰਚਾਇਆ
ਸਚਿ ਨਿਬੇੜਣਹਾਰੋ॥੨॥ (ਪੰਨਾ ੫੮੦)

ਉਸ ਕਰਣਹਾਰ ਕਰਤਾਰ ਨੇ ਹੀ ਆਵਾ-ਗਵਣ ਅਰਥਾਤ ਜੀਵਾਂ ਦਾ ਸੰਸਾਰ 'ਤੇ ਪੈਦਾ ਹੋਣ ਅਤੇ ਇੱਥੋਂ ਜਾਣ, ਦੀ ਰਚਨਾ ਕੀਤੀ ਹੈ ਪਰ ਉਹ ਆਪ ਸਦੀਵੀ ਕਾਇਮ ਰਹਿਣ ਵਾਲੀ ਹਸਤੀ ਹੈ। ਜੀਵ ਵਿਕਾਰਾਂ ਵਿਚ ਬੰਨ੍ਹਿਆ ਹੋਇਆ ਜੰਮਦਾ ਅਤੇ ਮਰਦਾ ਰਹਿੰਦਾ ਹੈ। ਇਸ ਭੈੜੇ ਜੀਵ ਨੇ ਸੰਸਾਰਕ ਮੋਹ ਵਿਚ ਪੈ ਕੇ ਉਸ ਅਕਾਲ ਪੁਰਖ ਦੇ ਨਾਮ ਨੂੰ ਵਿਸਾਰ ਦਿੱਤਾ ਹੈ ਅਤੇ ਇਸ ਦੁਨਿਆਵੀ ਮੋਹ ਵਿਚ ਡੁੱਬੇ ਹੋਏ ਦਾ ਕੋਈ ਚਾਰਾ ਨਹੀਂ ਚੱਲਦਾ ਅਰਥਾਤ ਮਾਇਆ-ਮੋਹ ਕਾਰਨ ਜੀਵ ਬੇਵੱਸ ਹੈ। ਸੰਸਾਰੀ ਜੀਵ ਨੇ ਗੁਣਾਂ ਦਾ ਤਿਆਗ ਕਰਕੇ ਔਗੁਣਾਂ ਦੇ ਜ਼ਹਿਰ ਨੂੰ ਫੜ ਲਿਆ ਹੈ ਅਤੇ ਸਾਰੀ ਉਮਰ ਔਗੁਣਾਂ ਦਾ ਹੀ ਵਪਾਰ ਕਰਦਾ ਰਹਿੰਦਾ ਹੈ,

ਆਵਾ ਗਵਣੁ ਸਿਰਜਿਆ
ਤੂ ਥਿਰੁ ਕਰਣੈਹਾਰੋ॥
ਜੰਮਣੁ ਮਰਣਾ ਆਇ ਗਇਆ
ਬਧਿਕੁ ਜੀਉ ਬਿਕਾਰੋ॥
ਭੂਡੜੈ ਨਾਮੁ ਵਿਸਾਰਿਆ
ਬੂਡੜੈ ਕਿਆ ਤਿਸੁ ਚਾਰੋ॥
ਗੁਣ ਛੋਡਿ ਬਿਖੁ ਲਦਿਆ
ਅਵਗੁਣ ਕਾ ਵਣਜਾਰੋ॥੩॥ (ਪੰਨਾ ੫੮੦)

ਗੁਰੂ ਸਾਹਿਬ ਅੱਗੇ ਫਰਮਾਉਂਦੇ ਹਨ, ਜਦੋਂ ਉਸ ਸਦਾ ਕਾਇਮ ਰਹਿਣ ਵਾਲੇ ਸਿਰਜਣਹਾਰ ਦੇ ਹੁਕਮ ਵਿਚ ਉਨ੍ਹਾਂ ਇਕੱਠੇ ਰਹਿਣ ਵਾਲੇ ਪਿਆਰਿਆਂ ਨੂੰ ਉਸ ਦਾ ਬੁਲਾਵਾ ਆ ਜਾਂਦਾ ਹੈ ਤਾਂ ਜਿਹੜੇ ਇਕੱਠੇ ਜੀਵਨ ਬਿਤਾ ਰਹੇ ਹੁੰਦੇ ਹਨ, ਉਨ੍ਹਾਂ ਇਸਤਰੀਆਂ-ਪੁਰਸ਼ਾਂ ਨੂੰ ਵਿਛੜਨਾ ਪੈ ਜਾਂਦਾ ਹੈ, ਇਸ ਭਾਣੇ ਨੂੰ ਕੋਈ ਮੋੜ ਨਹੀਂ ਸਕਦਾ ਕਿਉਂਕਿ ਵਿਛੜਿਆਂ ਨੂੰ ਮੇਲਣ ਦੇ ਸਮਰੱਥ ਤਾਂ ਉਹ ਕਰਤਾਰ ਆਪ ਹੀ ਹੈ। ਮੌਤ ਦਾ ਸੱਦਾ ਲਿਆਉਣ ਵਾਲੇ ਜਮਦੂਤ ਉਸ ਅਕਾਲ ਪੁਰਖ ਦੇ ਹੁਕਮ ਵਿਚ ਬੰਨ੍ਹੇ ਹੋਏ ਆਉਂਦੇ ਹਨ, ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਪਰਵਦਗਾਰ ਨੇ ਹੀ ਦਿੱਤੀ ਹੋਈ ਹੈ ਅਤੇ ਲੈ ਜਾਣ ਵੇਲੇ ਉਹ ਕਿਸੇ ਸੋਹਣੀ ਇਸਤਰੀ ਦੇ ਸੁੰਦਰ ਰੂਪ ਦੀ ਪਰਵਾਹ ਨਹੀਂ ਕਰਦੇ। ਉਹ ਜਮਦੂਤ ਜਦੋਂ ਸੱਦਾ ਲੈ ਕੇ ਆਉਂਦੇ ਹਨ ਤਾਂ ਇਸ ਗੱਲ ਦਾ ਵੀ ਕੋਈ ਲਿਹਾਜ਼ ਨਹੀਂ ਕਰਦੇ ਕਿ ਕਿਸੇ ਦੀ ਉਮਰ ਕਿੰਨੀ ਹੈ, ਕੋਈ ਛੋਟੀ ਉਮਰ ਦਾ ਬਾਲਕ ਹੈ ਜਾਂ ਕੋਈ ਵੱਡੀ ਉਮਰ ਦਾ ਬਜ਼ੁਰਗ ਹੈ। ਉਹ ਬਿਨਾਂ ਕਿਸੇ ਲਿਹਾਜ਼ ਦੇ ਆਪਸ ਵਿਚ ਬਣਿਆ ਮਮਤਾ-ਪਿਆਰ ਤੋੜ ਦਿੰਦੇ ਹਨ,

ਸਦੜੇ ਆਏ ਤਿਨਾ ਜਾਨੀਆ
ਹੁਕਮਿ ਸਚੇ ਕਰਤਾਰੋ॥
ਨਾਰੀ ਪੁਰਖ ਵਿਛੁੰਨਿਆ
ਵਿਛੁੜਿਆ ਮੇਲਣਹਾਰੋ॥
ਰੂਪੁ ਨ ਜਾਣੈ ਸੋਹਣੀਐ
ਹੁਕਮਿ ਬਧੀ ਸਿਰਿ ਕਾਰੋ॥
ਬਾਲਕ ਬਿਰਧਿ ਨ ਜਾਣਨੀ
ਤੋੜਨਿ ਹੇਤੁ ਪਿਆਰੋ॥੪॥ (ਪੰਨਾ ੫੮੦)

## ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ

**ਗਉੜੀ ਗੁਆਰੇਰੀ ਮਹਲਾ ੫**
ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥
ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥
ਰਸਨਾ ਸੋਈ ਲੋਭਿ ਮੀਠੈ ਸਾਦਿ॥
ਮਨੁ ਸੋਇਆ ਮਾਇਆ ਬਿਸਮਾਦਿ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥
ਸਾਬਤੁ ਵਸਤੁ ਓਹੁ
ਅਪਨੀ ਲਹੈ॥੧॥ਰਹਾਉ॥
ਸਗਲ ਸਹੇਲੀ ਅਪਨੈ ਰਸ ਮਾਤੀ॥
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥
ਮੁਸਨਹਾਰ ਪੰਚ ਬਟਵਾਰੇ॥
ਸੂਨੇ ਨਗਰਿ ਪਰੇ ਠਗਹਾਰੇ॥੨॥
ਉਨ ਤੇ ਰਾਖੈ ਬਾਪੁ ਨ ਮਾਈ॥
ਉਨ ਤੇ ਰਾਖੈ ਮੀਤੁ ਨ ਭਾਈ॥
ਦਰਬਿ ਸਿਆਣਪ ਨਾ ਓਇ ਰਹਤੇ॥
ਸਾਧਸੰਗਿ ਓਇ ਦੁਸਟ ਵਸਿ ਹੋਤੇ॥੩॥
ਕਰਿ ਕਿਰਪਾ ਮੋਹਿ ਸਾਰਿੰਗਪਾਣਿ॥
ਸੰਤਨ ਧੂਰਿ ਸਰਬ ਨਿਧਾਨ॥
ਸਾਬਤੁ ਪੂੰਜੀ ਸਤਿਗੁਰ ਸੰਗਿ॥
ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥੪॥
ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥
ਇਹ ਪੂੰਜੀ ਸਾਬਤੁ ਧਨੁ ਮਾਲੁ॥੧॥
ਰਹਾਉ ਦੂਜਾ॥

ਇਸ ਸ਼ਬਦ ਵਿਚ ਸਤਿਗੁਰੂ ਉਪਦੇਸ਼ ਕਰਦੇ ਹਨ- ਹੇ ਭਾਈ! ਸੁਣੋ! ਪਰਾਏ ਰੂਪ ਨੂੰ ਬੁਰੀ ਨਜ਼ਰ ਨਾਲ ਵੇਖਣਾ, ਇਹ ਅੱਖਾਂ ਵਿਚ ਵਿਕਾਰ ਰੂਪੀ ਨੀਂਦ ਆ ਰਹੀ ਹੈ; ਸ੍ਰਵਣ ਸੋਏ ਸੁਣਿ ਨਿੰਦ ਵੀਚਾਰ, ਬੁਰੀ ਸੰਗਤ ਵਿਚ ਬੈਠ ਕੇ ਦੂਜਿਆਂ ਦੀ ਨਿੰਦਿਆ ਸੁਣ-ਸੁਣ ਕੇ ਕੰਨ ਵੀ ਸੁੱਤੇ ਪਏ ਹਨ; ਰਸਨਾ ਸੋਈ ਲੋਭਿ ਮੀਠੈ ਸਾਦਿ, ਜੀਭ ਤਾਂ ਖਾਣ ਦੇ ਲੋਭ ਵਿਚ ਮਿੱਠੇ ਪਦਾਰਥ ਦੇ ਸੁਆਦ ਵਿਚ ਹੀ ਸੁੱਤੀ ਰਹਿੰਦੀ ਹੈ, ਤੇ ਇਹ ਚੰਚਲ ਮਨ ਮਾਇਆ ਦੇ ਵਿਕਾਰ ਰੂਪੀ ਤਮਾਸ਼ਿਆਂ ਵਿਚ ਹੀ ਸੁੱਤਾ ਪਿਆ ਹੈ।

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥
ਸਾਬਤੁ ਵਸਤੁ ਓਹੁ
ਅਪਨੀ ਲਹੈ॥੧॥ਰਹਾਉ॥

ਗੁਰਦੇਵ ਜੀ ਰਹਾਉ ਦੀ ਪੰਕਤੀ ਵਿਚ ਜੀਵ ਨੂੰ ਸੰਬੋਧਨ ਕਰਦੇ ਹਨ- ਹੇ ਭਾਈ! ਇਸ ਸਰੀਰ ਰੂਪੀ ਘਰ ਵਿਚ ਤਾਂ ਕੋਈ ਵਿਰਲਾ ਤੇ ਵਡਭਾਗਾ ਜੀਵ ਹੀ ਜਾਗ ਰਿਹਾ ਹੈ, ਤੇ ਜਿਹੜਾ ਕੋਈ ਜਾਗ ਰਿਹਾ ਹੈ। ਉਹ ਜੀਵ ਆਪਣੇ ਘਰ ਵਿਚ ਪਈ ਹੋਈ ਆਤਮਿਕ ਜੀਵਨ ਦੀ ਸਾਰੀ ਹੀ ਕਮਾਈ ਦੀ ਸਾਂਭ-ਸੰਭਾਲ ਵੀ ਕਰ ਲੈਂਦਾ ਹੈ, ਪਰ ਇਸ ਜਗਤ ਵਿਚ ਕੋਈ ਵਿਰਲਾ ਹੀ ਆਪਣੇ ਘਰ ਨੂੰ ਬਚਾ ਕੇ ਰੱਖ ਰਿਹਾ ਹੈ ਜਿਸ ਉਤੇ ਗੁਰੂ ਦੀ ਮਿਹਰ ਹੈ।

ਸਗਲ ਸਹੇਲੀ ਅਪਨੈ ਰਸ ਮਾਤੀ॥
ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥
ਮੁਸਨਹਾਰ ਪੰਚ ਬਟਵਾਰੇ॥
ਸੂਨੇ ਨਗਰਿ ਪਰੇ ਠਗਹਾਰੇ॥੨॥

ਸਗਨ ਸਹੇਲੀ ਅਪਨੈ ਰਸ ਮਾਤੀ, ਹੇ ਭਾਈ! ਜੀਵ ਦੀਆਂ ਇੰਦਰੀਆਂ ਰੂਪੀ ਸਹੇਲੀਆਂ ਤਾਂ ਆਪੋ-ਆਪਣੇ ਸਵਾਦਾਂ ਵਿਚ ਮਸਤ ਹੋਈਆਂ ਪਈਆਂ ਹਨ; ਅਤੇ ਵਿਕਾਰਾਂ ਦੀ ਮਸਤੀ ਵਿਚ ਡੁੱਬੀਆਂ ਹੋਈਆਂ ਨੇ, ਆਪਣੇ ਪ੍ਰਭੂ ਰੂਪੀ ਘਰ ਨੂੰ ਬਚਾਉਣ ਦੀ ਚਿੰਤਾ ਹੀ ਭੁਲਾ ਛੱਡੀ; ਉਧਰ ਸੁੰਨੇ ਪਏ ਘਰ ਨੂੰ ਵੇਖ ਕੇ ਪੰਜੇ ਡਾਕੂ- ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੇ ਆ ਕੇ ਧਾਵਾ ਬੋਲ ਦਿੱਤਾ ਅਤੇ ਖਾਲੀ ਪਏ ਘਰ ਨੂੰ ਘੇਰਾ ਪਾ ਲਿਆ।

ਉਨ ਤੇ ਰਾਖੈ ਬਾਪੁ ਨ ਮਾਈ॥
ਉਨ ਤੇ ਰਾਖੈ ਮੀਤੁ ਨ ਭਾਈ॥
ਦਰਬਿ ਸਿਆਣਪ ਨਾ ਓਇ ਰਹਤੇ॥
ਸਾਧਸੰਗਿ ਓਇ ਦੁਸਟ ਵਸਿ ਹੋਤੇ॥੩॥

ਗੁਰਦੇਵ ਆਖਦੇ ਹਨ, ਉਨ੍ਹਾਂ ਪੰਜਾਂ ਡਾਕੂਆਂ

### ਗੁਰਬਾਣੀ ਗਿਆਨ

ਕੋਲੋਂ ਇਸ ਜੀਵ ਨੂੰ ਨਾ ਹੀ ਬਾਪ ਬਚਾ ਸਕਦਾ ਹੈ, ਤੇ ਨਾ ਹੀ ਮਾਂ ਬਚਾ ਸਕਦੀ ਹੈ; ਇਨ੍ਹਾਂ ਠੱਗਾਂ-ਡਾਕੂਆਂ ਕੋਲੋਂ ਨਾ ਹੀ ਕੋਈ ਮਿੱਤਰ ਬਚਾ ਸਕਦਾ ਹੈ, ਤੇ ਨਾ ਹੀ ਕੋਈ ਭਰਾ ਬਚਾ ਸਕਦਾ ਹੈ; ਉਹ ਪੰਜੇ ਲੁਟੇਰੇ ਨਾ ਤਾਂ ਧਨ-ਦੌਲਤ ਦਾ ਲਾਲਚ ਦੇ ਕੇ ਮੋੜੇ ਜਾ ਸਕਦੇ ਹਨ, ਤੇ ਨਾ ਹੀ ਕਿਸੇ ਚਤੁਰਾਈ ਨਾਲ। ਇਹ ਤਾਂ ਸਿਰਫ਼ ਸਾਧ-ਸੰਗਤ 'ਚ ਰਹਿ ਕੇ ਹੀ ਕਾਬੂ ਆ ਸਕਦੇ ਹਨ।

ਕਰਿ ਕਿਰਪਾ ਮੋਹਿ ਸਾਰਿੰਗਪਾਣਿ॥
ਸੰਤਨ ਧੂਰਿ ਸਰਬ ਨਿਧਾਨ॥
ਸਾਬਤੁ ਪੂੰਜੀ ਸਤਿਗੁਰ ਸੰਗਿ॥
ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥੪॥

ਹੇ ਧਨੁਖਧਾਰੀ ਮੇਰੇ ਮਿਹਰਵਾਨ ਪ੍ਰਭ ਜੀਓ! ਮੇਰੇ 'ਤੇ ਕਿਰਪਾ ਕਰੋ, ਤੇ ਮੈਨੂੰ ਆਪਣੇ ਸੰਤ ਜਨਾਂ ਦੀ ਚਰਨ ਧੂੜ ਦਿਓ, ਇਹ ਚਰਨ ਧੂੜ ਹੀ ਮੇਰੇ ਲਈ ਸਾਰੇ ਕੀਮਤੀ ਖ਼ਜ਼ਾਨੇ ਹਨ। ਹੇ ਭਾਈ! ਗੁਰੂ ਦੀ ਸੰਗਤ ਵਿਚ ਰਹਿ ਕੇ ਆਤਮਿਕ ਜੀਵਨ ਦੀ ਸਾਰੀ ਦੀ ਸਾਰੀ ਪੂੰਜੀ ਬਚਾਈ ਜਾ ਸਕਦੀ ਹੈ; ਪ੍ਰਭੂ ਦਾ ਸੇਵਕ ਨਾਨਕ ਪ੍ਰਭੂ ਦੇ ਪ੍ਰੇਮ ਰੰਗ ਵਿਚ ਰਹਿ ਕੇ ਹੀ ਜਾਗਿਆ ਰਹਿ ਸਕਦਾ ਹੈ ਅਤੇ ਇਨ੍ਹਾਂ ਪੰਜਾਂ ਵਿਕਾਰਾਂ ਤੋਂ ਬਚ ਸਕਦਾ ਹੈ।

ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ॥
ਇਹ ਪੂੰਜੀ ਸਾਬਤੁ ਧਨੁ ਮਾਲੁ॥੧॥
ਰਹਾਉ ਦੂਜਾ॥

ਰਹਾਉ ਦੀ ਇਸ ਦੂਜੀ ਪੰਕਤੀ ਵਿਚ ਸਤਿਗੁਰੂ ਆਖਦੇ ਹਨ- ਇਨ੍ਹਾਂ ਪੰਜਾਂ ਡਾਕੂਆਂ ਤੋਂ ਉਹੀ ਜੀਵ ਬਚ ਸਕਦਾ ਹੈ ਜਿਸ ਉਤੇ ਪ੍ਰਭੂ ਆਪ ਕਿਰਪਾ ਕਰੇ, ਫਿਰ ਉਸ ਵਡਭਾਗੇ ਦੀ ਸਾਰੀ ਆਤਮਿਕ ਪੂੰਜੀ ਅਤੇ ਨਾਮ ਧਨ ਦਾ ਸਰਮਾਇਆ ਵੀ ਬਚਿਆ ਰਹਿੰਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਮਨ ਤੇ ਮਾਈਂਡ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੀਆ ਕੜੀਆਂ ਵਿਚ ਅਸੀਂ ਦੇਖ ਚੁੱਕੇ ਹਾਂ ਕਿ ਮਨ ਦਾ ਘੇਰਾ ਬਹੁਤ ਵਸੀਹ ਹੈ। ਇਸ ਦੀਆਂ ਗੂੰਜਾਂ ਭਾਰਤ ਦੀਆਂ ਹੱਦਾਂ ਤੋਂ ਬਾਹਰ ਦੂਰ ਦੂਰ ਤੱਕ ਸੁਣਾਈ ਦਿੰਦੀਆਂ ਹਨ। ਇਸ ਤੋਂ ਬਣੇ ਕੁਝ ਸ਼ਬਦ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਵੀ ਰਚ-ਮਿਚ ਚੁੱਕੇ ਹਨ। ਕੁਝ ਇਕ ਦਾ ਜ਼ਿਕਰ ਛੇੜਦੇ ਹਾਂ। ਅਸੀਂ ਆਪਣੀ ਭਾਸ਼ਾ ਵਿਚ ਮੰਤਰ ਦੇ ਵਿਭਿੰਨ ਅਰਥਾਂ ਦੀ ਚਰਚਾ ਕਰ ਚੁੱਕੇ ਹਾਂ। ਅੰਗਰੇਜ਼ੀ ਲਿਖਤਾਂ ਵਿਚ ਵੀ ਇਸ ਸ਼ਬਦ ਦੇ ਅਕਸਰ ਹੀ ਦਰਸ਼ਨ ਹੋ ਜਾਂਦੇ ਹਨ। ਜਦ ਕੋਈ ਸ਼ਬਦ ਦੂਜੀ ਭਾਸ਼ਾ ਵਿਚ ਜਾਂਦਾ ਹੈ ਤਾਂ ਜ਼ਰੂਰੀ ਨਹੀਂ ਇਸ ਦੇ ਐਨ ਪਹਿਲਾਂ ਵਾਲੇ ਹੀ ਅਰਥ ਰਹਿ ਜਾਣ। ਦੂਜੀ ਭਾਸ਼ਾ ਵਿਚ ਆ ਕੇ ਇਸ ਦੇ ਅਰਥਾਂ ਦਾ ਵਿਸਤਾਰ, ਸੰਕੋਚ ਜਾਂ ਤਬਦੀਲੀ ਆ ਸਕਦੀ ਹੈ। ਇਸ ਦੀ ਵਰਤੋਂ ਵੀ ਸੀਮਿਤ ਹੋ ਸਕਦੀ ਹੈ। ਅੰਗਰੇਜ਼ੀ ਵਿਚ ਮੰਤਰ ਦੇ ਅਰਥ ਹਨ, ਫਾਰਮੂਲਾ, ਘਸਿਆ ਪਿਟਿਆ ਸ਼ਬਦ, ਰਟ, ਤੋਤੜਾ ਆਦਿ। ਇਸ ਦੀ ਇਕ ਵਰਤੋਂ ਦਾ ਨਮੂਨਾ ਦੇਖੋ: The constant mantra of money management advisers is this- Save, save, save.

ਇਸ ਪ੍ਰਸੰਗ ਵਿਚ ਅਗਲਾ ਸ਼ਬਦ ਵਿਚਾਰਨ ਤੋਂ ਪਹਿਲਾਂ ਸਾਨੂੰ ਮੰਤਰ ਦੀ ਧੁਨੀ ਜਿਹੇ ਇਕ ਹੋਰ ਸ਼ਬਦ, ਯਾਨਿ ਮੰਤਰੀ ਵਿਚ ਦੀ ਲੰਘਣਾ ਪੈਣਾ ਹੈ। ਵਜ਼ੀਰ ਦੇ ਅਰਥਾਂ ਵਿਚ ਅੱਜ ਇਹ ਸ਼ਬਦ ਭਾਰਤ ਵਿਚ ਆਮ ਹੀ ਵਰਤਿਆ ਜਾਂਦਾ ਹੈ ਭਾਵੇਂ ਮੰਤਰੀਆਂ ਦੇ ਕਿਰਦਾਰ ਅਤੇ ਕਰਤੂਤਾਂ ਤੋਂ ਭਾਰਤੀ ਲੋਕ ਹਮੇਸ਼ਾ ਨਮੋਸ਼ੀ ਵਿਚ ਹੀ ਰਹਿੰਦੇ ਹਨ। ਅਸੀਂ ਮਤ, ਮੰਤ ਆਦਿ ਸ਼ਬਦ ਵਿਚਾਰ ਆਏ ਹਾਂ ਜਿਨ੍ਹਾਂ ਦਾ ਅਰਥ ਸਲਾਹ, ਮਸ਼ਵਰਾ, ਉਪਦੇਸ਼, ਸਿਖਿਆ ਆਦਿ ਹੁੰਦਾ ਹੈ। ਮੰਤਰੀ ਸ਼ਬਦ ਇਸੇ ਤੋਂ ਬਣਿਆ ਹੈ ਤੇ ਇਸ ਦਾ ਸ਼ਾਬਦਿਕ ਅਰਥ ਹੈ- ਜੋ ਮੰਤ ਅਰਥਾਤ ਸਲਾਹ ਦਿੰਦਾ ਹੈ, ਸਲਾਹੂ, ਸਲਾਹਕਾਰ। ਮੰਤਰੀ ਦਾ ਕੰਮ ਸਰਕਾਰ ਦੇ ਮੁਖੀ ਨੂੰ ਸਲਾਹ ਦੇਣਾ ਹੀ ਹੈ ਚਾਹੇ ਉਹ ਰਾਜਾ ਹੋਵੇ ਚਾਹੇ ਰਾਸ਼ਟਰਪਤੀ। ਚਾਣਕਯ ਆਪਣੇ ਸੂਤਰਾਂ ਵਿਚ ਲਿਖਦਾ ਹੈ ਕਿ ਕਰਨ ਅਤੇ ਨਾ ਕਰਨ ਯੋਗ ਕੰਮ ਦੀ ਅਸਲੀਅਤ ਨੂੰ ਸਮਝਣ ਵਾਲੇ ਹੀ ਮੰਤਰੀ ਹਨ। ਉਂਜ ਅੱਜ ਕਲ੍ਹ ਮੰਤਰੀਆਂ ਦੇ ਆਪਣੇ ਆਪਣੇ ਵਿਭਾਗ ਹੁੰਦੇ ਹਨ ਜਿਨ੍ਹਾਂ ਦਾ ਉਹ ਪ੍ਰਸ਼ਾਸਨ ਚਲਾਉਂਦੇ ਹਨ। ਗੁਰੂ ਅਰਜਨ ਦੇਵ ਨੇ ਪਰਮਾਤਮਾ ਨੂੰ ਹੀ ਮੰਤਰੀ ਕਿਹਾ ਹੈ, "ਤੂਹੈ ਮੰਤ੍ਰੀ ਤੂਹੈ ਸਭ ਕਰਣੈਹਾਰਾ॥" ਇਸ ਸ਼ਬਦ ਦਾ ਸੰਸਕ੍ਰਿਤ ਰੂਪ ਹੈ ਮੰਤਰਿਨ। ਮੰਤਰੀ ਮਾਂਦਰੀ ਦੇ ਅਰਥਾਂ ਵਿਚ ਵੀ ਵਰਤਿਆ ਮਿਲਦਾ ਹੈ, "ਮੰਤਰੀ ਹੋਇ ਅਠੂਹਿਆ ਨਾਗੀ ਲਗੈ ਜਾਇ॥" (ਗੁਰੂ ਨਾਨਕ ਦੇਵ) ਅਰਥਾਤ ਅਠੂਹਿਆਂ ਦਾ ਮਾਂਦਰੀ ਹੋ ਕੇ ਸੱਪਾਂ ਨੂੰ ਹੱਥ ਪਾਉਂਦਾ ਹੈ। ਲਗਦੇ ਹੱਥ ਹਾਥੀਆਂ ਨੂੰ ਹਿੱਕਣ ਵਾਲੇ ਲਈ ਵਰਤੇ ਜਾਂਦੇ ਸ਼ਬਦ ਮਹਾਵਤ ਜਾਂ ਮਹੌਤ ਦਾ ਜ਼ਿਕਰ ਕਰ ਲਈਏ। ਇਸ ਸ਼ਬਦ ਦਾ ਮੁਢਲਾ ਰੂਪ ਹੈ ਮਹਾਮਾਤਰ। ਇਥੇ ਮਾਤਰ ਸ਼ਬਦ ਮਤ ਨਾਲ ਹੀ ਸਬੰਧਿਤ ਹੈ ਤੇ ਇਸ ਦੇ ਅਰਥ ਹਨ- ਮੁਖੀ, ਸਰਬੋਤਮ, ਉਚ ਅਧਿਕਾਰੀ, ਰਾਜੇ ਦਾ ਮੰਤਰੀ ਅਤੇ ਹਾਥੀ ਚਾਲਕ।

ਬਹੁਤ ਸਾਰੇ ਪਾਠਕਾਂ ਦੇ ਕੰਨਾਂ ਵਿਚੀਂ ਚੀਨ ਨਾਲ ਸਬੰਧਿਤ ਸ਼ਬਦ ਮੈਂਡਾਰਿਨ\ਮੈਂਦਾਰਿਨ ਜ਼ਰੂਰ ਗੁਜ਼ਰਿਆ ਹੋਵੇਗਾ। ਬਹੁਤੇ ਲੋਕ ਮਿੱਠੇ ਸੰਤਰਿਆਂ ਦੀ ਇਕ ਕਿਸਮ, ਮੈਂਦਾਰਿਨ ਤੋਂ ਵਾਕਿਫ ਹਨ। ਇਹ ਚੀਨੀ ਖਿੱਤੇ ਦਾ ਫਲ ਹੈ ਤੇ ਚੀਨ ਵਿਚ ਨਵੇਂ ਸਾਲ ਦੇ ਦਿਨ ਇਹ ਤੁਹਫੇ ਵਜੋਂ ਦਿੱਤੇ ਜਾਂਦੇ ਹਨ। ਇਸ ਨੂੰ ਖੁਸ਼ਹਾਲੀ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਅੱਜ ਕਲ੍ਹ ਅਮਰੀਕਾ-ਕੈਨੇਡਾ ਵਿਚ ਵੀ ਕ੍ਰਿਸਮਸ ਦੇ ਦਿਨ ਇਸ ਫਲ ਨੂੰ ਤੁਹਫੇ ਵਜੋਂ ਭੇਟ



ਕੀਤਾ ਜਾਂਦਾ ਹੈ। ਇਹ ਪੰਜਾਬੀ ਕਿਨੂੰ ਵਰਗਾ ਹੀ ਹੁੰਦਾ ਹੈ। ਪਰ ਮੈਂਦਾਰਿਨ ਸ਼ਬਦ ਚੀਨ ਨਾਲ ਸਬੰਧਤ ਹੋਰ ਪ੍ਰਸੰਗਾਂ ਵਿਚ ਵੀ ਵਰਤਿਆ ਜਾਂਦਾ ਹੈ। ਇਕ ਪ੍ਰਕਾਰ ਦੀ ਰੰਗ-ਬਰੰਗੀ ਬੱਤਖ ਨੂੰ ਵੀ ਮੈਂਡਾਰਿਨ ਕਿਹਾ ਜਾਂਦਾ ਹੈ। ਚੀਨ ਦੇ ਸਮਰਾਟਸ਼ਾਹੀ ਦੌਰ ਦੇ ਉਚ ਅਧਿਕਾਰੀਆਂ ਜਾਂ ਨੌਕਰਸ਼ਾਹਾਂ ਲਈ ਮੈਂਦਾਰਿਨ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਅਫਸਰ ਪੜ੍ਹੇ ਲਿਖੇ ਵਿਦਵਾਨ ਹੁੰਦੇ ਸਨ। ਅੱਜ ਕਲ੍ਹ ਕਿਸੇ ਵੀ ਸਰਕਾਰ ਦੇ ਵੱਡੇ ਚਲਦੇ ਪੁਰਜ਼ੇ ਅਫਸਰ ਨੂੰ ਵੀ ਅੰਗਰੇਜ਼ੀ ਵਿਚ ਮੈਂਡਰਿਨ ਕਹਿ ਦਿੱਤਾ ਜਾਦਾ ਹੈ। ਵਰਤੋਂ ਦਾ ਨਮੂਨਾ ਦੇਖੋ, "Narendra Modi's real challenge begins once he gets down to the brass tacks of real politick with Obama and the White House mandarins."

ਕਿਸੇ ਵੀ ਖੇਤਰ ਵਿਚ ਉਪਰਲੇ ਜੋੜਾਂ ਦੇ ਬੰਦੇ ਨੂੰ ਮੈਂਡਾਰਿਨ ਕਿਹਾ ਜਾਂਦਾ ਹੈ। ਮੈਂਡਰਿਨ ਚੀਨ ਦੇ ਉਤਰੀ ਅਤੇ ਦੱਖਣ-ਪੱਛਮੀ ਇਲਾਕੇ ਦੀ ਭਾਸ਼ਾ ਦਾ ਨਾਂ ਵੀ ਹੈ। ਇਸ ਭਾਸ਼ਾ ਦੇ ਕੋਈ ਇਕ ਅਰਬ ਬੋਲਣਹਾਰੇ ਹਨ। ਗੌਰਤਲਬ ਹੈ ਕਿ ਮੈਂਡਾਰਿਨ ਸ਼ਬਦ ਚੀਨੀ ਭਾਸ਼ਾ ਵਿਚ ਨਹੀਂ ਵਰਤਿਆ ਜਾਂਦਾ। ਵੱਡੇ ਅਫਸਰ ਦੇ ਅਰਥਾਂ ਵਿਚ ਚੀਨੀ ਸ਼ਬਦ ਗੁਆਨ ਹੈ ਅਤੇ ਭਾਸ਼ਾ ਦੇ ਅਰਥਾਂ ਵਿਚ ਪੂਤੌਂਗ-ਹੁਆ। ਇਹ ਇਸੇ ਤਰ੍ਹਾਂ ਹੈ ਜਿਵੇਂ ਭਾਰਤ ਤੋਂ ਬਾਹਰ ਇਸ ਦੇਸ਼ ਨੂੰ ਇੰਡੀਆ ਕਿਹਾ ਜਾਂਦਾ ਹੈ। ਖੈਰ, ਦੱਸਣ ਵਾਲੀ ਗੱਲ ਇਹ ਹੈ ਕਿ ਮੈਂਡਰਿਨ ਸ਼ਬਦ ਅੰਗਰੇਜ਼ੀ ਵਿਚ ਪੁਰਤਗੀਜ਼ ਭਾਸ਼ਾ ਰਾਹੀਂ ਆਇਆ ਅਤੇ ਇਹ ਮੁਢਲੇ ਤੌਰ 'ਤੇ ਭਾਰਤੀ ਸ਼ਬਦ ਮੰਤਰੀ ਦਾ ਹੀ ਵਿਗੜਿਆ ਰੂਪ ਹੈ। ਭਾਰਤ ਵਿਚੋਂ ਇਹ ਸ਼ਬਦ ਮਲਾਇਆ ਵਿਚ ਪੁੱਜਾ ਕਿਉਂਕਿ ਇਸ ਦੇਸ਼ ਅਤੇ ਇਸ ਦੀ ਭਾਸ਼ਾ ਵਿਚ ਭਾਰਤੀਆਂ ਦਾ ਬਹੁਤ ਦਖਲ ਹੈ। ਮਾਲਾਇਆ ਦੇ ਆਰ-ਪਾਰ ਦੇ ਇਲਾਕੇ ਵਿਚ ਕਿਸੇ ਸਮੇਂ ਹਿੰਦੂ ਰਾਜ ਰਿਹਾ ਹੈ। ਇਸ ਖਿੱਤੇ ਵਿਚ ਬੁਧ ਮਤ ਵੀ ਬਹੁਤ ਫੈਲਿਆ। ਇਸ ਲਈ ਸੰਸਕ੍ਰਿਤ ਪਾਲੀ ਦੇ ਸ਼ਬਦ 'ਮਲਾਈ ਬਹਾਸ਼ਾ' ਵਿਚ ਰਚ ਮਿਚ ਗਏ। ਮਲਾਏ ਵਿਚ ਇਸ ਸ਼ਬਦ ਦਾ ਉਦੋਂ ਰੂਪ ਸੀ ਮੇਂਤਰੀ। ਸੋਲ੍ਹਵੀਂ ਸਦੀ ਵਿਚ ਪੁਰਤਗੀਜ਼ਾਂ ਦਾ ਮਲਾਇਆ ਖਿਤੇ ਖਾਸ ਕਰਕੇ ਮਲਾਕਾ 'ਤੇ ਅਧਿਕਾਰ ਕਾਇਮ ਹੋ ਗਿਆ ਸੀ। ਉਸੇ ਸਮੇਂ ਇਹ ਸ਼ਬਦ ਮਲਾਏ ਭਾਸ਼ਾ 'ਚੋਂ ਪੁਰਤਗੀਜ਼ ਵਿਚ ਗਿਆ ਤੇ ਫਿਰ ਅੱਗੋਂ ਅੰਗਰੇਜ਼ੀ ਵਿਚ। ਕੁਝ ਸਰੋਤਾਂ ਅਨੁਸਾਰ ਇਹ ਸ਼ਬਦ ਪੁਰਤਗੀਜ਼ ਮਾਂਦਰ ਦਾ ਵਿਗੜਿਆ ਰੂਪ ਦੱਸਿਆ ਗਿਆ ਹੈ ਜੋ ਅੱਗੋਂ ਲਾਤੀਨੀ ਵਿਚੋਂ ਆਇਆ ਹੈ। ਇਸ ਭਾਸ਼ਾ ਵਿਚ ਇਸ ਦਾ ਅਰਥ ਹੁਕਮ ਚਲਾਉਣਾ, ਭੇਜਣਾ ਆਦਿ ਹੈ ਪਰ ਇਹ ਸਹੀ ਨਹੀਂ ਹੈ। ਮਲੇਸ਼ੀਆ ਦੇ ਇਕ ਪ੍ਰੋਫੈਸਰ ਦਾ ਕਹਿਣਾ ਹੈ ਕਿ ਇਹ ਸ਼ਬਦ ਮਲਾਕਾ ਸਲਤਨਤ ਸਮੇਂ ਉਦੋਂ ਵਰਤੋਂ ਵਿਚ ਆਇਆ ਜਦ ਮਲਾਕਾ ਵਿਚ ਰਹਿੰਦੇ ਪੁਰਤਗਾਲੀ ਚੀਨ ਦੇ ਉਚ ਅਧਿਕਾਰੀਆਂ ਨੂੰ ਮਿਲਣ ਲੱਗੇ। ਉਨ੍ਹਾਂ ਨੇ ਮੇਂਤਰੀ ਸ਼ਬਦ ਬੋਲਣ ਲੱਗਿਆਂ ਸ਼ਬਦ ਦੇ ਅਖੀਰ ਵਿਚ ਵਾਧੂ ਦੀ 'ਨ' ਧੁਨੀ ਲਾ ਦਿੱਤੀ।

ਅਸਲ ਵਿਚ ਮੰਤਰੀ ਨਾਲ ਸਾਰੇ ਸਬੰਧਿਤ ਸ਼ਬਦ ਭਾਰੋਪੀ ਖਾਸੇ ਵਾਲੇ ਹਨ ਤੇ ਬਹੁਤ ਸਾਰੀਆਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਇਸ ਦੇ ਸਕੇ ਸੋਹਦਰੇ ਮਿਲਦੇ ਹਨ। ਇਸ ਦਾ ਭਾਰੋਪੀ ਮੂਲ men ਨਿਸਚਿਤ ਕੀਤਾ ਗਿਆ ਹੈ ਜਿਸ ਦਾ ਅਰਥ 'ਮਨ' ਧਾਤੂ ਦੀ ਤਰ੍ਹਾਂ ਹੀ ਸੋਚਣਾ, ਚਿੰਤਨ ਕਰਨਾ, ਚਿੱਤ ਜਾਂ ਚੇਤੇ ਵਿਚ ਰੱਖਣਾ, ਵਿਚਾਰਨਾ, ਸਮਝਣਾ ਆਦਿ ਹੈ। ਦਿਲਚਸਪ ਗੱਲ ਹੈ ਕਿ ਚਿੱਤ ਦੇ ਅਰਥਾਂ ਵਾਲੇ ਪੰਜਾਬੀ ਮਨ ਅਤੇ ਸੰਸਕ੍ਰਿਤ 'ਮਨਸ' ਦੀ ਤਰ੍ਹਾਂ ਹੀ ਇਸ ਤੋਂ ਬਣੇ ਸ਼ਬਦ ਦੇ ਵੀ ਇਹੋ ਅਰਥ ਹਨ। ਇਥੇ ਮੇਰਾ ਸੰਕੇਤ ਮਾਈਂਡ (mind) ਸ਼ਬਦ ਤੋਂ ਹੈ। ਇਹ ਸ਼ਬਦ ਪੂਰਬ-ਜਰਮੈਨਿਕ ਭਾਸ਼ਾ ਤੋਂ ਅੰਗਰੇਜ਼ੀ ਦੀ ਤਰ੍ਹਾਂ ਹੋਰ ਜਰਮੈਨਿਕ ਭਾਸ਼ਾਵਾਂ ਵਿਚ ਵਿਉਤਪਤ ਹੋਇਆ। ਇਸ ਦਾ ਮੁਢਲਾ ਰੂਪ gemind ਜਿਹਾ ਸੀ ਜਿਸ ਦਾ ਅਰਥ ਸਮਰਣ, ਯਾਦ ਸ਼ਕਤੀ, ਚੇਤਾ, ਚਿੰਤਨ, ਬੁਧੀ, ਮੁਰਾਦ ਆਦਿ ਹੈ। ਗੌਥਿਕ, ਪੁਰਾਣੀ ਨੌਰਸ, ਅਤੇ ਪੁਰਾਣੀ ਜਰਮਨ ਵਿਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਮਿਲਦੇ ਹਨ। ਗਰੀਕ ਭਾਸ਼ਾ ਵਿਚ ਇਸ ਦਾ ਸੁਜਾਤੀ ਸ਼ਬਦ memona ਹੈ ਜਿਸ ਦਾ ਅਰਥ ਤਾਂਘ ਕਰਨਾ ਹੈ। ਇਸੇ ਤੋਂ ਪਾਗਲਪਣ ਜਾਂ ਕਿਸੇ ਗੱਲ ਦੇ ਪਿਛੇ ਝੱਲੇ ਹੋਏ ਫਿਰਨਾ ਦੇ ਅਰਥਾਂ ਵਾਲਾ ਸ਼ਬਦ mania ਬਣਿਆ ਹੈ। ਲਾਤੀਨੀ ਵਿਚ ਸੁਜਾਤੀ ਸ਼ਬਦ ਹੈ mens ਜਿਸ ਦਾ ਅਰਥ ਮਨ, ਚਿੰਤਨ, ਵਿਵੇਕ ਆਦਿ ਹੈ। ਇਸ ਤੋਂ ਲਾਤੀਨੀ ਦਾ ਹੀ ਸ਼ਬਦ mentio ਬਣਿਆ ਜਿਸ ਦਾ ਅਰਥ ਚੇਤਾ, ਯਾਦ ਹੈ। ਇਸ ਤੋਂ ਅੰਗਰੇਜ਼ੀ ਸ਼ਬਦ mention ਬਣਿਆ ਜਿਸ ਦੇ ਮੁਢਲੇ ਭਾਵ ਮਨ ਵਿਚ ਲਿਆਉਣਾ, ਕਾਸੇ ਬਾਰੇ ਬੋਲਣਾ, ਜ਼ਿਕਰ ਕਰਨਾ ਸੀ। ਇਕ ਦਿਲਚਸਪ ਸ਼ਬਦ mantis ਦਾ ਜ਼ਿਕਰ ਕਰਦਾ ਹਾਂ। ਮੈਂਟਿਸ ਇਕ ਪ੍ਰਕਾਰ ਦਾ ਟਿੱਡਾ ਜਾਂ ਸਿਲ੍ਹਾ ਹੁੰਦਾ ਹੈ ਜਿਸ ਦੀਆਂ ਅਗਲੀਆਂ ਲੱਤਾਂ ਇਸ ਤਰ੍ਹਾਂ ਲਗਦੀਆਂ ਹਨ ਜਿਵੇਂ ਉਹ ਪ੍ਰਾਰਥਨਾ ਕਰ ਰਿਹਾ ਹੋਵੇ। ਇਸ ਵਿਚ ਮੈਨਟਿਸ ਸ਼ਬਦ ਦੇ ਦੈਵੀ ਸਰੂਪ, ਮੁਨੀ ਆਦਿ ਦੇ ਭਾਵ ਹਨ। ਯਾਦ ਰਹੇ ਸਾਡਾ ਮੁਨੀ ਸ਼ਬਦ ਵੀ ਮਨ ਤੋਂ ਬਣਿਆ ਹੈ, ਜੋ ਬਹੁਤ ਮਨਨ ਕਰਦਾ ਹੈ।

ਸਾਡੇ ਮੰਤਰੀ ਨਾਲ ਮਿਲਦਾ-ਜੁਲਦਾ ਇਕ ਅੰਗਰੇਜ਼ੀ ਸ਼ਬਦ ਹੈ mentor, ਇਹ ਗਰੀਕ ਭਾਸ਼ਾ ਦੇ ਇਸੇ ਸ਼ਬਦ-ਜੋੜਾਂ ਵਾਲੇ ਸ਼ਬਦ ਦਾ ਅੰਗਰੇਜ਼ੀ ਰੂਪ ਹੈ। ਇਸ ਦਾ ਮੁਢਲਾ ਅਰਥ ਮੰਤਰੀ ਦੀ ਤਰ੍ਹਾਂ ਸਲਾਹਕਾਰ ਹੈ। ਅੱਜ ਕਲ੍ਹ ਇਹ ਗੁਰੂ, ਉਸਤਾਦ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਸੇ ਨਾਲ ਰਲਦਾ ਸ਼ਬਦ ਹੈ monitor ਜਿਸ ਨੂੰ ਅਸੀਂ ਛੋਟੇ ਹੁੰਦੇ ਮਲੀਟਰ ਕਹਿੰਦੇ ਸਾਂ। ਇਹ ਵੀ ਸਲਾਹਕਾਰ, ਉਪਦੇਸ਼ਕ, ਨਿਗਰਾਨ ਆਦਿ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਹ ਮੁਢਲੇ ਤੌਰ 'ਤੇ ਲਾਤੀਨੀ ਸ਼ਬਦ ਹੈ ਜਿਸ ਦਾ ਅਰਥ ਹੁੰਦਾ ਸੀ ਜੋ ਚੇਤੇ ਕਰਾਉਂਦਾ ਜਾਂ ਚਿਤਾਰਦਾ ਹੈ, ਡਾਂਟਦਾ ਹੈ। ਇਸ ਦੇ ਨਾਲ ਲਗਦਾ ਹੀ ਸ਼ਬਦ ਹੈ admonish ਜਿਸ ਦਾ ਅਰਥ ਝਿੜਕਣਾ, ਪਿਆਰ ਨਾਲ ਡਾਂਟਣਾ, ਚਿਤਾਵਨੀ ਦੇਣਾ ਆਦਿ ਹੈ। ਅੰਗਰੇਜ਼ੀ ਸ਼ਬਦ mean ਜਿਸ ਦਾ ਮਾਅਨਾ ਹੀ ਮਾਅਨਾ ਹੋਣਾ, ਮਤਲਬ ਹੋਣਾ, ਮੁਰਾਦ ਹੋਣਾ ਆਦਿ ਹੈ, ਵੀ ਇਸੇ ਮੂਲ ਨਾਲ ਜੁੜਿਆ ਹੋਇਆ ਹੈ। ਇਹ ਵੀ ਜਰਮੈਨਿਕ ਅਸਲੇ ਵਾਲਾ ਸ਼ਬਦ ਹੈ। ਬਹੁਤ ਸਾਰੀਆਂ ਯੂਰਪੀ ਭਾਸ਼ਾਵਾਂ ਵਿਚ ਇਸ ਦੇ ਸਗੋਤੀ ਸ਼ਬਦ ਮਿਲਦੇ ਹਨ। ਮਨੁਖੀ ਅਧਿਕਾਰਾਂ ਦੀ ਕਦਰ ਕਰਨ ਵਾਲੇ ਅੰਗਰੇਜ਼ੀ ਸ਼ਬਦ ਅਮਨੈਸਟੀ ਬਾਰੇ ਜ਼ਰੂਰ ਜਾਣਦੇ ਹੋਣਗੇ ਜਿਸ ਨੂੰ ਅਸੀਂ ਆਮ ਖਿਮਾ ਕਹਿ ਸਕਦੇ ਹਾਂ, ਮੁਢਲੇ ਤੌਰ 'ਤੇ ਲਾਤੀਨੀ ਅਤੇ ਅੱਗੋਂ ਸ਼ਬਦ amnestia ਤੋਂ ਵਿਉਤਪਤ ਹੋਇਆ ਹੈ। ਇਸ ਸ਼ਬਦ ਦੇ ਅੱਗੇ ਅ- ਤਾਂ ਨਾਂਹਵਾਚਕ ਅਗੇਤਰ ਹੈ ਤੇ ਅਗਲੇ mnestis ਦਾ ਅਰਥ ਹੈ ਚੇਤਾ, ਸਮਰਣ। ਸੋ, ਇਸ ਸ਼ਬਦ ਦਾ ਅੱਖਰੀ ਅਰਥ ਹੋਇਆ- ਨਾ ਚੇਤੇ ਰੱਖਣਾ, ਮਨ 'ਚੋਂ ਕੱਢ ਦੇਣਾ, ਭੁਲਾ ਦੇਣਾ ਸੋ ਖਿਮਾ ਕਰਨਾ। ਅੰਗਰੇਜ਼ੀ ਸੰਗੀਤ ਦੇ ਅਰਥਾਂ ਵਾਲਾ ਮਿਊਜ਼ਿਕ ਸ਼ਬਦ ਅੰਤਮ ਤੌਰ 'ਤੇ ਗਰੀਕ mousike ਤੋਂ ਬਣਿਆ ਹੈ। ਇਸ ਦਾ ਸ਼ਾਬਦਿਕ ਅਰਥ ਹੈ ਮਿਊਜ਼ਜ਼ (Muses) ਦੀ ਕਲਾ। ਗਰੀਕ ਮਿਥਿਹਾਸ ਅਨੁਸਾਰ ਮਿਊਜ਼ ਸਾਹਿਤ ਅਤੇ ਕਲਾਵਾਂ ਨਾਲ ਸਬੰਧਿਤ ਜ਼ੂਅਸ ਦੇਵਤੇ ਦੀਆਂ ਨੌਂ ਦੇਵੀ ਧੀਆਂ ਵਿਚੋਂ ਇਕ ਹੈ। ਮਿਊਜ਼ ਸ਼ਬਦ men ਮੂਲ ਤੋਂ ਹੀ ਨਿਰਮਿਤ ਹੋਇਆ ਹੈ। Museum ਸ਼ਬਦ ਵੀ ਇਸੇ ਦੇਵੀ ਨਾਲ ਸਬੰਧਿਤ ਹੈ। ਗਰੀਕ ਵਿਚ ਪਹਿਲੇ ਪਹਿਲ ਮਿਊਜ਼ੀਅਮ ਮਿਊਜ਼ ਦੇਵੀ ਦੇ ਮੰਦਰ ਨੂੰ ਆਖਦੇ ਸਨ। ਫਿਰ ਇਸ ਵਿਚ ਅਧਿਐਨ ਕਮਰਾ, ਲਾਇਬਰੇਰੀ ਅਤੇ ਅਜਾਇਬ ਘਰ ਦੇ ਭਾਵ ਆਏ। ਅੰਗਰੇਜ਼ੀ ਦੇ ਹੋਰ ਬਹੁਤ ਸਾਰੇ ਸ਼ਬਦ men ਮੂਲ ਦੀ ਦੇਣ ਹਨ ਜਿਵੇਂ ਮੈਂਟਲ, ਸਮਨ, ਮਨੀ, ਮੌਨੂਮੈਂਟ ਆਦਿ। ਪਰ ਅੱਜ ਏਨਾ ਹੀ।

## ਕਾਵਿ-ਕਿਆਰੀ

### ਉਹ ਸਦਾ ਅਨੰਤ

ਰੱਬ ਦੇ ਰੰਗ ਬੇਅੰਤ, ਇਹ ਗੱਲ
ਕਹਿ ਗਏ ਸਾਧੂ ਸੰਤ, ਓ ਬੰਦਿਆ,
ਰੱਬ ਦੇ ਰੰਗ ਬੇਅੰਤ।
ਹਰ ਚੀਜ਼ ਦਾ ਅੰਤ ਹੈ ਪਰ
ਉਹ ਹੈ ਸਦਾ ਅਨੰਤ, ਓ ਬੰਦਿਆ,
ਰੱਬ ਦੇ ਰੰਗ ਬੇਅੰਤ।

ਆਪੇ ਰਚੀ ਹੈ ਕੁਦਰਤ ਜਿਸ ਨੇ
ਆਪੇ ਘੜੀ ਏ ਸ੍ਰਿਸ਼ਟੀ।
ਸਭ ਜੀਵਾਂ ਨਾਲ ਪਿਆਰ ਹੈ ਜਿਸ ਨੂੰ
ਉਹਦੀ ਸਭ 'ਤੇ ਮਿਹਰ ਦੀ ਦ੍ਰਿਸ਼ਟੀ।
ਉਸ ਦੇ ਅਧੀਨ ਚੰਨ ਤੇ ਤਾਰੇ
ਧਰਤੀ ਦੇ ਬ੍ਰਹਿਮੰਡ, ਓ ਬੰਦਿਆ,
ਰੱਬ ਦੇ ਰੰਗ ਬੇਅੰਤ।

ਉਸ ਦੀ ਸ਼ਕਤੀ ਹੈ ਅਪਰਮਪਾਰ
ਉਹ ਹੈ ਸਭ ਦਾ ਇਕ ਕਰਤਾਰ।
ਸਭ ਵਿਚ ਉਸ ਦੀ ਜੋਤ ਹੈ ਜਗਦੀ
ਉਸ ਦਾ ਹੈ ਸਾਰਾ ਪ੍ਰਤਾਪ।
ਤਿੰਨ ਲੋਕਾਂ ਵਿਚ ਉਹ ਹਾਜ਼ਰ-ਨਾਜ਼ਰ
ਕਣ ਕਣ ਉਸ ਦਾ ਅੰਗ, ਓ ਬੰਦਿਆ,
ਰੱਬ ਦੇ ਰੰਗ ਬੇਅੰਤ।

ਰਾਮ, ਕ੍ਰਿਸ਼ਨ, ਸ਼ਿਵ, ਈਸਾ, ਨਾਨਕ
ਹਜਰਤ, ਗੌਤਮ ਬੁਧ ਆਏ।
ਸਭ ਹੀ ਆਪਣਾ ਖੇਲ ਰਚਾ ਕੇ
ਉਸ ਵਿਚ ਆਖਿਰ ਜਾ ਸਮਾਏ।
ਆਈ ਦੁਨੀਆਂ, ਗਈ ਦੁਨੀਆਂ,
ਸਦਾ ਉਹ ਪਰਮਾਨੰਦ, ਓ ਬੰਦਿਆ,
ਰੱਬ ਦੇ ਰੰਗ ਬੇਅੰਤ।

ਰੁੱਖ ਹਰਿਆਵਲ, ਝਰਨੇ ਉਸ ਦੇ
ਫਸਲਾਂ ਦਾ ਕਿਤੇ ਉਤਰੇ ਝਾੜ।
ਕਿਤੇ ਹੈ ਮਿੱਟੀ, ਕਿਤੇ ਸਮੁੰਦਰ
ਕਿਤੇ ਬਰਫ ਤੇ ਕਿਤੇ ਪਹਾੜ।
ਗਰਮੀ-ਸਰਦੀ, ਪੱਤਝੜ, ਬਾਰਿਸ਼
ਰੁੱਤ ਹੈ ਕਦੇ ਬਸੰਤ, ਓ ਬੰਦਿਆ,
ਰੱਬ ਦੇ ਰੰਗ ਬੇਅੰਤ।

ਕਿਸੇ ਚੀਜ਼ ਦੀ ਤੋਟ ਨਾ ਆਵੇ
ਉਸ ਦਾ ਭੰਡਾਰਾ ਚਲਦਾ ਜਾਵੇ।
ਉਸ ਦੇ ਚਲਦੇ ਅਤੁਟ ਭੰਡਾਰ
ਹਰ ਕੋਈ ਮੰਗੀਆਂ ਮੁਰਾਦਾਂ ਪਾਵੇ।
ਉਸ ਦੇ ਭਰੇ ਬੇਅੰਤ ਖਜ਼ਾਨੇ
ਜੋ ਮੰਗਣਾ ਹੈ ਮੰਗ, ਓ ਬੰਦਿਆ,
ਰੱਬ ਦੇ ਰੰਗ ਬੇਅੰਤ।

*-ਦਿਲਪ੍ਰੀਤ ਮਾਨ, ਕਲੋਵਿਸ*
*ਫੋਨ: 559-291-7116*

### ਰੀਝ

ਮਨ ਅੰਦਰ ਇਕ ਰੀਝ ਹੁੰਦੀ ਏ।
ਫ਼ਸਲ ਜਦੋਂ ਕੋਈ ਬੀਜ ਹੁੰਦੀ ਏ।
ਗੁੱਡ-ਗੁਡਾ ਕੇ, ਪਾਣੀ ਲਾ ਕੇ,
ਚੰਗੀ-ਚੋਖੀ, ਖਾਦ ਹੈ ਪਾ ਕੇ।
ਹਰੀ-ਭਰੀ ਉਹ ਜਦ ਲਹਿਰਾਵੇ,
ਜੱਟ ਦਾ ਦਿਲ, ਹੁਲ੍ਹਾਰੇ ਖਾਵੇ।

ਦੇਖਦਿਆਂ ਹੀ, ਗੋਡੇ-ਗੋਡੇ,
ਹੋ ਜਾਂਦੀ, ਫਿਰ ਮੋਢੇ-ਮੋਢੇ।
ਇੰਜ ਕਦੇ ਵੀ, ਹੋ ਜਾਂਦਾ ਹੈ,
ਸਭ ਕੁੱਝ ਕੀਤਾ, ਖੋ ਜਾਂਦਾ ਹੈ।
ਲੱਗ ਜਾਂਦੀ ਬੀਮਾਰੀ ਵੀ ਏ,
ਉਗ ਪੈਂਦੀ ਕਾਂਗਿਆਰੀ ਵੀ ਏ।

ਇੰਜ ਪੁੱਤਰ ਜਦ ਹੋਣ ਜਵਾਨ,
ਪੁੱਤਰਾਂ 'ਤੇ ਫਿਰ ਹੋਵੇ ਮਾਣ।
ਦਿਲ ਵਿਚ ਰੱਖੀ, ਕਈ ਆਸਾਂ,
ਮਾਪੇ ਫਿਰ ਕਰਦੇ ਅਰਦਾਸਾਂ।
ਇਨ੍ਹਾਂ ਨੂੰ ਤੱਤੀ ਵਾ ਨਾ ਲੱਗੇ,
ਕਿਸੇ ਤਰ੍ਹਾਂ ਦੀ ਹਾਅ ਨਾ ਲੱਗੇ।

ਫਿਰ ਆਉਂਦੀ ਪੁੱਤਾਂ ਦੀ ਵਾਰੀ,
ਜੇ ਨਾ ਜੰਮੀ ਹੋਏ ਕਾਂਗਿਆਰੀ।
ਚੰਗੇ ਪੁੱਤ, ਸਪੁੱਤ ਕਹਾਉਂਦੇ,
ਮਾਪਿਆਂ ਦਾ ਏ ਬੋਝ ਉਠਾਉਂਦੇ।
ਐਸੇ ਪੁੱਤਰਾਂ, ਦੀਆਂ ਨਾ ਰੀਸਾਂ,
ਸਭ ਤੋਂ 'ਰਾਠੀ' ਲੈਣ ਅਸੀਸਾਂ।

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫੋਨ: 916-508-8218*

---

### ਬਚ ਕੇ ਰਹੋ

ਮਿਰਚਾਂ ਦੇ ਪਕੌੜਿਆਂ ਤੋਂ
ਦਿਲਾਂ ਦੇ ਕੌੜਿਆਂ ਤੋਂ
ਅਕਲ ਦੇ ਥੋੜ੍ਹਿਆਂ ਤੋਂ
ਰਾਹ ਦੇ ਰੋੜ੍ਹਿਆਂ ਤੋਂ, ਬਚ ਕੇ ਰਹੋ।

ਜ਼ੁਬਾਨ ਦੇ ਮਿੱਠਿਆਂ ਤੋਂ
ਧੋਖੇ ਨਾਲ ਜਿੱਤਿਆਂ ਤੋਂ
ਅੱਖਾਂ ਦੇ ਬਿੱਲਿਆਂ ਤੋਂ
ਕੰਮ ਦੇ ਢਿੱਲ੍ਹਿਆਂ ਤੋਂ
ਦਗੇਬਾਜ਼ ਯਾਰਾਂ ਤੋਂ
ਲੰਮੀਆਂ ਕਾਰਾਂ ਤੋਂ
ਮੂੰਹੋਂ ਮੀਆਂ ਮਿੱਠੂ ਤੋਂ
ਪੁਲਿਸ ਦੇ ਪਿੱਠੂ ਤੋਂ, ਬਚ ਕੇ ਰਹੋ।

ਝੂਠੇ ਯਾਰ ਤੋਂ, ਡੇਂਗੂ ਬੁਖਾਰ ਤੋਂ
ਭਾਰਤੀ ਨੇਤਾ ਤੋਂ, ਭੰਗ ਦੇ ਖੇਤਾਂ ਤੋਂ
ਅਸ਼ਲੀਲ ਹੇਕਾਂ ਤੋਂ
ਅਰਥੀ ਦੇ ਸੇਕਾਂ ਤੋਂ, ਬਚ ਕੇ ਰਹੋ।
ਝੂਠੀ ਬਦਨਾਮੀ ਤੋਂ
ਤੂਫਾਨੀ ਸੁਨਾਮੀ ਤੋਂ
ਢੋਂਗੀ ਬਾਬਿਆਂ ਤੋਂ
ਕਮੀਸ਼ਨਾਂ ਖਾਧਿਆਂ ਤੋਂ, ਬਚ ਕੇ ਰਹੋ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

### ਹੋਕਾ


ਝੂਠੇ ਤੇ ਫਰੇਬੀ ਨੂੰ ਸਿਆਸੀ ਆਖਦੇ
ਨਾ ਇਹ ਧੀ ਦੇ, ਨਾ ਮਾਂ ਦੇ, ਨਾ ਪੁਤ ਬਾਪ ਦੇ।
ਲੰਡੇ-ਲੁੱਚੇ ਬਥੇਰੇ ਇਥੇ ਤੁਰੇ ਫਿਰਦੇ
ਵੇਖ ਕੇ ਇਨ੍ਹਾਂ ਨੂੰ ਸਾਡੇ ਦਿਲ ਘਿਰਦੇ।
ਸਾਧੂਆਂ ਦੇ ਭੇਸ 'ਚ ਕਸਾਈ ਜਾਪਦੇ।
ਨਾ ਇਹ ਧੀ ਦੇ, ਨਾ ਮਾਂ ਦੇ, ਨਾ ਪੁਤ ਬਾਪ ਦੇ।

ਮੌਤ ਦੀ ਸਰਦਲ 'ਤੇ ਬਹਿ ਕੇ ਸੁਤੇ ਹਾਣੀਓ
ਹਰ ਪਲ ਹਰ ਦਮ ਜਾਓ ਲੁਟੇ ਹਾਣੀਓ।
ਸਿਵਿਆ 'ਚ ਬੈਠੇ ਰਾਖੇ ਤੁਸੀਂ ਰਾਖ ਦੇ।
ਨਾ ਇਹ ਧੀ ਦੇ, ਨਾ ਮਾਂ ਦੇ, ਨਾ ਪੁਤ ਬਾਪ ਦੇ।

ਚਿਟੇ ਨੀਲੇ ਪੀਲੇ ਬਗਲੇ ਬਥੇਰੇ ਨੇ,
ਨੀਟਾ ਮਾਛੀਕਿਆਂ ਵਾਲੇ ਯਾਰ ਮੇਰੇ ਨੇ।
ਸੁਣੋ ਮੇਰੇ ਦੋਸਤੋ ਇਹੋ ਸੱਚ ਆਖਦੇ।
ਨਾ ਇਹ ਧੀ ਦੇ, ਨਾ ਮਾਂ ਦੇ, ਨਾ ਪੁਤ ਬਾਪ ਦੇ।

*-ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'*

# ਪੰਜਾਬ: ਰਾਜਮੋਹਨ ਗਾਂਧੀ ਦਾ ਨਜ਼ਰੀਆ




***ਮੋਹਨ ਦਾਸ ਕਰਮ ਚੰਦ ਗਾਂਧੀ ਉਰਫ ਮਹਾਤਮਾ ਗਾਂਧੀ ਦੇ ਪੋਤੇ ਪ੍ਰੋ. ਰਾਜਮੋਹਨ ਗਾਂਧੀ ਨੇ ਪੰਜਾਬ ਬਾਰੇ ਬੜੀ ਖੋਜ ਭਰਪੂਰ ਕਿਤਾਬ 'ਪੰਜਾਬ: ਏ ਹਿਸਟਰੀ ਫਰੌਮ ਔਰੰਗਜ਼ੇਬ ਟੂ ਮਾਊਂਟਬੇਟਨ' ਲਿਖੀ ਹੈ। ਉਨ੍ਹਾਂ ਪੰਜਾਬ ਦੇ ਇਤਿਹਾਸ ਨੂੰ ਵੱਖਰੇ ਜ਼ਾਵੀਏ ਤੋਂ ਦੇਖਣ ਦਾ ਯਤਨ ਕੀਤਾ ਹੈ। ਇਸ ਕਿਤਾਬ ਦੀ ਸਭ ਤੋਂ ਦਿਲਚਸਪ ਗੱਲ ਤਾਂ ਇਹੀ ਹੈ ਕਿ ਉਨ੍ਹਾਂ ਪੰਜਾਬ ਨੂੰ ਇਕ ਖਾਸ ਵਿੱਥ ਤੋਂ ਦੇਖਿਆ ਹੈ। ਇਸੇ ਕਰ ਕੇ ਇਸ ਵਿਚੋਂ ਭਾਵੁਕਤਾ ਤਕਰੀਬਨ ਖਾਰਜ ਹੈ, ਸ਼ਾਇਦ ਇਸੇ ਕਰ ਕੇ ਹੀ ਉਹ ਕੁਝ ਨਵੇਂ ਤੱਥਾਂ ਦੀ ਨਿਸ਼ਾਨਦੇਹੀ ਵੀ ਕਰ ਸਕੇ ਹਨ। ਇਸ ਕਿਤਾਬ ਬਾਰੇ ਪ੍ਰੋ. ਹਰਪਾਲ ਸਿੰਘ ਪੰਨੂ ਦੇ ਦੋ ਲੇਖ ਅਸੀਂ ਪਹਿਲਾਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਚੁੱਕੇ ਹਾਂ। ਹੁਣ ਪ੍ਰੋ. ਪੰਨੂ ਨੇ ਇਸ ਵੱਡ-ਆਕਾਰੀ ਕਿਤਾਬ ਦਾ ਤਰਜਮਾ ਪੰਜਾਬੀ ਵਿਚ ਕਰ ਦਿੱਤਾ ਹੈ ਜੋ ਚੜ੍ਹਦੇ ਸਾਲ (ਜਨਵਰੀ 2015 ਵਿਚ) ਛਪ ਰਿਹਾ ਹੈ। ਇਸ ਲੇਖ ਵਿਚ ਉਨ੍ਹਾਂ ਇਕ ਵਾਰ ਫਿਰ ਇਸ ਕਿਤਾਬ ਦੀਆਂ ਕੁਝ ਵਿਲੱਖਣਤਾਵਾਂ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ***

ਸਾਲ 2013 ਵਿਚ ਰੂਪਾ ਪਬਲਿਸ਼ਰਜ਼ ਨੇ ਪ੍ਰੋ. ਰਾਜਮੋਹਨ ਗਾਂਧੀ ਦੀ ਕਿਤਾਬ 'ਪੰਜਾਬ: ਏ ਹਿਸਟਰੀ ਫਰੌਮ ਔਰੰਗਜ਼ੇਬ ਟੂ ਮਾਊਂਟਬੇਟਨ' ਛਾਪੀ, ਰਿਲੀਜ਼ ਹੋਣ ਦੀ ਖਬਰ ਪੜ੍ਹੀ। ਗਾਂਧੀ ਜੀ ਦੀ ਲਿਖਤ ਤੋਂ ਦੇਰ ਪਹਿਲਾਂ ਦਾ ਕੇਵਲ ਜਾਣੂ ਨਹੀਂ, ਪ੍ਰਭਾਵਿਤ ਹਾਂ। ਉਹ ਘਟਨਾਵਾਂ ਦੂਰ ਤੋਂ ਦੇਖਦੇ ਹਨ, ਜੋੜ ਘਟਾ ਕਰਨ ਵਕਤ, ਨਤੀਜੇ ਕੱਢਣ ਵਕਤ ਕਾਹਲ ਨਹੀਂ ਕਰਦੇ, ਦਾਅਵਾ ਨਹੀਂ ਕਰਦੇ, ਉਨ੍ਹਾਂ ਦੇ ਨਤੀਜੇ ਠੀਕ ਹਨ। ਰੱਬ ਨੇ ਸਿਰਜਣਾ ਕਰ ਦਿੱਤੀ ਹੈ, ਉਹ ਆਪਣੀ ਸਿਰਜਣਾ ਦੇ ਹੱਕ ਵਿਚ ਵਕਾਲਤ ਨਹੀ ਕਰਦਾ; ਜਿਸ ਨੇ ਉਸ ਦੀ ਕੁਦਰਤ ਜਿਵੇਂ ਦੇਖੀ ਸੋ ਭਲਾ। ਕਿਸੇ ਨੂੰ ਮਾਂਹ ਬਾਦੀ, ਕਿਸੇ ਨੂੰ ਮਾਂਹ ਸੁਆਦੀ।



**ਪ੍ਰੋ. ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਕਿਤਾਬ ਮੰਗਵਾਈ ਅਤੇ ਪੜ੍ਹੀ। ਪੰਜਾਬ ਦੇ ਇਤਿਹਾਸ ਦਾ ਚਾਰ ਦਹਾਕਿਆਂ ਤੋਂ ਵਿਦਿਆਰਥੀ ਹਾਂ। ਪੂਰਬੀ ਪੰਜਾਬ ਦੇ ਲੇਖਕਾਂ, ਇਤਿਹਾਸਕਾਰਾਂ ਨੇ 1947 ਤੋਂ ਬਾਅਦ ਵੱਡੀ ਗਿਣਤੀ ਪੰਜਾਬ ਦਾ ਇਤਿਹਾਸ ਲਿਖਿਆ, ਪੜ੍ਹਿਆ ਗਿਆ। ਇਨ੍ਹਾਂ ਇਤਿਹਾਸਕਾਰਾਂ ਵਿਚ ਹਿੰਦੂ-ਸਿੱਖ, ਦੋਵੇਂ ਦ੍ਰਿਸ਼ਟੀਕੋਣ ਸਾਹਮਣੇ ਆਏ ਪਰ ਪਿਛਲੇ ਸਾਢੇ ਛੇ ਦਹਾਕਿਆਂ ਤੋਂ ਪੱਛਮੀ ਪੰਜਾਬ ਵਿਚ ਵੀ ਪੰਜਾਬ ਦਾ ਇਤਿਹਾਸ ਪੜ੍ਹਿਆ ਅਤੇ ਲਿਖਿਆ ਜਾ ਰਿਹਾ ਹੈ, ਉਸ ਦਾ ਹਿੰਦੁਸਤਾਨੀ ਪੰਜਾਬੀਆਂ ਨੂੰ ਪਤਾ ਨਹੀਂ। ਉਹ ਇਤਿਹਾਸ ਕਿਸ ਜ਼ਾਵੀਏ ਤੋਂ ਲਿਖਿਆ ਜਾ ਰਿਹਾ ਹੈ, ਇਧਰਲੇ ਇਤਿਹਾਸ ਤੋਂ ਕਿੰਨਾ ਤੇ ਕਿਵੇਂ ਭਿੰਨ ਹੈ, ਜਾਣਨਾ ਚਾਹੀਦਾ ਹੈ। ਰਾਜਮੋਹਨ ਗਾਂਧੀ ਸਾਹਮਣੇ ਦੋਵੇਂ ਪੰਜਾਬਾਂ ਦੇ ਸ੍ਰੋਤ ਹਨ, ਉਨ੍ਹਾਂ ਸਾਹਮਣੇ ਲੰਡਨ ਆਰਕਾਈਵਜ਼ ਹੈ ਤੇ ਲਾਹੌਰ ਆਰਕਾਈਵਜ਼ ਵੀ। ਲੰਡਨ ਆਰਕਾਈਵਜ਼ ਅਤੇ ਲਾਹੌਰ ਆਰਕਾਈਵਜ਼ ਸਾਹਮਣੇ ਰਾਜਮੋਹਨ ਗਾਂਧੀ ਹੈ ਜਿਸ ਨੇ ਸਮੱਗਰੀ ਦੀ ਚੋਣ ਕਰਦਿਆਂ ਦੂਰ-ਦ੍ਰਿਸ਼ਟੀ, ਗਹਿਰਾਈ ਅਤੇ ਨਿਰਪੱਖਤਾ ਤੋਂ ਕੰਮ ਲਿਆ।

ਕਿਤਾਬ ਪੜ੍ਹ ਕੇ ਮੈਂ ਇਸ ਉਪਰ ਰਿਵੀਊ ਆਰਟੀਕਲ ਲਿਖਿਆ ਜੋ ਅਖਬਾਰਾਂ ਰਿਸਾਲਿਆਂ ਨੇ ਛਾਪਿਆ। ਰਿਵੀਊ ਛਪਣ ਸਾਰ ਅਣਗਿਣਤ ਫੋਨ ਅਤੇ ਪੱਤਰ ਮਿਲੇ। ਮੰਗ ਕੀਤੀ ਗਈ ਕਿ ਇਸ ਨੂੰ ਗੁਰਮੁਖੀ ਲਿਪੀ, ਪੰਜਾਬੀ ਭਾਸ਼ਾ ਵਿਚ ਅਨੁਵਾਦ ਕਰ ਕੇ ਛਪਵਾਉ। ਦਿਲ ਮੇਰਾ ਵੀ ਕਰਦਾ ਸੀ ਪਰ ਸਾਢੇ ਚਾਰ ਸੌ ਪੰਨਿਆਂ ਦੀ ਕਿਤਾਬ ਦਾ ਅਨੁਵਾਦ, ਸਮਾਂ ਅਤੇ ਮਿਹਨਤ ਮੰਗੇਗਾ। ਪ੍ਰੋ. ਗਾਂਧੀ ਗੁਜਰਾਤ ਮੂਲ ਦੇ ਹੋ ਕੇ ਪੰਜਾਬ ਦਾ ਇਤਿਹਾਸ ਲਿਖਣ ਲਈ ਸਾਲਾਂ ਦਾ ਸਮਾਂ ਕੱਢ ਸਕਦੇ ਹਨ, ਤਾਂ ਮੈਂ ਪੰਜਾਬੀ ਹੋ ਕੇ ਇਸ ਨਾਯਾਬ ਤੋਹਫੇ ਨੂੰ ਪੰਜਾਬੀਆਂ ਅੱਗੇ ਪੇਸ਼ ਕਰਨ ਵਾਸਤੇ ਕੁਝ ਮਹੀਨੇ ਨਹੀਂ ਕੱਢ ਸਕਦਾ?


ਅਫਸੋਸ ਕਿ ਪੰਜਾਬੀਆਂ ਵਾਸਤੇ ਲਿਖਿਆ ਅੰਗਰੇਜ਼ੀ ਵਿਚ ਪੰਜਾਬ ਦਾ ਇਤਿਹਾਸ 90 ਫੀਸਦੀ ਪੰਜਾਬੀ ਪਾਠਕ ਨਹੀਂ ਪੜ੍ਹਦੇ। ਜਿਨ੍ਹਾਂ ਨੂੰ ਪੜ੍ਹਨ ਦੀ ਰੁਚੀ ਹੈ, ਉਹ ਅੰਗਰੇਜ਼ੀ ਨਹੀਂ ਜਾਣਦੇ, ਅੰਗਰੇਜ਼ੀ ਜਾਣਨ ਵਾਲਿਆਂ ਦੀ ਇਧਰ ਰੁਚੀ ਨਹੀਂ। ਅਨੁਵਾਦ ਵਾਸਤੇ ਲੇਖਕ ਦੀ ਇਜਾਜ਼ਤ ਲੈਣੀ ਜ਼ਰੂਰੀ ਸੀ। ਹਥਲੀ ਕਿਤਾਬ ਉਪਰ ਨਾ ਫੋਨ ਨੰਬਰ, ਨਾ ਈਮੇਲ ਆਈ.ਡੀ.; ਕੀ ਕਰੀਏ? ਸੋਚਿਆ- ਮੇਰੀ ਵੈਬਸਾਈਟ ਹੋ ਸਕਦੀ ਹੈ ਤਾਂ ਗਾਂਧੀ ਜੀ ਦੀ ਕਿਉਂ ਨਹੀਂ ਹੋਵੇਗੀ? ਲੱਭ ਗਈ, ਸਾਰੇ ਵੇਰਵੇ ਮਿਲ ਗਏ, ਮੇਲ ਰਾਹੀਂ ਪ੍ਰਵਾਨਗੀ ਲਈ ਬੇਨਤੀ ਕੀਤੀ। ਅੱਧੇ ਘੰਟੇ ਬਾਅਦ ਅਮਰੀਕਾ ਤੋਂ ਉਨ੍ਹਾਂ ਦੇ ਸੈਕਟਰੀ ਨੇ ਜਵਾਬ ਦਿੱਤਾ- ਮੇਲ ਲਈ ਧੰਨਵਾਦ। ਪ੍ਰੋਫੈਸਰ ਗਾਂਧੀ ਅਜੇ ਦਫਤਰ ਨਹੀਂ ਪੁੱਜੇ। ਜਦੋਂ ਆਏ, ਤੁਹਾਡੀ ਮੇਲ ਦਿਖਾ ਕੇ ਉਨ੍ਹਾਂ ਨਾਲ ਇਸ ਮਸਲੇ 'ਤੇ ਗੱਲ ਕਰਾਂਗਾ; ਜੋ ਫੈਸਲਾ ਹੋਇਆ, ਤੁਹਾਨੂੰ ਜਾਣੂ ਕਰਵਾਵਾਂਗਾ। ਇਸ ਮੇਲ ਤੋਂ ਅੱਧੇ ਘੰਟੇ ਬਾਅਦ ਗਾਂਧੀ ਜੀ ਦੀ ਮੇਲ ਆ ਗਈ, ਲਿਖਿਆ ਸੀ- ਅਸੂਲਨ ਪ੍ਰੋਫੈਸਰ ਦੀ ਮੇਲ ਦਾ ਜਵਾਬ ਦੇਣਾ ਮੇਰਾ, ਪ੍ਰੋਫੈਸਰ ਦਾ ਫਰਜ਼ ਬਣਦਾ ਸੀ ਸਕੱਤਰ ਦਾ ਨਹੀਂ; ਪਰ ਸਕੱਤਰ ਨੇ ਦੇਰ ਕਰਨ ਦੀ ਥਾਂ ਜਵਾਬ ਦੇਣਾ ਵਾਜਬ ਸਮਝਿਆ। ਮੈਨੂੰ ਖੁਸ਼ੀ ਹੋਏਗੀ, ਜੇ ਤੁਹਾਡੇ ਰਾਹੀਂ ਕਿਤਾਬ ਪੰਜਾਬੀ ਵਿਚ ਛਪੇ। ਠੀਕ ਲੱਗੀ ਕਿਤਾਬ? ਮੈਂ ਜਵਾਬ ਵਿਚ ਲਿਖਿਆ- ਜੇ ਮੈਨੂੰ ਕੋਈ ਕਹੇ- ਗੁਜਰਾਤ ਦਾ ਇਤਿਹਾਸ ਲਿਖੇਂਗਾ? ਮੈਂ ਉਤਰ ਦਿਆਂ- ਗੁਜਰਾਤ ਦਾ ਇਤਿਹਾਸ ਤਾਂ ਦਰ ਕਿਨਾਰ, ਮੈਥੋਂ ਤਾਂ ਸਹੀ ਤਰ੍ਹਾਂ ਪੰਜਾਬ ਦਾ ਇਤਿਹਾਸ ਨਹੀਂ ਲਿਖਿਆ ਜਾਣਾ।

ਆਪਣੇ ਰਿਵੀਊ ਆਰਟੀਕਲ ਦੀ ਕਾਪੀ ਗਾਂਧੀ ਜੀ ਨੂੰ ਭੇਜ ਦਿੱਤੀ ਸੀ। ਪਿਛਲੇ ਸਾਲ 2013 ਵਿਚ ਪਤਾ ਲੱਗਾ, ਉਹ ਦਿੱਲੀ ਆਏ ਹੋਏ ਹਨ। ਫੋਨ ਕਰ ਕੇ ਮਿਲਣ ਚਲਾ ਗਿਆ। ਉਨ੍ਹਾਂ ਨਾਲ ਬਿਤਾਇਆ ਖੁਸ਼ਗਵਾਰ ਸਮਾਂ ਯਾਦਗਾਰ ਹੋ ਗਿਆ। ਰਾਜਮੋਹਨ ਗਾਂਧੀ ਨੇ ਕਿਤਾਬ ਵਿਚ ਕੁਝ ਅਜਿਹੇ ਪਹਿਲੂ ਛੋਹੇ ਹਨ ਜਿਨ੍ਹਾਂ ਬਾਰੇ ਪਹਿਲੇ ਇਤਿਹਾਸਕਾਰਾਂ ਦਾ ਧਿਆਨ ਨਹੀਂ ਗਿਆ। ਮਹਾਤਮਾ ਗਾਂਧੀ ਦਾ ਪੋਤਾ ਹੋਣ ਦੀ ਹੈਸੀਅਤ ਕਾਰਨ ਆਪਣੇ ਬਾਬੇ ਨਾਲ ਨਾ ਰਿਆਇਤ ਕੀਤੀ, ਨਾ ਉਨ੍ਹਾਂ ਦੀ ਬੇਵਸੀ ਉਪਰ ਪਰਦਾ ਪਾਇਆ। ਆਜ਼ਾਦੀ ਦੇ ਸਾਲ 1947 ਵਿਚ ਅਤੇ ਉਸ ਤੋਂ ਪਿਛੋਂ ਮਹਾਤਮਾ ਜੀ ਅਲਗ-ਥਲਗ, ਇਕੱਲੇ ਰਹਿ ਗਏ ਸਨ, ਸਾਰੇ ਫੈਸਲੇ ਪੰਡਤ ਜਵਾਹਰ ਲਾਲ ਨਹਿਰੂ ਅਤੇ ਸਰਦਾਰ ਪਟੇਲ ਕਰਦੇ। ਉਦਾਸ ਹੋ ਕੇ ਉਨ੍ਹਾਂ ਨੇ ਲਾਰਡ ਮਾਊਂਟਬੈਟਨ ਨੂੰ ਪੱਤਰ ਵਿਚ ਆਖਰ ਲਿਖ ਦਿੱਤਾ ਸੀ- ਮੇਰੇ ਨਾਲ ਅਬਦੁਲ ਗ਼ਫਾਰ ਖਾਂ ਤੋਂ ਇਲਾਵਾ ਹੋਰ ਕੋਈ ਨਹੀਂ। ਆਪਣੇ ਸਲਾਹਕਾਰਾਂ ਦੀ ਲਿਸਟ ਵਿਚੋਂ ਹੁਣ ਮੇਰਾ ਨਾਮ ਕੱਟ ਦਿਉ।

ਸਾਰੀ ਕਿਤਾਬ ਦਾ ਕੇਂਦਰੀ ਮੁੱਦਾ ਹੈ- "ਜਦੋਂ ਔਰੰਗਜ਼ੇਬ ਤੋਂ ਬਾਅਦ ਮੁਗਲ ਹਕੂਮਤ ਦਾ ਸੂਰਜ ਡੁੱਬਣ ਲੱਗਿਆ, ਉਦੋਂ ਬਹੁ-ਗਿਣਤੀ ਹੋਣ ਦੇ ਬਾਵਜੂਦ ਮੁਸਲਮਾਨਾਂ ਨੇ ਪੰਜਾਬ ਦੇਸ ਉਪਰ ਭਾਰਤ ਤੋਂ ਵੱਖ ਸੁਤੰਤਰ ਹਕੂਮਤ ਕਾਇਮ ਕਰਨ ਦਾ ਯਤਨ ਕਿਉਂ ਨਾ ਕੀਤਾ? ਔਰੰਗਜ਼ੇਬ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਵਲੋਂ ਹਕੂਮਤ ਸੰਭਾਲਣ ਦੇ ਵਿਚਕਾਰਲੇ ਸਮੇਂ ਉਪਰ ਭਾਰਤ ਤੇ ਪਾਕਿਸਤਾਨ ਵਿਚ ਗੰਭੀਰ ਕੰਮ ਨਹੀਂ ਹੋਇਆ, ਵਿੱਥਾਂ ਰਹਿ ਗਈਆਂ ਹਨ। ਔਰੰਗਜ਼ੇਬ ਤੋਂ ਸ਼ੁਰੂ ਕਰ ਕੇ ਦੇਸ ਵੰਡ ਤੱਕ ਮੈਂ ਉਹ ਵਿੱਥਾਂ ਭਰਨ ਦਾ ਯਤਨ ਕੀਤਾ ਹੈ।"

ਪ੍ਰੋ. ਗਾਂਧੀ ਲਿਖਦੇ ਹਨ- ਅੰਗਰੇਜ਼ੀ ਹਕੂਮਤ ਕਾਇਮ ਹੋਣ ਤੱਕ ਪੰਜਾਬੀ ਮੁਸਲਮਾਨ ਘੱਟ-ਗਿਣਤੀ ਸਿੱਖਾਂ ਦੇ ਨਾਲ ਨਾਲ ਪ੍ਰਛਾਵੇਂ ਵਾਂਗ ਗੁੰਮਨਾਮੀ ਵਿਚ ਰਹਿੰਦੇ ਰਹੇ। ਉਹ ਕੀ ਕਰਦੇ ਰਹੇ? ਉਨ੍ਹਾਂ ਦੀਆਂ ਉਮੀਦਾਂ, ਡਰ, ਇਰਾਦੇ ਤੇ ਜਦੋਜਹਿਦ ਕਿਹੋ ਜਿਹੇ ਸਨ? ਇਨ੍ਹਾਂ ਸਵਾਲਾਂ ਦੇ ਜਵਾਬ ਚਾਹੀਦੇ ਹਨ। ਆਖਰ ਪੰਜਾਬ ਵੰਡਣ ਦਾ ਫੈਸਲਾ ਹੋ ਗਿਆ। ਪੰਜਾਬ ਨੂੰ ਕਿਥੋਂ ਵੱਢਣਾ ਟੁੱਕਣਾ ਹੈ, ਇਹ ਫੈਸਲਾ ਕਰਨ ਵਾਸਤੇ ਤਿੰਨ ਬੰਦੇ ਨਕਸ਼ਾ ਵਿਛਾ ਕੇ ਬੈਠ ਗਏ- ਨਹਿਰੂ, ਪਟੇਲ ਅਤੇ ਜਿਨਾਹ। ਇਨ੍ਹਾਂ ਤਿੰਨਾਂ ਵਿਚੋਂ ਕੋਈ ਪੰਜਾਬੀ ਨਹੀਂ। ਆਪਣੀ ਹੋਣੀ ਦਾ ਫੈਸਲਾ ਪੰਜਾਬੀ ਖੁਦ ਕਦੋਂ ਕਰਨ ਲੱਗਣਗੇ? ਪੰਜਾਬ ਵੰਡ ਲਈ ਜ਼ਿੰਮੇਵਾਰ ਗ਼ੈਰ-ਪੰਜਾਬੀ ਨਾਂਵਾਂ ਨੂੰ ਪੜ੍ਹ ਕੇ ਲੱਗਾ, ਇਹ ਪੰਜਾਬ ਉਪਰ ਕੋਈ ਵਿਅੰਗ ਹੈ। ਇਹੋ ਵਿਅੰਗ ਤਾਂ ਪੰਜਾਬ ਦੀ ਸ਼ਖਸੀਅਤ ਜਾਣਨ ਵਾਸਤੇ ਸਹਾਈ ਹੋਵੇਗਾ।

ਮਹਾਤਮਾ ਗਾਂਧੀ ਦੀ ਕੌਮੀ ਕਾਂਗਰਸ ਨੇ 1919 ਤੋਂ 1947 ਤੱਕ ਭਾਰਤ ਵਿਚ ਹਨ੍ਹੇਰੀ ਝੁਲਾ ਦਿੱਤੀ ਸੀ, ਪੰਜਾਬ ਉਪਰ ਉਸ ਦਾ ਕੋਈ ਅਸਰ ਕਿਉਂ ਨਾ ਹੋਇਆ? ਹਾਲਾਂਕਿ 1919 ਵਿਚ ਜੱਲ੍ਹਿਆਂਵਾਲੇ ਬਾਗ ਦੀ ਘਟਨਾ ਹੋ ਚੁੱਕੀ ਸੀ। ਪੰਜਾਬ ਵਿਚ ਕਾਂਗਰਸ ਦਾ ਨਹੀਂ, ਯੂਨੀਅਨਿਸਟ ਪਾਰਟੀ ਦਾ ਬੋਲਬਾਲਾ ਸੀ ਜਿਸ ਨੇ ਪਾਕਿਸਤਾਨ ਦੀ ਮੰਗ ਨਹੀਂ ਕੀਤੀ। ਫਿਰ ਬਾਅਦ ਵਿਚ ਜਿਨਾਹ ਦੇ ਪਿੱਛੇ ਲੱਗ ਕੇ ਪੰਜਾਬੀ ਮੁਸਲਮਾਨ ਪਾਕਿਸਤਾਨ ਕਿਉਂ ਮੰਗਣ ਲੱਗੇ ਜਦੋਂਕਿ ਜਿਨਾਹ ਨਾ ਪੰਜਾਬੀ ਸੀ, ਨਾ ਉਸ ਦੀ ਮੁਸਲਿਮ ਲੀਗ ਦੀ ਸ਼ੁਰੂ ਦੇ ਦਿਨਾਂ 'ਚ ਪੰਜਾਬੀ ਵਿਚ ਕੋਈ ਸਾਖ ਸੀ?



*ਪ੍ਰੋ. ਰਾਜਮੋਹਨ ਗਾਂਧੀ ਆਪਣੇ ਬਾਬੇ ਮੋਹਨ ਦਾਸ ਕਰਮ ਚੰਦ ਗਾਂਧੀ ਦੇ ਬੁੱਤ ਨਾਲ।*

***ਮਹਾਤਮਾ ਗਾਂਧੀ ਦੀ ਕੌਮੀ ਕਾਂਗਰਸ ਨੇ 1919 ਤੋਂ 1947 ਤੱਕ ਭਾਰਤ ਵਿਚ ਹਨ੍ਹੇਰੀ ਝੁਲਾ ਦਿੱਤੀ ਸੀ, ਪੰਜਾਬ ਉਪਰ ਉਸ ਦਾ ਕੋਈ ਅਸਰ ਕਿਉਂ ਨਾ ਹੋਇਆ? ਹਾਲਾਂਕਿ 1919 ਵਿਚ ਜੱਲ੍ਹਿਆਂਵਾਲੇ ਬਾਗ ਦੀ ਘਟਨਾ ਹੋ ਚੁੱਕੀ ਸੀ। ਪੰਜਾਬ ਵਿਚ ਕਾਂਗਰਸ ਦਾ ਨਹੀਂ, ਯੂਨੀਅਨਿਸਟ ਪਾਰਟੀ ਦਾ ਬੋਲਬਾਲਾ ਸੀ ਜਿਸ ਨੇ ਪਾਕਿਸਤਾਨ ਦੀ ਮੰਗ ਨਹੀਂ ਕੀਤੀ। ਫਿਰ ਬਾਅਦ ਵਿਚ ਜਿਨਾਹ ਦੇ ਪਿੱਛੇ ਲੱਗ ਕੇ ਪੰਜਾਬੀ ਮੁਸਲਮਾਨ ਪਾਕਿਸਤਾਨ ਕਿਉਂ ਮੰਗਣ ਲੱਗੇ ਜਦੋਂ ਕਿ ਜਿਨਾਹ ਨਾ ਪੰਜਾਬੀ ਸੀ, ਨਾ ਉਸ ਦੀ ਮੁਸਲਿਮ ਲੀਗ ਦੀ ਸ਼ੁਰੂ ਦੇ ਦਿਨਾਂ ਵਿਚ ਪੰਜਾਬੀ ਵਿਚ ਕੋਈ ਸਾਖ ਸੀ?***

ਪਾਕਿਸਤਾਨ ਬਣਿਆ, ਦੇਸ਼ ਵੰਡ ਹੋਈ ਪਰ ਹਿੰਸਾ ਕਿਉਂ ਹੋ ਗਈ, ਉਹ ਵੀ ਥੋਕ ਵਿਚ? ਮੁਸਲਮਾਨ ਸੂਫੀ ਫਕੀਰ ਬੇਹੱਦ ਸਤਿਕਾਰਯੋਗ ਸਨ, ਤਦੇ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋਈ, ਫਿਰ ਸਿੱਖ-ਮੁਸਲਮਾਨ ਇਕ-ਦੂਜੇ ਦੇ ਖੂਨ ਦੇ ਪਿਆਸੇ ਕਿਉਂ ਹੋ ਗਏ? ਇਹ ਕਿਤਾਬ ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ਦੀ ਹੈ। ਗੁਲਾਮ ਬੰਸ, ਲੋਧੀ ਬੰਸ ਜਾਂ ਮੁਗਲਾਂ ਵੇਲੇ ਤਕ ਕਿਸੇ ਹਕੂਮਤ ਨੇ ਪੰਜਾਬੀ ਮੁਸਲਮਾਨਾਂ ਉਪਰ ਇਤਬਾਰ ਨਹੀਂ ਕੀਤਾ, ਨਾ ਉਨ੍ਹਾਂ ਨੂੰ ਇਸ ਕਦਰ ਸਿਆਣੇ ਮੰਨਿਆ ਕਿ ਉਨ੍ਹਾਂ ਨੂੰ ਪੰਜਾਬ ਦੀ ਸੂਬੇਦਾਰੀ ਦਿੱਤੀ ਹੋਵੇ। ਪੰਜਾਬ ਦਾ ਸੂਬੇਦਾਰ ਈਰਾਨ, ਤੁਰਕੀ ਜਾਂ ਅਫਗਾਨਿਸਤਾਨ ਤੋਂ ਆਉਂਦਾ ਜਾਂ ਹਾਕਮ ਦਾ ਖਾਨਦਾਨੀ ਪਿਛੋਕੜ ਇਨ੍ਹਾਂ ਦੇਸਾਂ ਦਾ ਹੁੰਦਾ। ਸ਼ਾਹੀ ਫਰਮਾਨ ਸੀ ਕਿ ਜਿਹੜੇ ਹਿੰਦੂ, ਦੀਨ ਬਦਲ ਕੇ ਮੁਸਲਮਾਨ ਹੋਏ ਹਨ, ਉਨ੍ਹਾਂ ਨੂੰ ਫੌਜ ਵਿਚ ਭਰਤੀ ਨਹੀਂ ਕਰਨਾ। ਇਉਂ ਇਨ੍ਹਾਂ ਹਾਲਾਤ ਵਿਚ ਪੰਜਾਬੀ ਮੁਸਲਮਾਨ ਦਿਨ ਕਟੀ ਕਰ ਰਿਹਾ ਸੀ ਕੇਵਲ; ਵੱਡੇ ਫੈਸਲਿਆਂ ਵਿਚ ਉਸ ਦਾ ਕੋਈ ਦਖਲ ਨਹੀਂ ਸੀ। ਇਹੀ ਕਾਰਨ ਹੈ ਕਿ ਦਿੱਲੀ ਤਖਤ ਵਾਸਤੇ ਜਦੋਂ ਖਾਨਾਜੰਗੀ ਹੁੰਦੀ, ਉਦੋਂ ਪੰਜਾਬੀ ਮੁਸਲਮਾਨ ਜ਼ਿਮੀਦਾਰਾਂ ਨੇ ਕਿਸੇ ਧਿਰ ਦੀ ਮਦਦ, ਕਿਸੇ ਧੜੇ ਦਾ ਵਿਰੋਧ ਨਹੀਂ ਕੀਤਾ।

ਇਸ ਖੂਨੀ ਦੌਰ ਵਿਚ ਕਿਧਰੇ ਇਕਾਂਤ ਵਿਚ ਬੈਠਾ ਵਾਰਸ ਸ਼ਾਹ ਹੀਰ ਦਾ ਕਿੱਸਾ ਰਚ ਰਿਹਾ ਸੀ, ਗਾ ਕੇ ਸੁਣਾ ਰਿਹਾ ਸੀ। ਲਹੂ-ਲੁਹਾਣ ਪੰਜਾਬ ਵਿਚ ਹਰ ਇਕ ਬੰਦਾ ਹੀਰ ਰਾਂਝੇ ਵਾਂਗ ਵਿਜੋਗ ਵਿਚ ਜ਼ਖਮੀ ਸੀ, ਹਰ ਰੋਜ਼ ਨਵੇਂ ਵਿਛੋੜਿਆਂ ਦੇ ਸੱਲ ਦਿਸਦੇ। ਕਤਲੋਗਾਰਤ ਵਿਚ ਕਿਹੜਾ ਕਦੋਂ ਕਿਥੇ ਖਪ ਜਾਏ...ਕੀ ਪਤਾ? ਵਾਰਸ ਦੇ ਕਿੱਸੇ ਵਿਚ ਕਿਸਮਤ ਨੇ ਪਿਆਰ ਦਾ ਅੰਤ ਕਰ ਦਿੱਤਾ, ਯੁੱਧ ਨੇ ਅਨੇਕਾਂ ਦੀ ਮੁਹੱਬਤ ਡੰਗ ਦਿੱਤੀ। ਹੀਰ ਦਾ ਵਿਰਲਾਪ ਅਠਾਹਰਵੀਂ ਸਦੀ ਦੇ ਪੰਜਾਬ ਦਾ ਰੁਦਨ ਹੈ। ਘਰ-ਘਰ ਵਿਚ ਵੈਣ ਪੈ ਰਹੇ ਸਨ। ਰਾਜ ਕਰਨਾ ਤੇ ਉਜਾੜਾ ਭੋਗਣਾ ਪੰਜਾਬੀ ਅਨੁਭਵ ਸੀ, ਪਿਆਰ ਕਰਨਾ ਤੇ ਵਿਛੜ ਜਾਣਾ ਹੀਰ ਦਾ ਕੇਂਦਰੀ ਸੁਰ ਹੈ। ਇਹ ਦੋਵੇਂ ਅਨੁਭਵ ਇਕੋ ਧਾਗੇ ਦੇ ਦੋ ਸਿਰੇ ਹਨ। ਵਾਰਸ ਨੇ ਪੰਜਾਬੀਆਂ ਨੂੰ ਰੁਦਨ/ਵਿਰਲਾਪ ਵਾਸਤੇ ਬੋਲ ਦੇ ਦਿੱਤੇ। ਮਨ ਦੇ ਪਰਦੇ ਉਪਰ ਘੋੜਿਆਂ ਦੀਆਂ ਟਾਪਾਂ, ਖੂਨ ਨਾਲ ਲਥ-ਪਥ ਜ਼ਮੀਨ 'ਤੇ ਡਿਗਦੀਆਂ ਲਾਸ਼ਾਂ ਪਿਛੋਂ ਹੀਰ ਦੇ ਸੁਰ ਉਤਰੇ।

1857 ਦੇ ਗਦਰ ਵਕਤ ਪੰਜਾਬੀਆਂ ਨੇ ਅੰਗਰੇਜ਼ਾਂ ਦਾ ਸਾਥ ਕਿਉਂ ਦਿੱਤਾ? ਇਸ ਬਾਰੇ ਰਾਜਮੋਹਨ ਕੁਝ ਨੁਕਤੇ ਸਾਡੇ ਸਾਹਮਣੇ ਰੱਖਦੇ ਹਨ- ਸਿੱਖਾਂ ਦੇ ਮਨ ਵਿਚ ਮੁਸਲਮਾਨਾਂ ਵਿਰੁਧ ਗੁੱਸਾ ਹੈ, ਕਿਉਂਕਿ ਉਨ੍ਹਾਂ ਹੱਥੋਂ ਤਸੀਹੇ ਮਿਲੇ, ਪਰ ਸਿੱਖਾਂ ਨੇ ਜਦੋਂ ਵਾਹ ਲੱਗੀ, ਬਦਲੇ ਵੀ ਲਏ। ਕਿਸੇ ਧਰਮ, ਜਾਤ ਦਾ ਹੋਵੇ; ਪੰਜਾਬੀ, ਗ਼ੈਰ-ਪੰਜਾਬੀਆਂ ਨੂੰ ਬੰਦੇ ਨਹੀਂ ਸਮਝਦਾ। ਕੰਪਨੀ ਦੀ ਨਿਗਰਾਨੀ ਵਿਚ ਦਿੱਲੀ ਨੂੰ ਲੁੱਟਣ ਦਾ ਆਪਣਾ ਹੀ ਮਜ਼ਾ ਹੈ। ਜਿਨ੍ਹਾਂ ਨੂੰ ਲੁੱਟਣਾ ਹੈ, ਉਹ ਪੂਰਬੀਏ ਹਨ; ਉਹੋ ਪੂਰਬੀਏ ਜਿਨ੍ਹਾਂ ਨੇ ਅੰਗਰੇਜ਼ਾਂ ਦੀ ਨਿਗਰਾਨੀ ਵਿਚ ਥੋੜ੍ਹੇ ਸਾਲ ਪਹਿਲਾਂ ਪੰਜਾਬ ਲੁੱਟਿਆ ਤੇ ਸਰਕਾਰ ਖਾਲਸਾ ਦਾ ਭੋਗ ਪਾ ਦਿੱਤਾ। ਅੰਗਰੇਜ਼ਾਂ ਨੇ ਸਿੱਖਾਂ ਮੁਸਲਮਾਨਾਂ ਨੂੰ ਇਸ ਆਸ ਨਾਲ ਹਥਿਆਰਬੰਦ ਕਰ ਦਿੱਤਾ ਕਿ ਜੇ ਇਹ ਹਥਿਆਰ ਕਦੀ ਚੱਲੇ ਵੀ, ਇਕ-ਦੂਜੇ ਦੇ ਖਿਲਾਫ ਚੱਲਣਗੇ, ਅੰਗਰੇਜ਼ ਖਿਲਾਫ ਨਹੀਂ।

ਅੰਗਰੇਜ਼ਾਂ ਨੇ ਯਕੀਨੀ ਬਣਾਇਆ ਕਿ ਸਿੱਖ ਪੱਕੇ ਸਿੱਖ ਹੋਣ ਤੇ ਮੁਸਲਮਾਲ, ਦੀਨ ਦੇ ਪੱਕੇ ਮੋਮਿਨ ਹੋਣ। ਸਿੱਖ ਲਈ ਸਾਬਤ ਸੂਰਤ ਰਹਿਣਾ ਅਤੇ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਸੀ। ਇਕ ਧਿਰ ਬਗਾਵਤ ਕਰੇ ਤਾਂ ਦੂਜੀ ਧਿਰ ਉਸ ਨੂੰ ਫੁੰਡਣ ਲਈ ਤਿਆਰ-ਬਰ-ਤਿਆਰ ਰਹੇ। ਇਕ ਧਿਰ ਦਾ ਦੂਜੀ ਨਾਲ ਕੋਈ ਸੰਪਰਕ ਨਹੀਂ, ਪਰ ਦੋਵੇਂ ਧਿਰਾਂ ਗੋਰਿਆਂ ਦੀਆਂ ਵਫਾਦਾਰ ਰਹਿਣਗੀਆਂ।

ਗ਼ੈਰ-ਪੰਜਾਬੀ ਮੁਸਲਮਾਨ ਆਪਣੇ ਨਾਂਵਾਂ ਨਾਲ ਪੈਗੰਬਰਾਂ ਜਾਂ ਖਲੀਫਿਆਂ ਦੇ ਖਾਨਦਾਨਾਂ ਦੇ ਜਾਤ-ਗੋਤ, ਵਿਸ਼ੇਸ਼ਣ ਲਾ ਕੇ ਫਖਰ ਕਰਦੇ ਸਨ, ਕਿਉਂਕਿ ਇਸ ਨਾਲ ਉਨ੍ਹਾਂ ਦਾ ਰੁਤਬਾ ਵਧਦਾ ਦਿਖਾਈ ਦਿੰਦਾ; ਜਿਵੇਂ ਸੱਯਦ, ਕੁਰੈਸ਼ੀ, ਅਲਵੀ, ਸਿਦੀਕੀ, ਫਾਰੂਖੀ ਜਾਂ ਸ਼ੇਖ ਆਦਿਕ। ਪੰਜਾਬੀਆਂ ਨੇ ਆਪਣੇ ਨਾਂਵਾਂ ਨਾਲ ਸਥਾਨਕ ਗੋਤ ਲਾਏ ਜਿਵੇਂ ਨੂਨ, ਟਿਵਾਣਾ, ਮਿਨਹਾਸ, ਵੱਟੂ, ਭੱਟੀ, ਕੰਬੋਜ, ਰੰਧਾਵਾ ਆਦਿਕ। ਉਨ੍ਹਾਂ ਨੇ ਆਪਣੇ ਆਪ ਨੂੰ ਪੈਗੰਬਰ ਦੇ ਖਾਨਦਾਨ ਵਿਚੋਂ ਕਿਉਂ ਨਾ ਮੰਨਿਆ? ਕਿਉਂਕਿ ਉਸ ਖਾਨਦਾਨ ਵਿਚੋਂ ਉਹ ਹੈ ਈ ਨਹੀਂ ਸਨ। ਨਾਲੇ ਉਨ੍ਹਾਂ ਦਾ ਕਹਿਣਾ ਸੀ- ਸਾਡੇ ਆਪਣੇ ਖਾਨਦਾਨ ਕਿਹੜਾ ਮਾੜੇ ਹਨ ਜੋ ਅਸੀਂ ਖਾਹਮਖਾਹ ਝੂਠੇ ਵਿਸ਼ੇਸ਼ਣ ਲਾ ਕੇ ਫਖਰ ਕਰਦੇ ਫਿਰੀਏ? ਜੱਟ ਅਤੇ ਰਾਜਪੂਤ ਅਖਵਾਉਣ ਵਿਚ ਕੀ ਹਰਜ?

ਸਮਾਜ ਸੁਧਾਰਕ ਧਾਰਮਿਕ ਲਹਿਰਾਂ 1857 ਦੇ ਗਦਰ ਪਿਛੋਂ ਕਿਉਂ ਸ਼ੁਰੂ ਹੋਈਆਂ, ਰਾਜਮੋਹਨ ਨੇ ਇਸ ਦਾ ਕਾਰਨ ਦੱਸਿਆ ਹੈ- ਸਿੱਖ ਸੋਚਣ ਲੱਗੇ, ਸਰਕਾਰ ਖਾਲਸਾ ਦੇ ਸਮੇਂ ਦੌਰਾਨ ਸਿੱਖੀ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ। ਰਣਜੀਤ ਸਿੰਘ ਦੇ ਰਾਜ ਵਿਚ ਬਹੁਤ ਹਿੰਦੂ ਰਸਮਾਂ-ਰੀਤਾਂ ਹੁੰਦੀਆਂ ਸਨ। ਰਣਜੀਤ ਸਿੰਘ ਅਤੇ ਉਸ ਦੇ ਅਹਿਲਕਾਰ, ਗੁਰੂ ਆਸ਼ੇ ਮੁਤਾਬਕ ਨਹੀਂ ਚੱਲੇ। ਮੁਸਲਮਾਨਾਂ ਨੂੰ ਵੀ ਇਉਂ ਲੱਗਣ ਲੱਗਾ ਕਿ ਅੱਧੀ ਸਦੀ ਪਹਿਲਾਂ ਮੁਗਲ ਹਕੂਮਤ ਇਸ ਕਰ ਕੇ ਟੁੱਟੀ, ਕਿਉਂਕਿ ਇਸਲਾਮ ਤੋਂ ਦੂਰ ਹਟ ਗਈ ਸੀ। ਗਦਰ ਨੇ ਫੇਲ੍ਹ ਹੋਣਾ ਹੀ ਸੀ, ਕਿਉਂਕਿ ਇਸ ਦਾ ਲੀਡਰ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਖੁਦ ਭ੍ਰਿਸ਼ਟ ਸੀ। ਭਵਿੱਖ ਸੰਵਾਰਨ ਲਈ ਕੇਵਲ ਇਕ ਰਸਤਾ ਬਚਦਾ ਹੈ, ਅੰਗਰੇਜ਼ਾਂ ਦੇ ਵਫਾਦਾਰ ਰਹਿ ਕੇ ਚੰਗੇ ਮੁਸਲਮਾਨ ਬਣੋ।

ਸਿੱਖਾਂ ਅਤੇ ਮੁਸਲਮਾਨਾਂ ਨਾਲੋਂ ਹਿੰਦੂ, ਅੰਗਰੇਜ਼ੀ ਰਾਜ ਦੇ ਵਧੀਕ ਹਮਾਇਤੀ ਸਨ ਕਿਉਂਕਿ ਅੰਗਰੇਜ਼ਾਂ ਨੇ ਮੁਗਲ ਰਾਜ ਤੋਂ ਖਹਿੜਾ ਛੁਡਵਾਇਆ। ਹਿੰਦੂ ਵਰਗ ਨੂੰ ਲੱਗਾ ਹੁਣ ਵਪਾਰ ਵਿਚ ਵੀ ਵਧੀਕ ਚੰਗੀਆਂ ਸੰਭਾਵਨਾਵਾਂ ਹਨ ਤੇ ਸਕੂਲੀ ਵਿਦਿਆ ਕੰਮ ਆਏਗੀ ਕਿਉਂਕਿ ਸਰਕਾਰੀ ਨੌਕਰੀਆਂ ਮਿਲਣਗੀਆਂ; ਬੱਚੇ ਡਾਕਟਰ, ਵਕੀਲ, ਇੰਜੀਨੀਅਰ ਬਣ ਸਕਣਗੇ।

ਪੰਜਾਬੀ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਵਿਚ ਆਪਸੀ ਏਕਤਾ ਨਹੀਂ ਹੁੰਦੀ ਨਾ ਹੋਵੇ, ਪਰ ਸਾਰਿਆਂ ਨੇ ਸੋਚਿਆ- ਸਾਡੇ ਵਾਸਤੇ ਪਵਿੱਤਰਤਾ ਵਧੀਕ ਜ਼ਰੂਰੀ ਹੈ। ਇਨ੍ਹਾਂ ਤਿੰਨਾਂ ਧਰਮਾਂ ਅੱਗੇ ਸਾਂਝੀ ਚੁਣੌਤੀ ਈਸਾਈ ਧਰਮ ਦੀ ਵੀ ਸੀ; ਕਿਤੇ ਸਾਡੇ ਬੱਚੇ ਆਪਣਾ ਧਰਮ ਛੱਡ ਕੇ ਈਸਾਈ ਨਾ ਹੋ ਜਾਣ। ਜਿੰਨਾ ਡਰ ਸੀ, ਈਸਾਈ ਮੱਤ ਉਨਾ ਨਹੀਂ ਵਧਿਆ-ਫੁੱਲਿਆ, ਪਰ ਹਿੰਦੂ-ਮੁਸਲਿਮ-ਸਿੱਖ ਏਕਤਾ ਵੀ ਨਹੀਂ ਵਧੀ-ਫੁੱਲੀ। ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੀ ਉਨ੍ਹਾਂ ਦਿਨਾਂ ਵਿਚ ਲਿਖੀ ਕਿਤਾਬ- 'ਹਮ ਹਿੰਦੂ ਨਹੀਂ' ਅੱਜ ਤੱਕ ਵੱਖਰੀ ਸਿੱਖ ਪਛਾਣ ਦੀ ਕਲਾਸਿਕ ਟੈਕਸਟ ਹੈ। ਸਿੱਖ ਸੁਧਾਰਕਾਂ ਨੂੰ ਲੱਗਾ, ਈਸਾਈ ਮੱਤ ਜਾਂ ਇਸਲਾਮ ਤੋਂ ਕੋਈ ਖਤਰਾ ਨਹੀਂ। ਖਤਰਾ ਪੰਥ ਨੂੰ ਆਰੀਆ ਸਮਾਜ ਤੋਂ ਹੈ।

1919 ਵਿਚ ਰੋਲਟ ਐਕਟ ਬਣਿਆ ਤਾਂ ਬੇਚੈਨ ਭਾਰਤ ਨੇ ਮਹਾਤਮਾ ਗਾਂਧੀ ਦੀ ਆਵਾਜ਼ ਸੁਣੀ ਜਿਸ ਨੇ ਐਲਾਨ ਕੀਤਾ ਕਿ ਇਸ ਐਕਟ ਵਿਰੁਧ ਸਤਿਆਗ੍ਰਹਿ ਕਰਾਂਗੇ, ਸਤਿਆਗ੍ਰਹਿ ਦਾ ਮਤਲਬ ਸੱਚ ਦਾ ਲੜ ਫੜ ਕੇ ਸ਼ਾਂਤਮਈ ਵਿਰੋਧ ਕਰਾਂਗੇ। ਪੰਜਾਬੀਆਂ ਵਾਸਤੇ ਇਹ ਬੜਾ ਅਜੀਬ ਗੋਰਖਧੰਦਾ ਸੀ। ਉਨ੍ਹਾਂ ਨੇ ਪਹਿਲੀ ਵਾਰ ਸੁਣਿਆ ਕਿ ਕਿਸੇ ਕਾਨੂੰਨ ਦਾ ਸ਼ਰੇਆਮ ਵਿਰੋਧ ਵੀ ਹੋ ਸਕਦਾ ਹੈ। ਕੋਈ ਬੰਦਾ ਜਾਂ ਧੜਾ ਕਹਿ ਸਕਦਾ ਹੈ

*(ਬਾਕੀ ਅਗਲੇ ਸਫੇ 'ਤੇ)*

ਤੇਰੀਆਂ ਗਲੀਆਂ 20

# ਹਜ਼ਾਰਾ ਸਿੰਘ ਦੀ ਖੂਹੀ

*'ਹਜ਼ਾਰਾ ਸਿੰਘ ਦੀ ਖੂਹੀ' ਵਿਚ ਦਲਬੀਰ ਸਿੰਘ ਨੇ ਆਪਣੇ ਪਿੰਡ ਦਾ ਇਤਿਹਾਸ ਛੋਹਿਆ ਹੈ। ਇਨ੍ਹਾਂ ਵੇਰਵਿਆਂ ਵਿਚ ਪਿੰਡਾਂ ਬਾਰੇ ਉਹ ਗੱਲਾਂ-ਬਾਤਾਂ ਵੀ ਸ਼ਾਮਲ ਹਨ ਜੋ ਹੁਣ ਬੀਤੇ ਦੀ ਬਾਤ ਹੋ ਗਈਆਂ ਹਨ। ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਨੇ ਆਪਣੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਵਿਚ ਭਾਵੇਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਪਰੋਈਆਂ ਹਨ; ਪਰ ਯਾਦਾਂ ਦੀਆਂ ਇਹ ਲੜੀਆਂ ਫੈਲ ਕੇ ਪੰਜਾਬ ਦੇ ਪਿੰਡਾਂ ਨਾਲ ਜੁੜ ਗਈਆਂ ਜਾਪਦੀਆਂ ਹਨ। ਉਹ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛਦਾ ਪ੍ਰਤੀਤ ਹੁੰਦਾ ਹੈ। ਮਹਿਸੂਸ ਹੁੰਦਾ ਹੈ ਜਿਵੇਂ ਇਸ ਲਿਖਤ ਰਾਹੀਂ ਉਹ ਪੁਰਾਣੇ ਪੰਜਾਬ ਨੂੰ ਹਾਕਾਂ ਮਾਰ ਰਿਹਾ ਹੈ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਕਈ ਦਹਾਕਿਆਂ ਤੋਂ ਤੇਜ਼ੀ ਨਾਲ ਬਦਲੇ ਹਨ। -ਸੰਪਾਦਕ*

ਹੁਣ ਅਸੀਂ ਪਿੰਡ ਦੇ ਦਰਵਾਜ਼ੇ ਉਤੇ ਜਾ ਪਹੁੰਚੇ ਹਾਂ। ਉਹ ਵੀ ਪਿੰਡ ਦੇ ਬਾਹਰਲੇ ਪਾਸੇ ਤੋਂ ਨਹੀਂ, ਸਗੋਂ ਅੰਦਰਲੇ ਪਾਸੇ ਤੋਂ। ਇਹ ਦਰਵਾਜ਼ਾ/ਡਿਓਡੀ ਅਸਲ ਵਿਚ ਸਦੀਆਂ ਤੋਂ ਪਿੰਡ ਦਾ ਪਰਵੇਸ਼ ਦੁਆਰ ਹੈ। ਅਸਲ ਵਿਚ ਅੰਦਰੂਨੀ ਪਿੰਡ ਦੀ ਅਸੀਂ ਸਿਰਫ ਭੀੜੀ ਗਲੀ ਹੀ ਦੇਖੀ ਹੈ। ਬਾਕੀ ਦੇ ਜਿਹੜੇ ਖੇਤਰ ਦੇਖੇ ਹਨ, ਉਹ ਤਾਂ ਅੰਦਰਲੇ ਪਿੰਡ ਤੋਂ ਬਾਅਦ ਵਿਚ ਬਣੇ ਸਨ। ਸਦੀਆਂ ਪੁਰਾਣਾ ਪਿੰਡ ਤਾਂ ਇਸ ਦਰਵਾਜ਼ੇ ਦੇ ਅੰਦਰ ਹੀ ਹੁੰਦਾ ਸੀ।

ਪਿੰਡ ਕਦੋਂ ਵਸਿਆ ਸੀ, ਇਸ ਬਾਰੇ ਸਪਸ਼ਟ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਅੰਦਾਜ਼ੇ ਮੁਤਾਬਕ ਜੇ ਇਹ ਮਿੱਥ ਲਿਆ ਜਾਵੇ ਕਿ ਇਕ ਸਦੀ ਵਿਚ ਤਿੰਨ ਪੀੜ੍ਹੀਆਂ ਜਾਂ ਨਸਲਾਂ ਹੁੰਦੀਆਂ ਹਨ ਤਾਂ ਪਿੰਡ ਬੱਝੇ ਨੂੰ ਨੌਂ ਸੌ ਸਾਲ ਤਾਂ ਹੋ ਹੀ ਗਏ ਹੋਣਗੇ। ਲਾਲੀਆਂ ਦੇ ਕੁਰਸੀਨਾਮੇ ਮੁਤਾਬਕ ਰੱਤਾ ਗਿਆਰਵੀਂ ਜਾਂ ਬਾਰ੍ਹਵੀਂ ਸਦੀ ਵਿਚ ਇਸ ਪਿੰਡ ਵਿਚ ਆ ਕੇ ਵਸਿਆ ਹੋਏਗਾ। ਪਿੰਡ ਦੇ ਕੋਲ ਦੀ ਜਾਂ ਤਾਂ ਕੋਈ ਦਰਿਆ ਵਗਦਾ ਸੀ ਜਾਂ ਫਿਰ ਕੋਈ ਵੇਈਂ ਜਾਂ ਚੋਅ ਹੁੰਦਾ ਹੋਵੇਗਾ। ਬਜ਼ੁਰਗ ਅਟੇ-ਸਟੇ ਨਾਲ ਅਤੇ ਮੂੰਹ ਜ਼ੁਬਾਨੀ ਚਲੇ ਆਉਂਦੇ ਲੋਕ-ਗਿਆਨ ਮੁਤਾਬਕ ਦੱਸਦੇ ਸਨ ਕਿ ਕਈ



ਦਲਬੀਰ ਸਿੰਘ

ਸੌ ਸਾਲ ਪਹਿਲਾਂ ਸਤਲੁਜ ਦਰਿਆ ਇਸ ਇਲਾਕੇ ਵਿਚੋਂ ਲੰਘਿਆ ਕਰਦਾ ਸੀ। ਫਿਰ ਇਸ ਦਾ ਵਹਿਣ ਮੁੜ ਗਿਆ ਅਤੇ ਇਹ ਲੁਧਿਆਣਾ ਵਾਲੇ ਪਾਸੇ ਖਿਸਕ ਗਿਆ। ਇਸ ਵਿਚ ਸੱਚਾਈ ਹੋ ਸਕਦੀ ਹੈ, ਕਿਉਂਕਿ ਦਰਿਆਵਾਂ ਬਾਰੇ ਆਮ ਹੀ ਕਿਹਾ ਜਾਂਦਾ ਹੈ ਕਿ ਇਹ ਵਹਿਣ ਬਦਲ ਲੈਂਦੇ ਹਨ। ਨਾਲੇ ਪਿੰਡ ਨੂੰ ਜਲੰਧਰ ਛਾਉਣੀ ਨਾਲ ਜੋੜਦੀ ਸੜਕ ਉਤੇ ਰੇਤੀਲੇ ਟਿੱਬੇ ਸਨ, ਇਸ ਲਈ ਸੰਭਵ ਹੈ ਕਿ ਸਤਲੁਜ ਕਦੇ ਇਸ ਇਲਾਕੇ ਕੋਲੋਂ ਲੰਘਦਾ ਹੋਵੇ।

ਹੁਣ ਪਿੰਡ ਫੈਲ ਗਿਆ ਹੈ। ਦੋ ਸਦੀਆਂ ਪਹਿਲਾਂ ਇਹ ਕਾਫੀ ਛੋਟਾ ਸੀ। ਚਾਲੀ-ਪੰਜਾਹ ਘਰਾਂ ਵਾਲਾ। ਇਸ ਵਿਚ ਇਕ ਘਰ ਬ੍ਰਾਹਮਣਾਂ ਦਾ, ਦੋ ਤਰਖਾਣਾਂ/ਲੁਹਾਰਾਂ ਦੇ, ਇਕ ਝਿਊਰਾਂ ਦਾ, ਇਕ ਸੁਨਿਆਰਿਆਂ ਦਾ ਅਤੇ ਬਾਕੀ ਘਰ ਜੱਟਾਂ ਦੇ ਹੁੰਦੇ ਹੋਣਗੇ। ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਖਾਲਸਾ ਪੰਥ ਸਾਜਿਆ ਸੀ ਤਾਂ ਇਸ ਪਿੰਡ ਵਿਚੋਂ ਕੋਈ ਵੀ ਸਿੰਘ ਨਹੀਂ ਸੀ ਸਜਿਆ। ਖਬਰੇ ਇਸ ਘੁੱਗ ਵਸਦੇ ਪਿੰਡ ਦੇ ਲੋਕਾਂ ਨੂੰ 17ਵੀਂ ਸਦੀ ਦੇ ਅੰਤਲੇ ਸਾਲ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਚ ਵਾਪਰੇ ਕਾਰਨਾਮੇ ਦਾ ਪਤਾ ਹੀ ਨਾ ਲੱਗਾ ਹੋਵੇ, ਪਰ ਜਦੋਂ 18ਵੀਂ ਸਦੀ ਦੇ ਪਹਿਲੇ ਸਾਲਾਂ ਵਿਚ ਹੀ ਸਿੱਖ ਮਿਸਲਾਂ ਕਾਇਮ ਹੋ ਗਈਆਂ ਅਤੇ ਰਾਮਗੜ੍ਹੀਆ ਤੇ ਆਹਲੂਵਾਲੀਆ ਮਿਸਲਾਂ ਵਿਚਾਲੇ ਦੋਆਬੇ ਉਤੇ ਕੰਟਰੋਲ ਲਈ ਲੜਾਈਆਂ ਹੋਣ ਲੱਗੀਆਂ, ਤਾਂ ਇਹ ਪਿੰਡ ਵੀ ਇਨ੍ਹਾਂ ਲੜਾਈਆਂ ਦੇ ਰਗੜੇ ਵਿਚ ਆ ਗਿਆ। ਮੁਗਲਾਂ ਦੇ ਰਾਜ ਵੇਲੇ ਤਾਂ ਕਿਸੇ ਸੂਬੇਦਾਰ ਜਾਂ ਸੂਬੇਦਾਰ ਦੇ ਫੌਜਦਾਰ ਨੂੰ ਹੀ ਨਜ਼ਰਾਨਾ ਤੇ ਮਾਲੀਆ ਦੇਣਾ ਪੈਂਦਾ ਹੋਵੇਗਾ, ਪਰ ਮਿਸਲਾਂ ਵੇਲੇ ਹਾਲਤ ਇਹ ਹੋ ਗਈ ਸੀ ਕਿ ਪਤਾ ਹੀ ਨਹੀਂ ਸੀ ਲੱਗਦਾ ਕਿ ਕਿਹੜੇ ਵੇਲੇ ਕਿਸ ਮਿਸਲ ਦੀ, ਜਲੰਧਰ ਦੇ ਇਸ ਇਲਾਕੇ ਉਤੇ ਹਕੂਮਤ ਸੀ। ਹਕੂਮਤ ਬਦਲਦਿਆਂ ਦੇਰ ਨਹੀਂ ਸੀ ਲੱਗਦੀ!

ਜਲੰਧਰ ਦੇ ਅੰਦਰੂਨੀ ਕੰਧਵਾਰ ਸ਼ਹਿਰ ਤੋਂ ਇਹ ਨਿਕਚੂ ਜਿਹਾ ਪਿੰਡ ਜੇ ਬਹੁਤਾ ਨਹੀਂ, ਤਾਂ ਪੰਜ ਮੀਲ ਦੂਰ ਜ਼ਰੂਰ ਹੋਵੇਗਾ। ਰਸਤਾ ਕੋਈ ਸੌਖਾ ਨਹੀਂ ਸੀ, ਰੇਤੀਲੇ ਟਿੱਬੇ ਸਨ, ਪਰ ਮਿਸਲਾਂ ਵਿਚ ਸ਼ਾਮਲ ਸਿੱਖ, ਘੋੜਿਆਂ 'ਤੇ ਸਵਾਰ ਹੁੰਦੇ ਸਨ। ਇਸ ਲਈ ਇਸ ਪਿੰਡ ਉਤੇ ਹਮਲੇ ਕਰਨੇ ਮੁਸ਼ਕਿਲ ਨਹੀਂ ਹੁੰਦੇ ਹੋਣਗੇ। ਇਸੇ ਲਈ ਮਿਸਲਾਂ ਦੇ ਹਮਲਿਆਂ ਦਾ ਟਾਕਰਾ ਕਰਨ ਲਈ ਇਹ ਡਿਓਡੀ ਉਸਾਰੀ ਗਈ ਸੀ। ਪਿੰਡ ਦੇ ਚਾਰੇ ਪਾਸੇ ਕੰਧ ਕਰ ਕੇ ਇੱਥੇ ਦਰਵਾਜ਼ਾ ਲਾ ਦਿੱਤਾ ਗਿਆ ਸੀ। ਜਦੋਂ ਵੀ ਕਦੇ ਮਿਸਲਾਂ ਦੇ ਸਿੰਘਾਂ ਦੇ ਹਮਲੇ ਦਾ ਖਤਰਾ ਹੁੰਦਾ ਸੀ, ਉਦੋਂ ਹੀ ਇਹ ਦਰਵਾਜ਼ਾ ਬੰਦ ਕਰ ਲਿਆ ਜਾਂਦਾ ਸੀ। ਫਿਰ ਵੀ ਕਿਉਂਕਿ ਇਹ ਪਿੰਡ ਸਿੰਘਾਂ ਦਾ ਨਹੀਂ ਸੀ, ਅਰਥਾਤ ਇਥੇ ਕੋਈ ਵੀ ਸਿੰਘ ਨਹੀਂ ਸੀ ਰਹਿੰਦਾ, ਇਸ ਲਈ ਇਸ ਪਿੰਡ ਉਤੇ ਜ਼ਰੂਰ ਹੀ ਅਕਸਰ ਹਮਲੇ ਹੁੰਦੇ ਰਹਿੰਦੇ ਹੋਣਗੇ। ਇਤਿਹਾਸ ਮੁਤਾਬਕ ਕਈ ਦਹਾਕਿਆਂ ਤੱਕ ਇੱਥੇ ਰਾਮਗੜ੍ਹੀਆ ਮਿਸਲ ਦਾ ਕਬਜ਼ਾ ਰਿਹਾ, ਪਰ ਜੱਸਾ ਸਿੰਘ ਰਾਮਗੜ੍ਹੀਆ ਦੇ ਸੈਨਿਕਾਂ ਨੂੰ ਆਹਲੂਵਾਲੀਆ ਮਿਸਲ ਵਾਲੇ ਗਾਹੇ-ਬਗਾਹੇ ਇਸ ਇਲਾਕੇ ਵਿਚੋਂ ਧੱਕ ਕੇ ਸਤਲੁਜ ਪਾਰ ਧੱਕ ਦਿੰਦੇ ਸਨ। ਕੁਝ ਸਮੇਂ ਮਗਰੋਂ ਰਾਮਗੜ੍ਹੀਆ ਸਰਦਾਰ ਫਿਰ ਹੰਭਲਾ ਮਾਰ ਕੇ ਇਸੇ ਇਲਾਕੇ ਉਤੇ ਕਬਜ਼ਾ ਕਰ ਲੈਂਦੇ।

ਇਹ ਉਹ ਦਿਨ ਸੀ ਜਦੋਂ ਪਿੰਡ ਦੇ ਲੋਕਾਂ ਨੇ ਫੈਸਲਾ ਕੀਤਾ ਕਿ ਪਿੰਡ ਦੀ ਰਾਖੀ ਲਈ ਪਿੰਡ ਦੇ ਦਰਵਾਜ਼ੇ ਦੇ ਬਾਹਰ ਪਹਿਰਾ ਲਾਉਣ ਦੀ ਜ਼ਰੂਰਤ ਹੈ, ਪਰ ਸਿੰਘਾਂ ਦੇ ਜਥਿਆਂ ਦਾ ਟਾਕਰਾ ਆਮ ਆਦਮੀ ਤਾਂ ਨਹੀਂ ਸਨ ਕਰ ਸਕਦੇ! ਇਸ ਲਈ ਪਿੰਡ ਵਾਲਿਆਂ ਨੇ ਸਿੰਘਾਂ ਦੇ ਟਾਕਰੇ ਲਈ ਕਿਸੇ 'ਸਿੰਘ' ਨੂੰ ਹੀ ਬੇਨਤੀ ਕੀਤੀ। ਇਨ੍ਹਾਂ ਸਿੰਘਾਂ ਦੇ ਇਕ ਟੱਬਰ ਨੂੰ ਦਰਵਾਜ਼ੇ ਦੇ ਬਾਹਰ ਪਿੰਡ ਵੱਲੋਂ ਥਾਂ ਦਿੱਤੀ ਗਈ। ਇਹ ਦਰਵਾਜ਼ੇ ਦੇ ਐਨ ਨਾਲ ਸੱਜੇ ਪਾਸੇ ਸੀ। ਮਾਨ ਗੋਤ ਦੇ ਇਹ ਸਿੰਘ ਕਿਹੜੇ ਪਿੰਡੋਂ ਆਏ ਸਨ, ਇਸ ਦੀ ਖੋਜ ਕਰਨ ਦਾ ਮੌਕਾ ਨਹੀਂ ਲੱਗ ਸਕਿਆ। ਇਸ ਟੱਬਰ ਦੀ ਅੱਲ ਅੱਜ ਵੀ 'ਸਿੰਖਾਂ ਦਾ ਟੱਬਰ' ਪਈ ਹੋਈ ਹੈ।



ਪਿੰਡ ਨੰਗਲ ਸ਼ਾਮਾ ਦਾ ਗੂਗਲੀ/ਅੰਬਰੀ ਨਜ਼ਾਰਾ।

ਇਸ ਦਰਵਾਜ਼ੇ ਦੇ ਅੰਦਰਵਾਰ ਖੱਬੇ ਪਾਸੇ ਖੂਹੀ ਹੈ। ਹੁਣ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ, ਕਿਉਂਕਿ ਘਰ-ਘਰ ਨਲਕੇ ਲੱਗ ਗਏ ਹਨ। ਬ੍ਰਾਹਮਣਾਂ ਦੇ ਟੱਬਰ ਦੀ ਵੱਖਰੀ ਖੂਹੀ ਉਨ੍ਹਾਂ ਦੇ ਘਰ ਵਿਚ ਹੀ ਸੀ। ਇਸ ਖੂਹੀ ਦੇ ਸਾਹਮਣੇ ਵਾਲਾ ਘਰ ਕਿਉਂਕਿ ਹਜ਼ਾਰਾ ਸਿੰਘ ਦਾ ਸੀ, ਇਸ ਲਈ ਇਸ ਖੂਹੀ ਨੂੰ ਹਜ਼ਾਰਾ ਸਿੰਘ ਦੀ ਖੂਹੀ ਕਿਹਾ ਜਾਂਦਾ ਸੀ।

20ਵੀਂ ਸਦੀ ਦੇ ਅੱਧ ਵਿਚ ਜਦੋਂ ਦੇਸ਼ ਦੀ ਵੰਡ ਹੋ ਗਈ ਅਤੇ ਦੰਗੇ ਹੋਣ ਲੱਗੇ ਤਾਂ ਮੋਹਤਬਰਾਂ ਨੇ ਰਲ ਕੇ ਇਹ ਦਰਵਾਜ਼ਾ ਹੀ ਪੱਕਾ ਨਹੀਂ ਕਰ ਦਿੱਤਾ, ਸਗੋਂ ਪੱਕੀਆਂ ਇੱਟਾਂ ਦੀ ਡਿਓਡੀ ਵੀ ਛੱਤ ਦਿੱਤੀ। ਇਸ ਦੇ ਬਾਹਰਲੇ ਪਾਸੇ ਲੱਕੜੀ ਦਾ ਦਰਵਾਜ਼ਾ ਵੀ ਲਾਇਆ ਗਿਆ ਸੀ। ਕਰੀਬ ਤੀਹ ਫੁੱਟ ਲੰਮੀ ਛੱਤਵੀਂ ਡਿਓਡੀ ਦੇ ਦੋਹੀਂ ਪਾਸੀਂ ਥੜ੍ਹੇ ਹਨ। ਦੋਹੀਂ ਪਾਸੇ ਛੋਟੇ-ਛੋਟੇ ਦੋ ਕਮਰੇ ਹਨ। ਪਹਿਲਾਂ-ਪਹਿਲ ਪਿੰਡ ਦੀ ਡਾਕ ਸਕੂਲ ਮਾਸਟਰ ਦੀ ਮਾਰਫ਼ਤ ਆਉਂਦੀ ਸੀ। ਫਿਰ ਜਦੋਂ ਪਿੰਡ ਵਿਚ ਡਾਕਖਾਨਾ ਖੁੱਲ੍ਹਿਆ ਤਾਂ ਡਿਓਡੀ ਦਾ ਇਕ ਕਮਰਾ ਇਸ ਕੰਮ ਲਈ ਦੇ ਦਿੱਤਾ ਗਿਆ। ਇਹ ਸੰਨ 1965 ਦੀਆਂ ਗੱਲਾਂ ਹਨ।

ਜਿਹੜੇ ਲੋਕ ਤੂਤਾਂ ਵਾਲੇ ਖੂਹ 'ਤੇ ਬੈਠ ਕੇ ਦੁਪਹਿਰਾ ਨਹੀਂ ਸਨ ਕੱਟਦੇ, ਉਹ ਇਸ ਡਿਓਡੀ ਵਿਚ ਬੈਠੇ ਰਹਿੰਦੇ ਸਨ। ਅਸਲ ਵਿਚ ਪਿੰਡ ਦੇ ਇਸ ਉਤਰ-ਪੂਰਬ ਪਾਸੇ ਦੇ ਲੋਕ ਡਿਓਡੀ ਵਿਚ ਬਹਿੰਦੇ ਸਨ ਅਤੇ ਦੱਖਣ-ਪੱਛਮ ਪਾਸੇ ਦੇ ਲੋਕ ਤੂਤਾਂ ਵਾਲੇ ਖੂਹ ਉਤੇ। ਇਹ ਵੰਡ ਸੁਤੇ ਸਿੱਧ ਹੀ ਸਹੂਲਤ ਮੁਤਾਬਕ ਹੋ ਗਈ ਸੀ। ਡਿਓਡੀ ਦੇ ਬਾਹਰ ਸੱਜੇ ਪਾਸੇ ਵੀ ਥੜ੍ਹਾ ਸੀ ਜਿਸ ਦੇ ਇਕ ਸਿਰੇ 'ਤੇ ਬਹੁਤ ਪੁਰਾਣਾ ਪਿੱਪਲ ਹੁੰਦਾ ਸੀ। ਲੋਕ ਇਸ ਪਿੱਪਲ ਦੀ ਛਾਂਵੇਂ ਬੈਠੇ ਰਹਿੰਦੇ ਅਤੇ ਗੱਪਾਂ ਮਾਰਦੇ ਰਹਿੰਦੇ। ਸਰਦੀਆਂ ਦੀ ਰੁੱਤੇ ਖੇਸੀਆਂ ਦੀਆਂ ਬੁੱਕਲਾਂ ਮਾਰ ਕੇ ਧੁੱਪ ਸੇਕਦੇ ਰਹਿੰਦੇ।

ਜਦੋਂ ਹਾਲੇ ਪੰਚਾਇਤਾਂ ਵਿਚ ਹੀ ਝਗੜੇ ਮੁੱਕ ਜਾਂਦੇ ਸਨ, ਉਦੋਂ ਇਸੇ ਡਿਓਡੀ ਵਿਚ ਹੀ ਪੰਚਾਇਤ ਜੁੜਦੀ ਸੀ। ਪਿੰਡ ਦੇ ਝਗੜੇ ਪਿੰਡ ਵਿਚ ਹੀ ਨਿਬੇੜ ਲਏ ਜਾਂਦੇ। ਝਗੜੇ ਵੀ ਮਾਮੂਲੀ ਹੁੰਦੇ। ਕਿਸੇ ਦੀਆਂ ਪਾਥੀਆਂ ਚੋਰੀ ਹੋ ਗਈਆਂ, ਕਿਸੇ ਦੀ ਮੱਝ ਗੁਆਂਢੀ ਦੇ ਖੇਤ ਵਿਚ ਚਲੇ ਗਈ, ਕਿਸੇ ਨੇ ਘੰਙੂਰਾ ਮਾਰ ਦਿੱਤਾ, ਵਗੈਰਾ ਵਗੈਰਾ। ਮੇਰੀ ਸੁਰਤ ਵਿਚ ਇਕ ਪੰਚਾਇਤ 'ਸਿੰਖਾਂ' ਦੇ ਟੱਬਰ ਦੇ ਉਸ ਮੁਰਗੇ ਬਾਰੇ ਜੁੜੀ ਸੀ ਜਿਹੜਾ ਨਿਰਵੈਰ ਗੱਪੀ ਨੇ ਚੁੱਕ ਕੇ ਵੇਚ ਦਿੱਤਾ ਸੀ। ਸਿੰਖਾਂ ਦਾ ਮੁਰਗਾ ਕਈ ਦਿਨ ਤੋਂ ਗੁੰਮ ਸੀ। ਉਨ੍ਹਾਂ ਤਫ਼ਤੀਸ਼ ਕਰ ਲਈ ਕਿ ਨਿਰਵੈਰ ਹੀ ਰੂੜੀਆਂ ਵਿਚ ਉਸ ਦੇ ਮਗਰ ਤੁਰਿਆ ਫਿਰਦਾ ਦੇਖਿਆ ਗਿਆ ਸੀ, ਪਰ ਕੋਈ ਪੱਕਾ ਸਬੂਤ ਨਹੀਂ ਸੀ। ਸਬੱਬ ਦੇਖੋ ਕਿ ਸਿੰਖਾਂ ਦੇ ਟੱਬਰ ਦਾ ਰਤਨ ਸਿੰਘ ਜਲੰਧਰ ਰੇਲਵੇ ਸਟੇਸ਼ਨ ਤੋਂ ਗੱਡੀ ਫੜ ਕੇ ਜਲੰਧਰ ਛਾਉਣੀ ਵੱਲ ਆ ਰਿਹਾ ਸੀ ਕਿ ਸਟੇਸ਼ਨ ਉਤੇ ਉਸ ਨੇ ਜਾਲੀ ਵਿਚ ਤਾੜੇ ਮੁਰਗਿਆਂ ਵਿਚ ਆਪਣਾ ਮੁਰਗਾ ਪਛਾਣ ਲਿਆ। ਵੀਹ ਰੁਪਏ ਦੇ ਕੇ ਉਸ ਨੇ ਵਪਾਰੀ ਤੋਂ ਉਹ ਮੁਰਗਾ ਖਰੀਦ ਲਿਆ ਤੇ ਇਹ ਵੀ ਪਤਾ ਕਰ ਲਿਆ ਕਿ ਉਸ ਨੇ ਇਹ ਰਾਮਾ ਮੰਡੀ ਦੇ ਕਿਹੜੇ ਝਟਕਈ ਤੋਂ ਖਰੀਦਿਆ ਸੀ। ਰਾਮਾ ਮੰਡੀ ਪਹੁੰਚ ਕੇ ਉਸ ਨੇ ਝਟਕਈ ਪਾਸੋਂ ਪਤਾ ਕਰ ਲਿਆ ਕਿ ਉਸ ਨੂੰ ਇਹ ਨਿਰਵੈਰ ਨੇ ਹੀ ਵੇਚਿਆ ਸੀ।

ਇਸ ਜਾਣਕਾਰੀ ਨਾਲ ਲੈਸ ਹੋ ਕੇ ਰਤਨ ਸਿੰਘ ਨੇ ਪੰਚਾਇਤ ਸੱਦ ਲਈ। ਫਸੇ ਹੋਏ ਨਿਰਵੈਰ ਨੇ ਵੀ ਚੋਰੀ ਮੰਨ ਲਈ ਸੀ ਅਤੇ ਪੰਚਾਇਤ ਨੇ ਉਸ ਨੂੰ ਜੁਰਮਾਨਾ ਲਾ ਦਿੱਤਾ।

(ਚਲਦਾ)

# ਪੰਜਾਬ: ਰਾਜਮੋਹਨ ਗਾਂਧੀ ਦਾ ਨਜ਼ਰੀਆ

(ਪਿਛਲੇ ਸਫੇ ਦੀ ਬਾਕੀ)


ਕਿ ਅਸੀਂ ਨਹੀਂ ਇਹ ਗਲਤ ਕਾਨੂੰਨ ਮੰਨਦੇ। ਪੰਜਾਬ ਹੈਰਾਨ ਹੋਇਆ।

ਪਹਿਲੀ ਵਾਰ 1924 ਵਿਚ ਲਾਲਾ ਲਾਜਪਤ ਰਾਇ ਨੇ ਕਿਹਾ ਕਿ ਪੰਜਾਬ ਵਿਚਲਾ ਬਹੁ-ਗਿਣਤੀ ਵਿਚ ਰਹਿੰਦਾ ਮੁਸਲਮਾਨ ਸਮਾਜ, ਹਿੰਦੂ-ਸਿੱਖ ਹਿਤਾਂ ਨੂੰ ਨਜ਼ਰ-ਅੰਦਾਜ਼ ਕਰ ਰਿਹਾ ਹੈ। ਪੰਜਾਬ ਦੇ ਇਕ ਹਿੱਸੇ ਵਿਚ ਜਿੱਧਰ ਹਿੰਦੂ-ਸਿੱਖਾਂ ਦੀ ਬਹੁ-ਗਿਣਤੀ ਹੈ, ਉਸ ਮੁਸਲਿਮ ਬਹੁ-ਗਿਣਤੀ ਵਾਲੇ ਹਿੱਸੇ ਤੋਂ ਵੱਖ ਕਰ ਦੇਣਾ ਚਾਹੀਦਾ ਹੈ। ਲਾਲਾ ਜੀ ਨੇ ਇਹੋ ਦਲੀਲ ਬੰਗਾਲ ਵੰਡ ਬਾਰੇ ਦਿੱਤੀ। ਰਾਜਾ ਨਰਿੰਦਰ ਨਾਥ ਨੇ ਕਿਹਾ- ਪੰਜਾਬ ਵਿਚ ਮੁਸਲਮਾਨਾਂ ਦੀ ਚੌਧਰ ਨਾਲੋਂ ਤਾਂ ਚੰਗਾ ਹੋਵੇਗਾ, ਜੇ ਸਵਰਾਜ ਪ੍ਰਾਪਤੀ ਦੀ ਮੰਗ ਨੂੰ ਹਿੰਦੂ ਪਰ੍ਹੇ ਸਰਕਾ ਦੇਣ। ਭਾਈ ਪਰਮਾਨੰਦ ਨੇ 1932 ਵਿਚ ਕਿਹਾ- ਸਾਨੂੰ ਮੁਸਲਿਮ ਬਹੁ-ਗਿਣਤੀ ਵਾਲੇ ਪੰਜਾਬ ਇਲਾਕੇ 'ਤੇ ਕੋਈ ਇਤਰਾਜ਼ ਨਹੀਂ, ਜੇ ਇਸ ਵਿਚੋਂ ਹਿੰਦੂ ਬਹੁ-ਗਿਣਤੀ ਵਾਲੇ ਇਲਾਕੇ ਕੱਢ ਕੇ ਦਿੱਲੀ ਜਾਂ ਯੂ.ਪੀ. ਨਾਲ ਮਿਲਾ ਦਿੱਤੇ ਜਾਣ। ਕੈਂਬਰਿਜ ਯੂਨੀਵਰਸਿਟੀ ਵਿਚ ਪੜ੍ਹਦੇ ਬਲਾਚੌਰ ਦੇ ਗੁੱਜਰ ਰਹਿਮਤ ਅਲੀ ਨੇ 1933 ਵਿਚ ਨਕਸ਼ਾ ਛਾਪ ਦਿੱਤਾ ਜਿਸ ਵਿਚ ਪੱਛਮੀ ਪੰਜਾਬ, ਕਸ਼ਮੀਰ, ਸਿੰਧ, ਬਲੋਚਿਸਤਾਨ ਤੇ ਅਫਗਾਨਿਸਤਾਨ ਨਾਲ ਲਗਦੇ ਇਲਾਕੇ ਦਿਖਾਏ; ਇਸ ਦਾ ਨਾਮ ਪਾਕਿਸਤਾਨ ਰੱਖਿਆ। ਜਿਨਾਹ ਦੀ ਮੁਸਲਿਮ ਲੀਗ ਜਿਸ ਦੇ ਪੰਜਾਬ ਵਿਚ ਕਦੀ ਪੈਰ ਨਹੀਂ ਲੱਗੇ ਸਨ, ਇਸ ਘਟਨਾ ਤੋਂ ਬਾਅਦ ਜੜ੍ਹ ਫੜਨ ਲੱਗੀ, ਯੂਨੀਅਨਿਸਟਾਂ ਦੀ ਇਸ ਪਿੱਛੋਂ ਪਕੜ ਨਾ ਰਹੀ।

ਕਰਨਾਲ ਤੋਂ ਪੰਜਾਬ ਮੁਸਲਿਮ ਲੀਗ ਦੇ ਸੈਕਟਰੀ ਲਿਆਕਤ ਅਲੀ ਖਾਨ ਨੇ ਕਿਹਾ- ਜਦੋਂ ਅਸੀਂ ਪੰਜਾਬ ਕਹਿੰਦੇ ਹਾਂ, ਇਸ ਦਾ ਮਤਲਬ ਹੈ ਉਹ ਸਟੇਟ ਜਿਸ ਦੀ ਹੱਦ ਗੁੜਗਾਉਂ ਹੋਵੇਗੀ, ਦਿੱਲੀ ਅਲੀਗੜ੍ਹ ਇਸ ਵਿਚ ਸ਼ਾਮਲ ਹੋਣਗੇ ਜੋ ਸਾਡੇ ਕਲਚਰ ਦੇ ਕੇਂਦਰ ਹਨ। ਇਸ ਤਰ੍ਹਾਂ ਦੇ ਬਿਆਨਾਂ ਤੋਂ ਬਾਅਦ ਸਿੱਖ ਲੀਡਰ ਕਹਿਣ ਲੱਗੇ- ਸਾਡੇ ਪੂਰਬੀ ਪੰਜਾਬ ਦੀਆਂ ਹੱਦਾਂ ਪਾਕਿਸਤਾਨ ਵੱਲ ਨਨਕਾਣਾ ਸਾਹਿਬ ਤੱਕ ਹੋਣਗੀਆਂ, ਲਾਹੌਰ ਇਸ ਵਿਚ ਹੋਵੇਗਾ ਹੀ। ਸਿੱਖਾਂ ਦੀ ਇਹ ਮੰਗ ਕੇਵਲ ਇਸ ਲਈ ਸੀ ਕਿ ਕਿਤੇ ਅੰਮ੍ਰਿਤਸਰ ਪਾਕਿਸਤਾਨ ਵਿਚ ਨਾ ਚਲਾ ਜਾਵੇ। ਸੁੰਦਰ ਸਿੰਘ ਮਜੀਠੀਆ ਤਾਂ ਇਹ ਕਹਿਣ ਤਕ ਚਲਾ ਗਿਆ ਕਿ ਜਿਥੇ-ਜਿਥੇ ਤੱਕ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਉਥੇ ਤੱਕ ਸਿੱਖਾਂ ਦਾ ਹੋਮਲੈਂਡ ਹੋਵੇਗਾ।

ਯੂਨੀਅਨਿਸਟ ਪੰਜਾਬੀ ਨੇਤਾ ਉਮਰ ਹਯਾਤ ਖਾਂ ਟਿਵਾਣਾ ਨੇ ਜਿਨਾਹ ਨੂੰ ਯਾਦ ਕਰਾਇਆ ਕਿ ਸਿਕੰਦਰ-ਜਿਨਾਹ ਪੈਕਟ ਅਨੁਸਾਰ ਲੀਗ ਪੰਜਾਬ ਵਿਚ ਸਿਆਸਤ ਨਹੀਂ ਕਰ ਸਕਦੀ। ਜਿਨਾਹ ਨੇ ਉਤਰ ਦਿੱਤਾ- ਲੀਗ ਪਾਕਿਸਤਾਨ ਕਾਇਮ ਕਰਨ ਵਾਸਤੇ ਲੜ ਰਹੀ ਹੈ ਤੇ ਪਾਕਿਸਤਾਨ ਬੰਬੇ ਵਿਚ ਨਹੀਂ, ਪੰਜਾਬ ਵਿਚ ਬਣੇਗਾ। ਟਿਵਾਣੇ ਪੱਕੇ ਸ਼ਰਈ ਮੁਸਲਮਾਨ, ਕਦੀ ਰੋਜ਼ਾ ਨਮਾਜ਼ ਨਾ ਛੱਡਦੇ, ਫਿੱਕੇ ਪੈਂਦੇ ਗਏ, ਮੁਸਲਮਾਨਾਂ ਨੂੰ ਲੱਗਣ ਲੱਗਾ ਜਿਵੇਂ ਇਹ ਮੁਸਲਮਾਨ ਨਹੀਂ ਰਹੇ ਪਰ ਜਿਨਾਹ ਜਿਹੜਾ ਨਾ ਰੋਜ਼ਾ ਰੱਖਦਾ ਸੀ, ਨਾ ਨਮਾਜ਼ੀ ਸੀ, ਤਾਕਤ ਫੜਨ ਲੱਗਾ; ਮੁਸਲਮਾਨਾਂ ਦਾ ਹੀਰੋ ਹੋ ਗਿਆ।

ਅੰਗਰੇਜ਼ਾਂ ਨੂੰ ਪਤਾ ਸੀ, ਆਉਣ ਵਾਲੇ ਸਮੇਂ ਵਿਚ ਰੂਸ ਨਾਲ ਟਕਰਾਉ ਹੋਵੇਗਾ; ਸੋ ਜੇ ਪਾਕਿਸਤਾਨ ਬਣਾਉਣਾ ਪੈ ਗਿਆ, ਇਹ ਇੰਗਲੈਂਡ ਪੱਖੀ ਦੇਸ ਹੋਵੇ, ਭੂਗੋਲਿਕ ਤੌਰ 'ਤੇ ਰੂਸ ਦੇ ਵੱਧ ਤੋਂ ਵੱਧ ਨੇੜੇ। ਜਦੋਂ ਅੰਗਰੇਜ਼ਾਂ ਨੇ ਭਾਰਤ ਛੱਡਣ ਦਾ ਫੈਸਲਾ ਕੀਤਾ, ਉਦੋਂ ਉਨ੍ਹਾਂ ਨੂੰ ਕੇਵਲ ਇਸ ਗੱਲ ਦੀ ਚਿੰਤਾ ਸੀ ਕਿ ਗੋਰੇ ਸੁਰੱਖਿਅਤ ਵਾਪਸ ਪੁੱਜ ਜਾਣ। ਭਾਰਤੀ ਲੀਡਰਾਂ ਨੇ ਉਨ੍ਹਾਂ ਨੂੰ ਕਿਹਾ- ਬਾਅਦ ਵਿਚ ਹਿੰਸਾ ਹੋ ਸਕਦੀ ਹੈ, ਜਾਣ ਵਿਚ ਇੰਨੀ ਕਾਹਲ ਕਿਉਂ ਕਰ ਰਹੇ ਹੋ? ਅੰਗਰੇਜ਼ਾਂ ਨੇ ਕਿਹਾ- ਤੁਸੀਂ ਹੀ ਤਾਂ ਕਿਹਾ ਸੀ- ਦਫਾ ਹੋਵੋ (ਕੁਇਟ ਇੰਡੀਆ); ਬੱਸ ਠੀਕ ਹੈ, ਦਫਾ ਹੋਣ ਲੱਗੇ ਹਾਂ। ਰਾਜਮੋਹਨ ਦਾ ਇਥੇ ਮਾਸੂਮ ਸਵਾਲ ਹੈ- ਭਾਰਤੀਆਂ ਨੇ ਕਿਹਾ ਚਲੇ ਜਾਓ, ਤੁਸੀਂ ਚਲੇ ਗਏ; ਅੱਗੇ ਤਾਂ ਭਾਰਤੀਆਂ ਦੀਆਂ ਮੰਗਾਂ ਤੁਸੀਂ ਇੰਨੀ ਆਸਾਨੀ ਨਾਲ ਕਦੀ ਮੰਨੀਆਂ ਨਹੀਂ ਸਨ।




ਮੁਹੰਮਦ ਅਲੀ ਜਿਨਾਹ ਨੇ ਦੇਖਿਆ ਕਿ ਸਿੱਖ-ਮੁਸਲਮਾਨ ਇਕ-ਦੂਜੇ ਦੇ ਖੂਨ ਦੇ ਪਿਆਸੇ ਹੋ ਰਹੇ ਹਨ ਤਾਂ ਉਸ ਨੇ 23 ਜੂਨ 1947 ਨੂੰ ਮਾਊਂਟਬੈਟਨ ਵਾਇਸਰਾਇ ਅੱਗੇ ਬੇਨਤੀ ਕੀਤੀ- ਪੰਜਾਬ ਵਿਚ ਗੜਬੜ ਰੋਕਣ ਲਈ ਬੇਰਹਿਮ ਹੋ ਜਾਓ। ਮੁਸਲਮਾਨਾਂ ਨੂੰ ਗੋਲੀਆਂ ਮਾਰ ਦਿਉ ਜਾਂ ਨਾ, ਮੈਨੂੰ ਪਰਵਾਹ ਨਹੀਂ; ਗੁੰਡਾਗਰਦੀ ਰੁਕਣੀ ਚਾਹੀਦੀ ਹੈ। ਉਸ ਸਾਮਰਾਜ ਉਪਰ ਇਨ੍ਹਾਂ ਬੇਨਤੀਆਂ ਦਾ ਕੀ ਅਸਰ ਜਿਹੜਾ ਆਪਣਾ ਬੋਰੀ ਬਿਸਤਰ ਬੰਨ੍ਹਣ ਵਿਚ ਰੁੱਝਾ ਹੋਇਆ ਸੀ। ਜਿਨਾਹ ਦੀ ਇਹ ਇੱਛਾ ਕਿਵੇਂ ਪੂਰੀ ਹੋ ਸਕਦੀ ਸੀ ਕਿ ਭਾਰਤ ਵੰਡਿਆ ਜਾਵੇ ਪਰ ਪੰਜਾਬ ਨਾ ਵੰਡਿਆ ਜਾਵੇ!

ਕਾਂਗਰਸ ਪਾਰਟੀ ਦੀਆਂ ਮੀਟਿੰਗਾਂ ਵਿਚ ਹਰ ਮਤਾ ਪੂਰੀ ਬਹਿਸ ਅਤੇ ਸ਼ੋਰ-ਸ਼ਰਾਬੇ ਤੋਂ ਬਾਅਦ ਪਾਸ ਹੁੰਦਾ ਸੀ, ਕੇਵਲ ਸੋਗ ਮਤਾ ਸ਼ਾਂਤੀ ਨਾਲ ਪਾਸ ਹੁੰਦਾ। ਪੰਜਾਬ ਦੀ ਵੰਡ ਦਾ ਮਤਾ ਚੁੱਪ-ਚਾਪ ਸੋਗ ਮਤੇ ਵਾਂਗ ਪਾਸ ਹੋ ਗਿਆ। ਪਬਲਿਕ ਦੋ ਧਿਰਾਂ ਵਿਚ ਵੰਡੀ ਗਈ- ਇਹ ਬੇਗਾਨੇ ਹਨ, ਮਾਰੇ ਜਾਣ ਦੇ ਹੱਕਦਾਰ, ਔਰਤਾਂ ਬਲਾਤਕਾਰ ਦੀਆਂ ਹੱਕਦਾਰ। ਸਾਰਿਆਂ ਧਰਮਾਂ ਨੂੰ ਅੰਗਰੇਜ਼ ਤੋਂ ਨਹੀਂ, ਇਕ-ਦੂਜੇ ਤੋਂ ਖਤਰਾ ਦਿਸਿਆ। ਹਥਿਆਰਬੰਦ ਸਾਬਕ ਫੌਜੀ ਦੋਹਾਂ ਧਿਰਾਂ ਦੇ ਜਰਨੈਲ ਹੋ ਗਏ।

ਆਖਰੀ ਅਧਿਆਇ ਵਿਚ ਰਾਜਮੋਹਨ ਦੇ ਵਾਕ ਹਨ- 1707 ਤੋਂ ਲੈ ਕੇ 1947 ਤੱਕ ਪੰਜਾਬ ਲੰਮੀ ਹਨ੍ਹੇਰੀ ਸੁਰੰਗ ਵਿਚ ਦੀ ਲੰਘਦਾ ਰਿਹਾ। ਇਸ ਨੂੰ ਇਸ ਸੁਰੰਗ ਵਿਚੋਂ ਬਾਹਰ ਕੱਢਣਾ ਹੈ। ਜਿਸ ਨੂੰ ਪੰਜਾਬੀਅਤ ਆਖਦੇ ਹਨ, ਦੇਖਣਾ ਹੈ ਉਸ ਵਿਚ ਕੀ-ਕੀ ਤਾਕਤ ਤੇ ਕਿਹੜੀ-ਕਿਹੜੀ ਕਮਜ਼ੋਰੀ ਹੈ।

22, 23 ਨਵੰਬਰ 2014 ਨੂੰ ਅਖਬਾਰਾਂ ਵਿਚ ਅਜਿਹੀਆਂ ਖਬਰਾਂ ਛਪੀਆਂ ਹਨ ਕਿ ਗਰਮਖਿਆਲੀ ਸਿੱਖ ਸਿਆਸੀ ਜਥੇਬੰਦੀਆਂ ਨੇ ਸਾਂਝਾ ਪਲੇਟਫਾਰਮ ਤਿਆਰ ਕਰ ਕੇ ਇਸ ਦਾ ਨਾਮ ਯੂਨਾਈਟਿਡ ਅਕਾਲੀ ਦਲ ਰੱਖਿਆ ਹੈ। ਮਹਿਸੂਸ ਕੀਤਾ ਗਿਆ ਕਿ ਸਿੱਖ ਆਪਣੇ ਸਿਧਾਂਤਾਂ, ਸਭਿਆਚਾਰ, ਧਰਮ ਅਤੇ ਭਾਸ਼ਾ ਤੋਂ ਟੁੱਟਦੇ ਜਾ ਰਹੇ ਹਨ, ਪੰਜਾਬ ਨਸ਼ਿਆਂ ਦੀ ਮਾਰ ਹੇਠ ਆ ਚੁੱਕਾ ਹੈ ਤੇ ਰਾਜ ਉਪਰ ਵਿਤੀ ਸੰਕਟ ਮੰਡਰਾ ਰਿਹਾ ਹੈ। ਖਾਲਿਸਤਾਨ ਦੀ ਮੰਗ ਮੁਲਤਵੀ ਕਰਦਿਆਂ ਇਸ ਨਵੀਂ ਜਥੇਬੰਦੀ ਨੇ ਪੰਜਾਬੀਅਤ ਨੂੰ ਮਜ਼ਬੂਤ ਕਰਨ ਹਿਤ ਉਸਾਰੂ ਕਦਮ ਚੁੱਕਣ ਦਾ ਤਹੱਈਆ ਕੀਤਾ ਹੈ। ਇਸ ਦੀ ਕਾਰਗੁਜ਼ਾਰੀ ਕਿੰਨੀ ਕੁ ਅਸਰ-ਅੰਦਾਜ਼ ਹੋਏਗੀ, ਦੇਖਦੇ ਹਾਂ।

ਜਿਸ ਪੰਜਾਬ ਬਾਰੇ ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ,

ਪੰਜਾਬ ਨ ਹਿੰਦੂ ਨ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ ਤੇ।

ਉਸ ਪੰਜਾਬ ਬਾਰੇ ਕੁਲਵੰਤ ਗਰੇਵਾਲ ਦੀ ਪੰਕਤੀ ਹੈ,

ਪੰਜਾਬ, ਨਾ ਸੀਮਾ ਨਾ ਅਸੀਮ।
ਪੰਜਾਬ, ਤਕਸੀਮ ਦਰ ਤਕਸੀਮ ਦਰ ਤਕਸੀਮ।

ਮੈਨੂੰ ਉਮੀਦ ਹੈ, ਦੋਹਾਂ ਪੰਜਾਬਾਂ ਨੂੰ ਇਸ ਕਿਤਾਬ ਵਿਚੋਂ ਕੁਝ ਅਹਿਮ ਜਾਣਕਾਰੀ ਮਿਲੇਗੀ; ਅਜਿਹੀ ਜਾਣਕਾਰੀ ਜਿਸ ਵਿਚੋਂ ਮਰੀਜ਼ ਆਪਣੀ ਬਿਮਾਰੀ ਦੇ ਇਲਾਜ ਵਾਸਤੇ ਨੁਸਖਾ ਲੱਭ ਸਕੇ। ਜਦੋਂ ਖੁਦ ਖੰਨੀ ਨਾਲ ਗੁਜ਼ਾਰਾ ਕਰਨਾ ਮੰਨ ਕੇ ਗੁਆਂਢੀ ਨੂੰ ਪੂਰੀ ਰੋਟੀ ਦੇਣ ਦਾ ਮਨ ਬਣਿਆ, ਉਦੋਂ ਰੱਬ ਵੀ ਮਿਹਰਬਾਨ ਹੋ ਜਾਏਗਾ।

ਪਾਣੀ ਥੋੜ੍ਹਾ ਮੋਹ ਘਣਾ
ਤੂੰ ਪੀ ਤੂੰ ਪੀ ਹੋਹੂ।

ਉਰਦੂ ਕਹਾਣੀ

# ਸੌਦਾ

***ਉਰਦੂ ਕਹਾਣੀ 'ਸੌਦਾ' ਅਧੂਰੇ ਪਿਆਰ ਦੀ ਪੂਰੀ ਕਹਾਣੀ ਹੈ। ਇਹ ਪਿਆਰ ਅਧੂਰਾ ਇਸ ਕਰ ਕੇ ਹੈ, ਕਿਉਂਕਿ ਇਸ ਵਿਚ ਮਰਦ ਦੀ ਹਉਂ ਅਤੇ ਮਰਜ਼ੀ ਦਾ ਰੰਗ ਚੜ੍ਹਿਆ ਹੋਇਆ ਹੈ। ਇਹ ਪਿਆਰ-ਕਹਾਣੀ ਇਸ ਕਰ ਕੇ ਪੂਰੀ ਹੈ, ਕਿਉਂਕਿ ਇਸ ਵਿਚ ਔਰਤ ਦੀ ਸੁੱਚੀ ਚਾਹਤ ਦੇ ਅਹਿਸਾਸ ਉਮੜ ਰਹੇ ਹਨ। ਔਰਤ ਪਿਆਰ ਦਾ ਸੌਦਾ ਕਰਦੀ ਹੈ ਤੇ ਇਸੇ ਦੇ ਆਸਰੇ ਅੰਬਰੀਂ ਉਡਾਣ ਭਰਦੀ ਹੈ, ਪਰ ਮਰਦ ਇਸ ਸੌਦੇ ਤੋਂ ਸੌਦਾਗਰ ਬਣ ਬੈਠਦਾ ਹੈ ਤੇ ਆਖਰਕਾਰ ਖਾਕ ਛਾਣਦਾ ਹੈ। -ਸੰਪਾਦਕ***

ਉਹ ਅੱਜ ਫ਼ਿਰ ਆਪਣੀ ਬੇਚੈਨੀ ਦਾ ਹੱਲ ਲੱਭਣ ਨਿਕਲਿਆ, ਡਰਾਈਵਰ ਨੇ ਉਤਰ ਕੇ ਉਨ੍ਹਾਂ ਲਈ ਦਰਵਾਜ਼ਾ ਖੋਲ੍ਹਿਆ ਤੇ ਉਹ ਬੇਦਿਲੀ ਨਾਲ ਉਤਰ ਗਿਆ। ਉਸ ਨੇ ਲੰਮਾ ਸਾਹ ਲੈ ਕੇ ਆਲੇ-ਦੁਆਲੇ ਦੇਖਿਆ, ਭਾਰੀ ਕਦਮਾਂ ਨਾਲ ਸਟਾਫ ਰੂਮ ਵੱਲ ਵਧਿਆ। ਬਹੁਤ ਦਿਨਾਂ ਪਿਛੋਂ ਉਹ ਅੱਜ ਕਾਲਜ ਆਇਆ ਸੀ।

ਕਈ ਦਿਨਾਂ ਦੇ ਤੇਜ਼ ਬੁਖਾਰ ਨੇ ਉਸ ਦੇ ਸਰੀਰ ਤੇ ਦਿਮਾਗ ਦੀ ਸਾਰੀ ਸ਼ਕਤੀ ਨਿਚੋੜ ਲਈ ਸੀ। ਉਹ ਹੁਣ ਵੀ ਕਮਜ਼ੋਰ ਸੀ। ਉਹ ਸਟਾਫ ਰੂਮ ਤੱਕ ਪੁੱਜਿਆ ਹੀ ਸੀ ਕਿ ਇਨ੍ਹਾਂ ਦੇ ਜਾਣਨ ਵਾਲਿਆਂ ਘੇਰ ਲਿਆ, ਪਰ ਉਹ ਬੇਚੈਨ ਸੀ। ਉਸ ਨੂੰ ਇਸ ਤਰ੍ਹਾਂ ਦੀ ਦਿਲਜੋਈ ਰੱਤੀ ਭਰ ਵੀ ਪਸੰਦ ਨਹੀਂ ਸੀ।

"ਉਹੋ...ਖੁਦਾ ਦਾ ਸ਼ੁਕਰ ਐ। ਅੱਜ ਤੁਸੀਂ ਆ ਗਏ। ਤੁਹਾਡੀ ਸਿਹਤ ਕਿਵੇਂ ਐ?" ਅਚਾਨਕ ਉਹਨੇ ਪ੍ਰਿੰਸੀਪਲ ਦੀ ਆਵਾਜ਼ ਸੁਣੀ। ਉਨ੍ਹਾਂ ਬੜੇ ਪਿਆਰ ਨਾਲ ਮੋਢੇ 'ਤੇ ਹੱਥ ਰੱਖ ਕੇ ਨਵੇਦ ਨੂੰ ਸੰਬੋਧਨ ਕੀਤਾ ਸੀ।

"ਮਿਹਰਬਾਨੀ! ਹੁਣ ਤਾਂ ਠੀਕ ਆਂ।" ਨਵੇਦ ਨੇ ਕਿਹਾ ਅਤੇ ਸਿਰ ਝੁਕਾ ਕੇ ਸਲਾਮ ਕੀਤੀ।

**ਅਮਰੋਜ਼ ਜਹਾਂ**

**ਅਨੁਵਾਦ: ਸੁਰਜੀਤ ਸਿਘ ਪੰਛੀ**
**ਫੋਨ: 661-827-8256**

ਦੋ-ਚਾਰ ਗੱਲਾਂ ਕਰ ਕੇ ਉਹ ਚਲੇ ਗਏ। ਨਵੇਦ ਮੁਰਦਿਆਂ ਵਾਂਗ ਉਪਰ ਚੜ੍ਹਨ ਲੱਗਿਆ।

ਸਟਾਫ ਰੂਮ ਵਿਚ ਸਭ ਦੀਆਂ ਨਜ਼ਰਾਂ ਨਵੇਦ 'ਤੇ ਟਿਕ ਗਈਆਂ।

"ਆਓ ਬੈਠੋ", ਪ੍ਰੋਫੈਸਰ ਕੁਲਕਰਨੀ ਨੇ ਉਹਦਾ ਹੱਥ ਫੜ ਲਿਆ।

ਪੀਰੀਅਡ ਖਾਲੀ ਸੀ। ਨਦੀਮ ਨੇ ਆਪਣੇ ਗੁੱਟ 'ਤੇ ਚਮਕਦੀ ਘੜੀ ਵੱਲ ਦੇਖਿਆ ਅਤੇ ਸਿਗਰਟ ਬਾਲ ਲਈ, ਲੰਮਾ ਕਸ਼ ਲਿਆ ਅਤੇ ਨਵੇਦ ਨਾਲ ਲਾਨ ਵਿਚ ਉਤਰ ਗਏ, "ਤੇਰੀਆਂ ਮੂਰਖਤਾਵਾਂ ਨੇ ਬਹੁਤ ਦੁੱਖ ਦਿੱਤੈ। ਮੈਂ ਤੈਨੂੰ ਬਰਬਾਦ ਹੁੰਦੇ ਨਹੀਂ ਦੇਖ ਸਕਦਾ। ਤੂੰ ਆਪਣੇ ਆਪ ਦਾ ਦੁਸ਼ਮਣ ਕਿਉਂ ਬਣ ਗਿਐਂ? ਹੁਣ ਸਭ ਕੁਝ ਭੁੱਲ ਜਾ।" ਨਦੀਮ ਗੰਭੀਰ ਸੁਰ ਵਿਚ ਸਮਝਾ ਰਿਹਾ ਸੀ।

"ਫ਼ਿਰ ਮੈਂ ਕੀ ਕਰਾਂ?" ਉਹਨੇ ਮੱਧਮ ਸੁਰ ਵਿਚ ਕਿਹਾ।

"ਜੋ ਕੁਝ ਹੋਇਆ, ਉਹ ਤੇਰੀ ਬੇਸਮਝੀ ਦਾ ਸਿੱਟਾ ਸੀ। ਖੈਰ, ਹੁਣ ਸਭ ਠੀਕ ਹੋ ਜਾਵੇਗਾ।" ਉਸ ਨੇ ਵੀ ਮੱਧਮ ਸੁਰ ਵਿਚ ਕਿਹਾ।

"ਫਿਰ ਤੂੰ ਹੀ ਕੋਈ ਹੱਲ ਕੱਢ...।" ਨਵੇਦ ਪ੍ਰੇਸ਼ਾਨ ਹੋ ਰਿਹਾ ਸੀ।

"ਹਿਨਾ ਤੇਰੀ ਜ਼ਿੰਦਗੀ ਹੈ, ਉਸ ਦਾ ਦਰਦ ਤੇਰੀ ਜ਼ਿੰਦਗੀ ਦਾ ਸਾਮਾਨ।...ਪਰ ਸੱਬਾ ਤੇਰੀ ਮੰਗੇਤਰ ਹੈ। ਹੁਣ ਮੈਂ ਤੇਰੀਆਂ ਖੁਸ਼ੀਆਂ ਖਾਤਰ ਉਹਦੇ ਮਾਤਾ-ਪਿਤਾ ਨੂੰ ਬੇਨਤੀ ਕਰਾਂਗਾ...ਉਨ੍ਹਾਂ ਦੀ ਜਿਵੇਂ ਮਰਜ਼ੀ ਹੋਵੇ।" ਨਦੀਮ ਨੂੰ ਉਹਦੀ ਉਦਾਸੀ ਅਤੇ ਵੀਰਾਨੀ ਦਾ ਖਿਆਲ ਸਤਾ ਰਿਹਾ ਸੀ। ਉਹ ਉਹਦਾ ਚਚੇਰਾ ਭਰਾ ਸੀ ਅਤੇ ਦੋਸਤ ਵੀ।

"ਉਨ੍ਹਾਂ ਦਾ ਇਨਕਾਰ ਮੇਰੀ ਸਾਰੀ ਜ਼ਿੰਦਗੀ ਬਰਬਾਦ ਕਰ ਕੇ ਰੱਖ ਦੇਵੇਗਾ ਨਦੀਮ।" ਉਹਨੇ ਹਾਰੀ ਹੋਈ ਆਵਾਜ਼ ਵਿਚ ਕਿਹਾ, "ਮੰਮੀ ਕੋਲ ਤਰਸ ਨਹੀਂ, ਸੱਬਾ ਸਿਰ 'ਤੇ ਸਵਾਰ ਹੈ। ਇਨ੍ਹਾਂ ਨੂੰ ਪਤਾ ਨਹੀਂ, ਮੈਨੂੰ ਦੱਸ...ਫਿਰ ਮੈਂ ਕੀ ਕਰਾਂ?"

"ਭੁੱਲ ਜਾ...।" ਨਦੀਮ ਨੂੰ ਸੱਬਾ ਦਾ ਖਿਆਲ ਸਤਾ ਰਿਹਾ ਸੀ, "ਸਾਰੀਆਂ ਉਲਝਣਾਂ ਆਪਣੇ ਆਪ ਖਤਮ ਹੋ ਜਾਣਗੀਆਂ।"

"ਨਦੀਮ!" ਉਹ ਸਾਹ ਘੁੱਟਵੀਂ ਆਵਾਜ਼ ਵਿਚ ਬੋਲਿਆ, "ਖੁਦਾ ਦਾ ਵਾਸਤਾ। ਮਜ਼ਾਕ ਨਾ ਕਰਿਆ ਕਰ।"

"ਮੈਂ ਗੰਭੀਰ ਹਾਂ ਨਵੇਦ! ਇਸ ਸਮੇਂ ਕੁਝ ਨਾ ਸੋਚ। ਮੈਂ ਉਹੀ ਕਰੂੰਗਾ, ਜੋ ਤੂੰ ਕਹੇਂਗਾ। ਹੁਣ ਜਾਹ ਅਤੇ ਸ਼ਾਂਤੀ ਨਾਲ ਕਲਾਸਾਂ ਅਟੈਂਡ ਕਰ।"

ਨਦੀਮ ਅਪਣੱਤ ਨਾਲ ਮੁਸਕਰਾਇਆ। ਫਿਰ ਦੋਵੇਂ ਇਕੱਠੇ ਹੱਸ ਪਏ। ਡਗਮਗਾਉਂਦੇ ਕਦਮੀਂ ਨਵੇਦ ਲੈਬਾਰਟਰੀ ਪਹੁੰਚ ਗਿਆ।

ਗੂੜ੍ਹੇ ਨੀਲੇ ਸੂਟ ਵਿਚ, ਵਧੀ ਹੋਈ ਦਾੜ੍ਹੀ, ਲਾਲ ਅੱਖਾਂ ਅਤੇ ਬੇਕਰਾਰ ਅੰਦਾਜ਼, ਅੱਖਾਂ ਵਿਚ ਮੱਧਮ ਜਿਹੀ ਰੌਸ਼ਨੀ ਸੀ ਹਿਨਾ ਦੇ ਦੀਦ ਦੀ।

ਹਿਨਾ ਧਿਆਨ ਨਾਲ ਉਸ ਨੂੰ ਦੇਖ ਰਹੀ ਸੀ। ਇਹ ਤਾਂ ਰੁਮਾਂਚਿਕ ਨਾਵਲ ਵਰਗੀਆਂ ਗੱਲਾਂ ਸਨ। ਕਿਸੇ ਲਈ ਖੁਸ਼ ਹੋਣਾ, ਤਪਣਾ, ਆਹਾਂ ਭਰਨਾ ਅਤੇ ਹੰਝੂ ਵਹਾਉਣਾ।

ਉਹਦੇ ਵਾਸਤੇ ਨਵੇਦ ਦਾ ਇਹ ਅੰਦਾਜ਼ ਆਸ ਤੋਂ ਬਾਹਰ ਸੀ। ਉਹ ਬੇਹੋਸ਼ ਹੋਣ ਲੱਗੀ। ਡਿਗਦੇ-ਡਿੱਗਦੇ ਬਚੀ ਅਤੇ ਸੰਭਲ ਕੇ ਕੰਧ ਦਾ ਸਹਾਰਾ ਲਿਆ।

ਫਿਰ ਉਸ ਨੂੰ ਯਾਦ ਆਇਆ, ਯੂਨੀਵਰਸਿਟੀ ਵਿਚ ਕਨਵੋਕੇਸ਼ਨ ਸੀ।

ਉਹ ਕੁੜੀਆਂ ਦੀ ਪਹਿਲੀ ਕਤਾਰ ਵਿਚ ਸੀ। ਨੌਕਰ ਨੇ ਉਸ ਨੂੰ ਕਾਪੀ ਦਿੱਤੀ। ਕਾਪੀ ਉਹ ਪ੍ਰੋਫੈਸਰ ਨਵੇਦ ਨੂੰ ਆਪਣੇ ਥੋੜ੍ਹੇ ਜਿਹੇ ਪ੍ਰਸ਼ਨਾਂ ਦੇ ਉਤਰਾਂ ਦੀਆਂ ਗਲਤੀਆਂ ਕੱਢਣ ਵਾਸਤੇ ਦੇ ਆਈ ਸੀ। ਉਹ ਕਾਪੀ ਦੇ ਪੰਨੇ ਪਲਟਣ ਲੱਗੀ। ਅਚਾਨਕ ਉਹ ਤ੍ਰਬਕੀ।

"ਮੇਰੀ ਜ਼ਿੰਦਗੀ ਦਾ ਪਿਆਰ ਦਾ ਬਿੰਦੂ ਤੂੰ ਹੀ ਏਂ। ਆਪਣੇ ਸਫਰ ਦਾ ਸਾਥੀ ਤੈਨੂੰ ਚੁਣ ਲਿਆ ਹੈ। ਮੈਨੂੰ ਤੇਰੇ ਉਤਰ ਦੀ ਕਾਹਲ ਨਹੀਂ। ਸੋਚ-ਸਮਝ ਕੇ ਫੈਸਲਾ ਦੱਸ ਦੇਣਾ।" ਕਾਪੀ ਦੇ ਵਿਚਕਾਰਲੇ ਪੰਨੇ 'ਤੇ ਲਿਖਿਆ ਹੋਇਆ ਸੀ। ਲਿਖਤ ਨਵੇਦ ਦੀ ਸੀ।

ਇਹ ਦੇਖ ਕੇ ਉਸ ਦੇ ਅਚੰਭੇ ਅਤੇ ਹੈਰਾਨੀ ਦਾ ਕੋਈ ਟਿਕਾਣਾ ਨਾ ਰਿਹਾ। ਕਾਪੀ ਹੱਥੋਂ ਡਿਗ ਪਈ। ਉਹਨੂੰ ਪ੍ਰੋਫੈਸਰ ਦੀ ਇਸ ਕਰਤੂਤ 'ਤੇ ਬਹੁਤ ਗੁੱਸਾ ਆ ਰਿਹਾ ਸੀ। ਉਹ ਹੈਰਾਨੀ ਅਤੇ ਗੁੱਸੇ ਨਾਲ ਸੋਚ ਰਹੀ ਸੀ। "ਉਸ ਦਾ ਪ੍ਰੋਫੈਸਰ ਵੀ ਅਜਿਹੀਆਂ ਕਰਤੂਤਾਂ ਕਰ ਸਕਦਾ ਹੈ।" ਉਹ ਐਨੀ ਸ਼ਰਮੀਲੀ ਸੀ ਕਿ ਬੁੱਲ੍ਹਾਂ ਵਿਚੋਂ ਇਕ ਅੱਖਰ ਨਾ ਨਿਕਲ ਸਕਿਆ। ਜੇ ਕਿਸੇ ਨੂੰ ਨਵੇਦ ਦੇ ਪੁੱਠੇ ਖਿਆਲਾਂ ਦਾ ਪਤਾ ਲੱਗਾ ਗਿਆ ਤਾਂ ਉਹ ਕੀ ਸੋਚਣਗੇ?

ਉਹ ਯੂਨੀਵਰਸਿਟੀ ਵਿਚ ਬਦਨਾਮ ਹੋ ਜਾਵੇਗੀ।

ਉਸ ਦਾ ਇਹ ਪਾਗਲਪਨ ਉਹਨੂੰ ਸਾਰਿਆਂ ਵਿਚ ਬਦਨਾਮ ਕਰ ਦੇਵੇਗਾ। ਕਈ ਦਿਨ ਇਨ੍ਹਾਂ ਉਲਝਣਾਂ ਵਿਚ ਲੰਘ ਗਏ।

ਹਿਨਾ ਦਾ ਖਿਆਲ ਸੀ ਕਿ ਨਵੇਦ ਆਪਣੇ ਵਿਹਾਰ ਦੀ ਉਸ ਤੋਂ ਮਾਫੀ ਮੰਗੇਗਾ, ਪਰ ਉਸ ਦੇ ਰੰਗ-ਢੰਗ ਵਿਚ ਉਹ ਉਸ ਦੀ ਜ਼ਿਦ ਅਨੁਭਵ ਕੀਤੇ ਬਿਨਾਂ ਨਾ ਰਹਿ ਸਕੀ।

ਅਨੋਖਾ ਹਠਧਰਮੀ ਅਤੇ ਜ਼ਿੱਦੀ ਆਦਮੀ ਹੈ। ਉਹ ਜਿੰਨਾ ਸੋਚਦੀ, ਉਨੀ ਹੀ ਗੁੱਸੇ ਨਾਲ ਉਬਲਦੀ। ਇਕ ਨਜ਼ਰ ਉਹਨੇ ਨਵੇਦ 'ਤੇ ਮਾਰੀ। ਉਹ ਉਸ ਵੱਲ ਪਿੱਠ ਕੀਤਿਆਂ ਕਿਸੇ ਮੁੰਡੇ ਨਾਲ ਗੱਲਾਂ ਕਰ ਰਿਹਾ ਸੀ। ਉਹ ਬੇਦਿਲੀ ਜਿਹੀ ਆਪਣੀ ਥਾਂ 'ਤੇ ਆ ਬੈਠੀ।

ਨਵੇਦ ਦੀ ਅਜੀਬ ਹਾਲਤ ਸੀ। ਉਹ ਆਪਣੀਆਂ ਕਰਨ ਵਾਲਾ ਸੀ। ਉਸ ਦੀ ਜ਼ਿੰਦਗੀ ਦਾ ਇਹ ਪਾਸਾ ਦੋਸਤਾਂ ਦੀਆਂ ਨਜ਼ਰਾਂ ਤੋਂ ਛੁਪਿਆ ਹੋਇਆ ਸੀ। ਉਹ ਆਪਣੇ ਰਾਜ਼ ਦਾ ਆਪ ਹੀ ਢੰਡੋਰਾ ਪਿੱਟਣ ਵਾਲਾ ਬਣ ਗਿਆ। ਉਹ ਸ਼ਰਮਿੰਦਾ ਵੀ ਸੀ ਅਤੇ ਦੁਖੀ ਵੀ।

ਹਿਨਾ ਐਮ.ਏ. ਕਰ ਰਹੀ ਸੀ। ਉਹਦੀ ਸਾਦਗੀ ਅਤੇ ਪਵਿੱਤਰਤਾ ਉਸ ਨੂੰ ਬਹੁਤ ਪਸੰਦ ਆਈ ਸੀ। ਕੂਲੀ-ਕੂਲੀ ਜਿਹੀ, ਜਿਸ ਦੇ ਪੁਰਨੂਰ ਚਿਹਰੇ 'ਤੇ ਫਰਿਸ਼ਤਿਆਂ ਦਾ ਨੂਰ ਝਲਕਦਾ ਸੀ। ਉਹ ਪੂਰੇ ਦਿਲੋਂ ਉਸ ਨੂੰ ਚਾਹੁਣ ਲੱਗ ਪਿਆ ਸੀ, ਪਰ ਬੋਲ ਕੇ ਪਿਆਰ ਦਾ ਇਜ਼ਹਾਰ ਕਰਨਾ ਬੜਾ ਕਠਿਨ ਕੰਮ ਸੀ। ਕਮਲ ਨੂੰ ਹੀ ਦਿਲ ਦਾ ਬੋਲ ਬਣਾ ਸੁੱਟਿਆ।

ਸੈਫ਼ੀ, ਪਰਵੀਨ, ਨਿਕਹਤ ਅਤੇ ਸ਼ਾਹਿਦ ਚੁੱਪ-ਚਾਪ ਜਾ ਕੇ ਹਿਨਾ ਨੂੰ ਦੇਖ ਆਏ ਸਨ। ਸਾਰੇ ਭਰਾ ਦੀ ਪਸੰਦ ਦੀ ਪ੍ਰਸ਼ੰਸਾ ਕਰ ਰਹੇ ਸਨ, ਪਰ ਨਿਕਹਤ ਬੁਝੀ ਹੋਈ ਸੀ।

ਕੀ ਹਾਲ ਹੋਵੇਗਾ ਸੱਬਾ ਦਾ, ਜੇ ਨਵੇਦ ਨੇ ਆਪਣੀ ਜ਼ਬਾਨ ਖੋਲ੍ਹੀ...? ਉਹਨੇ ਦਿਲ ਵਿਚ ਹੀ ਸੋਚਿਆ, ਸੱਬਾ ਤਾਂ ਇਹਨੂੰ ਬਹੁਤ ਚਾਹੁੰਦੀ ਸੀ। ਉਸ ਦੀ ਮਾਂ ਨੇ ਵੀ ਸੱਬਾ ਨੂੰ ਬਹੂ ਬਣਾਉਣ ਲਈ ਸੋਚਿਆ ਸੀ।

ਮਾਂ ਲਗਾਤਾਰ ਦੇਖ ਰਹੀ ਸੀ। ਨਵੇਦ ਕਿਸੇ ਡੂੰਘੀ ਸੋਚ ਵਿਚ ਡੁੱਬਿਆ ਰਹਿੰਦਾ ਸੀ। ਮਾਂ ਨੇ ਨਦੀਮ, ਸ਼ਾਹਿਦ ਤੇ ਸੈਫ਼ੀ ਨੂੰ ਕਿਹਾ ਸੀ ਕਿ ਨਵੇਦ ਦੀ ਇੱਛਾ ਪਤਾ ਕਰਨ। ਨਦੀਮ ਨੇ ਥੋੜ੍ਹੀ ਦੋਚਿੱਤੀ ਪਿਛੋਂ ਸਾਰੀਆਂ ਗੱਲਾਂ ਦਾ ਪਤਾ ਲਾ ਲਿਆ ਸੀ।

ਨਵੇਦ ਦੇ ਇਨਕਾਰ 'ਤੇ ਇਕ ਪਾਸੇ ਮਾਂ ਗੁੱਸੇ ਸੀ, ਦੂਜੇ ਪਾਸੇ ਸੱਬਾ ਜਵਾਲਾਮੁਖੀ। ਦਿਨ ਦੇ ਨੌਂ ਵੱਜ ਰਹੇ ਸਨ। ਸਵੇਰੇ ਨਵੇਦ ਨੂੰ ਨੌਕਰ ਨੇ ਜਗਾਇਆ। ਵਰਾਂਡੇ ਵਿਚ ਸਾਰੇ ਚਾਹ ਪੀ ਰਹੇ ਸਨ। ਮਾਂ ਦੱਬੇ ਪੈਰੀਂ ਅੱਗੇ ਆਈ। ਫਿਰ ਨਵੇਦ ਦੇ ਕਮਰੇ ਵਿਚ ਝਾਤ ਮਾਰੀ। ਉਹ ਨਾਈਟ ਸੂਟ ਪਾਈ ਦੁਖੀ ਜਿਹਾ ਬਿਸਤਰ ਉਤੇ ਪਿਆ ਸੀ। ਮਾਂ ਨੂੰ ਦੇਖ ਕੇ ਉਦਾਸੀ ਤੇ ਸ਼ਰਮਿੰਦਗੀ ਨਾਲ ਮੁਸਕਰਾ ਕੇ ਸਿੱਧਾ ਹੋ ਕੇ ਬੈਠ ਗਿਆ।

"ਸਾਰੀ ਰਾਤ ਪੜ੍ਹਦਾ ਰਿਹਾ ਸੀ?" ਮਾਂ ਨੇ ਕਿਹਾ ਅਤੇ ਬਿਸਤਰੇ ਤੋਂ ਕਿਤਾਬਾਂ ਚੁੱਕ ਕੇ ਮੇਜ਼ ਉਤੇ ਰੱਖ ਦਿੱਤੀਆਂ। ਫਿਰ ਉਸ ਦੇ ਕੋਲ ਆ ਬੈਠੀ।

"ਨਵੇਦ।" ਮਾਂ ਨੇ ਕਿਹਾ, "ਮੈਨੂੰ ਵੀ ਵਿਖਾ, ਆਖਰ ਕਿਹੋ ਜਿਹੀ ਹੈ ਤੇਰੀ ਚੋਣ?" ਉਹ ਸਿੱਧੀ ਹੀ ਪੁੱਛ ਬੈਠੀ, ਨਾ ਕੋਈ ਭੂਮਿਕਾ ਤੇ ਨਾ ਕੋਈ ਝਿਜਕ।

ਨਵੇਦ ਘਬਰਾਇਆ। ਫਿਰ ਸੰਭਲ ਕੇ ਕੰਧ ਦਾ ਸਹਾਰਾ ਲੈ ਕੇ ਬੈਠ ਗਿਆ।

"ਤੂੰ ਦੇਖ ਸਕਦੀ ਐਂ, ਪਰ ਇਹ ਸੋਚ ਕੇ ਦੇਖੇਗੀ ਕਿ ਉਹ ਮੇਰੀ ਪਹਿਲੀ ਤੇ ਆਖਰੀ ਪਸੰਦ ਐ। ਜੇ ਉਹ ਨਹੀਂ, ਤਾਂ ਕੋਈ ਵੀ ਨਹੀਂ।" ਉਸ ਦੇ ਬੋਲਾਂ ਵਿਚ ਬੇਨਤੀ ਵੀ ਸੀ ਅਤੇ ਤੜਫ ਵੀ।



"ਮੈਂ ਦੇਖਾਂ ਤਾਂ ਸਹੀ...?" ਮਾਂ ਟੇਢੀਆਂ ਨਜ਼ਰਾਂ ਨਾਲ ਉਸ ਨੂੰ ਦੇਖਣ ਲੱਗੀ, "ਪਤਾ ਨਹੀਂ ਕਿਹੋ ਜਿਹੀ ਕੁੜੀ ਹੋਵੇ?"

"ਚਾਹੇ ਜਿਹੋ ਜਿਹੀ ਵੀ ਹੋਵੇ, ਹਰ ਹਾਲਤ ਵਿਚ ਮੈਨੂੰ ਚੰਗੀ ਲਗਦੀ ਐ। ਤੂੰ ਇਕਰਾਰ ਕਰ, ਉਸ ਨੂੰ ਮੇਰੀ ਬਣਾ ਦੇਵੇਂਗੀ।" ਉਸ ਨੇ ਕਿਹਾ ਅਤੇ ਮਾਂ ਦੀ ਗੋਦ ਵਿਚ ਸਿਰ ਰੱਖ ਦਿੱਤਾ।

"ਚੰਗਾ ਭਾਈ...।" ਮਾਂ ਉਸ ਦੀ ਕਾਹਲੀ 'ਤੇ ਹੱਸਣ ਲੱਗੀ। ਫਿਰ ਉਠ ਕੇ ਚਲੀ ਗਈ।

ਫ਼ਿਰ ਉਹ ਫ਼ਿਕਰਾਂ ਦੇ ਬੋਝ ਥੱਲੇ ਦੱਬੀ ਜਾਣ ਲੱਗੀ। ਸੱਬਾ ਉਸ ਨੂੰ ਨਿਰਦੋਸ਼ ਲੱਗੀ। ਭੈਣ ਨਾਲ ਉਹਨੇ ਇਸ ਨੂੰ ਬਹੂ ਬਣਾਉਣ ਦਾ ਇਕਰਾਰ ਕੀਤਾ ਹੋਇਆ ਸੀ। ਨਵੇਦ ਦਾ ਰੰਗ-ਢੰਗ ਸਹਿਣ ਤੋਂ ਬਾਹਰਾ ਸੀ। ਪੁੱਤਰ-ਜ਼ਿਦ ਤੋਂ ਡਰੀ-ਡਰੀ ਲੱਗਣ ਲੱਗੀ।...ਇਹ ਡਰ ਵੀ ਸੀ ਕਿ ਸੱਬਾ ਦਾ ਦੁਖੀ ਅੰਦਾਜ਼ ਕੋਈ ਹੋਰ ਸ਼ਕਲ ਅਖਤਿਆਰ ਨਾ ਕਰ ਲਵੇ।

ਸਾਰਾ ਪਰਿਵਾਰ ਇਸ ਆਗਿਆਕਾਰੀ ਪੁੱਤਰ ਤੋਂ ਜਾਣੂ ਸੀ। ਸਾਰਿਆਂ ਨੇ ਨਵੇਦ ਦੇ ਹੱਕ ਵਿਚ ਸਲਾਹ ਦਿੱਤੀ। "ਨਵੇਦ ਦੀ ਮਜਬੂਰੀ ਅਤੇ ਜ਼ਬਰਦਸਤੀ ਦਾ ਸੌਦਾ ਤਾਂ ਨਹੀਂ ਕੀਤਾ ਜਾ ਸਕਦਾ।" ਨਦੀਮ ਨੇ ਕਿਹਾ।

"ਫਿਰ ਤੂੰ ਹੀ ਕੋਈ ਹੱਲ ਕੱਢ...।" ਮਾਂ ਪੂਰੀ ਪ੍ਰੇਸ਼ਾਨ ਸੀ।

"ਸੱਬਾ ਲਈ ਰਿਸ਼ਤਿਆਂ ਦਾ ਘਾਟਾ ਨਹੀਂ। ਸ਼ਾਹਿਦ ਆਦਿ ਨਾਲ ਵੀ ਗੱਲ ਕੀਤੀ ਜਾ ਸਕਦੀ ਹੈ।" ਮਾਸੀ ਨੇ ਕਿਹਾ। ਆਖਰ ਆਪਣੇ ਪੁੱਤਰ ਦੀ ਖੁਸ਼ੀ ਲਈ ਉਸ ਨੂੰ ਝੁਕਣਾ ਪਿਆ।

ਇਕ ਦਿਨ ਸਾਰਿਆਂ ਨੇ ਵਡੇਰਿਆਂ ਨੂੰ ਹਿਨਾ ਲਈ ਸੁਨੇਹਾ ਦੇ ਕੇ ਉਨ੍ਹਾਂ ਨੂੰ ਭੇਜ ਦਿੱਤਾ। ਸੁਨੇਹਾ ਮੰਨ ਲਿਆ ਗਿਆ। ਬਿਨਾਂ ਕਿਸੇ ਰੁਕਾਵਟ ਦੇ ਨਵੇਦ ਦੀ ਇੱਛਾ ਪੂਰੀ ਹੋ ਗਈ।

ਵਿਆਹ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਹੋਣ ਲੱਗੀਆਂ।

---

ਸੱਬਾ ਸਭ ਨਾਲੋਂ ਅੱਡ ਹੀ ਰਹਿੰਦੀ ਸੀ। ਉਹ ਆਪਣੇ ਕਮਰੇ ਵਿਚੋਂ ਬਾਹਰ ਹੀ ਨਹੀਂ ਸੀ ਨਿਕਲਦੀ। ਬੱਸ, ਥੋੜ੍ਹੇ ਹੀ ਦਿਨਾਂ ਵਿਚ ਬਦਲ ਗਈ ਸੀ। ਉਸ ਦੀ ਸ਼ੋਖੀ ਅਤੇ ਖੁਸ਼-ਤਬੀਅਤੀ ਸਭ ਲੋਪ ਹੋ ਗਏ। ਉਹ ਪਹਿਰਾਂ ਦੇ ਪਹਿਰ ਇਕੱਲੀ ਪਈ ਸੋਚਦੀ ਰਹਿੰਦੀ ਸੀ- 'ਨਦੀਮ ਭਾਈ ਦੇ ਵਿਆਹ ਵਿਚ ਨਵੇਦ ਨੂੰ ਪਹਿਲੀ ਵਾਰ ਦੇਖਿਆ ਸੀ। ਬੇਹੱਦ ਗੰਭੀਰ ਅਤੇ ਚੁੱਪ ਦਾ ਮਾਲਕ। ਮਾਂ ਦੇ ਤੁਰ ਜਾਣ ਪਿਛੋਂ ਨਵੇਦ ਨੂੰ ਹੋਰ ਨੇੜਿਓਂ ਦੇਖਣ ਦਾ ਸਮਾਂ ਮਿਲਿਆ।' ਮਾਂ ਨੂੰ ਯਾਦ ਕਰ ਕੇ ਦਿਲ ਨੂੰ ਧੱਕਾ ਜਿਹਾ ਲੱਗਿਆ।

ਵਿਲਕਦੀ ਹੋਈ ਸੱਬਾ ਨੂੰ ਮਾਸੀ ਨੇ ਆਪਣੇ ਸੀਨੇ ਨਾਲ ਲਾਇਆ ਸੀ। ਉਹਦੇ ਕੋਲ ਭੈਣ ਦੀ ਕੋਈ ਹੋਰ ਨਿਸ਼ਾਨੀ ਵੀ ਤਾਂ ਨਹੀਂ ਸੀ। ਮਾਸੀ ਇਹਨੂੰ ਸਹਾਰਾ ਦੇ ਕੇ ਆਪਣੇ ਨਾਲ ਲੈ ਆਈ। ਜਦੋਂ ਉਹ ਮਾਸੀ ਦੇ ਘਰ ਆਈ ਤਾਂ ਏਅਰਪੋਰਟ 'ਤੇ 'ਜੀ ਆਇਆਂ' ਕਹਿਣ ਵਾਲਿਆਂ ਵਿਚ ਨਵੇਦ ਵੀ ਸੀ। ਉਸ ਨੇ ਸਿਰ ਤੋਂ ਪੈਰਾਂ ਤੱਕ ਇਸ ਨੂੰ ਦੇਖਿਆ ਸੀ। ਕਿੰਨੀ ਆਕਰਸ਼ਿਤ ਸ਼ਖਸੀਅਤ ਵਾਲਾ, ਉਹ ਇਹੀ ਤਾਂ ਸੀ।

"ਇਹ ਨਵੇਦ ਦੇ ਚਚੇਰੇ ਭੂਆ ਦੇ ਭੈਣ-ਭਾਈ ਨੇ...ਇਹ ਨਦੀਮ ਐ, ਇਹ ਪ੍ਰਵੀਨ ਅਤੇ ਉਹ ਸਾੜ੍ਹੀ ਵਾਲੀ ਨਿਕਹਤ। ਉਹ ਸੈਫ਼ੀ ਤੇ ਇਹ ਸ਼ਾਹਿਦ। ਸਭ ਗਰਮੀਆਂ ਦੀਆਂ ਛੁੱਟੀਆਂ ਕਰ ਕੇ ਆਏ ਹੋਏ ਹਨ...ਤੇ ਇਹ ਸੱਬਾ।" ਮਾਸੀ ਨੇ ਸਭ ਨਾਲ ਜਾਣ-ਪਛਾਣ ਕਰਵਾਈ।

"ਭਾਈ ਦੇ ਵਿਆਹ ਵੇਲੇ ਦੇਖਿਆ ਸੀ ਇਹਨੂੰ...।" ਪ੍ਰਵੀਨ ਮੁਸਕਰਾਈ।

"ਤੂੰ ਮੇਰੇ ਨਾਲ ਰਹਿਣਾ ਪਸੰਦ ਕਰੇਂਗੀ?" ਨਵੇਦ ਨੇ ਗੰਭੀਰ ਤੇ ਨਰਮ ਆਵਾਜ਼ ਵਿਚ ਪੁੱਛਿਆ।

"ਮੈਂ ਸੱਬਾ ਨੂੰ ਲੈ ਆਈ ਹਾਂ, ਹੁਣ ਇਹ ਇਥੇ ਹੀ ਰਹੇਗੀ। ਮੇਰੇ ਹੁੰਦਿਆਂ ਇਹ ਇਕੱਲੀ ਘਰ ਵਿਚ ਰਹੇ, ਇਹ ਨਹੀਂ ਹੋ ਸਕਦਾ।" ਮਾਂ ਉਸ ਨੂੰ ਸਮਝਾ ਰਹੀ ਸੀ।

"ਭਰਾ ਦੇ ਵਿਆਹ 'ਤੇ ਇਸ ਨੂੰ ਸਭ ਨੇ ਦੇਖਿਆ ਸੀ। ਜਦੋਂ ਤੂੰ ਚਲੀ ਗਈ ਸੀ ਤਾਂ ਨਵੇਦ ਭਰਾ ਤੈਨੂੰ ਬਹੁਤ ਯਾਦ ਕਰਦੇ ਸੀ। ਤੇਰੇ ਬਾਰੇ ਬਹੁਤ ਗੱਲਾਂ ਕਰਦੇ ਸਨ।"

ਨਿਕਹਤ ਨੇ ਉਸ ਵੱਲ ਮੁਸਕਰਾ ਕੇ ਦੇਖਿਆ, ਤਾਂ ਉਹ ਪ੍ਰੇਸ਼ਾਨ ਹੋ ਗਈ। ਮਾਸੀ ਦੇ ਘਰ ਦੀ ਗਹਿਮਾ-ਗਹਿਮੀ ਅਤੇ ਰੌਣਕ ਇਕਦਮ ਵਧ ਗਈ ਸੀ। ਸੱਬਾ ਦੇ ਆਉਣ ਨਾਲ ਨਵੇਦ ਬੇਹੱਦ ਖੁਸ਼ ਸੀ। ਇਸ ਨੂੰ ਆਪਣੀ ਇਕੱਲਤਾ ਦਾ ਸਾਥੀ ਮਿਲ ਗਿਆ। ਜਦੋਂ ਵੀ ਵਿਹਲ ਹੁੰਦੀ, ਕਾਲਜੋਂ ਭੱਜ ਆਉਂਦਾ। ਹਰ ਵੇਲੇ ਉਹਦੀ ਯਾਦ, ਹਰ ਘੜੀ ਉਹਦਾ ਨਾਂ।

ਕਿੰਨੀ ਖੁਸ਼-ਨਸੀਬ ਸੀ। ਉਹ ਮਾਂ ਇਸ ਨਾਲ ਆਪਣੀ ਕਿਸਮਤ 'ਤੇ ਮਾਣ ਕਰਦੀ। ਇਨ੍ਹਾਂ ਦਾ ਸੁੰਦਰ ਬੰਗਲਾ, ਚਮਕਦੀ ਕਾਰ ਅਤੇ ਬੇਸ਼ੁਮਾਰ ਧਨ ਜਿਸ ਨੂੰ ਉਹ ਬੇਦਰਦੀ ਨਾਲ ਖਰਚਦੀ। ਇਨ੍ਹਾਂ ਕਦੇ ਨਹੀਂ ਟੋਕਿਆ। ਇਨ੍ਹਾਂ ਨੂੰ ਆਪਣੀ ਪੁੱਤਰੀ ਨਾਲ ਵੀ ਅੰਤਾਂ ਦਾ ਪਿਆਰ ਸੀ। ਸੱਬਾ ਦੇ ਰੂਪ ਵਿਚ ਉਹ ਆਪਣੀ ਭੈਣ ਨੂੰ ਤੁਰਦਿਆਂ-ਫਿਰਦਿਆਂ ਦੇਖਦੀ...ਦੂਰੋਂ-ਨੇੜਿਓਂ।

ਇਕ ਦਿਨ ਸ਼ਾਮ ਵੇਲੇ ਉਹ ਨਵੇਦ ਨਾਲ ਚਾਹ ਪੀ ਰਹੀ ਸੀ।

"ਚੱਲ ਫਿਲਮ ਚੱਲੀਏ।" ਉਹ ਖੁਮਾਰੀ ਅੱਖਾਂ ਨਾਲ ਉਸ ਵੱਲ ਦੇਖ ਰਿਹਾ ਸੀ।

"ਮਾਸੀ ਕਿਥੇ ਐ?" ਉਸ ਨੇ ਹੌਲੀ ਜਿਹੀ ਪੁੱਛਿਆ।

"ਹੋਊਗੀ ਕਿਤੇ, ਤੂੰ ਉਠ।" ਉਹ ਜ਼ਿੱਦ ਕਰ ਰਿਹਾ ਸੀ।

ਜਦੋਂ ਉਹ ਫਿਲਮ ਦੇਖ ਕੇ ਮੁੜ ਰਹੇ ਸੀ ਤਾਂ ਨਵੇਦ ਨੇ ਉਸ ਨੂੰ ਆਪਣੇ ਨਾਲ ਲਾ ਲਿਆ।

"ਅੱਜ ਤੱਕ ਤੂੰ ਜ਼ਿੰਦਗੀ ਆਪਣੀ ਖਾਤਰ ਗੁਜ਼ਾਰੀ ਐ, ਹੁਣ ਤੈਨੂੰ ਮੇਰੇ ਲਈ ਜਿਉਣਾ ਹੋਵੇਗਾ, ਕੇਵਲ ਮੇਰੇ ਲਈ...।" ਉਹਨੇ ਬਹੁਤ ਮੱਧਮ ਬੋਲਾਂ ਵਿਚ ਕਿਹਾ। ਉਹ ਚੁੱਪ ਰਹੀ, ਪਰ ਉਸ ਦੇ ਬੁੱਲ੍ਹਾਂ 'ਤੇ ਮੁਸਕਾਨ ਸੀ, ਸ਼ਰਮੀਲੀ ਜਿਹੀ।

"ਮੇਰਾ ਦਿਲ ਨਾ ਤੋੜ ਸੱਬਾ।" ਉਹਨੇ ਅੱਗੇ ਵਧ ਕੇ ਆਪਣੇ ਤਪਦੇ ਤੇ ਤਕੜੇ ਹੱਥਾਂ ਵਿਚ ਉਸ ਦਾ ਠੰਢਾ ਹੱਥ ਫੜ ਲਿਆ।

"ਇਕਰਾਰ ਕਰ...ਮੈਂ ਤੈਨੂੰ ਬੇਅੰਤ ਪਿਆਰ ਕਰਦਾ ਹਾਂ, ਤੂੰ ਵੀ ਮੈਨੂੰ ਚਾਹੁੰਨੀ ਏਂ ਨਾ। ਮੈਂ ਮਹਿਸੂਸ ਕੀਤਾ ਏ ਸੱਬਾ। ਮੈਨੂੰ ਅਪਨਾ ਲੈ...ਇਕਰਾਰ ਕਰ।" ਇਕੋ ਸਾਹੇ ਸਭ ਕਹਿ ਗਿਆ।

"ਇਹ ਵੀ ਕੋਈ ਜ਼ਬਰਦਸਤੀ ਐ।" ਉਹਨੇ ਜਾਣ-ਬੁੱਝ ਕੇ ਕਿਹਾ।

"ਤੇਰੀ ਥਾਂ ਕੋਈ ਹੋਰ ਹੋਵੇ...ਬਿਲਕੁਲ ਨਹੀਂ।" ਉਹ ਝੁੰਜਲਾ ਕੇ ਬੋਲਿਆ।

"ਕਿਉਂ ਨਹੀਂ?" ਉਹਨੇ ਸ਼ਰਾਰਤ ਨਾਲ ਪੁੱਛਿਆ।

"ਬਕਵਾਸ ਐ", ਉਹ ਕੇਵਲ ਇੰਨਾ ਹੀ ਕਹਿ ਸਕਿਆ।

ਇਹ ਕਿਹੋ ਜਿਹੀ ਆਵਾਜ਼ ਸੀ ਜੋ ਹਰ ਵੇਲੇ ਉਸ ਦਾ ਪਿੱਛਾ ਕਰਦੀ ਰਹੀ ਸੀ। ਫਿਰ ਉਹਨੂੰ ਯਾਦ ਆਇਆ।...

"ਸੱਬਾ, ਸੱਬਾ...ਕੀ ਪਿਆਰ ਦਾ ਇਹੀ ਸਤਿਕਾਰ ਹੈ? ਮੈਂ ਇਥੇ ਆਂ ਅਤੇ ਤੂੰ ਪ੍ਰਵੀਨ, ਨਿਕਹਤ ਨਾਲ ਬੈਡਮਿੰਟਨ ਖੇਡ ਰਹੀ ਏਂ।" ਨਵੇਦ ਨੇ ਧੀਮੇ ਜਿਹੇ ਕਿਹਾ।

"ਬੱਸ, ਬੱਸ।" ਨਿਕਹਤ ਨੇ ਇਨ੍ਹਾਂ ਵੱਲ ਸ਼ਟਲ ਕਾਕ ਸੁੱਟ ਦਿੱਤੀ।

ਪਰ ਅੱਜ...

...ਕਿੰਨਾ ਬਦਲ ਗਿਆ ਸੀ ਉਹ।

ਆਪਣੇਪਨ ਦਾ ਜਿਹੜਾ ਅਹਿਸਾਸ ਇਸ ਦੇ ਦਿਲ ਵਿਚ ਸੀ, ਉਹ ਕਦੋਂ ਦਾ ਫਨ੍ਹਾ ਹੋ ਚੁੱਕਿਆ ਸੀ, ਪਤਾ ਨਹੀਂ ਕਿਉਂ?

ਹੁਣ ਉਹ ਹਿਨਾ ਦੇ ਹੁਸਨ ਦੇ ਦਰਬਾਰ ਵਿਚ ਸਿਰ ਝੁਕਾਈ ਖੜ੍ਹਾ ਸੀ।

ਫਿਰ ਉਹਨੂੰ ਨਵੇਦ ਦੀ ਸਾਲਗਿਰਾ ਦਾ ਦਿਨ ਯਾਦ ਆਇਆ...ਗੂੜ੍ਹੇ ਸੁਰਮਈ ਸੂਟ ਵਿਚ ਉਹ ਕਿੰਨਾ ਆਕਰਸ਼ਕ ਲੱਗ ਰਿਹਾ ਸੀ।

"ਸੁੰਦਰ ਚਿਹਰੇ ਕਦੇ ਬੇਵਫ਼ਾਈ ਨਹੀਂ ਕਰਦੇ।" ਨਿਕਹਤ ਕਹਿ ਰਹੀ ਸੀ। ਉਹ ਇਹਦੇ ਹੁਸਨ ਤੋਂ ਪ੍ਰਭਾਵਿਤ ਤਾਂ ਸੀ ਪਰ ਇਸ ਦੀਆਂ ਕਰਤੂਤਾਂ ਦੀ ਜਾਂਚ ਸਦਾ ਸਰੀਰਕ ਭੁੱਖ ਦੇ ਰੂਪ ਵਿਚ ਕਰਦੀ।

"ਸਰੀਰਕ ਭੁੱਖ ਵਾਲੀਆਂ ਮੋਟੀਆਂ-ਮੋਟੀਆਂ ਕਿਤਾਬਾਂ ਪੜ੍ਹ ਕੇ ਤੇਰੀ ਅਕਲ ਵੀ ਮੋਟੀ ਹੋ ਗਈ ਹੈ।" ਉਹ ਹੱਸ ਪਈ।

ਨਿਕਹਤ ਝੁੰਜਲਾ ਕੇ ਉਥੋਂ ਚਲੀ ਗਈ।

ਪਾਸੇ ਮਾਰਦਿਆਂ ਅੱਧੀ ਰਾਤ ਬੀਤ ਗਈ।

ਮਾਸੀ ਦੀ ਦਿਲ-ਧਰਾਈ ਵੀ ਹੁਣ ਉਸ ਨੂੰ ਚੰਗੀ ਨਹੀਂ ਲੱਗਦੀ ਸੀ। ਪ੍ਰਵੀਨ, ਸੈਫੀ ਅਤੇ ਨਿਕਹਤ ਆਦਿ ਦੀਆਂ ਪਿਆਰੀਆਂ ਗੱਲਾਂ ਕੰਡੇ ਵਾਂਗ ਚੁਭਦੀਆਂ। ਸਾਰਿਆਂ ਨੇ ਨਵੇਦ ਦੀ ਹੀ ਪਿੱਠ ਠੋਕੀ ਸੀ।

ਸਾਰਾ ਪਰਿਵਾਰ ਇਹਦੇ ਅੰਦਰਲੀ ਖਿੱਚ-ਧੂਹ ਅਤੇ ਵਿਰੋਧ ਤੋਂ ਬੇਖਬਰ ਸੀ। ਨਵੇਦ ਦੇ ਇਨਕਾਰ ਨੇ ਉਸ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ

***(ਬਾਕੀ ਅਗਲੇ ਸਫੇ 'ਤੇ)***

## ਸੰਪਾਦਕ ਦੀ ਡਾਕ

# ਰਾਗੀਆਂ-ਢਾਡੀਆਂ ਦੀਆਂ ਵਾਰਾਂ ਬਾਰੇ ਵੱਡਾ ਸਵਾਲ

'ਪੰਜਾਬ ਟਾਈਮਜ਼' ਦੇ 29 ਨਵੰਬਰ ਦੇ ਅੰਕ ਵਿਚ ਸ. ਗੁਰਦਿਆਲ ਸਿੰਘ ਬੱਲ ਦਾ ਲੇਖ 'ਬਾਬਾ ਬਰਾੜ: ਸਾਕਾ ਨੀਲਾ ਤਾਰਾ ਤੋਂ ਸਾਈਂ ਮੀਆਂ ਮੀਰ ਤੱਕ' ਪੜ੍ਹਿਆ, ਸਾਕਾ ਨੀਲਾ ਤਾਰਾ ਬਾਰੇ ਕਈ ਗੁੱਝੀਆਂ ਗੱਲਾਂ ਦਾ ਪਤਾ ਲੱਗਾ। ਬਾਬਾ ਬਰਾੜ ਦੀ ਇਹ ਗੱਲ ਸਹੀ ਹੈ ਕਿ ਰਾਗੀ-ਢਾਡੀ ਹਮੇਸ਼ਾ ਨਫਰਤ ਨਾਲ ਭਰੀਆਂ ਇਤਿਹਾਸਕ ਵੀਰ ਗਾਥਾਵਾਂ ਲੋਕਾਂ ਨੂੰ ਸੁਣਾਉਂਦੇ ਹਨ। ਸਾਈਂ ਮੀਆਂ ਮੀਰ, ਮਰਦਾਨਾ, ਬਾਬਾ ਫਰੀਦ, ਬੁੱਧੂ ਸ਼ਾਹ ਤੇ ਨਵਾਬ ਮਲੇਰ ਕੋਟੀਏ ਜਿਨ੍ਹਾਂ ਨੇ ਇਨਸਾਨੀਅਤ ਨੂੰ ਪਹਿਲ ਦਿੱਤੀ, ਦਾ ਇਹ ਲੋਕ ਬਹੁਤ ਘੱਟ ਜ਼ਿਕਰ ਕਰਦੇ ਹਨ। ਅੱਜ ਲੋੜ ਹੈ, ਸਾਈਂ ਮੀਆਂ ਮੀਰ ਦੀ ਵਿਰਾਸਤ ਨੂੰ ਅੱਗੇ ਤੋਰਨ ਦੀ ਜਿਸ ਨਾਲ ਮਨੁੱਖਤਾ ਪ੍ਰੀਤ ਲੜੀ ਵਿਚ ਪ੍ਰੋਈ ਜਾ ਸਕੇ।

ਅਸਲ 'ਚ ਅੱਜ ਦਾ ਮੱਕਾਰ ਸਿਆਸਤਦਾਨ ਲੋਕਾਂ ਵਿਚ ਵੰਡੀਆਂ ਪਾ ਕੇ ਆਪਣੀ ਗੱਦੀ ਕਾਇਮ ਕਰ ਕੇ ਸ਼ੋਹਰਤ ਅਤੇ ਮਾਇਆ ਪ੍ਰਾਪਤ ਕਰਨੀ ਚਾਹੁੰਦਾ ਹੈ, ਲੋਕ ਭਾਵੇਂ ਪੈਣ ਢੱਠੇ ਖੂਹ ਵਿਚ। ਪ੍ਰੋ. ਪੂਰਨ ਸਿੰਘ ਨੇ ਲਿਖਿਆ ਸੀ- ਪੰਜਾਬ ਜੀਂਦਾ ਗੁਰਾਂ ਦੇ ਨਾਂ 'ਤੇ...ਗੁਰੂਆਂ, ਭਗਤਾਂ ਤੇ ਸੂਫੀ ਸੰਤਾਂ ਦੀ ਬਾਣੀ ਮਨੁੱਖ ਨੂੰ ਜੋੜਦੀ ਹੈ, ਤੋੜਦੀ ਨਹੀਂ। 1947 ਤੋਂ ਪਹਿਲਾਂ ਹਿੰਦੂ, ਸਿੱਖ, ਮੁਸਲਮਾਨ ਤੇ (ਅਖੌਤੀ) ਦਲਿਤ- ਭਰਾਵਾਂ ਵਾਂਗ ਮਿਲ ਕੇ ਰਹਿੰਦੇ ਸਨ। ਇਕ-ਦੂਜੇ ਦੇ ਦੁੱਖ-ਸੁੱਖ ਦੇ ਭਾਈਵਾਲ ਸਨ। ਸਿਆਸਤਦਾਨਾਂ ਨੇ ਮਜ਼੍ਹਬ ਦੇ ਨਾਂ ਉਤੇ ਮੁਲਕ ਦੇ ਦੋ ਟੁਕੜੇ ਕਰ ਦਿੱਤੇ ਜਿਸ ਵਿਚ ਦਸ ਲੱਖ ਪੰਜਾਬੀ ਮਾਰੇ ਗਏ, ਕਿਉਂਕਿ ਇਨ੍ਹਾਂ ਨੇ ਸਾਈਂ ਮੀਆਂ ਮੀਰ ਦੀ ਵਿਰਾਸਤ ਵਿਸਾਰ ਦਿੱਤੀ ਸੀ। ਦੋਹਾਂ ਪੰਜਾਬਾਂ ਵਿਚ ਧੀਆਂ ਮਾਪਿਆਂ ਤੋਂ ਵਿਛੋੜ ਦਿੱਤੀਆਂ ਗਈਆਂ।

ਬਾਬਾ ਨਾਨਕ, ਬਾਬਾ ਫਰੀਦ ਤੇ ਹੋਰ ਸੰਤਾਂ ਦੀ ਬਾਣੀ ਮਨੁੱਖਤਾ ਨੂੰ ਜੋੜਦੀ ਹੈ। ਬਾਬੂ ਰਜਬ ਅਲੀ ਸੱਚਾ ਪੰਜਾਬੀ ਸੀ ਜਿਸ ਨੇ ਸਿੱਖ ਇਤਿਹਾਸ ਨੂੰ ਆਪਣੀ ਕਵੀਸ਼ਰੀ ਰਾਹੀਂ ਕਲਮਬੰਦ ਕੀਤਾ ਹੈ। ਭਾਸ਼ਾ ਦਾ ਸਬੰਧ ਕਿਸੇ ਇਲਾਕੇ ਜਾਂ ਖਿੱਤੇ ਨਾਲ ਹੁੰਦਾ ਹੈ, ਮਜ਼੍ਹਬ ਨਾਲ ਨਹੀਂ। ਭਾਸ਼ਾ ਦੀ ਦੁਫੇੜ ਤੋਂ ਚੱਲੀ ਗੱਲ ਪੰਜਾਬ ਵਿਚ ਖਾੜਕੂ ਲਹਿਰ ਤੋਂ ਚੱਲ ਕੇ ਸਾਕਾ ਨੀਲਾ ਤਾਰਾ ਤੱਕ ਜਾ ਪਹੁੰਚੀ। ਸਿਆਸਤਦਾਨਾਂ ਦੀ ਆਪਸੀ ਖਹਿਬਾਜ਼ੀ ਅਤੇ ਸਰਕਾਰੀ ਏਜੰਸੀਆਂ ਰਾਹੀਂ ਪੰਜਾਬ ਦੇ ਦੋ ਵੱਡੇ ਫਿਰਕਿਆਂ ਵਿਚ ਨਫਰਤ ਦੇ ਬੀਜ, ਬੀਜ ਕੇ ਪੰਜਾਬੀ ਕੌਮ ਦਾ ਘਾਣ ਕਰਵਾਇਆ ਜੋ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ।

ਇਸ ਨਫਰਤ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਵਿਚ ਦੋ ਮੁੱਖ ਫਿਰਕਿਆਂ ਨੇ ਇਕ-ਦੂਜੇ ਦੇ ਨੁਕਸਾਨ 'ਤੇ ਖੁਸ਼ੀਆਂ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੀਆਂ ਦੋ ਮਿਸਾਲਾਂ ਹਨ। ਦਰਬਾਰ ਸਾਹਿਬ ਉਤੇ ਹਮਲੇ ਤੋਂ ਬਾਅਦ ਇਕ ਫਿਰਕੇ ਦੇ ਲੋਕਾਂ ਨੇ ਲੱਡੂ ਵੰਡੇ ਅਤੇ ਫਿਰ ਇੰਦਰਾ ਗਾਂਧੀ ਦੀ ਮੌਤ 'ਤੇ ਦੂਜੇ ਫ਼ਿਰਕੇ ਨੇ ਲੋਕਾਂ ਨੇ ਖੁਸ਼ੀਆਂ ਮਨਾਈਆਂ। ਇਥੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਰੇ ਇਕ ਗੱਲ ਕਰਨੀ ਹੈ। ਉਨ੍ਹਾਂ ਸਾਡੇ ਪਿੰਡ ਦੇ ਇਕ ਮੁੰਡੇ ਨੂੰ ਰਿਸ਼ਤਾ ਕਰਾਇਆ ਸੀ ਜੋ ਸ਼ਰੀਕੇ ਵਿਚੋਂ ਮੇਰਾ ਭਤੀਜਾ ਲਗਦਾ ਸੀ। ਮੁੰਡਾ ਉਨ੍ਹਾਂ ਦੇ ਬਹੁਤ ਨਜ਼ਦੀਕ ਸੀ ਅਤੇ ਉਸ ਦਾ ਵਿਆਹ ਵੀ ਦਰਬਾਰ ਸਾਹਿਬ ਕੰਪਲੈਕਸ ਵਿਚ ਹੋਇਆ ਸੀ। ਉਥੇ ਸੰਤਾਂ ਨੇ ਸੰਗਤ ਵਿਚ ਖਲੋ ਕੇ ਕਿਹਾ, 'ਮੈਨੂੰ ਕੋਈ ਸਵਾਲ ਪੁੱਛੋ।' ਮੈਂ ਪੁੱਛਿਆ, 'ਪਿੰਡਾਂ ਦੀਆਂ ਸੱਥਾਂ ਵਿਚ ਗੱਲਾਂ ਹੁੰਦੀਆਂ ਨੇ ਕਿ ਕਾਂਗਰਸ ਨੇ ਅਕਾਲੀਆਂ ਨੂੰ ਫੇਲ੍ਹ ਕਰਨ ਵਾਸਤੇ, ਦਰਬਾਰ ਸਾਹਿਬ ਵਿਚ ਸੰਤ ਭਿੰਡਰਾਂਵਾਲੇ ਨੂੰ ਭੇਜਿਆ ਹੈ।' ਉਨ੍ਹਾਂ ਦਾ ਜਵਾਬ ਤਾਂ ਡੇਢ ਘੰਟੇ ਦਾ ਸੀ, ਪਰ ਸੰਖੇਪ ਵਿਚ ਦੱਸਦਾ ਹਾਂ। ਉਨ੍ਹਾਂ ਕਿਹਾ, 'ਮੈਂ ਕਦੀ ਕਾਂਗਰਸ ਦੇ ਕਿਸੇ ਚਪੜਾਸੀ ਨੂੰ ਵੀ ਨਹੀਂ ਮਿਲਿਆ, ਤੇ ਇਹ ਕਾਂਗਰਸ ਨਾਲ ਰਿਸ਼ਤੇਦਾਰੀਆਂ ਬਣਾ ਕੇ ਵੀ ਅਕਾਲੀ ਰਹਿੰਦੇ ਹਨ। ਮੇਰੇ ਜਥੇ ਦੇ ਸਿੰਘਾਂ ਦੇ ਹਥਿਆਰਾਂ ਦੇ ਲਾਈਸੈਂਸ ਕੈਂਸਲ ਹੋ ਰਹੇ ਹਨ, ਤੇ ਅਕਾਲੀਆਂ ਨੂੰ ਧੜਾ-ਧੜ ਦਿੱਤੇ ਜਾ ਰਹੇ ਹਨ। ਇਹ ਗਿਆਨੀ ਜ਼ੈਲ ਸਿੰਘ ਨੂੰ ਵੋਟਾਂ ਪਾ ਕੇ ਰਾਸ਼ਟਰਪਤੀ ਬਣਾਉਂਦੇ ਹਨ, ਤੇ ਫਿਰ ਪਾਰਟੀਆਂ ਵਿਚ ਸ਼ਾਮਲ ਹੁੰਦੇ ਹਨ। ਸਮਾਂ ਦੱਸੇਗਾ ਹੈ ਕਿ ਅਕਾਲੀ ਕੌਣ ਹੈ, ਤੇ ਕਾਂਗਰਸੀ ਕੌਣ ਹੈ?'

ਸਾਕਾ ਨੀਲਾ ਤਾਰਾ ਤੋਂ ਬਾਅਦ ਪੱਤਰਕਾਰ ਖੁਸ਼ਵੰਤ ਸਿੰਘ ਦਾ ਮੀਡੀਆ ਵਿਚ ਬਿਆਨ ਛਪਿਆ ਸੀ, 'ਸੰਤ ਭਿੰਡਰਾਂਵਾਲਾ ਭਾਵੇਂ ਗਲਤ ਸੀ ਜਾਂ ਠੀਕ, ਸਰਕਾਰ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਉਸ ਨੂੰ ਸ਼ਹੀਦ ਬਣਾ ਦਿੱਤਾ ਹੈ। ਇਹ ਇੰਦਰਾ ਸਰਕਾਰ ਦੀ ਬੱਜਰ ਗਲਤੀ ਹੈ।' ਖੁਸ਼ਵੰਤ ਸਿੰਘ ਭਾਵੇਂ ਨਾਸਤਿਕ ਸੀ, ਪਰ ਉਸ ਨੇ ਦਰਬਾਰ ਸਾਹਿਬ 'ਤੇ ਹਮਲੇ ਕਾਰਨ ਰਾਜ ਸਭਾ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਮਿਲਿਆ ਖਿਤਾਬ ਵੀ ਵਾਪਸ ਕਰ ਦਿੱਤਾ ਸੀ। ਅਖੌਤੀ ਲੀਡਰ ਜੋ ਕਹਿੰਦੇ ਸਨ ਕਿ ਪੁਲਿਸ ਜਾਂ ਫੌਜ ਦਾ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲਾ ਸਾਡੀਆਂ ਲਾਸ਼ਾਂ ਤੋਂ ਲੰਘ ਕੇ ਹੋਵੇਗਾ, ਉਹ ਹੱਥ ਖੜ੍ਹੇ ਕਰ ਕੇ ਬੇਗੁਨਾਹ ਲੋਕਾਂ ਦੀਆਂ ਲਾਸ਼ਾਂ ਤੋਂ ਲੰਘ ਕੇ ਬਾਹਰ ਆ ਗਏ ਸਨ।

**-ਜਸਵੰਤ ਸਿੰਘ ਸੰਧੂ ਘਰਿੰਡਾ**
**ਫੋਨ: 510-516-5971**

# ਮਝੈਲ ਸਿੰਘ ਸਰਾਂ ਦਾ ਦੁਰਲੱਭ ਲੇਖ

'ਪੰਜਾਬ ਟਾਈਮਜ਼' ਦੇ 25 ਅਕਤੂਬਰ ਵਾਲੇ ਅੰਕ ਵਿਚ ਸ. ਮਝੈਲ ਸਿੰਘ ਸਰਾਂ ਦਾ ਦੀਵਾਲੀ ਬਾਰੇ ਲੇਖ 'ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ' ਪੜ੍ਹਿਆ। ਇਹ ਬੜਾ ਦੁਰਲੱਭ ਲੇਖ ਹੈ। ਲੇਖਕ ਨੇ ਜਿਸ ਬਾਕਮਾਲ ਜੁਗਤ, ਤਰਕਸ਼ੀਲਤਾ ਅਤੇ ਵਿਚਾਰਸ਼ੀਲਤਾ ਨਾਲ ਇਤਿਹਾਸ ਤੇ ਮਿਥਿਹਾਸ ਨੂੰ ਮੌਜੂਦਾ ਵਰਤਾਰੇ ਅਤੇ ਚਲਨ ਨਾਲ ਸੁਰ-ਤਾਲ ਕੀਤਾ ਹੈ, ਉਹ ਸਲਾਹੁਣਯੋਗ ਹੈ। ਇਸ ਲੇਖ ਵਿਚੋਂ ਲਿਸ਼ਕਦੇ ਡੂੰਘੇ ਗਿਆਨ, ਖੋਜ, ਸੱਚਾਈ ਅਤੇ ਨਿਰਪੱਖਤਾ, ਪੜ੍ਹਨ-ਸੁਣਨ ਵਾਲੇ ਦੀ ਸੋਚ ਨੂੰ ਧੁਰ ਅੰਦਰ ਤੱਕ ਝੰਜੋੜਦੀ ਹੈ। ਗਿਆਨ ਪ੍ਰਾਪਤ ਕਰਨਾ ਅਤੇ ਫਿਰ ਗਿਆਨ ਵੰਡਣਾ ਨੇਕ ਤੇ ਉਤਮ ਬੰਦੇ ਦਾ ਗੁਣ ਤੇ ਪਵਿੱਤਰ ਕਾਰਜ ਹੈ।

ਲੇਖਕ ਨੇ ਤਰਕ ਨਾਲ ਆਖਿਆ ਹੈ ਕਿ ਹੋਸ਼ਮੰਦ ਹਿੰਦੂਆਂ, ਸਿੱਖਾਂ ਅਤੇ ਦਲਿਤਾਂ ਨੂੰ ਦੀਵਾਲੀ ਨਹੀਂ ਮਨਾਉਣੀ ਚਾਹੀਦੀ। ਰਾਮਰਾਜੀਏ ਅਤੇ ਇਨ੍ਹਾਂ ਦੇ ਜੋਟੀਦਾਰ ਜੇ ਮਨਾਉਂਦੇ ਹਨ ਤਾਂ ਮਨਾਈ ਜਾਣ; ਜਾਂ ਫਿਰ ਜਿਹੜੇ ਲੋਕ ਅੰਧ-ਵਿਸ਼ਵਾਸ ਤੇ ਭਰਮ-ਭੁਲੇਖਿਆਂ ਵਿਚ ਬੁਰੀ ਤਰ੍ਹਾਂ ਜਕੜੇ ਹੋਏ ਹਨ, ਉਹ ਮਨਾਈ ਜਾਣ। ਅਸਲ ਵਿਚ ਬਹੁ-ਗਿਣਤੀ ਲੋਕ ਚਾਹੇ ਉਹ ਕਿਸੇ ਵੀ ਧਰਮ, ਨਸਲ ਜਾਂ ਭਾਈਚਾਰੇ ਦੇ ਹੋਣ, ਲਕੀਰ ਦੇ ਫਕੀਰ ਹੁੰਦੇ ਹਨ। ਵੇਲਾ ਵਿਹਾ ਚੁੱਕੇ ਗਲੇ-ਸੜੇ ਰੀਤੀ-ਰਿਵਾਜਾਂ, ਕੁਰੀਤੀਆਂ ਅਤੇ ਪਰੰਪਰਾਵਾਂ ਨੇ ਸਾਡੇ ਮਨਾਂ ਵਿਚ ਇੰਨਾ ਡਰ-ਭੈਅ, ਵਹਿਮ-ਭਰਮ ਅਤੇ ਅੰਧ-ਵਿਸ਼ਵਾਸ ਭਰ ਛੱਡਿਆ ਹੈ ਕਿ ਅਸੀਂ ਕੋਈ ਦਲੀਲ, ਸਿਆਣਪ ਜਾਂ ਸੱਚਾਈ ਭਲਾਈ ਦੀ ਗੱਲ ਸੁਣਦੇ ਨਹੀਂ। ਜੇ ਕਿਤੇ ਸੁਣ ਵੀ ਲੈਂਦੇ ਹਾਂ, ਤਾਂ ਮੰਨਦੇ ਨਹੀਂ। ਜੇ ਮੰਨ ਵੀ ਲਈਏ, ਤਾਂ ਉਸ 'ਤੇ ਅਮਲ ਨਹੀਂ ਕਰਦੇ।

ਇਕ ਪਾਸੇ ਤਾਂ ਕਹਿੰਦੇ ਹਨ ਕਿ ਦੀਵਾਲੀ ਹਿੰਦੂਆਂ ਦਾ ਪਵਿੱਤਰ ਤਿਉਹਾਰ ਹੈ ਪਰ ਉਸ ਦਿਨ ਆਤਿਸ਼ਬਾਜ਼ੀ ਚਲਾਉਣ ਅਤੇ ਦੀਵੇ-ਮੋਮਬੱਤੀਆਂ ਬਾਲਣ ਕਰ ਕੇ ਵਾਤਾਵਰਣ ਗੰਧਲਾ ਕੀਤਾ ਜਾਂਦਾ ਹੈ। ਦੀਵਾਲੀ ਮੌਕੇ ਹੁੰਦੇ ਜਾਨੀ ਤੇ ਮਾਲੀ ਨੁਕਸਾਨ ਬਾਰੇ ਕੋਈ ਨਹੀਂ ਸੋਚਦਾ।

ਅਗਲੀ ਵਿਚਾਰ-ਚਰਚਾ ਹੈ ਕਿ ਸਿੱਖਾਂ, ਦਲਿਤਾਂ ਅਤੇ ਔਰਤਾਂ ਨੂੰ ਦੀਵਾਲੀ ਦਾ ਤਿਉਹਾਰ ਨਹੀਂ ਮਨਾਉਣਾ ਚਾਹੀਦਾ। ਕਿਹੜਾ ਤਿਉਹਾਰ ਕਿਸ ਧਰਮ, ਜਾਤ ਜਾਂ ਫਿਰਕੇ ਨਾਲ ਸਬੰਧਤ ਹੈ, ਜਾਂ ਇਹ ਕਿਉਂ ਮਨਾਏ ਜਾਂਦੇ ਹਨ, ਬਹੁਤੇ ਲੋਕਾਂ ਜਾਂ ਆਮ ਲੋਕਾਂ ਨੂੰ ਇਸ ਦਾ ਕੁਝ ਪਤਾ ਨਹੀਂ ਹੁੰਦਾ। ਆਮ ਲੋਕਾਂ ਨੂੰ ਬੱਸ ਇੰਨਾ ਹੀ ਪਤਾ ਹੁੰਦਾ ਹੈ ਕਿ ਇਹ ਖੁਸ਼ੀ ਦਾ ਦਿਹਾੜਾ ਹੈ, ਜਿਵੇਂ ਲੇਖਕ ਨੂੰ ਵੀ ਪਹਿਲਾਂ ਦੀਵਾਲੀ ਬਾਰੇ ਕੋਈ ਜ਼ਿਆਦਾ ਜਾਣਕਾਰੀ ਨਹੀਂ ਸੀ। ਲੇਖਕ ਨੂੰ ਵੀ ਪਿਛਲੇ ਦਸ ਸਾਲਾਂ ਵਿਚ ਹੀ ਅਸਲੀ ਕਹਾਣੀ ਦੀ ਸਮਝ ਪਈ ਹੈ। ਅਸਲ ਵਿਚ ਪਹਿਲਾਂ ਸਾਰੇ ਧਰਮਾਂ, ਫਿਰਕਿਆਂ ਦੇ ਲੋਕ ਸਾਰੇ ਤਿਉਹਾਰ ਰਲ-ਮਿਲ ਕੇ ਮਨਾਉਂਦੇ ਸਨ ਪਰ ਹੁਣ ਫਿਰਕਾਪ੍ਰਸਤੀ ਜਿਹੜਾ ਰੂਪ ਅਖਤਿਆਰ ਕਰ ਰਹੀ ਹੈ, ਇਸ ਦੇ ਨਤੀਜੇ ਅਸੀਂ ਸਾਰੇ ਭੁਗਤ ਰਹੇ ਹਾਂ। ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾਉਣ ਵਿਚ ਆਮ ਬੰਦੇ ਦਾ ਕੋਈ ਕਸੂਰ ਨਹੀਂ। ਕੁਝ ਚਲਾਕ, ਮੱਕਾਰ, ਸ਼ੈਤਾਨ, ਫਿਤਨੇ ਅਤੇ ਸ਼ਾਤਰ ਲੋਕਾਂ ਨੂੰ ਆਪਣੇ ਮਤਲਬਾਂ ਖਾਤਰ ਅਮਨ-ਚੈਨ ਰਾਸ ਨਹੀਂ ਬੈਠਦਾ ਅਤੇ ਇਹ ਆਮ ਲੋਕਾਂ ਨੂੰ ਸੂਲੀ 'ਤੇ ਟੰਗੀ ਰੱਖਦੇ ਹਨ। ਲੇਖਕ ਨੇ ਰਾਮ ਰਾਜ ਦੀ ਵੀ ਸੋਹਣੀ ਵਿਆਖਿਆ ਕੀਤੀ ਹੈ। ਇਸ ਬਾਰੇ ਸਭ ਨੂੰ ਸੋਚਣਾ ਚਾਹੀਦਾ ਹੈ।

ਸਿੱਖ ਦੀਵਾਲੀ ਕਿਉਂ ਮਨਾਉਂਦੇ ਹਨ? ਜੇ ਸਿੱਖਾਂ ਦੇ ਗੁਰੂ ਜੀ ਮੁਗਲ ਬਾਦਸ਼ਾਹ ਦੀ ਜੇਲ੍ਹ ਵਿਚੋਂ ਰਿਹਾਅ ਹੋ ਕੇ ਆਉਂਦੇ ਹਨ, ਤਾਂ ਕੁਦਰਤੀ ਹੈ ਕਿ ਇਸ ਦੀ ਖੁਸ਼ੀ ਹੋਵੇਗੀ ਹੀ। ਉਂਜ, ਇਸ ਬਾਰੇ ਵੀ ਲੇਖਕ ਨੇ ਤਰਕ ਸਹਿਤ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਠੀਕ ਹੈ ਕਿ ਜਿਨ੍ਹਾਂ ਪਹਾੜੀ ਰਾਜਿਆਂ ਨੂੰ ਗੁਰੂ ਜੀ ਨੇ ਛੁਡਵਾਇਆ, ਉਨ੍ਹਾਂ ਨੇ ਬਾਅਦ ਵਿਚ ਦਸਵੇਂ ਗੁਰੂ ਜੀ ਨੂੰ ਤੰਗ-ਪ੍ਰੇਸ਼ਾਨ ਕਰੀ ਰੱਖਿਆ। ਸਿੱਖ ਗੁਰੂ ਤਾਂ ਆਏ ਹੀ ਪਰਉਪਕਾਰ ਅਤੇ ਭਲਾ ਕਰਨ ਲਈ ਸਨ। ਉਨ੍ਹਾਂ ਕੋਲ ਜਿਹੜਾ ਵੀ ਕੋਈ ਦੁਖੀ-ਫਰਿਆਦੀ ਆਇਆ, ਉਨ੍ਹਾਂ ਨੇ ਉਸੇ ਦਾ ਭਲਾ ਕੀਤਾ।

ਹਾਂ, ਜੇ ਹੋ ਸਕਦਾ ਹੈ ਤਾਂ ਸਿੱਖ ਦੀਵਾਲੀ ਦਾ ਤਿਉਹਾਰ ਸਿੱਖੀ ਕਾਇਦੇ ਕਾਨੂੰਨ ਅਨੁਸਾਰ ਮਨਾਉਣ। ਜਿਵੇਂ ਗੁਰਬਾਣੀ ਵਿਚ ਵਾਰ-ਵਾਰ ਗਿਆਨ ਪ੍ਰਾਪਤੀ ਦੀ ਸਿੱਖਿਆ ਦਿੱਤੀ ਗਈ ਹੈ; ਭਾਵ ਗੁਰੂ ਜੀ ਚਾਹੁੰਦੇ ਹਨ ਕਿ ਸਿੱਖਾਂ ਨੂੰ ਬਾਹਰੀ ਦੀਵਿਆਂ ਦੀ ਥਾਂ ਆਪਣੇ ਮਨ-ਮਸਤਕ ਵਿਚ ਗਿਆਨ ਦਾ ਦੀਵਾ ਬਾਲਣਾ ਚਾਹੀਦਾ ਹੈ ਅਤੇ ਬਾਹਰੀ ਅਡੰਬਰ, ਵਿਖਾਵੇ ਅਤੇ ਨਕਲੀਪਣ ਛੱਡ ਕੇ ਹਕੀਕਤ ਵੱਲ ਪਰਤਣਾ ਚਾਹੀਦਾ ਹੈ। ਗੁਰੂ ਸਾਹਿਬਾਨ ਦੀ ਤਾਂ ਸਿੱਖਾਂ ਨੂੰ ਇਹੋ ਸਿੱਖਿਆ ਹੈ ਕਿ ਸਿੱਖਾਂ ਨੂੰ ਗਿਆਨਵਾਨ, ਸਿਆਣੇ ਤੇ ਇਨਸਾਫ-ਪਸੰਦ ਬਣਨਾ ਚਾਹੀਦਾ ਹੈ। ਜੇ ਸਿੱਖ ਗਿਆਨਵਾਨ ਹੋ ਜਾਣ ਤਾਂ ਇਨ੍ਹਾਂ ਨੂੰ ਮਹਾਨ ਗੁਰੂਆਂ ਨਾਲ ਸਬੰਧਤ ਤਿਉਹਾਰ ਅਤੇ ਹੋਰ ਸਿੱਖ ਇਤਿਹਾਸਕ ਦਿਹਾੜੇ ਮਨਾਉਣ ਦੀ ਜਾਚ ਵੀ ਆ ਜਾਵੇਗੀ।

**-ਦਲਵਿੰਦਰ ਸਿੰਘ ਬੇਕਰਜ਼ਫੀਲਡ**
**ਫੋਨ: 661-834-9770**

## ਪਰਵਾਸੀਆਂ ਦੇ ਨਾਂ ਖੁੱਲ੍ਹੀ ਚਿੱਠੀ

ਸਭ ਨੂੰ ਪਤਾ ਹੈ ਕਿ ਪੰਜਾਬ ਨੂੰ ਨਸ਼ਿਆਂ, ਕੈਂਸਰ ਤੇ ਕਈ ਤਰ੍ਹਾਂ ਦੇ ਮਾਫੀਏ ਨੇ ਘੇਰਿਆ ਹੋਇਆ ਹੈ। ਫੈਸ਼ਨ ਐਨਾ ਅਮਰੀਕਾ ਵਿਚ ਨਹੀਂ, ਜਿੰਨਾ ਪੰਜਾਬ ਵਿਚ ਹੋ ਗਿਆ ਹੈ। ਪੰਜਾਬ ਦੇ ਲੋਕ ਅੰਦਰੋ-ਅੰਦਰੀ ਮਰ ਰਹੇ ਹਨ, ਪਰ ਸਰਕਾਰਾਂ ਕੁਝ ਨਹੀਂ ਕਰ ਰਹੀਆਂ। ਸਭ ਝੂਠੇ ਵਾਅਦੇ ਅਤੇ ਨੀਂਹ ਪੱਥਰ ਹੀ ਰੱਖਦੇ ਹਨ। ਅੱਜ ਦੇ ਭਾਰੂ ਗੀਤ-ਪੰਜਾਬੀ ਸੰਗੀਤ ਨੇ ਪੰਜਾਬ ਬਰਬਾਦ ਕਰ ਦਿੱਤਾ ਹੈ। ਜੋ ਦਸਤਾਰ ਦਸਮ ਪਿਤਾ ਨੇ ਸਾਡੀ ਪਛਾਣ ਵਾਸਤੇ ਦਿੱਤੀ ਸੀ, ਅੱਜ ਉਹੀ ਪਵਿੱਤਰ ਦਸਤਾਰ ਸਜਾ ਕੇ ਪੰਜਾਬੀ ਗਾਇਕ ਅੱਧ-ਨੰਗੀਆਂ ਕੁੜੀਆਂ ਨਚਾ ਰਹੇ ਹਨ ਅਤੇ ਵਿਰਸੇ ਦਾ ਘਾਣ ਕਰ ਰਹੇ ਹਨ। ਪੰਜਾਬ ਦਾ ਬੇੜਾ ਗਰਕ ਕਰ ਕੇ ਹੁਣ ਇਹ ਗਾਇਕ ਐਨ.ਆਰ.ਆਈ. ਬੱਚਿਆਂ ਨੂੰ ਵੀ ਮਾਂ-ਬੋਲੀ ਅਤੇ ਪੰਜਾਬੀ ਵਿਰਸੇ ਤੋਂ ਦੂਰ ਕਰਨਾ ਚਾਹੁੰਦੇ ਹਨ।

ਜਦੋਂ ਇਕ ਵਾਰ ਵੇਲਾ ਹੱਥੋਂ ਨਿਕਲ ਗਿਆ, ਫਿਰ ਪਛਤਾਇਆਂ ਕੁਝ ਨਹੀਂ ਬਣਨਾ। ਆਓ ਸਾਰੇ ਮਿਲ ਕੇ ਸਰਕਾਰ ਨੂੰ ਬੇਨਤੀ ਕਰੀਏ; ਅਮਰੀਕਾ ਵਿਚ ਜੋ ਪੰਜਾਬੀ ਚੈਨਲ ਚਲਾ ਰਹੇ ਹਨ, ਉਨ੍ਹਾਂ ਨੂੰ ਬੇਨਤੀ ਕਰੀਏ ਕਿ ਅੱਧ-ਨੰਗੀਆਂ ਕੁੜੀਆਂ ਜਿਨ੍ਹਾਂ ਗਾਣਿਆਂ ਵਿਚ ਨੱਚ ਰਹੀਆਂ ਹਨ, ਉਹ ਗਾਣੇ ਨਾ ਦਿਖਾਏ ਜਾਣ। ਜਿਹੜੇ ਗੀਤ ਕੋਈ ਜੁਆਨ ਪੁੱਤ ਵੀ ਆਪਣੇ ਪਿਉ ਨਾਲ ਬੈਠ ਕੇ ਨਹੀਂ ਦੇਖ ਸਕਦਾ, ਉਹ ਸਾਨੂੰ ਕਿਉਂ ਸੁਣਾਏ ਜਾਣ?

**-ਇਕ ਦੁਖੀ ਪੰਜਾਬੀ।**

# ਸੌਦਾ

*(ਪਿਛਲੇ ਸਫੇ ਦੀ ਬਾਕੀ)*

ਸੀ। ਐਨਾ ਵੱਡਾ ਦਾਗ ਦਿਲ ਨੂੰ ਲਾਉਣਾ ਉਸ ਦੀ ਬੇਵਸੀ ਸੀ। ਨਵੇਦ ਨੇ ਉਸ ਦੇ ਦਿਲ ਦਾ ਸੌਦਾ ਕੀਤਾ ਸੀ ਜਿਸ ਦਾ ਮੁੱਲ ਉਹ ਆਪਣੇ ਦਿਲ ਦੇ ਖੂਨ ਨਾਲ ਵਾਪਸ ਕਰ ਰਹੀ ਸੀ।

"ਮੇਰੀ ਜ਼ਿੰਦਗੀ ਜਾਂ ਇੱਛਾ ਦਾ ਫੈਸਲਾ ਮਹੱਤਵ ਵਾਲਾ ਨਹੀਂ ਸੀ ਕਿ ਤੂੰ ਆਪਣੀ ਜਾਨ 'ਤੇ ਬਣਾ ਲਈ।" ਨਵੇਦ ਨੇ ਉਸ ਨੂੰ ਸੜਦੇ-ਭੁੱਜਦੇ ਬੋਲਾਂ ਵਿਚ ਕਿਹਾ।

ਹੁਣ ਉਸ ਨੂੰ ਸਜਣ-ਸੰਵਰਨ ਦਾ ਸ਼ੌਕ ਨਹੀਂ ਸੀ, ਤੇ ਨਾ ਐਸ਼ ਦੀ ਇੱਛਾ। ਉਹ ਸਾਰਿਆਂ ਲਈ ਬਿਗਾਨੀ ਸੀ। ਕੋਈ ਉਹਦਾ ਆਪਣਾ ਨਹੀਂ ਸੀ। ਵਿਆਹ ਦੀ ਤਿਆਰੀ ਵੀ ਦੁੱਖ ਦਿੰਦੀ ਸੀ। ਕਿਵੇਂ ਸਹਿ ਲੈਂਦੀ, ਕਿਵੇਂ ਸਹਿਣ ਕਰਦੀ?

"ਖੁਦਗਰਜ਼ ਬੇਈਮਾਨਾ" ਉਸ ਦੇ ਬੁੱਲ੍ਹ ਕੰਬੇ। ਉਹਦੇ ਦਿਲ ਦਾ ਚੈਨ ਲੁੱਟ ਕੇ ਆਪ ਚੈਨ ਨਾਲ ਸੌਂ ਰਿਹਾ ਹੋਵੇਗਾ। ਜਦੋਂ ਕਿਸੇ ਹੋਰ ਨੂੰ ਪਿਆਰ ਕੀਤਾ ਸੀ, ਤਾਂ ਮੇਰੇ ਦਿਲ ਦਾ ਚੈਨ ਕਿਉਂ ਖੋਹਿਆ? ਕਿਉਂ ਇਕਰਾਰ ਕੀਤੇ ਮੇਰੇ ਨਾਲ? ਕੁਝ ਸੋਚਿਆ ਹੁੰਦਾ? ਉਹ ਸਿਸਕਣ ਲੱਗੀ।

"ਜ਼ਿੰਦਗੀ ਦੀਆਂ ਕਿੰਨੀਆਂ ਡੋਰਾਂ ਰੱਖੀਆਂ ਨੇ ਤੂੰ...? ਜਦੋਂ ਜੀ ਚਾਹਿਆ, ਕਿਸੇ ਨੂੰ ਬੰਨ੍ਹ ਲਿਆ...ਕਿੰਨੀਆਂ ਗੰਢਾਂ ਲਾਵੇਂਗਾ ਇਸ ਵਿਚ...? ਹਰ ਗੰਢ ਨਾਸੂਰ ਬਣ ਜਾਵੇਗੀ। ਖੁਸ਼ੀਆਂ ਦਾ ਤੋਹਫਾ ਕਦੇ ਨਹੀਂ ਮਿਲੇਗਾ ਤੈਨੂੰ?"

ਕੀਮਤੀ ਕਾਲੀਨ, ਕੀਮਤੀ ਬੈੱਡ, ਦਰਵਾਜ਼ਿਆਂ ਦੇ ਭਾਰੀ ਪਰਦੇ...ਉਹਦਾ ਜੀ ਕਰਦਾ, ਸਾਰੇ ਪਾੜ ਸੁੱਟੇ। ਉਹ ਤੜਫ ਕੇ ਬੈਠ ਗਈ। ਉਹਨੂੰ ਆਪਣੇ ਪਾਗਲ ਹੋਣ ਦਾ ਸ਼ੱਕ ਹੋਣ ਲੱਗਿਆ।

ਆਪਣੇ ਪਿਆਰ ਦੀ ਮੌਤ, ਆਪਣੀਆਂ ਅਸਫਲਤਾਵਾਂ ਅਤੇ ਭੈੜੀਆਂ ਆਸਾਂ ਉਮੀਦਾਂ 'ਤੇ ਉਹ ਨਹੀਂ ਰੋਈ। ਉਹ ਜਿੰਨਾ ਸੋਚਦੀ ਰਹੀ, ਪਾਗਲ ਹੁੰਦੀ ਗਈ। ਫਿਰ ਉਹਨੇ ਗਲਤ ਤੇ ਭਿਆਨਕ ਕਿਸਮ ਦਾ ਪੱਕਾ ਇਰਾਦਾ ਬਣਾ ਲਿਆ।

---

ਇਕ ਦਿਨ ਤੀਜੇ ਪਹਿਰ ਹਿਨਾ ਦੇ ਘਰ ਨਵੇਦ ਦੇ ਪਰਿਵਾਰ ਨੂੰ ਨਿਉਂਦਾ ਦਿੱਤਾ ਗਿਆ। ਪ੍ਰਵੀਨ, ਨਿਕਹਤ, ਸੈਫ਼ੀ ਅਤੇ ਨਦੀਮ ਵੀ ਨਾਲ ਸਨ। ਸੱਬਾ ਨੂੰ ਵੀ ਨਾਲ ਚੱਲਣ ਲਈ ਜ਼ਿੱਦ ਕਰ ਰਹੇ ਸਨ, ਪਰ ਉਹ ਬੇਚੈਨ ਹੋ ਰਹੀ ਸੀ।

"ਕੋਈ ਜ਼ਬਰਦਸਤੀ ਐ, ਛੱਡੋ ਇਹਨੂੰ।" ਨਵੇਦ ਦਾ ਪਾਰਾ ਚੜ੍ਹ ਗਿਆ।

"ਜੀ ਖਰਾਬ ਐ, ਨਹੀਂ ਜਾ ਸਕਦੀ", ਪ੍ਰਵੀਨ ਨੇ ਗੱਲ ਸੰਭਾਲੀ।

"ਅਨੋਖੀ ਜ਼ਿੱਦੀ ਕੁੜੀ ਐ। ਇਹਦੇ ਨਖਰੇ ਤਾਂ ਮੇਰੀ ਸਮਝ ਵਿਚ ਨਹੀਂ ਆਉਂਦੇ।" ਨਦੀਮ ਨੇ ਗੱਡੀ ਸਟਾਰਟ ਕਰਦਿਆਂ ਕਿਹਾ।

"ਸਮਝਣ ਦੀ ਵੀ ਲੋੜ ਨਹੀਂ।" ਨਿਕਹਤ ਦਾ ਗੁੱਸਾ...ਰੱਬ ਹੀ ਰੱਖੇ! ਉਹ ਬਹੁਤ ਹੀ ਗੁੱਸੇ ਸੀ। ਉਹਨੂੰ ਸਾਰੀਆਂ ਗੱਲਾਂ ਦੀ ਜਾਣਕਾਰੀ ਸੀ। ਉਹ ਕੇਵਲ ਦੁਨੀਆਂਦਾਰੀ ਨਿਭਾ ਰਹੀ ਸੀ।

"ਐਵੇਂ ਕਿਉਂ ਕਿਸੇ ਦਾ ਸਬਰ ਖੋਹਿਆ...?" ਉਹ ਕਈ ਵਾਰ ਭਰਾ ਨਾਲ ਉਲਝ ਚੁੱਕੀ ਸੀ।

ਫਿਰ ਸਾਰੇ ਪਹੁੰਚ ਗਏ।

ਘਰ ਦੇ ਸਾਰੇ ਲੋਕ ਹਾਜ਼ਰ ਸਨ। ਬੜਾ ਚੰਗਾ ਇਕੱਠ ਸੀ।

ਹਿਨਾ ਦੇ ਮਾਤਾ-ਪਿਤਾ ਨੇ ਪ੍ਰਾਹੁਣਿਆਂ ਦਾ ਪੁਰਜੋਸ਼ ਸਵਾਗਤ ਕੀਤਾ। ਕੋਈ ਸ਼ਿਕਾਇਤ ਨਾ ਰਹਿ ਜਾਵੇ, ਨੌਕਰ ਪ੍ਰਾਹੁਣਿਆਂ ਦੀ ਖਾਤਰਦਾਰੀ ਵਿਚ ਰੁੱਝੇ ਹੋਏ ਸਨ। ਹਿਨਾ ਸਾਦਾ ਮੁਸਕਰਾ ਕੇ ਸਾਰਿਆਂ ਨੂੰ ਮਿਲੀ। ਹਾਜ਼ਰ ਚਿਹਰਿਆਂ ਵਿਚ ਉਹ ਇਕੱਲੀ ਸੀ ਜਿਸ ਨੂੰ ਪਰਲੇ ਦਰਜੇ ਦੀ ਹੁਸੀਨ ਕਿਹਾ ਜਾ ਸਕਦਾ ਸੀ।

ਨਵੇਦ ਘੁੱਗੀ ਰੰਗੇ ਸੂਟ ਵਿਚ ਬਹੁਤ ਸੁੰਦਰ ਲੱਗ ਰਿਹਾ ਸੀ। ਉਸ ਦੀਆਂ ਤਿੱਖੀਆਂ ਨਜ਼ਰਾਂ ਤੋਂ ਬਚਣ ਦੀ ਖਾਤਰ ਹਿਨਾ ਨੇ ਮੂੰਹ ਦੂਜੇ ਪਾਸੇ ਘੁਮਾ ਲਿਆ।

ਨੌਜਵਾਨਾਂ ਦੀ ਕੰਪਨੀ ਵੱਖ ਸੀ, ਬਜ਼ੁਰਗਾਂ ਵਿਚ ਕਿਸੇ ਮਹੱਤਵਪੂਰਨ ਵਿਸ਼ੇ 'ਤੇ ਗੱਲਬਾਤ ਹੋ ਰਹੀ ਸੀ। ਸਭ ਗੱਲਾਂ ਦੇ ਰੌਂ ਵਿਚ ਸਨ।

ਅਚਾਨਕ ਸੱਬਾ ਨੂੰ ਗੇਟ 'ਤੇ ਦੇਖ ਕੇ ਸਾਰਿਆਂ ਦੀ ਹੈਰਾਨੀ ਦਾ ਠਿਕਾਣਾ ਨਾ ਰਿਹਾ। ਚਿੱਟੇ ਕੱਪੜੇ ਪਾਈ, ਬਿਖਰੇ ਵਾਲ, ਬੁੱਲ੍ਹਾਂ 'ਤੇ ਸਿਕਰੀ, ਹਾਰੀ-ਹੰਭੀ ਜਿਹੀ। ਉਹਨੂੰ ਇਉਂ ਦੇਖ ਕੇ ਸਭ ਸੁੰਨ ਰਹਿ ਗਏ।

"ਸੱਬਾ ਇਥੇ ਕਿਵੇਂ? ਕਿਉਂ?" ਚਾਹ ਵਾਲੀ ਪਿਆਲੀ ਨਿਕਹਤ ਦੇ ਹੱਥੋਂ ਡਿੱਗਦੀ-ਡਿੱਗਦੀ ਬਚੀ।

"ਸੱਬਾ।" ਆਖਰ ਗਲਾ ਸਾਫ ਕਰ ਕੇ ਨਦੀਮ ਨੇ ਕਿਹਾ, "ਸਭ ਸੁੱਖ-ਸਾਂਦ ਤਾਂ ਹੈ?"

ਸ਼ਰਮਿੰਦਗੀ ਅਤੇ ਝੇਪ ਦੇ ਮਿਲੇ-ਜੁਲੇ ਚਿੰਨ੍ਹ ਮਾਂ ਦੇ ਚਿਹਰੇ 'ਤੇ ਦਿਸੇ। ਉਹਦੀ ਇਹ ਕਰਤੂਤ ਉਸ ਨੂੰ ਬੁਰੀ ਲੱਗੀ। ਸੱਬਾ ਨੇ ਸਾਰਿਆਂ 'ਤੇ ਤਰਦੀ ਜਿਹੀ ਝਾਤ ਮਾਰੀ। ਫਿਰ ਕੁਝ ਦੂਰ ਜਾ ਕੇ ਨਵੇਦ ਵੱਲ ਮੁੜੀ। ਹਿਨਾ ਨੇ ਮਲਕੜੇ ਜਿਹੀ ਕੁਰਸੀ ਵਧਾ ਕੇ ਉਸ ਵੱਲ ਧਿਆਨ ਕੀਤਾ। ਫਿਰ ਕੰਬ ਗਈ।

ਸੱਬਾ ਪਾਗਲ ਹੋ ਰਹੀ ਸੀ। ਉਹਨੇ ਝਪਟ ਕੇ ਆਪਣੇ ਪਰਸ ਵਿਚੋਂ ਪਿਸਤੌਲ ਕੱਢਿਆ ਅਤੇ ਗੋਲੀ ਚਲਾ ਦਿੱਤੀ। ਨਵੇਦ ਦੀ ਚੀਕ ਨੇ ਵਾਤਾਵਰਨ ਹਲੂਣ ਦਿੱਤਾ। ਉਹ ਤੜਫ ਪਿਆ।

ਗੋਲੀ ਉਸ ਦੇ ਸੀਨੇ ਵਿਚ ਲੱਗੀ ਅਤੇ ਖੂਨ ਦਾ ਫੁਹਾਰਾ ਵਹਿ ਗਿਆ।

ਸਭ ਝਪਟ ਕੇ ਉਸ ਵੱਲ ਨੱਠੇ, ਅਧ-ਹੋਸ਼ ਅਤੇ ਘਬਰਾਏ ਹੋਏ।

ਉਸ ਵੇਲੇ ਦੂਜੀ ਗੋਲੀ ਦੀ ਆਵਾਜ਼ ਆਈ। ਇਕੋ ਵਾਰੀ ਲੁੜਕ ਕੇ ਸੱਬਾ ਫਰਸ਼ 'ਤੇ ਡਿੱਗ ਪਈ। ਲਹੂ ਦਾ ਫੁਹਾਰਾ ਉਸ ਦੀ ਪੁੜਪੁੜੀ ਵਿਚੋਂ ਵਗ ਪਿਆ। ਰੌਲਾ ਪੈ ਗਿਆ। ਅਨੋਖਾ ਮਾਤਮੀ ਸਮਾਂ ਸੀ।

ਸੱਬਾ ਦਾ ਇਸ ਤਰ੍ਹਾਂ ਦਾ ਕੰਮ ਉਮੀਦ ਤੋਂ ਬਾਹਰ ਸੀ। ਉਹ ਇੰਨਾ ਕੁਝ ਕਰ ਸਕਦੀ ਹੈ, ਕੋਈ ਸਮਝ ਨਾ ਸਕਿਆ। ਸਾਰੇ ਘਬਰਾ ਗਏ। ਸੋਚਣ ਦੀ ਹਿੰਮਤ ਹੀ ਕਿਸ ਦੇ ਵਿਚ ਸੀ!

ਮਾਂ ਨੇ ਤੜਫਦੇ ਨਵੇਦ ਨੂੰ ਆਪਣੀ ਛਾਤੀ ਨਾਲ ਲਾ ਲਿਆ।

ਸ਼ਾਇਦ ਰੋਂਦਿਆਂ ਉਸ ਨੂੰ ਹਾਕਾਂ ਮਾਰ ਰਿਹਾ ਸੀ। ਸਭ ਘਬਰਾਏ ਹੋਏ ਸਨ। ਨਦੀਮ ਨੂੰ ਹੀ ਹੋਸ਼ ਆਈ। ਉਸ ਨੇ ਆਪਣੇ ਡਾਕਟਰ ਦੋਸਤ ਨੂੰ ਘਬਰਾਏ ਬੋਲਾਂ ਵਿਚ ਛੇਤੀ ਪਹੁੰਚਣ ਦੀ ਤਾਕੀਦ ਕੀਤੀ।

"ਡਾਕਟਰ, ਡਾਕਟਰ।" ਹਿਨਾ ਦਾ ਪਿਤਾ ਬੇਸੁਰਤੀ ਵਿਚ ਪੁਕਾਰ ਰਿਹਾ ਸੀ।

ਸ਼ਾਹਿਦ ਨੇ ਸੱਬਾ ਨੂੰ ਬਾਂਹ ਤੋਂ ਫੜ ਲਿਆ ਸੀ। ਉਹ ਚੈਨ ਨਾਲ ਸੌਂ ਰਹੀ ਸੀ।

"ਨਵੇਦ ਬੇਟੇ...।" ਭੂਆ ਪਾਗਲ ਹੋਣ ਲੱਗੀ ਸੀ।

ਨਦੀਮ ਨੇ ਝੁਕ ਕੇ ਉਸ ਦੇ ਮੱਥੇ 'ਤੇ ਹੱਥ ਰੱਖ ਦਿੱਤਾ ਜੋ ਬਰਫ ਵਰਗਾ ਠੰਢਾ ਸੀ। ਪ੍ਰਵੀਨ, ਨਿਕਹਤ ਪਾਗਲ ਹੋ ਰਹੀਆਂ ਸਨ।

ਇਸ ਸਮੇਂ ਨਵੇਦ ਨੂੰ ਨੀਂਦ ਆ ਗਈ। ਉਹ ਸੌਂ ਰਿਹਾ ਸੀ, ਸਦਾ ਦੀ ਨੀਂਦ । ਸੱਬਾ ਨੇ ਇਹ ਕਿਹੜਾ ਸੌਦਾ ਕੀਤਾ ਸੀ... ਨਿਕਹਤ ਨੂੰ ਉਸ ਦੀ ਆਦਤ ਹੁਣ ਵੀ ਸਮਝ ਨਹੀਂ ਆ ਸਕੀ।

#

## ਵਿਅੰਗ

### ਘਪਲਾ

"ਡੈਡੀ ਜੀ, ਘਪਲਾ ਕੀ ਹੁੰਦੈ?" ਪੁੱਤਰ ਨੇ ਅਖਬਾਰ ਪਰ੍ਹੇ ਰੱਖਦਿਆਂ ਪੁੱਛਿਆ।

"ਜੇ ਕੋਈ ਬੇਈਮਾਨੀ ਨਾਲ ਸਰਕਾਰੀ ਪੈਸੇ ਨੂੰ ਲੁਕਵੇਂ ਢੰਗ ਨਾਲ ਹੜੱਪ ਕਰ ਜਾਵੇ ਤਾਂ ਉਸ ਨੂੰ ਘਪਲਾ ਕਹਿੰਦੇ ਨੇ।"

"ਸਰਕਾਰੀ ਪੈਸਾ ਕੋਈ ਚੋਰੀ ਕਿਵੇਂ ਕਰ ਸਕਦੈ?"

"ਜਿਵੇਂ ਨਗਰ ਪਾਲਿਕਾ ਦੇ ਪ੍ਰਧਾਨ ਨੇ ਸਵਿਮਿੰਗ ਪੂਲ ਬਣਾਉਣ ਲਈ ਸਰਕਾਰ ਤੋਂ ਪੰਜ ਲੱਖ ਦੀ ਗਰਾਂਟ ਲਈ ਅਤੇ ਉਥੇ ਬਣਾਇਆ ਕੁਝ ਵੀ ਨਹੀਂ। ਦੋ ਸਾਲ ਬਾਅਦ ਸਰਕਾਰ ਤੋਂ ਤਿੰਨ ਲੱਖ ਦੀ ਗਰਾਂਟ ਉਸ ਤਲਾਅ ਨੂੰ ਮਿੱਟੀ ਨਾਲ ਪੂਰਨ ਲਈ ਲੈ ਲਈ। ਕਹਿੰਦਾ ਇਸ ਵਿਚ ਡੁੱਬ ਕੇ ਇਕ ਮੁੰਡੇ ਦੀ ਮੌਤ ਹੋ ਗਈ ਹੈ, ਇਸ ਲਈ ਲੋਕੀਂ ਸਵਿਮਿੰਗ ਪੂਲ ਦੇ ਵਿਰੁਧ ਮੁਜਾਹਰੇ ਕਰ ਰਹੇ ਨੇ। ਫਿਰ ਉਸ ਨੇ ਤਿੰਨ ਲੱਖ ਦੀਆਂ ਮਿੱਟੀ ਪਾਉਣ ਦੀਆਂ ਰਸੀਦਾਂ ਪਾ ਦਿੱਤੀਆਂ। ਇਉਂ ਉਸ ਨੇ ਕੁੱਲ ਅੱਠ ਲੱਖ ਦਾ ਘਪਲਾ ਕਰ ਲਿਆ। ਜਿਸ ਸ਼ਾਮਲਾਟ ਜ਼ਮੀਨ 'ਤੇ ਉਸ ਨੇ ਤਲਾਅ ਬਣਾਇਆ ਅਤੇ ਭਰਿਆ, ਉਥੇ ਪਹਿਲਾਂ ਵਾਂਗ ਹੁਣ ਵੀ ਮੁੰਡੇ ਲੁੱਕਣ-ਮੀਚੀ ਅਤੇ ਗੁੱਲੀ-ਡੰਡਾ ਖੇਡਦੇ ਨੇ।"

**-ਅਵਤਾਰ ਸਿੰਘ ਹੰਸਰਾ**
**ਫੋਨ: 661-368-6572**

ਸਤਿਜੁਗੀ ਲੋਕ

# ਜਿਸ ਦੇ ਉਂਗਲਾਂ ਉਤੇ ਅੱਖਾਂ ਸਨ!



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਸਾਡੇ ਘਰੋਂ ਸਭ ਤੋਂ ਨੇੜੇ ਰਾਜਾ ਰਾਮ ਦੀ ਹੱਟੀ ਪੈਂਦੀ ਸੀ। ਇਹ ਮੇਰੇ ਬਚਪਨ ਦੇ ਉਸ ਜ਼ਮਾਨੇ ਦੀ ਗੱਲ ਹੈ ਜਦੋਂ ਸ਼ਹਿਰੀ ਦੁਕਾਨਾਂ ਦਾ ਪੇਂਡੂ ਘਰਾਂ ਨਾਲ ਸਿੱਧਾ ਸੰਪਰਕ ਨਹੀਂ ਸੀ ਬਣਿਆ। ਪੇਂਡੂ ਲੋਕ ਕਿਸੇ ਵਿਆਹ-ਸਾਹੇ ਦੀ ਖਰੀਦ ਕਰਨ ਸਮੇਂ ਜਾਂ ਥੋਕ ਵਿਚ ਕੁਛ ਖਰੀਦਣ ਦੀ ਲੋੜ ਪਈ ਤੋਂ ਜਾਂ ਫੇਰ ਪਿੰਡ ਦੀਆਂ ਦੁਕਾਨਾਂ ਵਿਚੋਂ ਕੋਈ ਚੀਜ਼ ਨਾ ਮਿਲਣ ਕਰਕੇ ਹੀ ਸ਼ਹਿਰ ਵੱਲ ਮੂੰਹ ਕਰਦੇ ਸਨ। ਅਜਿਹੇ ਮੌਕੇ ਸਾਡੇ ਪਿੰਡ ਦੇ ਲੋਕ ਰਾਮਪੁਰਾ ਮੰਡੀ ਦਾ ਰੁਖ਼ ਕਰਦੇ। ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਸਾਧਾਰਨ ਲੋੜਾਂ ਪਿੰਡ ਦੀਆਂ ਦੁਕਾਨਾਂ ਪੂਰੀਆਂ ਕਰ ਦਿੰਦੀਆਂ ਸਨ। ਅਜਿਹੀ ਦੁਕਾਨ ਨੂੰ ਹੱਟ ਜਾਂ ਹੱਟੀ ਕਿਹਾ ਜਾਂਦਾ ਸੀ।

ਦੁਕਾਨ ਜਾਂ ਮੰਡੀ ਨਾਲ ਲੁੱਟ ਦਾ ਭਾਵ ਜੁੜਿਆ ਹੋਇਆ ਹੈ, ਹੱਟ ਲੈਣ-ਦੇਣ ਦਾ, ਆਦਾਨ-ਪ੍ਰਦਾਨ ਦਾ ਸਭਿਆਚਾਰਕ ਸੰਕਲਪ ਸੀ। ਇਸੇ ਕਰਕੇ ਭਾਈ ਵੀਰ ਸਿੰਘ ਨੇ ਦੁਕਾਨ ਜਾਂ ਮੰਡੀ ਨਹੀਂ, ਮਹਿਕ ਦੀ ਹੱਟ ਲਾਈ ਸੀ। ਸਾਡੇ ਪਿੰਡ ਵਿਚ ਰਾਜਾ ਰਾਮ ਦੀ ਵੀ ਹੱਟ ਹੀ ਸੀ। ਹੁਣ ਜਦੋਂ ਮੈਂ ਉਸ ਸਮੇਂ ਰਾਜਾ ਰਾਮ ਦੀ ਹੱਟ ਤੋਂ ਅਤੇ ਕਿਸੇ ਸ਼ਹਿਰੀ ਦੁਕਾਨ ਤੋਂ ਕੀਤੀ ਖਰੀਦ ਯਾਦ ਕਰਦਾ ਹਾਂ, ਇਕ ਦਿਲਚਸਪ ਫਰਕ ਮਨ ਵਿਚ ਉਭਰਦਾ ਹੈ, ਰੂੰਗੇ ਦਾ ਫਰਕ, ਜਿਸ ਨੂੰ ਕਈ ਲੋਕ ਝੂੰਗਾ ਵੀ ਆਖਦੇ ਹਨ। ਹੱਟ ਤੋਂ ਕੁਛ ਖਰੀਦਿਆਂ, ਮੰਗੇ ਤੋਂ ਬਿਨਾਂ, ਘੱਟ-ਵੱਧ ਖਰੀਦ ਅਨੁਸਾਰ ਖਾਣ ਵਾਲੀ ਕੋਈ ਥੋੜ੍ਹੀ-ਬਹੁਤੀ ਚੀਜ਼ ਮੁਫ਼ਤ ਮਿਲਦੀ ਸੀ, ਮਿੱਠੀਆਂ ਗੋਲ਼ੀਆਂ, ਰਿਉੜੀਆਂ, ਪਤਾਸੇ। ਇਸੇ ਨੂੰ ਰੂੰਗਾ ਕਿਹਾ ਜਾਂਦਾ ਸੀ। ਜੇ ਕੋਈ ਕੰਜੂਸ ਬਾਣੀਆ ਰੂੰਗਾ ਹੱਥ ਘੁੱਟ ਕੇ ਦਿੰਦਾ ਹੁੰਦਾ, ਬੱਚੇ ਉਹਦੀ ਦੁਕਾਨ ਵਿਚ ਘੱਟ ਜਾਂਦੇ। ਰਾਜਾ ਰਾਮ ਦਾ ਹੱਥ ਖੁੱਲ੍ਹਾ ਸੀ।

ਮਗਰੋਂ ਜਦੋਂ ਉਮਰ ਸਾਡੀ ਮਾਸੂਮੀਅਤ ਖੋਹ ਲੈਂਦੀ ਹੈ, ਇਹ ਪਤਾ ਲੱਗ ਜਾਂਦਾ ਹੈ ਕਿ ਇਸ 'ਮੁਫ਼ਤ' ਰੂੰਗੇ ਦਾ ਪੜਤਾ ਰਾਜਾ ਰਾਮ ਸਮੇਤ ਹਰ ਬਾਣੀਏ ਨੇ ਪਹਿਲਾਂ ਹੀ ਰੱਖ ਲਿਆ ਹੁੰਦਾ ਸੀ ਪਰ ਉਸ ਉਮਰੇ ਸਾਡੇ ਲਈ ਮੁਫ਼ਤ ਮਿਲਿਆ ਰੂੰਗਾ ਵੱਡੀ ਪ੍ਰਾਪਤੀ ਹੁੰਦਾ ਸੀ। ਜੇ ਕੋਈ ਮੁੰਡਾ ਰੂੰਗਾ ਥੋੜ੍ਹਾ ਦੇਖ ਕੇ ਗਿਲਾ ਕਰਦਾ, "ਬੱਸ ਐਨਾ ਹੀ?" ਤਾਂ ਵੀ ਬਾਣੀਆ ਉਹਨੂੰ "ਚੱਲ ਭੱਜ ਇਥੋਂ" ਨਹੀਂ ਸੀ ਆਖਦਾ ਸਗੋਂ ਥੋੜ੍ਹਾ ਜਿਹਾ ਹੋਰ ਦੇ ਕੇ ਸਰਚਾ ਦਿੰਦਾ। ਅਸਲ ਵਿਚ ਇਹ ਰੂੰਗਾ ਹੀ ਹੁੰਦਾ ਸੀ ਜੋ ਸਾਨੂੰ ਨਿਆਣਿਆਂ ਨੂੰ ਰਾਜਾ ਰਾਮ ਵਰਗਿਆਂ ਦੀਆਂ ਹੱਟਾਂ ਵੱਲ ਖਿੱਚਣ ਵਾਸਤੇ ਚੁੰਬਕ ਦਾ ਕੰਮ ਕਰਦਾ। ਇਸੇ ਕਾਰਨ ਜਦੋਂ ਖੇਡ ਵਿਚ ਮਗਨ ਕਿਸੇ ਮੁੰਡੇ ਨੂੰ ਮਾਂ ਆਖਦੀ, "ਵੇ ਮੁੰਡਿਆ, ਘਰੇ ਆ, ਕੰਮ ਐ", ਉਹ ਨਾਬਰ ਹੋ ਜਾਂਦਾ, "ਮਾਂ ਤੂੰ ਆਪੇ ਕਰ ਲੈ ਆਬਦਾ ਕੰਮ-ਕੁੰਮ, ਮੈਂ ਨਹੀਂ ਆੜੀਆਂ ਤੋਂ ਗਾਲ਼ਾਂ ਲੈਂਦਾ ਖੇਡ ਵਿਚਾਲੇ ਛੱਡ ਕੇ!" ਪਰ ਜੇ ਮਾਂ ਆਖਦੀ, "ਵੇ ਮੁੰਡਿਆ, ਜਾਹ ਮੈਨੂੰ ਰਾਜੇ ਦੀ ਹੱਟ ਤੋਂ ਸੌਦਾ ਲਿਆ ਦੇ", ਉਹ ਖਿੱਦੋ, ਖੂੰਡੀ, ਗੁੱਲੀ ਜਾਂ ਡੰਡਾ- ਜੋ ਕੁਛ ਵੀ ਹੱਥ ਵਿਚ ਹੁੰਦਾ, ਨਾਲ ਦੇ ਖੇਡਣ ਵਾਲਿਆਂ ਦੀ ਕੋਈ ਪਰਵਾਹ ਕੀਤੇ ਬਿਨਾਂ, ਉਥੇ ਹੀ ਸੁੱਟ ਕੇ 'ਮੈਂ ਹੁਣੇ ਆਇਆ ਯਾਰ' ਆਖਦਾ ਅਤੇ ਮਾਂ ਮਗਰ ਤੁਰ ਪੈਂਦਾ। ਉਹ ਝੋਲ਼ੀ ਵਿਚ ਦਾਣੇ ਪੁਆਉਂਦਾ ਅਤੇ ਹੱਟ ਨੂੰ ਭੱਜ ਲੈਂਦਾ। ਦੋਵਾਂ ਵਾਰ ਦੇ ਰਵਈਏ ਵਿਚਲੇ ਫਰਕ ਦਾ ਕਾਰਨ ਰੂੰਗਾ ਹੀ ਹੁੰਦਾ ਸੀ।

ਨਵੀਆਂ ਪੀੜ੍ਹੀਆਂ ਨੂੰ ਇਹ ਗੱਲ ਦੱਸਣੀ ਵੀ ਠੀਕ ਹੋਵੇਗੀ ਕਿ ਸਾਡੀ ਪੇਂਡੂ ਪੀੜ੍ਹੀ ਨਕਦ ਪੈਸਿਆਂ ਦੀ ਥਾਂ ਕੁੜਤੇ ਦੀ ਝੋਲ਼ੀ ਵਿਚ ਦਾਣੇ ਲੈ ਕੇ ਦੁਕਾਨ ਤੋਂ ਕੁਛ ਲੈਣ ਕਿਉਂ ਜਾਂਦੀ ਸੀ? ਪੈਸਾ, ਜੋ ਅੱਜ ਬੇਕਿਰਕੀ ਨਾਲ ਪਾਣੀ ਵਾਂਗ ਵਹਾਇਆ-ਰੋੜ੍ਹਿਆ ਜਾਂਦਾ ਹੈ, ਉਦੋਂ ਬੜੀ ਮੁਸ਼ਕਲ ਨਾਲ ਹੱਥ ਆਉਂਦਾ ਸੀ। ਹੁਣ ਤਾਂ ਸਕੂਲੀ ਵਿਦਿਆਰਥੀ ਘਰੋਂ ਮਿਲੇ ਹੋਏ ਜੇਬ ਖਰਚ ਵਜੋਂ ਸੌ ਸੌ ਦੇ ਨੋਟ ਤੇ ਮੋਬਾਈਲ ਚਾਰਜ ਕਰਵਾਉਣ ਲਈ ਪੰਜ ਪੰਜ ਸੌ ਦੇ ਨੋਟ ਚੁੱਕੀਂ ਫਿਰਦੇ ਹਨ, ਉਸ ਸਮੇਂ ਅਜਿਹੇ ਲੋਕ ਵੀ ਹੁੰਦੇ ਸਨ ਜਿਨ੍ਹਾਂ ਨੇ ਸੌ ਦਾ ਨੋਟ ਹੋਰਾਂ ਦੇ ਹੱਥਾਂ ਵਿਚ ਹੀ ਦੇਖਿਆ ਹੁੰਦਾ ਸੀ ਅਤੇ ਉਨ੍ਹਾਂ ਨੂੰ ਆਪਣੀ ਜੇਬ ਵਿਚ ਪਾਉਣਾ ਕਦੀ ਨਸੀਬ ਨਹੀਂ ਸੀ ਹੋਇਆ ਹੁੰਦਾ। ਅੱਜ ਅਣਖੀਲੇ ਮੰਗਤੇ ਵੀ ਇਕ ਰੁਪਈਏ ਦੀ ਭੀਖ ਲੈਣ ਤੋਂ ਇਨਕਾਰੀ ਹਨ।

ਜਿਥੇ ਅੱਜ ਮੰਗਤੇ ਰੁਪਈਏ ਦਾ ਨੋਟ ਲੈਣੋਂ ਇਨਕਾਰੀ ਹਨ, ਅਸੀਂ ਕੋਈ ਮੇਲਾ ਦੇਖਣ ਜਾਣ ਸਮੇਂ ਅੱਜ ਦੇ ਛੇ ਪੈਸਿਆਂ ਜਿੰਨਾ ਆਨਾ ਲੈ ਕੇ ਬਾਗੋਬਾਗ ਹੋ ਜਾਂਦੇ ਸੀ ਕਿਉਂਕਿ ਉਦੋਂ ਖਾਣ ਵਾਲੀ ਚੀਜ਼ ਆਨੇ ਦੇ ਚੌਥੇ ਹਿੱਸੇ, ਭਾਵ ਇਕ ਪੈਸੇ ਦੀ ਵੀ ਮਿਲ ਜਾਂਦੀ ਸੀ। ਇਸ ਗੱਲ ਦਾ ਇਕ ਹੋਰ ਦਿਲਚਸਪ ਸਬੂਤ ਇਹ ਹੈ ਕਿ ਅਨੇਕ ਪੇਂਡੂ ਉਮਰ ਭੋਗ ਕੇ ਬੁੜ੍ਹੇ ਹੋ ਗਏ ਹੋਣ ਦੇ ਬਾਵਜੂਦ ਵੀਹ ਤੋਂ ਵੱਧ ਗਿਣਤੀ ਨਹੀਂ ਸਨ ਜਾਣਦੇ ਕਿਉਂਕਿ ਉਨ੍ਹਾਂ ਨੂੰ ਜੀਵਨ ਵਿਚ ਇਹਦੀ ਲੋੜ ਹੀ ਨਹੀਂ ਸੀ ਪਈ ਹੁੰਦੀ। ਜਿਵੇਂ ਹੁਣ ਚੀਜ਼ਾਂ ਦੀ ਖਰੀਦ-ਵਿਕਰੀ ਦੀ ਰਕਮ ਦਾ ਜ਼ਿਕਰ ਹਜ਼ਾਰਾਂ-ਲੱਖਾਂ ਵਿਚ ਹੁੰਦਾ ਹੈ, ਉਦੋਂ ਵੀਹਾਂ ਵਿਚ ਹੁੰਦਾ ਸੀ। ਗਾਂ, ਬਲ੍ਹਦ, ਮ੍ਹੈਸ, ਆਦਿ ਪਸ਼ੂ ਐਨੀਆਂ ਵੀਹਾਂ ਦਾ ਆਇਆ ਅਤੇ ਫ਼ਸਲ ਦੇ ਐਨੇ ਵੀਹਾਂ ਵੱਟੇ ਗਏ। ਆਰਥਿਕਤਾ ਦੇ ਉਸ ਦੌਰ ਵਿਚ ਕਿਸਾਨਾਂ ਨੂੰ ਵੀਹਾਂ ਵਿਚ ਗਿਣੇ ਜਾਂਦੇ ਨੋਟਾਂ ਦੇ ਦਰਸ਼ਨ ਵੀ ਰੋਜ਼ ਰੋਜ਼ ਨਹੀਂ ਸਨ ਹੁੰਦੇ ਸਗੋਂ ਛੇ ਮਹੀਨਿਆਂ ਮਗਰੋਂ ਹਾੜ੍ਹੀ-ਸਾਉਣੀ ਦੀ ਫ਼ਸਲ ਆਈ ਤੋਂ ਹੀ ਹੁੰਦੇ ਸਨ। ਕੁਦਰਤੀ ਹੀ, ਕਿਸਾਨ ਉਤੇ ਨਿਰਭਰ ਭਾਂਤ-ਭਾਂਤ ਦੇ ਕਾਮਿਆਂ-ਕਿਰਤੀਆਂ ਨੂੰ ਵੀ ਹਿੱਸੇ ਬੈਠਦੇ ਨੋਟ ਉਸ ਸਮੇਂ ਹੀ ਦਰਸ਼ਨ ਦਿੰਦੇ। ਇਸ ਕਰਕੇ ਰੋਜ਼-ਰੋਜ਼ ਦੀ ਖਰੀਦਦਾਰੀ ਲਈ ਦਾਣਿਆਂ ਦੀ ਚੁੰਗ ਹੀ ਕੰਮ ਆਉਂਦੀ। ਜਾਂ ਫੇਰ ਹੁਧਾਰ ਜੋ ਬਾਣੀਏ ਬਹੀ ਉਤੇ ਲਿਖਦੇ ਰਹਿੰਦੇ ਤੇ ਫ਼ਸਲ ਆਈ ਤੋਂ ਉਗਰਾਹੁੰਦੇ।

ਸਾਡੀ ਨੇੜਲੀ ਦੁਕਾਨ ਵਾਲਾ ਰਾਜਾ ਰਾਮ ਨੇਤਰਹੀਣ ਸੀ। ਉਹਦੇ ਚਿਹਰੇ ਉਤੇ ਮਾਤਾ ਦੇ ਮੱਧਮ ਮੱਧਮ ਦਾਗ਼ ਸਨ ਜਿਸ ਨੇ ਉਹਦੀਆਂ ਅੱਖਾਂ ਬਿਲਕੁਲ ਨਸ਼ਟ ਕਰ ਦਿੱਤੀਆਂ ਸਨ। ਉਹਦਾ ਵੇਸ ਸਿੱਖਾਂ ਵਾਲਾ ਸੀ। ਸੂਖ਼ਮ ਜਿਹਾ ਸਰੀਰ, ਸੂਖ਼ਮ ਜਿਹੀ ਅਣਛੋਹੀ ਸੱਸੀ ਦਾੜ੍ਹੀ, ਸਿਰ ਉਤੇ ਛੋਟੀ ਜਿਹੀ ਕੇਸਕੀ ਲਪੇਟੀ ਹੋਈ, ਸਿੱਖਾਂ ਵਾਲਾ ਕਛਹਿਰਾ। ਉਦੋਂ ਨੇਤਰਹੀਣ ਬੱਚਿਆਂ ਨੂੰ, ਹੋਰ ਕੋਈ ਵੀ ਸਾਧਨ ਨਾ ਹੋਣ ਕਰਕੇ, ਗੁਰਦੁਆਰੇ ਭੇਜ ਦਿੱਤਾ ਜਾਂਦਾ ਸੀ, ਜਿਥੇ ਭਾਈ ਜੀ ਬਾਲਕ ਨੂੰ ਉਹਦੀ ਪ੍ਰਤਿਭਾ ਅਤੇ ਰੁਚੀ ਅਨੁਸਾਰ ਕੀਰਤਨ ਦੀ, ਨਹੀਂ ਤਾਂ ਫੇਰ ਢੋਲਕੀ ਜਾਂ ਵਾਜਾ ਵਜਾਉਣ ਦੀ ਸਿੱਖਿਆ ਦੇ ਦਿੰਦਾ। ਇਸੇ ਕਰਕੇ ਕੀਰਤਨੀ ਮੰਡਲੀਆਂ ਵਿਚ ਅਕਸਰ ਹੀ ਸੂਰਮੇ ਦਿਸਦੇ ਸਨ ਅਤੇ ਅੱਜ ਵੀ ਦਿਸਦੇ ਹਨ। ਉਸ ਜ਼ਮਾਨੇ ਵਿਚ ਪਿੰਡ ਦੌਧਰ ਦਾ ਗੁਰਦੁਆਰਾ ਇਸ ਕਾਰਜ ਲਈ ਸਾਡੇ ਇਲਾਕੇ ਵਿਚ ਮਸ਼ਹੂਰ ਸੀ। ਕੱਚੀ ਉਮਰੇ ਏਨੀ ਸਮਝ ਨਹੀਂ ਸੀ ਕਿ ਮੈਂ ਰਾਜਾ ਰਾਮ ਤੋਂ ਇਹ ਸਭ ਪੁੱਛ ਲੈਂਦਾ। ਇਹ ਗੱਲ ਤਾਂ ਪੱਕੀ ਹੈ ਕਿ ਉਹ ਜ਼ਰੂਰ ਕਿਸੇ ਗੁਰਦੁਆਰੇ ਭੇਜਿਆ ਗਿਆ ਹੋਵੇਗਾ। ਕੀਰਤਨ ਜਾਂ ਢੋਲਕੀ-ਵਾਜੇ ਦੀ ਸਿੱਖਿਆ ਉਹਨੇ ਲਈ ਕਿ ਨਹੀਂ, ਕੋਈ ਪਤਾ ਨਹੀਂ ਪਰ ਕਿਸੇ ਕਾਰਨ ਉਹ ਕੀਰਤਨੀਆ ਜਾਂ ਸਾਜੀ ਬਣਿਆ ਨਹੀਂ ਸੀ। ਹਾਂ, ਉਹਦਾ ਵੇਸ ਜ਼ਰੂਰ ਉਹਦੇ ਇਸ ਸਿੱਖਿਆ ਵਿਚੋਂ ਲੰਘੇ ਹੋਣ ਦੀ ਸਾਹਦੀ ਭਰਦਾ ਸੀ ਜੋ ਉਹਨੇ ਸਾਰੀ ਉਮਰ ਨਿਭਾਇਆ।

ਉਹ ਦੋ ਭਰਾ ਸਨ। ਵੱਡਾ ਰੰਗੀ ਰਾਮ ਬਾਲ-ਬੱਚੇ ਵਾਲਾ ਸੀ। ਉਹ ਪੂਰਾ ਧੋਤੀ-ਬੰਨ੍ਹ ਨੱਤੀਆਂ ਵਾਲਾ ਬਾਣੀਆ ਸੀ। ਰਾਜਾ ਰਾਮ ਦਾ, ਸਰੀਰਕ ਬੱਜ ਕਾਰਨ, ਅਣਵਿਆਹਿਆ ਰਹਿ ਜਾਣਾ ਕੁਦਰਤੀ ਸੀ। ਮੰਡੀਓਂ ਸੌਦਾ-ਸੂਤ ਲਿਆਉਣ ਦਾ ਕੰਮ ਅਤੇ ਘਰ-ਕਬੀਲਦਾਰੀ ਦਾ ਹਰ ਰੁਝੇਵਾਂ ਰੰਗੀ ਰਾਮ ਦੇ ਜ਼ਿੰਮੇ ਸੀ। ਵਿਹਲੇ ਵੇਲੇ ਉਹ ਹੱਟ ਵਿਚ ਆ ਤਾਂ ਬੈਠਦਾ ਪਰ ਹੱਟ ਦਾ ਕੰਮ ਰਾਜਾ ਰਾਮ ਹੀ ਸਾਂਭਦਾ ਸੀ। ਭਲੇ ਜ਼ਮਾਨੇ ਸਨ ਜਦੋਂ ਅਜੇ ਮਾੜੇ ਬੰਦਿਆਂ ਵਿਚ ਵੀ ਇਨਸਾਨੀਅਤ ਬਾਕੀ ਸੀ। ਹੁਣ ਦੀ ਬੁੱਧੀ ਅਨੁਸਾਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਅਜਿਹੀ ਨੌਬਤ ਕਦੀ ਨਹੀਂ ਆਈ ਹੋਵੇਗੀ ਜਦੋਂ ਕਿਸੇ ਗਾਹਕ ਨੇ ਰਾਜਾ ਰਾਮ ਨੂੰ ਗੱਲੀਂ ਲਾ ਕੇ ਹੱਟ ਤੋਂ ਕੋਈ ਚੀਜ਼ ਚੁੱਪ-ਚੁਪੀਤੇ ਜੇਬ ਵਿਚ ਪਾ ਲਈ ਹੋਵੇ। ਕਿਸੇ ਨਿੱਘਰੇ ਹੋਏ ਬੰਦੇ ਨੇ ਵੀ ਕਦੀ ਏਨਾ ਨਿੱਘਰਨਾ ਠੀਕ ਨਹੀਂ ਸਮਝਿਆ ਹੋਵੇਗਾ!

ਜਦੋਂ ਕੋਈ ਗਾਹਕ ਰਾਜਾ ਰਾਮ ਦੀ ਤੱਕੜੀ ਵਿਚ ਦਾਣੇ ਪਾਉਂਦਾ, ਉਹ ਟੋਹ ਕੇ ਭਾਰ ਦਾ ਅੰਦਾਜ਼ਾ ਲਾਉਂਦਾ ਅਤੇ ਦੂਜੇ ਪੱਲੜੇ ਵਿਚ ਵੱਟੇ ਰਖਦਾ। ਤੱਕੜੀ ਦਾ ਬੋਦਾ ਉਹ ਅੰਗੂਠੇ ਦੇ ਨਾਲ ਵਾਲੀ ਉਂਗਲ ਤੇ ਬੋਲ਼ੀ ਉਂਗਲ ਵਿਚ ਫੜਦਾ ਅਤੇ ਅੰਗੂਠੇ ਤੇ ਚੀਚੀ ਨਾਲ ਤੱਕੜੀ ਦੀ ਡੰਡੀ ਦੇ ਦੋਵੇਂ ਪਾਸੇ ਮਹਿਸੂਸਦਾ ਰਹਿੰਦਾ। ਜਦੋਂ ਡੰਡੀ ਬਰਾਬਰ ਹੋ ਜਾਂਦੀ, ਉਹ ਗਾਹਕ ਦੀ ਤਸੱਲੀ ਲਈ ਅੰਗੂਠਾ ਤੇ ਚੀਚੀ ਹਟਾ ਕੇ ਤੱਕੜੀ ਦੀ ਡੰਡੀ ਦਿਖਾ ਦਿੰਦਾ। ਉਹਨੇ ਚੀਜ਼ਾਂ ਵਾਲੇ ਡੱਬੇ ਤੇ ਪੀਪੀਆਂ-ਪੀਪੇ ਆਪਣੇ ਹਿਸਾਬ ਨਾਲ ਹੀ ਰੱਖੇ ਹੋਏ ਸਨ ਅਤੇ ਉਨ੍ਹਾਂ ਸਭਨਾਂ ਦਾ ਉਹਨੂੰ ਚੇਤਾ ਸੀ। ਉਹ ਜਿਥੋਂ ਕੁਛ ਚੁਕਦਾ, ਉਥੇ ਹੀ ਟਿਕਾ ਦਿੰਦਾ। ਇਉਂ ਉਹ ਹਰ ਸੌਦਾ ਵੀ ਦਾਣਿਆਂ ਵਾਂਗ ਹੀ ਪੂਰਾ ਪੂਰਾ ਜੋਖ ਦਿੰਦਾ।

ਪਹਿਲਾਂ ਗਾਹਕ ਦੇ ਲਿਆਂਦੇ ਦਾਣੇ ਜੋਖਣ ਦਾ ਅਤੇ ਫੇਰ ਗਾਹਕ ਦੀ ਮੰਗੀ ਚੀਜ਼ ਜੋਖਣ ਦਾ ਰਾਜਾ ਰਾਮ ਦਾ ਤਰੀਕਾ ਸੋਚ ਕੇ ਮੈਂ ਹੈਰਾਨ ਰਹਿ ਜਾਂਦਾ ਹਾਂ। ਪਰ ਜਿਹੜੀ ਗੱਲ ਸੁਣ ਕੇ ਪਿਛਲੀਆਂ ਪੀੜ੍ਹੀਆਂ ਤਾਂ ਹੈਰਾਨ ਹੋਣਗੀਆਂ ਹੀ, ਸ਼ਾਇਦ ਮੇਰੇ ਹਾਣੀ ਵੀ ਹੈਰਾਨ ਹੋ ਜਾਣ, ਉਹ ਸੀ ਰਾਜਾ ਰਾਮ ਦਾ ਗਾਹਕ ਦਾ ਮੰਗਿਆ ਰੰਗ ਜੋਖਣਾ। ਪਹਿਲਾਂ ਉਹ ਦਾਣੇ ਤੱਕੜੀ ਵਿਚ ਜੋਖਦਾ, ਫੇਰ ਕਟੋਰੀਆਂ ਵਰਗੇ ਪਿੱਤਲ ਦੇ ਪਲੜਿਆਂ ਵਾਲਾ ਛੋਟਾ ਤਕੜੀਆ ਲੈ ਕੇ ਉਹਦੀਆਂ ਉਲਝੀਆਂ ਡਸਾਂ ਠੀਕ ਕਰਦਾ ਅਤੇ ਉਹਦੀ ਬੋਦੀ ਫੜ੍ਹ ਕੇ ਠੀਕ ਹੋ ਗਿਆ ਹੋਣ ਦੀ ਆਪ ਵੀ ਤਸੱਲੀ ਕਰਦਾ ਅਤੇ ਗਾਹਕ ਦੀ ਵੀ ਤਸੱਲੀ ਕਰਵਾਉਂਦਾ। ਤਕੜੀਏ ਦੇ ਇਕ ਪਲੜੇ ਵਿਚ ਉਹ ਕਾਗ਼ਜ਼ ਦੀ ਪਰਚੀ ਰਖਦਾ ਅਤੇ ਗਾਹਕ ਦੇ ਮੰਗੇ ਰੰਗ ਵਾਲਾ ਡੱਬਾ ਚੁੱਕ ਕੇ ਚਮਚੀ ਨਾਲ ਰੰਗ ਜੋਖਦਾ, ਪੁੜੀ ਬੰਨ੍ਹਦਾ ਤੇ ਗਾਹਕ ਦੇ ਹਵਾਲੇ ਕਰਦਾ। ਅੱਧੀ ਇੱਟ ਤੋਂ ਥੋੜ੍ਹੇ ਜਿਹੇ ਵੱਧ ਲੰਮੇ, ਬਾਹਰੋਂ ਸੁਨਹਿਰੀ ਜਿਹੇ ਦਿਸਦੇ ਇਹ ਕਿਸੇ ਇਕੋ ਕੰਪਨੀ ਦੇ ਰੰਗਾਂ ਦੇ ਡੱਬੇ ਇਕ ਖਾਨੇ ਵਿਚ ਕਤਾਰ ਦੀ ਕਤਾਰ ਸਜੇ ਹੋਏ ਹੁੰਦੇ ਅਤੇ ਉਹਨੂੰ ਪਹਿਲੀ ਵਾਰ ਹੀ ਰੰਗ ਚੁੱਕਣ ਵਿਚ ਕਦੀ ਕੋਈ ਭੁਲੇਖਾ ਨਹੀਂ ਸੀ ਲੱਗਿਆ।

ਰਾਜਾ ਰਾਮ ਦੀ ਯਾਦ-ਸ਼ਕਤੀ ਤਾਂ ਆਪਾਂ ਠੀਕ ਡੱਬੇ ਵਿਚੋਂ ਠੀਕ ਸੌਦਾ ਜੋਖਣ ਤੋਂ ਦੇਖ ਹੀ ਆਏ ਹਾਂ, ਅੱਖਾਂ ਵਾਲਿਆਂ ਤੋਂ ਵੱਡੀ ਉਹਦੀ ਸਮਰੱਥਾ ਦੀ ਜਿਹੜੀ ਕਥਾ ਤੁਹਾਨੂੰ ਹੁਣ ਸੁਣਾਉਣ ਲੱਗਿਆ ਹਾਂ, ਉਹ ਚੇਤੇ ਕਰ ਕੇ ਹਾਸਾ ਤਾਂ ਆਉਂਦਾ ਹੀ ਹੈ, ਵਿਚਾਰੇ ਰੰਗੀ ਰਾਮ ਉਤੇ ਤਰਸ ਵੀ ਆਉਂਦਾ ਹੈ। ਸਾਡੇ ਇਲਾਕੇ ਦੇ ਪਿੰਡ ਕਲਿਆਣਾਂ ਦੇ ਟਿੱਬੇ ਮਸ਼ਹੂਰ ਸਨ। ਹਨੇਰੀਆਂ ਅਕਸਰ ਉਧਰੋਂ ਹੀ ਆਉਂਦੀਆਂ। ਲੋਕ ਰੌਲ਼ਾ ਪਾਉਂਦੇ, "ਆ ਗਈ ਬਈ ਨ੍ਹੇਰੀ ਕਲਿਆਣਾਂ ਦੇ ਟਿੱਬਿਆਂ ਤੋਂ, ਚੀਜ਼-ਵਸਤ ਸਾਂਭੋ ਫਟਾਫਟ!" ਜਦੋਂ ਹਨੇਰੀ ਰੁਕਦੀ, ਉਹ ਵਿਹੜਿਆਂ ਵਿਚ ਕਲਿਆਣਾਂ ਦੇ ਟਿੱਬਿਆਂ ਤੋਂ ਲਿਆਂਦਾ ਹੋਇਆ ਕੱਕਾ ਰੇਤਾ ਵਿਛਾ ਚੁੱਕੀ ਹੁੰਦੀ। ਸੁਆਣੀਆਂ ਇਕ ਦੂਜੀ ਨੂੰ ਆਖਦੀਆਂ, "ਨੀ ਭੈਣੇ, ਅੱਜ ਤਾਂ ਜਾਏ-ਖਾਣੀ ਨ੍ਹੇਰੀ ਨੇ ਦੋ ਬੱਠਲ ਰੇਤਾ ਵਿਹੜੇ ਵਿਚ ਲਿਆ ਸਿੱਟਿਆ!"

ਕਈ ਵਾਰ ਹਨੇਰੀ ਗਰਮੀਆਂ ਦੀ ਅੱਧੀ ਰਾਤ ਛੱਤਾਂ ਉਤੇ ਘੂਕ ਸੁੱਤੇ ਪਏ ਲੋਕਾਂ ਨੂੰ ਅਚਾਨਕ ਆ ਦਬਦੀ। ਸਭ ਹੜਬੜਾ ਕੇ ਜਾਗਦੇ ਅਤੇ ਭਾਜੜਾਂ ਪੈ ਜਾਂਦੀਆਂ। ਜੁਆਕ ਚੀਕ-ਚਿਹਾੜਾ ਪਾ ਦਿੰਦੇ। ਪੌੜੀਆਂ ਕਿਹੜਾ ਚੌੜੀਆਂ ਸੀਮਿੰਟੀ ਹੁੰਦੀਆਂ ਸਨ, ਬਾਂਸ ਦੀ ਪੌੜੀ ਰਾਹੀਂ ਉਤਰਨਾ ਵੱਖਰੀ ਮੁਸੀਬਤ ਹੁੰਦਾ। ਇਕ ਵਾਰ ਅਜਿਹੀ ਹੀ ਹਫੜਾ-ਦਫ਼ੜੀ ਵਿਚ ਗੁਆਂਢੀਆਂ ਨੇ ਹਨੇਰੀ ਦੇ ਖੜਕੇ-ਦੜਕੇ ਤੇ ਜੁਆਕਾਂ ਦੇ ਰੌਲ਼ੇ-ਰੱਪੇ ਦੇ ਬਾਵਜੂਦ ਅਤੇ ਉਸ ਤੋਂ ਉਚੀ ਰੰਗੀ ਰਾਮ ਦੀ ਤਰਲੇ-ਭਰੀ ਅਧ-ਰੋਣੀ ਆਵਾਜ਼ ਸੁਣੀ, "ਰਾਜਾ ਰਾਮਾ, ਤੂੰ ਮਗਰੋਂ ਉਤਰੀਂ, ਪਹਿਲਾਂ ਸਾਨੂੰ ਸਾਰਿਆਂ ਨੂੰ ਬਾਂਹੋਂ ਫੜ ਫੜ ਪੌੜੀ ਉਤਾਰ!" ਹਨੇਰੀ ਦੀ ਮੁਸੀਬਤ ਵਿਚ ਵੀ ਲੋਕਾਂ ਦਾ ਹਾਸਾ ਨਿਕਲ ਗਿਆ। ਮਗਰੋਂ ਲੋਕ ਛੇੜਦੇ, "ਰੰਗੀ ਰਾਮਾ, ਤੈਨੂੰ ਅੱਖਾਂ ਵਾਲੇ ਨੂੰ ਸੂਰਮਾ ਰਾਜਾ ਰਾਮ ਪੌੜੀ ਉਤਾਰਨਾ ਚਾਹੀਦਾ ਸੀ, ਤੂੰ ਉਲਟਾ ਉਹਦਾ ਆਸਰਾ ਭਾਲਦਾ ਸੀ!" ਉਹ ਕੱਚਾ ਜਿਹਾ ਹੋ ਕੇ ਆਖਦਾ, "ਓ ਭਾਈ, ਸਾਡੇ ਵਿਚਾਰੇ ਰਾਜਾ ਰਾਮ ਦੀ ਤਾਂ ਸਦਾ ਹੀ ਨ੍ਹੇਰੀ ਐ। ਅਚਾਨਕ ਨ੍ਹੇਰੀ ਨੇ ਇਉਂ ਆ ਦੱਬੇ, ਸਾਨੂੰ ਤਾਂ ਪਤਾ ਹੀ ਕੁਛ ਨਾ ਲੱਗੇ, ਚੜ੍ਹਦਾ-ਛਿਪਦਾ ਪਾਸਾ ਕਿਧਰ ਐ ਤੇ ਪੌੜੀ ਕਿਸ ਪਾਸੇ ਐ। ਸਾਡੇ ਰਾਜਾ ਰਾਮ ਨੇ ਪਾਰ ਲਾਏ!"

ਰਾਜਾ ਰਾਮ ਮੇਰੇ ਚੇਤੇ ਵਿਚ ਵਸੇ ਹੋਏ ਉਨ੍ਹਾਂ ਬੰਦਿਆਂ ਵਿਚੋਂ ਹੈ ਜਿਨ੍ਹਾਂ ਦੀ ਜਦੋਂ ਯਾਦ ਆਉਂਦੀ ਹੈ, ਸਾਉਣ ਦੀ ਪਹਿਲੀ ਫ਼ੁਹਾਰ ਵਾਂਗ ਆਉਂਦੀ ਹੈ!

# ਸ਼੍ਰੋਮਣੀ ਚਿੱਤਰਕਾਰ ਸੋਭਾ ਸਿੰਘ

ਕਮਲੇਸ ਕੌਰ
ਫੋਨ: 91-65010-17437


ਜਗਤ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਦਾ ਜਨਮ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਦੀ ਵਰਸੋਈ ਧਰਤੀ ਸ੍ਰੀ ਹਰਗੋਬਿੰਦਪੁਰ, ਜਿਲ੍ਹਾ ਗੁਰਦਾਸਪੁਰ ਵਿਖੇ 29 ਨਵੰਬਰ 1901 ਨੂੰ ਪਿਤਾ ਦੇਵਾ ਸਿੰਘ ਦੇ ਘਰ ਮਾਤਾ ਇੱਛਰਾਂ ਦੇਵੀ ਦੀ ਕੁੱਖੋਂ ਹੋਇਆ। ਦੁਧ ਚਿੱਟੀ ਦਾਹੜੀ ਅਤੇ ਸਿਰ ਦੇ ਚਿੱਟੇ ਵਾਲ ਰਬਿੰਦਰਨਾਥ ਟੈਗੋਰ ਵਾਂਗ ਪਿੱਛੇ ਨੂੰ ਵਾਹੇ ਹੋਏ। ਉਨ੍ਹਾਂ ਦੀ ਦਿੱਖ ਹੀ ਕਿਸੇ ਰਿਸ਼ੀ ਵਰਗੀ ਨਹੀਂ ਸੀ ਸਗੋਂ ਉਸ ਦਾ ਜੀਵਨ ਵੀ ਕਿਸੇ ਤਪੱਸਵੀ ਨਾਲੋਂ ਘੱਟ ਨਹੀਂ ਸੀ। ਛੋਟੀ ਉਮਰੇ ਮਾਂ ਵਿਹੂਣਾ ਇਹ ਬਾਲਕ ਪਿਤਾ ਦੇ ਸਖਤ ਸੁਭਾਅ ਕਾਰਨ ਪ੍ਰਾਇਮਰੀ ਤੱਕ ਦੀ ਵਿਦਿਆ ਹੀ ਪੂਰੀ ਕਰ ਸਕਿਆ। ਸੋਭਾ ਸਿੰਘ ਹੱਠੀ ਸੁਭਾਅ ਪਿਤਾ ਦੀ ਮਰਿਆਦਾ ਵਿਚ ਰਹਿਣ ਤੋਂ ਇਨਕਾਰੀ ਸੀ, ਚਿੱਤਰਕਲਾ ਦਾ ਸ਼ੌਂਕ ਭਾਵੇਂ ਵਿਰਸੇ ਵਿਚ ਪ੍ਰਾਪਤ ਹੋਇਆ ਪਰ ਪਿਤਾ ਚਾਹੁੰਦਾ ਸੀ ਕੇ ਪੁੱਤਰ ਪੜ੍ਹ ਲਿਖ ਕੇ ਅਫਸਰ ਬਣੇ। ਸੋਭਾ ਸਿੰਘ ਚੋਰੀ ਛੁਪੇ ਚਿੱਤਰਕਲਾ ਦਾ ਸ਼ੌਂਕ ਘਰ ਦੀਆਂ ਕੰਧਾਂ ਤੇ ਲੀਕਾਂ ਮਾਰ, ਕਦੇ ਬਿਆਸ ਦਰਿਆ ਦੇ ਰੇਤੇ ਵਿਚ ਚਿੱਤਰ ਬਣਾ ਕੇ ਪੂਰਦਾ; ਅਤੇ ਮਲ੍ਹਿਆਂ-ਝਾੜੀਆਂ ਵਿਚ ਰੈਣ ਬਸੇਰਾ ਕਰਦਿਆਂ ਕਲਾ ਨੂੰ ਜ਼ਿੰਦਗੀ ਬਣਾ ਤੁਰਦਾ ਗਿਆ।

ਸਾਲ 1913 ਵਿਚ ਪਿਤਾ ਦੀ ਮੌਤ ਪਿਛੋਂ ਕਾਫੀ ਚਿਰ ਇਧਰ-ਉਧਰ ਭਟਕਣ ਤੋਂ ਬਾਅਦ ਭਾਰਤੀ ਫੌਜ ਵਿਚ ਡਰਾਫਟਮੈਨ ਵਜੋਂ ਭਰਤੀ ਹੋ ਗਿਆ। ਚਾਰ ਸਾਲ ਬਗਦਾਦ ਵਿਚ ਰਹਿੰਦਿਆਂ ਯੂਨਾਨੀ ਅਤੇ ਯੂਰਪੀ ਸਾਹਿਤ ਵਿਚ ਚਿੱਤਰਕਲਾ ਸਬੰਧੀ ਪੁਸਤਕਾਂ ਪੜ੍ਹ ਕੇ ਜਾਣਕਾਰੀ ਹਾਸਲ ਕੀਤੀ। 1923 ਵਿਚ ਬੀਬੀ ਇੰਦਰ ਕੌਰ ਨਾਲ ਵਿਆਹ ਹੋ ਗਿਆ। 1924 ਵਿਚ ਅੰਮ੍ਰਿਤਸਰ ਵਿਚ ਸੁਭਾਗ ਸਟੂਡੀਓ ਖੋਲ੍ਹਿਆ। ਉਥੇ ਸੋਭਾ ਸਿੰਘ ਦਾ ਮੇਲ ਨਾਵਲਕਾਰ ਨਾਨਕ ਸਿੰਘ ਨਾਲ ਹੋਇਆ।

ਗੁਰੂ ਕਾ ਬਾਗ ਮੋਰਚੇ ਤੋਂ ਪ੍ਰਭਾਵਿਤ ਹੋ ਕੇ ਸੋਭਾ ਸਿੰਘ ਨੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣ ਬਾਰੇ ਸੋਚਿਆ। ਜ਼ਿੰਦਗੀ ਦੇ ਤਲਖ ਤਜਰਬੇ ਹੰਢਾਉਂਦਿਆਂ, ਤੰਗੀਆਂ ਤੁਰਸ਼ੀਆਂ ਅਤੇ ਦੁੱਖਾਂ-ਤਕਲੀਫਾਂ ਦੀ ਪਰਵਾਹ ਨਾ ਕਰਦਿਆਂ ਕਦੇ ਲਾਹੌਰ ਸਟੂਡੀਓ ਬਣਾਇਆ ਅਤੇ ਕਦੇ ਮੁੜ ਅੰਮ੍ਰਿਤਸਰ ਪ੍ਰੀਤ ਨਗਰ ਆ ਗਏ। ਇੱਥੇ ਹੀ ਬਸ ਨਹੀਂ ਬੰਬਈ ਅਤੇ ਦਿਲੀ ਵਰਗੇ ਮਹਾਂਨਗਰਾਂ ਵਿਚ ਟਿਕਾਣਾ ਬਣਾ ਮੁੜ ਆਪਣੀ ਇੱਛਾ ਮੁਤਾਬਕ ਪਾਲਮਪੁਰ ਦੀਆਂ ਸੋਹਣੀਆਂ ਵਾਦੀਆਂ ਦੇ ਅੰਦਰੇਟੇ ਆਪਣੀ ਤਪੱਸਿਆ ਦੀ ਧੂਣੀ ਦੀ ਫੁਲਵਾੜੀ ਖਿੰਡਾ ਬੈਠ ਗਿਆ ਜਿਸ ਦੀ ਖੁਸ਼ਬੋ, ਦੇਸ਼-ਵਿਦੇਸ਼ ਵਿਚ ਫੈਲ ਗਈ। ਕਲਾ ਪ੍ਰੇਮੀਆਂ ਲਈ ਇਹ ਥਾਂ, ਕਲਾ ਮੰਦਰ ਬਣ ਗਿਆ। ਅੰਦਰੇਟਾ ਧੌਲਧਾਰ ਦੀਆਂ ਪਹਾੜੀਆਂ ਦੇ ਕਦਮਾਂ ਵਿਚ ਪਿੰਡ ਦੇ ਪਹਿਲਾਂ ਫੁੱਲਾਂ ਨਾਲ ਸ਼ਿੰਗਾਰੀ ਸ਼ਾਹੀ ਕੁਟੀਆ ਵਿਚ ਮਹਾਨ ਤਪੱਸਵੀ ਦਾ ਕਲਾ ਮੰਦਿਰ ਹੈ ਜਿਸ ਦੇ ਮੱਥੇ 'ਹੋਰ ਚੰਗੇ ਬਣੋ' ਲਿਖਿਆ ਹੋਇਆ ਹੈ। ਜ਼ਿੰਦਗੀ ਦੇ 37 ਵਰ੍ਹੇ ਇਥੇ ਹੀ ਗੁਜ਼ਾਰੇ।

ਗੁਰੂ ਸਾਹਿਬਾਨ ਦੀ ਬਾਣੀ ਪੜ੍ਹੀ, ਸੁਣੀ, ਸਮਝੀ ਅਤੇ ਧੁਰ ਅੰਦਰ ਵਸਾ ਕੇ ਆਤਮਾ ਦੀ ਪਰਮਾਤਮਾ ਨਾਲ ਇਕ ਸੁਰਤਾ ਕਰਦਿਆਂ ਦਰਜਨ ਤੋਂ ਵੱਧ ਗੁਰੂ ਸਾਹਿਬਾਂ ਦੇ ਵੱਖ ਵੱਖ ਰੂਪਾਂ ਤੇ ਸਥਿਤੀਆਂ ਦੇ ਰੂਹਾਨੀ ਚਿੱਤਰ ਸਿਰਜੇ। ਸੋਭਾ ਸਿੰਘ ਨੇ ਤਿੰਨ ਵਾਰ ਸੋਹਣੀ-ਮਹੀਂਵਾਲ ਦੀ ਤਸਵੀਰ ਬਣਾਈ ਜੋ ਉਸ ਦੀ ਮਹਾਨ ਕਲਾਕ੍ਰਿਤ ਸੁਹਾਵਣੀ ਤੇ ਖੇੜੇ ਭਰੀ ਹੈ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਤੋਂ ਇਲਾਵਾ ਭਗਵਾਨ ਰਾਮ ਚੰਦਰ, ਭਗਵਾਨ ਕ੍ਰਿਸ਼ਨ, ਬਾਬਾ ਸ਼ੇਖ ਫਰੀਦ, ਹਜਰਤ ਈਸਾ ਮਸੀਹ ਅਤੇ ਭਗਤ ਰਵਿਦਾਸ ਦੇ ਚਿੱਤਰ ਬਣਾਏ। 1973 ਵਿਚ ਆਈ. ਕੇ. ਗੁਜਰਾਲ ਨੇ ਸੋਭਾ ਸਿੰਘ ਦੀ ਡਾਕੂਮੈਂਟਰੀ ਫਿਲਮ ਬਣਾਈ। 1974 ਵਿਚ ਰਾਜ ਸਰਕਾਰ ਨੇ ਸੋਭਾ ਸਿੰਘ ਨੂੰ ਰਾਜ ਕਲਾਕਾਰ ਦਾ ਐਵਾਰਡ ਦਿਤਾ। ਭਾਰਤ ਸਰਕਾਰ ਨੇ 1983 ਵਿਚ ਪਦਮਸ੍ਰੀ ਦੀ ਉਪਾਧੀ ਨਾਲ ਸਨਮਾਨਿਆ। ਸੋਭਾ ਸਿੰਘ ਦਾ 26 ਅਗਸਤ 1986 ਨੂੰ ਦੇਹਾਂਤ ਹੋ ਗਿਆ।

ਰੂਹਾਂ ਦੇ ਰਿਸਤੇ ਕਈ ਵਾਰ ਖੂਨ ਦੇ ਰਿਸਤਿਆਂ ਨੂੰ ਮਾਤ ਪਾ ਦਿੰਦੇ ਹਨ। ਬੀਬੀ ਗੁਰਚਰਨ ਕੌਰ ਸੋਭਾ ਸਿੰਘ ਦੀਆਂ ਕਲਾ ਕ੍ਰਿਤਾਂ ਨੂੰ ਅੱਜ ਵੀ ਸੰਭਾਲ ਰਹੀ ਹੈ।



# ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਦੇ ਡਾਇਰੈਕਟਰ ਹਰਜੀਤ ਸਿੰਘ ਨਾਲ ਗੱਲਾਂ

*ਭਗਤ ਪੂਰਨ ਸਿੰਘ ਦੇ ਜੀਵਨ ਅਤੇ ਸੇਵਾ ਬਾਰੇ ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਦੇ ਨਿਰਦੇਸ਼ਕ ਹਰਜੀਤ ਸਿੰਘ ਦਾ ਨਾਂ ਪਿਛਲੇ ਚਾਲੀ ਸਾਲਾਂ ਤੋਂ ਚਰਚਾ ਵਿਚ ਹੈ। ਇਹ ਉਹੀ ਹਰਜੀਤ ਸਿੰਘ ਹੈ ਜਿਸ ਨੇ ਜਲੰਧਰ ਦੂਰਦਰਸ਼ਨ ਜਰੀਏ 'ਕੱਚ ਦੀਆਂ ਮੁੰਦਰਾਂ' ਵਰਗਾ ਅਮਰ ਪ੍ਰੋਗਰਾਮ ਦਿੱਤਾ ਤੇ ਅਮਿਤੋਜ ਵਰਗਾ ਮਹਾਨ ਪੇਸ਼ਕਾਰ। 'ਰੌਣਕ ਮੇਲਾ' ਅਤੇ 'ਲਿਸ਼ਕਾਰਾ' ਉਸੇ ਦੇ ਹਿੱਟ ਪ੍ਰੋਗਰਾਮ ਸਨ। 'ਲਿਸ਼ਕਾਰਾ' ਅਜੇ ਵੀ ਜਸਵੀਰ ਸਿੰਘ ਦੀ ਨਿਰਦੇਸ਼ਨਾ ਹੇਠ ਦੂਰਦਰਸ਼ਨ ਪੇਸ਼ ਕਰ ਰਿਹਾ ਹੈ। ਇਸ ਪ੍ਰੋਗਰਾਮ ਨੇ ਮੇਰੇ ਵਰਗੇ ਅਨੇਕਾਂ ਲੋਕਾਂ ਨੂੰ ਨਿੱਕੇ ਪਰਦੇ 'ਤੇ ਲਿਆਂਦਾ। 'ਹੁੱਲੇ-ਹੁਲਾਰੇ' ਅਤੇ 'ਲਾਰਾ-ਲੱਪਾ' ਵਰਗੇ ਨਵੇਂ ਸਾਲ ਦੇ ਮਨੋਰੰਜਨ ਪ੍ਰੋਗਰਾਮਾਂ ਨਾਲ ਆਪਣੀ ਕਲਾ ਦੀ ਸਿਖਰ ਵਿਖਾਈ। 'ਵਿਸਾਖੀ' ਅਤੇ ਹਰਭਜਨ ਮਾਨ ਦੀ 'ਹੀਰ ਰਾਂਝਾ' ਵਰਗੀਆਂ ਪੰਜਾਬੀ ਫ਼ਿਲਮਾਂ ਦਾ ਨਿਰਦੇਸ਼ਨ ਦਿੱਤਾ। ਬੱਬੂ ਮਾਨ ਦੀ ਅਮਿਤੋਜ ਮਾਨ ਦੇ ਨਿਰਦੇਸ਼ਨ ਹੇਠ ਬਣੀ ਫਿਲਮ 'ਹਵਾਏਂ' ਦੇ ਸੰਵਾਦ ਆਪਣੀ ਪਤਨੀ ਤੇਜਿੰਦਰ ਕੌਰ ਮਾਨ ਨਾਲ ਰਲ ਕੇ ਲਿਖੇ। ਹੁਣ ਉਨ੍ਹਾਂ ਦੀ ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' 30 ਜਨਵਰੀ ਨੂੰ ਰਿਲੀਜ਼ ਹੋ ਰਹੀ ਹੈ। ਇਸ ਇਤਿਹਾਸਕ ਫਿਲਮ ਦੀ ਮਸ਼ਹੂਰੀ ਤੇ ਪ੍ਰਚਾਰ ਲਈ, ਅਤੇ ਕੁਝ ਹੋਰ ਅਹਿਮ ਤੇ ਖਾਸ ਕਾਰਜਾਂ ਲਈ ਹਰਜੀਤ ਸਿੰਘ ਆਪਣੀ ਪਤਨੀ ਡਾ. ਤਜਿੰਦਰ ਕੌਰ ਮਾਨ ਅੱਜ ਕੱਲ੍ਹ ਅਮਰੀਕਾ ਤੇ ਕੈਨੇਡਾ ਦੇ ਦੌਰੇ 'ਤੇ ਹੈ। ਹਾਲ ਹੀ ਵਿਚ ਕੈਲੀਫੋਰਨੀਆ ਦੇ ਸੈਨ ਡੀਐਗੋ ਸ਼ਹਿਰ ਆਪਣੀ ਬੇਟੀ ਕੋਲ ਠਹਿਰੇ ਹਰਜੀਤ ਸਿੰਘ ਨਾਲ ਹੋਈ ਗੱਲਬਾਤ ਪਾਠਕਾਂ ਦੀ ਨਜ਼ਰ ਹੈ:*

**ਸਵਾਲ: ਦੂਰਦਰਸ਼ਨ ਦਾ ਪ੍ਰਵੇਸ਼ ਦੁਆਰ ਕਦੋਂ ਖੁੱਲ੍ਹਿਆ ਤੇ ਪਹਿਲਾ ਕਿਹੜਾ ਅਹਿਮ ਕਾਰਜ ਸੀ?**

**ਜਵਾਬ:** 1977 ਵਿਚ ਚੜ੍ਹਦੀ ਉਮਰੇ ਜਦੋਂ ਕੰਮ ਕਰਨ ਦੀ ਸਮਰੱਥਾ ਨੱਕੋ-ਨੱਕ ਭਰੀ ਹੁੰਦੀ ਹੈ, ਦੂਰਦਰਸ਼ਨ ਦੇ ਦਿੱਲੀ ਕੇਂਦਰ ਵਿਚ ਸਹਿ-ਨਿਰਮਾਤਾ ਵਜੋਂ ਹਾਜ਼ਰੀ ਦਿੱਤੀ। ਸਭ ਤੋਂ ਪਹਿਲਾਂ ਬੱਚਿਆਂ ਦਾ ਪ੍ਰੋਗਰਾਮ ਪੇਸ਼ ਤੇ ਤਿਆਰ ਕਰਨ ਦਾ ਮੌਕਾ ਮਿਲਿਆ। ਵਿਸ਼ਾ-ਵਸਤੂ ਪੱਖੋਂ ਇਹ ਪ੍ਰੋਗਰਾਮ ਬੇਹੱਦ ਸਫ਼ਲ ਸੀ, ਪਰ ਜਦੋਂ ਅੰਮ੍ਰਿਤਾ ਪ੍ਰੀਤਮ ਨੂੰ ਲੈ ਕੇ 'ਸ਼ੌਕ ਸੁਰਾਹੀ' ਪ੍ਰੋਗਰਾਮ ਅਰੰਭ ਕੀਤਾ, ਤਾਂ ਮੈਨੂੰ ਲੱਗਿਆ ਕਿ ਜੋ ਮੇਰੇ ਅੰਦਰ ਹੈ

**ਸ਼ਖਸੀਅਤ**

**ਐਸ. ਅਸ਼ੋਕ ਭੌਰਾ**

ਜਾਂ ਸੀ, ਉਸ ਨੂੰ ਬਾਹਰ ਕੱਢਣ ਦਾ ਮੌਕਾ ਮਿਲ ਗਿਆ ਹੈ। ਉਦੋਂ ਦਰਸ਼ਕਾਂ/ਸਰੋਤਿਆਂ ਦਾ ਵੱਡਾ ਕਾਫਲਾ ਵੀ ਨਾਲ ਜੁੜ ਗਿਆ। ਅੰਮ੍ਰਿਤਾ ਪ੍ਰੀਤਮ ਨਾਲ ਕੰਮ ਕਰਨਾ ਆਪਣੇ ਆਪ ਵਿਚ ਵੱਡੀ ਗੱਲ ਸੀ, ਪਰ ਛੇਤੀ ਹੀ ਮੇਰਾ ਤਬਾਦਲਾ ਜਲੰਧਰ ਕੇਂਦਰ ਵਿਚ ਹੋ ਗਿਆ।

**ਸਵਾਲ: ਜਲੰਧਰ ਤੁਹਾਨੂੰ ਮਨੋਰੰਜਨ ਪ੍ਰੋਗਰਾਮ ਦੇਣ ਪਿੱਛੇ ਕੀ ਰਾਜ਼ ਸੀ?**

**ਜਵਾਬ:** ਅਸਲ ਵਿਚ ਮੇਰੇ ਅੰਦਰ ਇਕ ਮੁਕੰਮਲ ਥੀਏਟਰ ਲੁਕਿਆ ਹੋਇਆ ਸੀ। ਦੂਰਦਰਸ਼ਨ ਕੇਂਦਰ ਨਾਟਕ ਤਾਂ ਵਿਖਾਉਂਦਾ ਸੀ, ਪਰ ਲੜੀਵਾਰ ਨਹੀਂ। ਮੈਂ ਆਉਂਦਿਆਂ ਹੀ ਚਾਰਲਸ ਡਿਕਨਜ਼ ਦੇ ਨਾਵਲ ਉਤੇ ਆਧਾਰਤ ਲੜੀਵਾਰ 'ਸੁਪਨੇ ਤੇ ਪ੍ਰਛਾਵੇਂ' ਸ਼ੁਰੂ ਕੀਤਾ। ਇਹਨੂੰ ਵੱਡਾ ਹੁੰਗਾਰਾ ਮਿਲਿਆ। ਸੋ, ਜਲੰਧਰ ਦੂਰਦਰਸ਼ਨ 'ਤੇ ਲੜੀਵਾਰਾਂ ਦੀ ਪਿਰਤ ਮੇਰੇ ਨਾਲ ਹੀ ਸ਼ੁਰੂ ਹੋਈ। ਇਹ 23 ਕਿਸ਼ਤਾਂ ਦਾ ਸੀਰੀਅਲ ਸੀ ਜਿਸ ਨੂੰ ਟੈਲੀਵਿਜ਼ਨ 'ਤੇ ਦੇਖਣ ਲਈ ਲੋਕ ਕੰਮ-ਧੰਦਾ ਵੀ ਅੱਗੇ-ਪਿੱਛੇ ਪਾ ਲੈਂਦੇ ਸਨ। ਇਸ ਤੋਂ ਬਾਅਦ ਗੁਰਦਿਆਲ ਸਿੰਘ ਦੇ ਨਾਵਲ 'ਤੇ ਆਧਾਰਤ ਲੜੀਵਾਰ 'ਚਾਨਣੀ ਰਾਤ' ਬਣਾਇਆ, ਫਿਰ 'ਗਰਦਿਸ਼' ਤੇ ਫਿਰ ਚੱਲ ਸੋ ਚੱਲ।

**ਸਵਾਲ: 'ਕੱਚ ਦੀਆਂ ਮੁੰਦਰਾਂ' ਜਲੰਧਰ ਦੂਰਦਰਸ਼ਨ ਦਾ ਇਤਿਹਾਸਕ ਮਨੋਰੰਜਨ ਪ੍ਰੋਗਰਾਮ ਹੋ ਨਿਬੜਿਆ ਜੋ ਅਜੇ ਤੱਕ ਲੋਕ ਭੁੱਲੇ ਨਹੀਂ, ਤੇ ਨਾ ਹੀ ਸ਼ਿਵ ਵਾਂਗ ਇਸ ਦੇ ਪਲੇਠੇ ਪੇਸ਼ਕਾਰ ਅਮਿਤੋਜ ਨੂੰ... ਰਾਜ਼ ਕੀ ਹੈ?**

**ਜਵਾਬ:** ਚੰਡੀਗੜ੍ਹ ਪੜ੍ਹਦਿਆਂ ਅਮਿਤੋਜ ਮੇਰਾ ਸੀਨੀਅਰ ਸੀ। ਉਹ ਬਹੁਤ ਅੱਛੀ ਕਵਿਤਾ ਲਿਖਦਾ ਤੇ ਬੋਲਦਾ ਸੀ। ਸੰਗੀਤਕ ਪ੍ਰੋਗਰਾਮ 'ਸਤਰੰਗੀ' ਤੋਂ ਬਾਅਦ ਜਦੋਂ ਮੈਂ 'ਕੱਚ ਦੀਆਂ ਮੁੰਦਰਾਂ' ਦੀ ਪਟਕਥਾ ਤਿਆਰ ਕੀਤੀ ਤਾਂ ਮੇਰੇ ਮਨ ਵਿਚ ਅਮਿਤੋਜ ਦੀ ਤਸਵੀਰ ਉਭਰੀ ਕਿ ਐਕਟਿੰਗ ਕਿਉਂ ਨਾ ਉਸ ਤੋਂ ਕਰਵਾਈ ਜਾਵੇ! ਇਹ ਤਜਵੀਜ਼ ਬਹੁਤ ਸਫ਼ਲ ਰਹੀ ਅਤੇ 'ਕੱਚ ਦੀਆਂ ਮੁੰਦਰਾਂ' ਅਮਰ ਪ੍ਰੋਗਰਾਮ ਬਣ ਗਿਆ। ਬਹੁਤ ਸਾਰੇ ਲੋਕਾਂ ਨੂੰ ਅਜੇ ਤੱਕ ਭੁਲੇਖਾ ਹੈ ਕਿ ਸ਼ਾਇਦ ਅਮਿਤੋਜ ਜ਼ੁਬਾਨੀ ਸਭ ਕੁਝ ਪੇਸ਼ ਕਰਦਾ ਸੀ। ਉਹ ਹਾਲਾਂਕਿ ਸਭ ਕੁਝ ਲਿਖ ਕੇ ਤਿਆਰ ਕਰਦਾ ਸੀ, ਪਰ ਉਹਦਾ ਅੰਦਾਜ਼-ਏ-ਬਿਆਨ ਇੰਨਾ ਸੁਭਾਵਿਕ ਤੇ ਕੁਦਰਤੀ ਸੀ ਕਿ ਸਹੀ ਅਰਥਾਂ ਵਿਚ ਉਹਦੀ ਥਾਂ ਅਜੇ ਤੱਕ ਕੋਈ ਲੈ ਹੀ ਨਹੀਂ ਸਕਿਆ। ਉਹਦੀ ਪੇਸ਼ਕਾਰੀ ਹੀ ਅਸਲ ਵਿਚ ਇਸ ਪ੍ਰੋਗਰਾਮ ਦੀ ਸਫ਼ਲਤਾ ਦਾ ਵੱਡਾ ਰਾਜ਼ ਸੀ। ਇਸ ਤੋਂ ਬਾਅਦ 'ਰੌਣਕ ਮੇਲਾ' ਵੀ ਮੇਰੇ ਖਾਤੇ ਵਿਚ ਕਾਫ਼ੀ ਵਡਿਆਈ ਵਾਲਾ ਰਿਹਾ।

**ਸਵਾਲ: 2007 ਵਿਚ ਨਵੇਂ ਸਾਲ ਮੌਕੇ ਮੈਂ ਵੀ ਦੂਰਦਰਸ਼ਨ ਉਤੇ 'ਛਣਕਾਟਾ ਪੈਂਦਾ ਗਲੀ-ਗਲੀ' ਪੇਸ਼ ਕੀਤਾ, ਲਖਵਿੰਦਰ ਜੌਹਲ ਦਾ 'ਬਚ ਕੇ ਮੋੜ ਤੋਂ' ਵੀ ਅੱਛਾ ਸੀ, ਪਰ ਤੁਹਾਡੇ ਪ੍ਰੋਗਰਾਮ 'ਲਾਰਾ-ਲੱਪਾ' ਜਾਂ 'ਹੁੱਲੇ-ਹੁਲਾਰੇ' ਦੀ ਥਾਂ ਕੋਈ ਨਹੀਂ ਲੈ ਸਕਿਆ, ਕਿਉਂ?**

**ਜਵਾਬ:** ਕਿਉਂ ਬਾਰੇ ਤਾਂ ਮੈਂ ਕੀ ਕਹਿਣਾ...ਦਰਅਸਲ ਨਵੇਂ ਸਾਲ ਦੇ ਪ੍ਰੋਗਰਾਮ ਪਹਿਲਾਂ ਦਿੱਲੀ/ਮੁੰਬਈ ਕੇਂਦਰ ਤੋਂ ਹੀ ਤਿਆਰ ਹੁੰਦੇ ਸਨ। ਮੈਂ ਡਾਇਰੈਕਟਰ ਨੂੰ ਕਿਹਾ, ਕਿਉਂ ਨਾ ਇਨ੍ਹਾਂ ਨੂੰ ਜਲੰਧਰ ਹੀ ਤਿਆਰ ਕੀਤਾ ਜਾਵੇ। ਮੇਰੀ ਮੰਨ ਲਈ ਗਈ। ਅਸੀਂ ਪਹਿਲਾਂ ਯੂਥ ਫੈਸਟੀਵਲਾਂ ਦੀਆਂ ਅੱਵਲ ਗਿੱਧਾ-ਭੰਗੜਾ ਟੀਮਾਂ ਚੁਣੀਆਂ, ਫਿਰ ਗਾਇਕ ਤੇ ਗੀਤ। ਪਾਏਦਾਰ ਹਾਸਰਸ ਤੇ ਪੇਸ਼ਕਾਰੀ। 'ਲਾਰਾ-ਲੱਪਾ' ਦਾ ਟਾਈਟਲ ਗੀਤ ਸੁਖਵਿੰਦਰ ਨੇ ਆਪ ਕੰਪੋਜ ਕਰ ਕੇ ਗਾਇਆ। ਅਮਰ ਨੂਰੀ ਦਾ ਗੀਤ 'ਨਛੱਤਰਾ ਲੈ ਆਈਂ ਵੇ ਇਕ ਸਾਬਣ ਦੀ ਟਿੱਕੀ' ਅਤੇ ਹੰਸ ਦਾ 'ਨੀ ਵਣਜਾਰਣ ਕੁੜੀਏ' ਗੀਤ ਸੁਖਵਿੰਦਰ ਦੀਆਂ ਕੰਪੋਜੀਸ਼ਨਾਂ ਸਨ, ਬਾਕੀ ਸੰਗੀਤ ਕੰਵਰ ਇਕਬਾਲ ਦਾ ਸੀ। ਮੈਂ ਮੰਨਦਾ ਹਾਂ ਕਿ ਇਹ ਇੰਨੇ ਸਫ਼ਲ ਪ੍ਰੋਗਰਾਮ ਸਨ ਕਿ ਟੀ-ਸੀਰੀਜ਼ ਵਰਗੀਆਂ ਕੰਪਨੀਆਂ ਆਡੀਓ/ਵੀਡੀਓ ਰਿਲੀਜ਼ ਕਰਨ ਲਈ ਵੱਡੇ ਟੈਂਡਰ ਭਰਨ ਲੱਗ ਪਈਆਂ। ਸੈਟ ਡਿਜ਼ਾਇਨਿੰਗ ਤੋਂ ਲੈ ਕੇ ਸਭ ਕੁਝ ਮੈਂ ਆਪ ਮਿਹਨਤ ਨਾਲ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨੂੰ ਭਾਗ ਲੱਗੇ, ਪਰ ਅਸਲ ਵਿਚ ਐਡੀਟਿੰਗ ਤੱਕ ਸਾਰੀ ਵਿਭਾਗੀ ਟੀਮ ਨੂੰ ਵੀ ਇਹ ਮਾਣ ਜਾਂਦਾ ਹੈ।



ਹਰਜੀਤ ਸਿੰਘ ਆਪਣੀ ਪਤਨੀ ਡਾ. ਤਜਿੰਦਰ ਕੌਰ ਮਾਨ ਨਾਲ

**ਸਵਾਲ: ਬਹੁਤ ਸਾਰੇ ਗਾਇਕਾਂ ਜਾਂ ਕਲਾਕਾਰਾਂ ਨੂੰ ਤੁਹਾਡੇ ਕਰ ਕੇ ਬ੍ਰੇਕ ਮਿਲੀ ਹੈ, ਇਸ ਬਾਰੇ ਕੀ ਕਹੋਗੇ?**

**ਜਵਾਬ:** ਠੀਕ ਹੈ ਕਿ 'ਅੱਜ ਕੱਲ੍ਹ ਸੁਣਿਆ ਫਤੂਰ ਵਿਚ ਰਹਿੰਦੇ ਹੋ' ਨਾਲ ਹੰਸ ਅੱਗੇ ਨਿਕਲਿਆ, 'ਲਾਰਾ-ਲੱਪਾ ਲਾਈ ਰੱਖਦੀ' ਨਾਲ ਸੁਖਵਿੰਦਰ, 'ਰੂੜਾ ਮੰਡੀ ਜਾਵੇ' ਨਾਲ ਕਮਲਜੀਤ ਨੀਰੂ, ਸੁਰੀਲੀ ਗਾਇਕਾ ਰੰਜਨਾ ਅੱਗੇ ਗਈ ਤੇ ਹਰ ਗਾਇਕ ਨੂੰ ਦੂਰਦਰਸ਼ਨ ਨੇ ਇਕ ਤਰ੍ਹਾਂ ਨਾਲ ਰਿਜ਼ਕ ਦਿੱਤਾ; ਚਾਚਾ ਰੌਣਕੀ ਰਾਮ (ਬਲਵਿੰਦਰ ਵਿੱਕੀ), ਗੁਰਪ੍ਰੀਤ ਘੁੱਗੀ, ਥੀਏਟਰ ਕਲਾਕਾਰ ਮਰਹੂਮ ਹਰਭਜਨ ਜੱਬਲ ਤੇ ਜਤਿੰਦਰ ਕੌਰ ਕਾਮੇਡੀ ਵਿਚ ਅੱਗੇ ਆਏ; ਪਰ ਮੈਂ ਇਹ ਨਹੀਂ ਮੰਨਦਾ ਕਿ ਮੈਂ ਇਨ੍ਹਾਂ ਨੂੰ ਬ੍ਰੇਕ ਦਿੱਤੀ, ਸਗੋਂ ਮੈਨੂੰ ਤਾਂ ਇਉਂ ਲਗਦਾ ਹੈ ਕਿ ਇਨ੍ਹਾਂ ਕਰ ਕੇ ਮੈਨੂੰ ਬ੍ਰੇਕ ਮਿਲੀ ਹੈ। ਹਾਂ, ਇਹ ਜ਼ਰੂਰ ਹੈ ਕਿ ਜਦੋਂ ਮੈਨੂੰ ਕੋਈ ਕਿਸੇ ਚੰਗੀ ਆਵਾਜ਼ ਜਾਂ ਗਾਇਕ ਬਾਰੇ ਦੱਸ ਪਾਉਂਦਾ, ਤਾਂ ਮੈਂ ਪਹੁੰਚ ਜ਼ਰੂਰ ਕਰਦਾ। ਇਸ ਦੀ ਮਿਸਾਲ ਇਹ ਹੈ ਕਿ ਡਾ. ਸਤਿੰਦਰ ਨੂਰ ਨੇ ਮੈਨੂੰ ਸਭ ਤੋਂ ਪਹਿਲਾਂ ਦੱਸਿਆ ਸੀ ਕਿ ਗੁਰਦਾਸ ਮਾਨ ਨਾਂ ਦਾ ਇਕ ਮੁੰਡਾ ਗਾਉਂਦਾ ਵੀ ਅੱਛਾ ਹੈ ਤੇ ਪ੍ਰਫਾਰਮਰ ਵੀ ਕੀ ਕਹਿਣੇ, ਤੇ ਮੈਂ ਗੁਰਦਾਸ ਮਾਨ ਦਾ ਦੂਰਦਰਸ਼ਨ ਨਾਲ ਮੁਕੰਮਲ ਸੰਗਮ ਕਰਵਾਇਆ।

**ਸਵਾਲ: ਫਿਲਮਾਂ ਵੱਲ ਕਿਵੇਂ ਮੁੜੇ?**

**ਜਵਾਬ:** ਵਰਿੰਦਰ ਦੇ ਕਤਲ ਤੋਂ ਬਾਅਦ ਫਿਲਮਾਂ ਦੇ ਖੇਤਰ ਵਿਚ ਇਕ ਤਰ੍ਹਾਂ ਨਾਲ ਪੂਰਾ ਡਰ ਅਤੇ ਸਹਿਮ ਦਾ ਮਾਹੌਲ ਬਣ ਗਿਆ ਸੀ। ਪੰਜਾਬੀ ਫਿਲਮਾਂ ਬਣਾਉਣਾ ਤਾਂ ਕੀ, ਕੋਈ ਇੱਧਰ ਵੇਖਣਾ ਤੱਕ ਨਹੀਂ ਸੀ ਚਾਹੁੰਦਾ। ਜਲੰਧਰ ਦੂਰਦਰਸ਼ਨ ਲਈ ਮੈਂ ਮੁਖਤਾਰ ਗਿੱਲ ਦੀ ਕਹਾਣੀ 'ਤੇ ਸੀਰੀਅਲ ਬਣਾਇਆ। ਮੈਨੂੰ ਲੱਗਿਆ, ਵਿਸ਼ਾ ਬਹੁਤ ਅੱਛਾ ਹੈ ਤੇ ਇਸ ਨੂੰ ਵਿਸਥਾਰ ਦੇ ਕੇ ਫਿਲਮ ਬਣਾਈ ਜਾ ਸਕਦੀ ਹੈ। ਮੈਂ ਆਪਣੀ ਪਤਨੀ ਨਾਲ ਸਲਾਹ ਕੀਤੀ, ਹੱਲਾਸ਼ੇਰੀ ਮਿਲੀ, ਤੇ 'ਵਿਸਾਖੀ' ਫਿਲਮ ਦਾ ਨਿਰਮਾਣ ਹੋ ਗਿਆ। ਇਸ ਪ੍ਰੋਜੈਕਟ ਵਿਚ ਗਾਇਕਾਂ ਤੇ ਹੋਰ ਕਲਾਕਾਰਾਂ ਨੇ ਮੇਰਾ ਸਹਿਯੋਗ ਬਹੁਤ ਦਿੱਤਾ। ਦੂਜੇ ਪਾਸੇ ਸਰਕਾਰੀ ਨੌਕਰੀ ਕਰ ਕੇ ਕਈ ਬੰਦਿਸ਼ਾਂ ਸਨ, ਤੇ ਆਖਰ ਮੈਂ ਅਸਿਸਟੈਂਟ ਸਟੇਸ਼ਨ ਡਾਇਰੈਕਟਰ ਦੇ ਅਹੁਦੇ ਤੋਂ ਸਵੈ-ਇੱਛਾ ਨਾਲ ਸੇਵਾ ਮੁਕਤੀ ਲੈ ਲਈ, ਤੇ ਆਪਣੇ ਆਪ ਨੂੰ ਪੂਰੇ ਦਾ ਪੂਰਾ ਇਸ ਖੇਤਰ ਨਾਲ ਜੋੜ ਲਿਆ।

**ਸਵਾਲ: ਤੁਹਾਨੂੰ ਨਹੀਂ ਲਗਦਾ ਕਿ ਸਰਕਾਰੀ ਪੰਜਾਲੀ ਵਿਚੋਂ ਸਿਰ ਕੱਢ ਕੇ ਹਰਜੀਤ ਸਿੰਘ ਵਰਗਾ ਮਿਹਨਤੀ ਇਨਸਾਨ ਜਿੰਨਾ ਕੰਮ ਕਰ ਸਕਦਾ ਸੀ, ਨਹੀਂ ਹੋ ਸਕਿਆ?**

**ਜਵਾਬ:** ਦਰਅਸਲ ਹੁਣ ਆ ਕੇ ਪੰਜਾਬੀ ਫਿਲਮਾਂ ਲਈ ਪੂਰਾ ਸਿਰਜਣਾਤਮਿਕ ਮਾਹੌਲ ਬਣਿਆ ਹੈ, ਪਰ ਮੈਂ ਇਸੇ ਦੌਰ ਵਿਚ ਹਰਭਜਨ ਮਾਨ ਦੀ ਸਫਲ ਫਿਲਮ 'ਹੀਰ ਰਾਂਝਾ' ਦਾ ਨਿਰਦੇਸ਼ਨ ਦਿੱਤਾ ਤੇ ਜਿਸ 'ਹਵਾਏਂ' ਫਿਲਮ ਨੂੰ ਵੱਖਰੇ ਨਜ਼ਰੀਏ ਤੋਂ ਬੱਬੂ ਮਾਨ ਨੂੰ ਸਫਲਤਾ ਮਿਲੀ, ਤੇ ਅਮਿਤੋਜ ਮਾਨ ਦੀ ਡਾਇਰੈਕਸ਼ਨ ਸਵੀਕਾਰ ਕੀਤੀ ਗਈ, ਉਸ ਫਿਲਮ ਦਾ ਲਿਖਤੀ ਕਾਰਜ, ਮਤਲਬ ਪਟਕਥਾ ਤੇ ਸੰਵਾਦ ਮੇਰੇ ਤੇ ਮੇਰੀ ਬੀਵੀ ਦੇ ਹੱਥਾਂ ਵਿਚੋਂ ਨਿਕਲੇ ਹਨ। ਅਜੇ ਹੋਰ ਵੀ ਬੜੀਆਂ ਬੜੀਆਂ ਵਿਉਂਤਬੰਦੀਆਂ ਨੇ, ਆਪਣੀ ਸਮਰੱਥਾ ਮੁਤਾਬਿਕ ਕੁਝ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ ਰਹਾਂਗਾ।

**ਸਵਾਲ: ਭਗਤ ਪੂਰਨ ਸਿੰਘ ਦੀ ਜੀਵਨੀ 'ਤੇ ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਤਿਆਰ ਹੋ ਗਈ ਹੈ। ਇਹ ਇਤਿਹਾਸਕ ਕਾਰਜ ਕਰਨ ਦਾ ਖਿਆਲ ਕਿਵੇਂ ਆਇਆ?**


**ਜਵਾਬ:** ਪਿੰਗਲਵਾੜਾ ਦੇ ਬਾਨੀ ਅਤੇ ਇਸ ਪੂਜਣਯੋਗ ਹਸਤੀ ਬਾਰੇ ਪਹਿਲਾਂ ਮੈਂ ਉਨ੍ਹਾਂ ਦੇ ਜੀਵਨ 'ਤੇ ਦਸਤਾਵੇਜ਼ੀ ਤਿਆਰ ਕੀਤੀ ਸੀ, ਮੈਨੂੰ ਧੁਰ ਅੰਦਰੋਂ ਜਿਹੜੀ ਸੰਤੁਸ਼ਟੀ ਮਿਲੀ ਸੀ, ਉਹ ਮੈਂ ਹੀ ਜਾਣਦਾ ਹਾਂ। ਉਦੋਂ ਵੀ ਮੈਂ ਇਸ 'ਤੇ ਕੁਝ ਹੋਰ ਕੰਮ ਕਰਨਾ ਚਾਹੁੰਦਾ ਸਾਂ, ਪਰ ਭਗਤ ਪੂਰਨ ਸਿੰਘ ਜੀ ਦੇ ਸੁਆਸਾਂ ਦੀ ਪੂੰਜੀ ਮੁੱਕ ਗਈ। ਹੁਣ ਸਵਾਲ ਇਹ ਸੀ ਕਿ ਬਹੁਤ ਸਾਰੇ ਲੋਕਾਂ ਨੇ ਭਗਤ ਜੀ ਦਾ ਅਤੇ ਪਿੰਗਲਵਾੜੇ ਦਾ ਨਾਂ ਸੁਣਿਆ ਹੈ, ਦੇਸ਼ਾਂ-ਵਿਦੇਸ਼ਾਂ ਤੋਂ ਇਸ ਕੇਂਦਰ ਦੀ ਮਦਦ ਵੀ ਬਥੇਰੀ ਹੁੰਦੀ ਹੈ, ਪਰ ਇਨ੍ਹਾਂ ਵਿਚੋਂ ਬਹੁਤਿਆਂ ਨੇ ਉਥੇ ਜਾ ਕੇ ਕਦੀ ਅੱਖੀਂ ਹਾਲਾਤ ਨਹੀਂ ਵੇਖੇ, ਕਿ ਕਿਵੇਂ ਇਕ ਮਹਾਂਪੁਰਸ਼ ਨੇ ਅੰਗਹੀਣਾਂ, ਅਪਾਹਜਾਂ, ਬੇਸਹਾਰਿਆਂ ਨੂੰ ਸੰਭਾਲਿਆ, ਉਨ੍ਹਾਂ ਨੂੰ ਜ਼ਿੰਦਗੀ ਦਿੱਤੀ। ਕਈ ਸਾਲ ਬਾਅਦ ਵੀ ਇਹ ਖਿਆਲ ਮਨ ਵਿਚੋਂ ਨਹੀਂ ਨਿਕਲਿਆ। ਭਗਤ ਪੂਰਨ ਸਿੰਘ ਦੀ ਵਾਰਿਸ ਤੇ ਪਿੰਗਲਵਾੜਾ ਚਲਾ ਰਹੇ ਬੀਬੀ ਇੰਦਰਜੀਤ ਕੌਰ ਨਾਲ ਜਦੋਂ ਮੈਂ ਆਪਣੇ ਫਿਲਮੀ ਮਿਸ਼ਨ ਦੀ ਗੱਲ ਕੀਤੀ ਤਾਂ ਉਨ੍ਹਾਂ ਹਾਮੀ ਭਰਦਿਆਂ ਕਿਹਾ ਕਿ ਚਲੋ ਜਿਵੇਂ ਭਗਤ ਜੀ ਕਰਦੇ ਸਨ...ਕਿ ਕੰਮ ਸ਼ੁਰੂ ਤਾਂ ਕਰੋ, ਹੌਲੀ-ਹੌਲੀ ਪੂਰਾ ਵੀ ਹੋ ਜਾਵੇਗਾ...ਤੇ ਅਸੀਂ ਆਪਣੇ ਕਾਰਜ ਵਿਚ ਸਫਲ ਹੋ ਗਏ ਹਾਂ ਤੇ ਇਹ ਫਿਲਮ 30 ਜਨਵਰੀ ਨੂੰ ਪੂਰੀ ਦੁਨੀਆਂ ਦੇ ਸਿਨੇਮਾਂ ਘਰਾਂ 'ਤੇ ਦਸਤਕ ਦੇਵੇਗੀ। ਇਹ ਫਿਲਮ ਮੇਰੀ ਕਲਾਤਮਿਕ ਜ਼ਿੰਦਗੀ ਦਾ ਰੰਗ ਪੇਸ਼ ਕਰੇਗੀ।

**ਸਵਾਲ: ਏਡਾ ਵੱਡਾ ਕਾਰਜ ਕਰ ਕੇ ਕੀ ਆਸ ਰੱਖਦੇ ਹੋ?**

**ਜਵਾਬ:** ਕਿਸਾਨ ਬੀਜ ਬੋਅ ਕੇ ਉਪਰ ਵਾਲੇ 'ਤੇ ਆਸ ਰੱਖ ਕੇ ਬੈਠਾ ਹੁੰਦਾ ਹੈ ਕਿ ਮੌਸਮ ਵੀ ਠੀਕ ਰੱਖੀਂ...ਹੁਣ ਦੇਖਣ ਵਾਲਿਆਂ 'ਤੇ ਟਿਕ-ਟਿਕੀ ਲੱਗੀ ਹੈ, ਆਸ ਜ਼ਰੂਰ ਹੈ ਕਿ ਜਿਵੇਂ ਭਗਤ ਜੀ ਦੇ ਕਾਰਜਾਂ 'ਤੇ ਪੰਜਾਬੀ ਸਹਿਯੋਗੀ ਬਣੇ ਰਹੇ ਹਨ, ਫਿਲਮ ਨੂੰ ਚੰਗਾ ਹੁੰਗਾਰਾ ਭਰਨਗੇ।

**ਸਵਾਲ: ਅਗਲਾ ਮਿਸ਼ਨ?**

**ਜਵਾਬ:** ਅਸੀਂ ਦੋਵੇਂ ਮੀਆਂ-ਬੀਵੀ ਬੱਚਿਆਂ ਲਈ ਪੁਸਤਕਾਂ ਲਿਖ ਰਹੇ ਹਾਂ। ਪੰਜਾਬੀ ਕਿਤਾਬ ਅਗਲੇ ਮਹੀਨੇ ਆ ਜਾਵੇਗੀ। ਅਗਲੀਆਂ ਫਿਲਮਾਂ ਬੱਚਿਆਂ ਬਾਰੇ ਬਣਾਉਣ ਦਾ ਖਿਆਲ ਹੈ, ਕਿਉਂਕਿ 'ਜੰਗਲ ਜੰਗਲ' ਜਾਂ 'ਸਪਾਈਡਰਮੈਨ' ਵਿਚੋਂ ਇਨ੍ਹਾਂ ਨੂੰ ਬਾਹਰ ਕੱਢ ਕੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ, ਤੇ ਅਸੀਂ ਕਰਨ ਦੀ ਕੋਸ਼ਿਸ਼ ਵੀ ਕਰਾਂਗੇ।




ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਦਾ ਪੋਸਟਰ।




ਫਿਲਮ 'ਇਹੁ ਜਨਮੁ ਤੁਮ੍ਹਾਰੇ ਲੇਖੇ' ਦਾ ਦ੍ਰਿਸ਼।

# ਪਾਕਿਸਤਾਨ ਤੋਂ ਪਿਆਰ ਨਾਲ...



## ਮਹੀਰਾ ਖਾਨ

ਪਾਕਿਸਤਾਨੀ ਅਦਾਕਾਰਾ ਮਹੀਰਾ ਖਾਨ ਦੀ ਭਾਰਤ ਵਿਚ ਚਰਚਾ 2011 ਵਿਚ ਰਿਲੀਜ਼ ਹੋਈ ਫਿਲਮ 'ਬੋਲ' ਨਾਲ ਹੋਈ ਸੀ। ਇਹ ਫਿਲਮ ਫਿਲਮਸਾਜ਼ ਸ਼ੋਇਬ ਮਨਸੂਰ ਨੇ ਬਣਾਈ ਸੀ। ਇਹ ਅਜਿਹੀ ਕੁੜੀ ਦੀ ਕਹਾਣੀ ਹੈ ਜੋ ਆਪਣੇ ਪਿਤਾ ਤੋਂ ਬਹੁਤ ਪ੍ਰੇਸ਼ਾਨ ਹੈ ਅਤੇ ਇਸੇ ਤਣਾਅ ਵਿਚੋਂ ਹੀ ਉਹ ਪਿਤਾ ਨੂੰ ਦੱਸੇ ਬਗੈਰ ਵਿਆਹ ਕਰਵਾ ਲੈਂਦੀ ਹੈ। ਮਹੀਰਾ ਖਾਨ ਦੀ ਅਦਾਕਾਰੀ ਦਾ ਸਫਰ 2008 ਵਿਚ ਐਮ.ਟੀ.ਵੀ. ਦੇ ਪ੍ਰੋਗਰਾਮ 'ਮੋਸਟ ਵਾਂਟੇਡ' ਤੋਂ ਸ਼ੁਰੂ ਹੋਇਆ ਸੀ। ਉਹ ਇਸ ਪ੍ਰੋਗਰਾਮ ਵਿਚ ਹੋਸਟ ਬਣੀ ਸੀ ਅਤੇ ਉਸ ਦੀ ਇਸੇ ਕਾਬਲੀਅਤ ਕਰ ਕੇ ਉਸ ਨੂੰ ਇਕ ਹੋਰ ਪ੍ਰੋਗਰਾਮ 'ਵੀਕਐਂਡਸ ਵਿਦ ਮਹੀਰਾ' ਬਤੌਰ ਹੋਸਟ ਮਿਲ ਗਿਆ। ਇਸ ਤੋਂ ਬਾਅਦ ਉਸ ਦੀ ਐਂਟਰੀ ਟੈਲੀਵਿਜ਼ਨ ਸੀਰੀਅਲਾਂ ਵਿਚ ਹੋ ਗਈ। ਪਹਿਲਾਂ ਪਹਿਲ ਉਸ ਨੂੰ 2011 ਵਿਚ 'ਨੀਯਤ' ਨਾਂ ਦੇ ਸੀਰੀਅਲ ਵਿਚ ਕੰਮ ਮਿਲਿਆ। ਇਸੇ ਸਾਲ ਸ਼ੁਰੂ ਹੋਏ 'ਹਮ ਸਫਰ' ਸੀਰੀਅਲ ਨਾਲ ਉਸ ਨੇ ਤੁਰੰਤ ਬੁਲੰਦੀਆਂ ਛੋਹ ਲਈਆਂ। ਇਸ ਸੀਰੀਅਲ ਵਿਚ ਉਸ ਦਾ ਮੁੱਖ ਸਾਥੀ ਕਲਾਕਾਰ ਫਵਾਦ ਖਾਨ ਸੀ। ਇਹ ਸੀਰੀਅਲ ਇੰਨਾ ਜ਼ਿਆਦਾ ਚਰਚਿਤ ਹੋਇਆ ਅਤੇ ਇਸ ਜੋੜੀ ਦੀ ਇੰਨੀ ਜ਼ਿਆਦਾ ਮਸ਼ਹੂਰੀ ਹੋਈ ਕਿ ਦੋਹਾਂ ਲਈ ਫਿਲਮੀ ਦੁਨੀਆਂ ਦਾ ਰਾਹ ਖੁੱਲ੍ਹ ਗਿਆ। ਮਹੀਰਾ ਖਾਨ ਨੂੰ ਫਿਲਮ 'ਬੋਲ' ਮਿਲ ਗਈ। 'ਬੋਲ' ਅਜਿਹੀ ਪਹਿਲੀ ਪਾਕਿਸਤਾਨੀ ਫਿਲਮ ਸੀ ਜਿਸ ਨੇ ਭਾਰਤ ਵਿਚ ਰਿਲੀਜ਼ ਹੋ ਕੇ ਮਸ਼ਹੂਰੀ ਖੱਟੀ। ਦੂਜੇ ਪਾਸੇ ਫਵਾਦ ਖਾਨ ਤਾਂ ਅੱਜ ਕੱਲ੍ਹ ਹਿੰਦੀ ਫਿਲਮਾਂ ਵਿਚ ਬਤੌਰ ਹੀਰੋ ਛਾ ਰਿਹਾ ਹੈ।

ਮਹੀਰਾ ਖਾਨ ਦਾ ਜਨਮ 21 ਦਸੰਬਰ 1984 ਨੂੰ ਹੋਇਆ ਸੀ। ਉਹਨੇ ਪ੍ਰਾਇਮਰੀ ਸਿੱਖਿਆ ਕਰਾਚੀ ਦੇ ਫਾਊਂਡੇਸ਼ਨ ਪਬਲਿਕ ਸਕੂਲ ਤੋਂ ਲਈ ਸੀ। ਫਿਰ ਉਹ ਉਚ ਸਿੱਖਿਆ ਲਈ ਲਾਸ ਏਂਜਲਸ (ਅਮਰੀਕਾ) ਦੇ ਸੈਂਟਾ ਮੋਨਿਕਾ ਕਮਿਊਨਿਟੀ ਕਾਲਜ ਵਿਚ ਦਾਖਲ ਹੋ ਗਈ। ਉਥੇ ਹੀ ਉਹ ਇੰਡਸ ਟੀ.ਵੀ. ਸਟੂਡੀਉ ਦੇ ਅਲੀ ਅਸਕਰੀ ਨੂੰ ਮਿਲੀ ਸੀ ਅਤੇ ਦੋਹਾਂ ਦੀ ਦੋਸਤੀ ਹੋ ਗਈ। 13 ਜੁਲਾਈ 2007 ਨੂੰ ਦੋਹਾਂ ਨੇ ਵਿਆਹ ਕਰਵਾ ਲਿਆ।

ਮਹੀਰਾ ਖਾਨ ਦਾ ਕਹਿਣਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਚੰਗੇ ਸਬੰਧ ਦੋਹਾਂ ਦੇਸ਼ਾਂ ਦੇ ਫਿਲਮ ਕਾਰੋਬਾਰ ਲਈ ਬਹੁਤ ਅਹਿਮ ਹਨ। ਇਹ ਸਬੰਧ ਚੰਗੇ ਹੋਣਗੇ ਤਾਂ ਦੋਹਾਂ ਦੇਸ਼ਾਂ ਦੇ ਕਲਾਕਾਰ ਇਕੱਠੇ ਕੰਮ ਕਰ ਸਕਣਗੇ ਅਤੇ ਫਿਰ ਅਗਾਂਹ ਇਨ੍ਹਾਂ ਸਬੰਧਾਂ ਦੀ ਮਜ਼ਬੂਤੀ ਲਈ ਇਹ ਕਲਾਕਾਰ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਉਸ ਮੁਤਾਬਕ, ਸਿਆਸੀ ਲੋਕਾਂ ਨੇ ਵੱਖ-ਵੱਖ ਮੁੱਦਿਆਂ 'ਤੇ ਬਹੁਤ ਸਿਆਸਤ ਕਰ ਲਈ ਹੈ, ਹੁਣ ਆਮ ਲੋਕਾਂ ਨੂੰ ਲੋਕਾਂ ਦੇ ਦਿਲ ਜੋੜਨ ਦਾ ਕੰਮ ਕਰ ਲੈਣ ਦੇਣਾ ਚਾਹੀਦਾ ਹੈ। ਨਾਲੇ ਦੋਹਾਂ ਦੇਸ਼ਾਂ ਦਾ ਇਤਿਹਾਸ ਇਕ ਹੀ ਤਾਂ ਹੈ।





ਪਾਕਿਸਤਾਨੀ ਅਦਾਕਾਰਾ ਮਹੀਰਾ ਖਾਨ ਦੇ ਦੋ ਅੰਦਾਜ਼।

# ਅਦਾ ਵਾਲੇ ਐਕਟਰ ਮਨੋਜ ਦੇ ਤੇਵਰ




ਮਨੋਜ ਬਾਜਪਾਈ ਨੇ ਆਪਣਾ ਕਰੀਅਰ ਦਿੱਲੀ ਵਿਚ 'ਸਲੱਮ ਬਾਲ ਟਰਸਟ' ਵਿਚ ਬਤੌਰ ਅਧਿਆਪਕ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ ਉਸ ਨੂੰ ਦੂਰਦਰਸ਼ਨ ਦੇ ਲੜੀਵਾਰ 'ਸਵੈਭਿਮਾਨ ਵਿਚ ਕੰਮ ਕਰਨ ਦਾ ਮੌਕਾ ਮਿਲਿਆ। 1996 ਵਿਚ ਫਿਲਮ 'ਦਸਤਖ਼ਤ' ਵਿਚ ਉਸ ਨੂੰ ਪੁਲਿਸ ਮੁਲਾਜ਼ਮ ਦਾ ਨਿੱਕਾ ਜਿਹਾ ਰੋਲ ਮਿਲਿਆ ਸੀ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਸੁਸ਼ਮਿਤਾ ਸੇਨ ਅਤੇ ਮੁਕਲ ਦੇਵ ਦੀਆਂ ਸਨ। ਫਿਰ 'ਦਿਲ ਪੇ ਮਤ ਲੇ ਯਾਰ' ਫਿਲਮ ਵਿਚ ਉਸ ਨੂੰ ਅਦਾਕਾਰਾ ਤੱਬੂ ਨਾਲ ਲੀਡ ਰੋਲ ਮਿਲਿਆ। ਇਸ ਤੋਂ ਇਲਾਵਾ ਫਿਲਮ 'ਧਰੋਹਕਾਲ' ਅਤੇ 'ਬੈਂਡਿਟ ਕੁਈਨ' ਵਰਗੀਆਂ ਫਿਲਮਾਂ ਵਿਚ ਕੰਮ ਕੀਤਾ।

1998 ਵਿਚ ਉਸ ਨੂੰ ਵੱਡੀ ਬਰੇਕ ਫਿਲਮਸਾਜ਼ ਰਾਮ ਗੋਪਾਲ ਵਰਮਾ ਦੀ ਫਿਲਮ 'ਸੱਤਿਆ' ਨਾਲ ਮਿਲੀ। ਇਸ ਵਿਚ ਉਸ ਨੇ ਗੈਂਗਸਟਰ ਦਾ ਕਿਰਦਾਰ ਨਿਭਾਇਆ ਸੀ। ਬੱਸ, ਇਸ ਕਿਰਦਾਰ ਵਿਚ ਉਸ ਨੇ ਪੂਰੀ ਰੂਹ ਫੂਕ ਦਿੱਤੀ। 1999 ਵਿਚ ਉਸ ਨੂੰ ਫਿਲਮ 'ਸੱਤਿਆ' ਲਈ ਸਰਵੋਤਮ ਸਹਾਇਕ ਅਦਾਕਾਰ ਦਾ ਐਵਾਰਡ ਮਿਲਿਆ। ਹੁਣ ਛੇਤੀ ਹੀ ਉਸ ਦੀਆਂ ਦੋ ਫਿਲਮਾਂ 'ਟ੍ਰੈਫ਼ਿਕ' ਅਤੇ 'ਤੇਵਰ' ਆ ਰਹੀਆਂ ਹਨ।

# ਗੁਲਜ਼ਾਰ ਦਾ ਸ਼ਾਹਕਾਰ 'ਲਿਬਾਸ'

ਫਿਲਮਸਾਜ਼ ਗੁਲਜ਼ਾਰ ਦੀ ਸ਼ਾਹਕਾਰ ਫਿਲਮ 'ਲਿਬਾਸ' ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਗਈ। ਇਹ ਫਿਲਮ 1988 ਵਿਚ ਬਣਾਈ ਗਈ ਸੀ, ਪਰ ਇਸ ਫਿਲਮ ਦੇ ਵਿਸ਼ੇ ਕਰ ਕੇ ਸੈਂਸਰ ਬੋਰਡ ਨੇ ਇਸ ਨੂੰ ਇਹ ਕਹਿ ਕੇ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਕਿ ਇਸ ਨਾਲ ਸਮਾਜ ਵਿਚ ਅਫਰਾ-ਤਫਰੀ ਵਾਲਾ ਮਾਹੌਲ ਬਣ ਸਕਦਾ ਹੈ। ਇਸ ਫਿਲਮ ਦੀ ਕਹਾਣੀ, ਗੁਲਜ਼ਾਰ ਦੀ ਆਪਣੀ ਲਿਖੀ ਕਹਾਣੀ 'ਸੀਮਾ' ਉਤੇ ਆਧਾਰਤ ਹੈ। ਇਹ ਕਹਾਣੀ ਅਜਿਹੀ ਕੁੜੀ ਦੀ ਕਹਾਣੀ ਹੈ ਜਿਸ ਦਾ ਪਤੀ ਥੀਏਟਰ ਕਰਦਾ ਹੈ। ਉਹ ਖੁਦ ਵੀ ਉਸੇ ਥੀਏਟਰ ਗਰੁਪ ਵਿਚ ਲੀਡ ਰੋਲ ਨਿਭਾਉਂਦੀ ਹੈ। ਉਸ ਦਾ ਪਤੀ ਆਪਣੇ ਕੰਮ ਵਿਚ ਇੰਨਾ ਜ਼ਿਆਦਾ ਗੁਆਚਿਆ ਰਹਿੰਦਾ ਹੈ ਕਿ ਉਸ ਦੀਆਂ ਉਡਾਣਾਂ ਵੱਲ ਕੋਈ ਧਿਆਨ ਨਹੀਂ ਦਿੰਦਾ। ਸਿੱਟੇ ਵਜੋਂ ਉਸ ਦਾ ਪਿਆਰ ਕਿਸੇ ਹੋਰ ਨਾਲ ਹੋ ਜਾਂਦਾ ਹੈ। ਸੈਂਸਰ ਬੋਰਡ ਨੇ ਵਿਆਹ ਤੋਂ ਬਾਹਰੇ ਇਨ੍ਹਾਂ ਸਬੰਧਾਂ ਨੂੰ ਆਧਾਰ ਮਿਥ ਕੇ ਹੀ ਫਿਲਮ ਉਤੇ ਰੋਕ ਲਾਈ ਸੀ। ਉਦੋਂ ਇਹ ਫਿਲਮ ਭਾਰਤ ਵਿਚ ਤਾਂ ਰਿਲੀਜ਼ ਨਹੀਂ ਸੀ ਹੋ ਸਕੀ ਪਰ ਵੱਖ-ਵੱਖ ਕੌਮਾਂਤਰੀ ਮੇਲਿਆਂ ਵਿਚ ਇਹ ਵੱਡੇ ਪੱਧਰ ਉਤੇ ਦਿਖਾਈ ਗਈ। ਫਿਲਮ ਆਲੋਚਕਾਂ ਅਤੇ ਆਮ ਦਰਸ਼ਕਾਂ ਨੇ ਇਸ ਦੀ ਬੜੀ ਪ੍ਰਸ਼ੰਸਾ ਕੀਤੀ ਸੀ। ਅੱਜ ਇਹ ਗੁਲਜ਼ਾਰ ਦੀਆਂ ਸ਼ਾਹਕਾਰ ਫਿਲਮਾਂ ਵਿਚ ਸ਼ਾਮਿਲ ਹੈ। ਫਿਲਮ ਵਿਚ ਸ਼ਬਾਨਾ ਆਜ਼ਮੀ, ਨਸੀਰੂਦੀਨ ਸ਼ਾਹ, ਰਾਜ ਬੱਬਰ, ਉਤਪਲ ਦੱਤ ਅਤੇ ਅਨੂ ਕਪੂਰ ਦੀਆਂ ਭੂਮਿਕਾਵਾਂ ਹਨ।






*ਫਿਲਮ 'ਲਿਬਾਸ' ਦੇ ਇਕ ਦ੍ਰਿਸ਼ ਵਿਚ ਸ਼ਬਾਨਾ ਆਜ਼ਮੀ ਤੇ ਨਸੀਰੂਦੀਨ ਸ਼ਾਹ ਅਤੇ (ਸੱਜੇ) ਫਿਲਮ ਦਾ ਪੋਸਟਰ। ਫਿਲਮਸਾਜ਼ ਗੁਲਜ਼ਾਰ ਦੀਆਂ ਸ਼ਾਹਕਾਰ ਫਿਲਮਾਂ ਵਿਚੋਂ ਇਕ ਮੰਨੀ ਜਾਂਦੀ ਇਹ ਫਿਲਮ ਭਾਰਤ ਵਿਚ ਰਿਲੀਜ਼ ਨਹੀਂ ਸੀ ਹੋ ਸਕੀ।*

ਗੋਆ ਵਿਚ ਲੱਗੇ 45ਵੇਂ ਕੌਮਾਂਤਰੀ ਫਿਲਮ ਮੇਲੇ ਵਿਚ ਇਹ ਫਿਲਮ ਦਿਖਾਉਣ ਤੋਂ ਬਾਅਦ ਰੱਫੜ ਸ਼ੁਰੂ ਹੋ ਗਿਆ। ਫਿਲਮ ਦੇ ਨਿਰਮਾਤਾ ਵਿਕਾਸ ਮੋਹਨ ਨੇ ਇਤਰਾਜ਼ ਕੀਤਾ ਕਿ ਉਸ ਤੋਂ ਆਗਿਆ ਲੈਣ ਤੋਂ ਬਗ਼ੈਰ ਹੀ ਇਹ ਫਿਲਮ ਮੇਲੇ ਵਿਚ ਦਿਖਾ ਦਿੱਤੀ ਗਈ। ਉਸ ਨੇ ਮੇਲੇ ਦੇ ਡਾਇਰੈਕਟਰ ਸ਼ੰਕਰ ਮੋਹਨ ਅਤੇ ਸੂਚਨਾ ਤੇ ਪ੍ਰਸਾਰਨ ਵਿਭਾਗ ਦੇ ਸਕੱਤਰ ਵਿਮਲ ਜੁਲਕਾ ਨੂੰ ਨੋਟਿਸ ਜਾਰੀ ਕਰਦਿਆਂ ਮੁਆਫੀ ਮੰਗਣ ਲਈ ਕਿਹਾ। ਵਿਕਾਸ ਮੋਹਨ ਦਾ ਇਤਰਾਜ਼ ਸੀ ਕਿ ਇਹ ਫਿਲਮ ਮੇਲਿਆਂ ਵਿਚ ਦਿਖਾਉਣ ਦੀ ਆਗਿਆ ਇਸ ਕਰ ਕੇ ਦਿੱਤੀ ਗਈ ਸੀ ਕਿਉਂਕਿ ਇਸ ਤੋਂ ਕੋਈ ਵਪਾਰਕ ਲਾਭ ਨਹੀਂ ਹੁੰਦਾ, ਪਰ ਕੌਮਾਂਤਰੀ ਫਿਲਮ ਮੇਲੇ ਵਾਲਿਆਂ ਨੇ ਡੈਲੀਗੇਟਾਂ ਲਈ ਬੜੀਆਂ ਮਹਿੰਗੀਆਂ ਟਿਕਟਾਂ ਰੱਖੀਆਂ ਹੋਈਆਂ ਹਨ। ਜ਼ਾਹਿਰ ਹੈ ਕਿ ਉਹ ਇਸ ਮੇਲੇ ਤੋਂ ਕਮਾਈ ਕਰ ਰਹੇ ਹਨ। ਦੂਜੇ ਬੰਨੇ, ਫਿਲਮ ਮੇਲੇ ਦੇ ਡਾਇਰੈਕਟਰ ਸ਼ੰਕਰ ਮੋਹਨ ਦਾ ਕਹਿਣਾ ਹੈ ਕਿ ਇਸ ਕਾਨੂੰਨੀ ਨੋਟਿਸ ਦਾ ਕੋਈ ਮਤਲਬ ਨਹੀਂ ਹੈ ਅਤੇ ਨਾ ਹੀ ਉਹ ਮੁਆਫੀ ਮੰਗਣਗੇ। ਫਿਲਮ 'ਲਿਬਾਸ' ਮੇਲੇ ਦੇ 'ਇੰਡੀਅਨ ਪੈਨੋਰਮਾ' ਵਰਗ ਵਿਚ ਦਿਖਾਈ ਗਈ ਹੈ। ਇਹ ਉਹ ਵਰਗ ਹੈ ਜਿਸ ਵਿਚ ਗੈਰ-ਵਪਾਰਕ ਤੌਰ 'ਤੇ ਫਿਲਮਾਂ ਦਿਖਾਈਆਂ ਜਾ ਸਕਦੀਆਂ ਹਨ।

ਯਾਦ ਰਹੇ ਕਿ ਇਸ ਫਿਲਮ ਦੇ ਚਾਰ ਦੇ ਚਾਰ ਗੀਤ ਬੜੇ ਹਿੱਟ ਹੋਏ ਸਨ। ਇਹ ਸਾਰੇ ਗੀਤ ਗੁਲਜ਼ਾਰ ਨੇ ਹੀ ਲਿਖੇ ਸਨ ਅਤੇ ਇਨ੍ਹਾਂ ਲਈ ਸੰਗੀਤ ਆਰ.ਡੀ. ਬਰਮਨ ਨੇ ਤਿਆਰ ਕੀਤਾ ਸੀ। ਤਿੰਨ ਗੀਤ 'ਸਿੱਲ੍ਹੀ ਹਵਾ ਛੂਹ ਗਈ', 'ਕਿਆ ਬੁਰਾ ਹੈ ਕਿਆ ਭਲਾ' ਤੇ 'ਫਿਰ ਕਿਸੀ ਸ਼ਾਖ਼ ਨੇ' ਲਤਾ ਮੰਗੇਸ਼ਕਰ ਨੇ ਗਾਏ ਅਤੇ ਚੌਥਾ ਗੀਤ 'ਖਾਮੋਸ਼ ਸਾ ਅਫਸਾਨਾ' ਲਤਾ ਮੰਗੇਸ਼ਕਰ ਅਤੇ ਸੁਰੇਸ਼ ਵਾਡਕਰ ਦੀ ਆਵਾਜ਼ ਵਿਚ ਰਿਕਾਰਡ ਕੀਤਾ ਗਿਆ ਸੀ। ਇਸ ਫਿਲਮ ਦਾ ਸੰਗੀਤ ਆਰ.ਡੀ. ਬਰਮਨ ਦੀ ਮੌਤ ਤੋਂ ਬਾਅਦ 1994 ਵਿਚ ਰਿਲੀਜ਼ ਹੋਇਆ ਸੀ।


THIS COMBINATION BRINGS YOU
THE BEST IN DESI ENTERTAINMENT.
Enjoy top Punjabi and Hindi TV channels with DISH.
Punjabi Mega Pack
$24.99/mo
Hindi Elite Pack
$34.99/mo EVERYDAY PRICE
3 MONTHS FREE
APPLIES TO THE 4TH, 5TH AND 6TH MONTHS
NEW rishtey
Requires 24-month commitment, credit qualification, and subscription to qualifying American programming.
FREE
100+ Bollywood Movies On Demand
Professional Installation in up to 6 rooms
All offers require 24-month commitment and credit qualification. Monthly fees apply based on number of rooms.
LIMITED-TIME OFFER.
ORDER NOW!
1-888-626-0801
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offer ends 1/14/15.
© 2014 DISH Network L.L.C. All rights reserved.

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ, ਸੈਕਰਾਮੈਂਟੋ ਵਲੋਂ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਸਮਾਗਮ




100 ਵਰ੍ਹੇ ਪਹਿਲਾਂ ਕੈਨੇਡਾ ਤੋਂ ਕਾਮਾਗਾਟਾ ਮਾਰੂ ਜਹਾਜ਼ ਨੂੰ ਨਸਲੀ ਭਿੰਨ-ਭੇਦ, ਸਮਾਜਿਕ-ਆਰਥਿਕ ਵਿਤਕਰੇ ਤਹਿਤ ਵਾਪਿਸ ਮੋੜਨ ਦੀ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਘਟਨਾ, ਬਜਬਜ ਘਾਟ ਕਲਕੱਤਾ ਦਾ ਸਾਕਾ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੰਦਾ ਹੈ। ਕਾਮਾਗਾਟਾ ਮਾਰੂ ਜਹਾਜ਼ ਨੂੰ ਗੈਰ-ਜਮਹੂਰੀ ਅਤੇ ਧੱਕੜ ਕਾਰਵਾਈ ਕਰਦਿਆਂ ਵੈਨਕੂਵਰ ਦੇ ਪਾਣੀਆਂ 'ਚੋਂ ਵਾਪਿਸ ਮੋੜਿਆ ਗਿਆ ਸੀ। ਅੱਜ ਵੀ ਦੁਨੀਆਂ ਭਰ ਵਿਚ ਕਈ ਜਹਾਜ਼ ਕਾਮਾਗਾਟਾ ਮਾਰੂ ਦੀ ਹੋਣੀ ਭੁਗਤ ਰਹੇ ਹਨ।

## ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ ਅਲਬਰਟਾ ਵਲੋਂ ਕਾਮਾਗਾਟਾ ਮਾਰੂ ਮੁਸਾਫਰਾਂ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਨਾਟਕ

# "ਕਾਮਾਗਾਟਾ ਮਾਰੂ ਸਫਰ ਜਾਰੀ ਹੈ"

ਲੇਖਕ ਤੇ ਨਿਰਦੇਸ਼ਕ- ਦਵਿੰਦਰ ਦਮਨ

## 6 ਦਸੰਬਰ 2014, ਸਨਿਚਰਵਾਰ *(ਸਵੇਰੇ 11 ਤੋਂ ਸ਼ਾਮ 6 ਵਜੇ ਤੱਕ)*

**ਸਥਾਨ: Cosumnes Oaks High School Performing Art Center**
**8350 Lotz Parkway, Elk Grove, CA**

ਸਮਾਗਮ ਦੇ ਬੁਲਾਰੇ
ਡਾ. ਗੁਰਮੇਲ ਸਿੰਘ ਕੈਲੀਫੋਰਨੀਆ ਯੂਨੀਵਰਸਿਟੀ (ਫਰਿਜ਼ਨੋ)
ਚਰਨ ਸਿੰਘ ਜੱਜ ਸੈਕਰਾਮੈਂਟੋ, ਕੁਲਵੰਤ ਸਿੰਘ ਢੇਸੀ।

ਗਾਇਕ ਕਲਾਕਾਰ: ਪੰਮੀ ਮਾਨ, ਅਨੂਪ ਚੀਮਾ, ਤਰਲੋਕ ਸਿੰਘ, ਅਮਰਜੀਤ ਸਿੰਘ ਦੁਲਈ, ਸੰਨੀ ਬੱਬਰ; ਭੰਗੜਾ ਗਰੁਪ
ਸੰਗੀਤ: ਬੱਗਾ ਮਿਊਜ਼ੀਕਲ ਗਰੁਪ, ਸਟੇਜ: ਆਸ਼ਾ ਸ਼ਰਮਾ

*ਲੰਗਰ, ਦਾਖਲਾ ਅਤੇ ਪਾਰਕਿੰਗ ਮੁਫਤ*

*ਫਰੂਟ ਦੀ ਸੇਵਾ: ਅਟਵਾਲ ਬ੍ਰਦਰਜ਼, ਮਰਸਡ*

ਸਪਾਂਸਰ: ਡਾ. ਸਤਨਾਮ ਸਿੰਘ ਉਪਲ-ਮਰਸਡ, ਸਰਬਜੀਤ ਸਿੰਘ ਅਟਵਾਲ, ਰਣਬੀਰ ਸਿੰਘ ਮਡੇਰਾ, ਰਵਿੰਦਰ ਸਿੰਘ ਜੌਹਲ, ਮੁਲਖ ਰਾਜ ਸ਼ਰਮਾ, ਸੰਨੀ ਸਮਰਾ-ਯੂਬਾ ਸਿਟੀ, ਲੀਜੈਂਟ ਟਰੱਕਿੰਗ, ਟਹਿਲ ਸਿੰਘ ਥਾਂਦੀ, ਟ੍ਰਾਈਆ ਟਰੱਕਿੰਗ, ਰਛਪਾਲ ਸਿੰਘ ਫਰਵਾਲਾ-ਪੀ ਸੀ ਐਸ, ਗੁਰਮੰਤ ਸਿੰਘ ਗਰੇਵਾਲ, ਮਹਿੰਦਰ ਸਿੰਘ ਬਾਸੀ, ਸੁਦਾਗਰ ਸਿੰਘ ਕੰਦੋਲਾ, ਕੰਦੋਲਾ ਬ੍ਰਦਰਜ਼-ਲਿਵਿੰਗਸਟਨ, ਗੁਰਨੇਕ ਸਿੰਘ ਬਾਗੜੀ-ਫਰਿਜ਼ਨੋ, ਹਰਮਨਦੀਪ ਸਿੰਘ ਸ਼ੇਰਗਿੱਲ-ਯੂਬਾ ਸਿਟੀ, ਗੋਲਡ ਸਟੇਟ ਟਰਾਂਸਪੋਰਟ, ਅਵਤਾਰ ਸਿੰਘ ਅਟਵਾਲ, ਪ੍ਰੋ. ਮੱਖਣ ਸਿੰਘ ਸੰਧੂ, ਨਰਿੰਦਰਪਾਲ ਸਿੰਘ ਹੁੰਦਲ, ਵਿਰਸਾ ਸੰਭਾਲ ਸੁਸਾਇਟੀ, ਪਰਮਜੀਤ ਸਿੰਘ ਜੌਹਲ।

**ਕਮੇਟੀ**

ਪ੍ਰਧਾਨ: ਸੁਰਜੀਤ ਸਿੰਘ ਅਟਵਾਲ
ਮੀਤ ਪ੍ਰਧਾਨ: ਸਤਬੀਰ ਸਿੰਘ ਬਾਜਵਾ
ਮੀਤ ਪ੍ਰਧਾਨ: ਜਰਨੈਲ ਸਿੰਘ ਮੰਡੇਰ

ਚੇਅਰਮੈਨ: ਕੁਲਦੀਪ ਸਿੰਘ ਅਟਵਾਲ
ਮੀਤ ਚੇਅਰਮੈਨ: ਯਾਦਵਿੰਦਰ ਸਿੰਘ ਹੈਪੀ
ਸਕੱਤਰ: ਜਗਜੀਤ ਸਿੰਘ ਕੰਦੋਲਾ
ਸਹਾਇਕ ਸਕੱਤਰ: ਰਵਿੰਦਰ ਰਵੀ
ਖਜ਼ਾਨਚੀ: ਹਰਪਾਲ ਸਿੰਘ, ਸਤਿੰਦਰਪਾਲ ਸਿੰਘ ਸਰਹੱਦੀ

ਡਾਇਰੈਕਟਰ:
ਜਥੇਦਾਰ ਬਲਬੀਰ ਸਿੰਘ ਗਿੱਲ
ਜਨਕ ਰਾਜ ਸਿਧਰਾ
ਬਲਦੇਵ ਸਿੰਘ ਬੋਲੀਨਾ
*(ਲੈਂਡ ਸਕੇਪਿੰਗ ਕੰਕਰੀਟ ਸਰਵਿਸ)*